## Buying/Selling in Michigan

All types of Residential & Commercial properties. Gas Stations, Liquor Stores, Hotels, Plazas, Truck Terminals etc.

All types of loans.

Landmark Realty

40600 Ann Arbor Rd., Suite# 150, Plymouth, MI 48170

Call: 734-751-4455

rajsshergill@yahoo.com



Raj Shergill
Associate Broker





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419



## Singh Accounting & Tax Services

Niagara Falls Grand Island, NY

All kinds of accounting work.

*Book keeping *Payroll *Sales Tax
*New business set up *E-file tax return

Go to App store to load our free App

Ph: 716-425-7126

Fax: 716-284-0025
Email: singhtaxservice@yahoo.com
Website: singhtaxservice.com



Sarbjit Singh Khakh (Sabhi)
Accountant



Twentieth Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 14, April 6, 2019 20451 N. Plum Grove Rd., Palatine, IL 60074 Ph:847-359-0746, Fax:847-705-9388


# ਗੁਜਰਾਤ ਵਿਚ ਪੰਜਾਬੀ ਕਿਸਾਨਾਂ ਨਾਲ ਫਿਰ ਵਧੀਕੀਆਂ

## ਸਰਕਾਰ ਨੇ ਉਜਾੜਨ ਦੀਆਂ ਵਿਉਂਤਾਂ ਬਣਾਈਆਂ

**ਚੰਡੀਗੜ੍ਹ:** ਗੁਜਰਾਤ 'ਚ ਪੰਜਾਬੀ ਕਿਸਾਨਾਂ ਦੇ ਉਜਾੜੇ ਦਾ ਮਸਲਾ ਫਿਰ ਭਖ ਗਿਆ ਹੈ। ਉਥੋਂ ਦੇ ਬੈਂਕਾਂ ਨੇ ਪੰਜਾਬੀ ਕਿਸਾਨਾਂ ਨੂੰ ਕਰਜ਼ੇ ਦੇਣੇ ਬੰਦ ਕਰ ਦਿੱਤੇ ਹਨ। ਕਿਸਾਨਾਂ ਨੂੰ ਜ਼ਮੀਨਾਂ 'ਤੇ ਹੁਣ ਕੋਈ ਕਰਜ਼ ਨਹੀਂ ਮਿਲਦਾ। ਗੁਜਰਾਤ ਸਰਕਾਰ ਨੇ ਪੰਜਾਬੀ ਕਿਸਾਨਾਂ ਦੀ ਜ਼ਮੀਨ ਦੀ ਵੇਚ-ਵੱਟਤ 'ਤੇ ਪਾਬੰਦੀ ਲਾ ਦਿੱਤੀ ਹੈ।




ਪੰਜਾਬੀ ਕਿਸਾਨ ਹੁਣ ਰਿਕਾਰਡ ਵਿਚ ਵਿਰਾਸਤ ਵੀ ਚੜ੍ਹਾ ਨਹੀਂ ਸਕਣਗੇ। ਗੁਜਰਾਤ ਦੇ ਮਾਲ ਮਹਿਕਮੇ ਵਲੋਂ ਕਰੀਬ ਤਿੰਨ ਮਹੀਨਿਆਂ ਤੋਂ ਨਵੀਂ ਮੁਹਿੰਮ ਛੇੜੀ ਗਈ ਹੈ, ਜਿਸ ਤਹਿਤ ਜਮ੍ਹਾਂਬੰਦੀ ਵਿਚ 'ਰੈੱਡ ਐਂਟਰੀ' (ਛੇ ਹੱਕ ਪੱਤਰ) ਪਾ ਕੇ ਵੇਚ-ਵੱਟਤ ਤੋਂ ਰੋਕ ਦਿੱਤਾ ਗਿਆ ਹੈ। ਪੰਜਾਬੀ ਕਿਸਾਨਾਂ ਵਿਚ ਰੋਹ ਹੈ ਪਰ ਉਨ੍ਹਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ। ਕਿਸਾਨਾਂ ਅਨੁਸਾਰ ਇਹ ਉਨ੍ਹਾਂ ਦੇ ਉਜਾੜੇ ਦੀ ਵਿਉਂਤ ਹੈ। ਉਨ੍ਹਾਂ ਨੂੰ ਇਸੇ ਲਈ ਤੰਗ ਕੀਤਾ ਜਾ ਰਿਹਾ ਹੈ ਕਿ ਖੁਦ ਹੀ ਗੁਜਰਾਤ ਨੂੰ ਛੱਡਣ ਲਈ ਮਜਬੂਰ ਹੋ ਜਾਣ।

ਦੱਸਣਯੋਗ ਹੈ ਕਿ ਕੇਂਦਰ ਸਰਕਾਰ ਨੇ ਸਾਲ 1964 ਵਿਚ ਕੱਛ ਖੇਤਰ ਨੂੰ ਆਬਾਦ ਕਰਨ ਖਾਤਰ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੂੰ ਜ਼ਮੀਨਾਂ ਅਲਾਟ ਕੀਤੀਆਂ ਸਨ ਜਿਨ੍ਹਾਂ ਤੋਂ ਕਿਸਾਨਾਂ ਨੂੰ ਬੇਦਖਲ ਕਰਨ ਲਈ ਹੁਣ ਗੁਜਰਾਤ ਸਰਕਾਰ ਚਾਲਾਂ ਚੱਲ ਰਹੀ ਹੈ। ਜ਼ਿਕਰਯੋਗ ਹੈ ਕਿ ਕਿਸਾਨ ਹਾਈ ਕੋਰਟ 'ਚੋਂ ਕੇਸ ਜਿੱਤ ਚੁੱਕੇ ਹਨ ਅਤੇ ਗੁਜਰਾਤ ਸਰਕਾਰ ਇਸ ਫੈਸਲੇ ਖਿਲਾਫ ਸੁਪਰੀਮ ਕੋਰਟ ਚਲੀ ਗਈ ਹੈ। ਮਾਲ ਮਹਿਕਮਾ ਸੁਪਰੀਮ ਕੋਰਟ ਦੇ ਕੇਸ ਦੀ ਆੜ ਵਿਚ ਹੀ ਪੰਜਾਬੀ ਕਿਸਾਨਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਕਿਸਾਨਾਂ ਦੀ ਮੰਗ ਹੈ ਕਿ ਗੁਜਰਾਤ ਸਰਕਾਰ ਸੁਪਰੀਮ ਕੋਰਟ ਵਿਚੋਂ ਕੇਸ ਵਾਪਸ ਲੈ ਕੇ ਰਾਹਤ ਦੇਵੇ। ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਨਰਿੰਦਰ ਮੋਦੀ ਪ੍ਰਚਾਰ ਲਈ ਜਦ ਪੰਜਾਬ ਆਏ ਸਨ ਤਾਂ ਉਨ੍ਹਾਂ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੇ ਜੱਦੀ ਹਲਕੇ ਗੁਜਰਾਤ ਵਿਚ ਪੰਜਾਬੀ ਕਿਸਾਨਾਂ ਦਾ ਹਰ ਮਸਲਾ ਹੱਲ ਹੋਵੇਗਾ ਪਰ ਪੰਜ ਸਾਲ ਸੱਤਾ ਭੋਗ ਕੇ ਮੋਦੀ ਸਰਕਾਰ ਨੇ ਕਿਸਾਨਾਂ ਦੀ ਬਾਂਹ ਨਹੀਂ ਫੜੀ। ਹੁਣ ਫਿਰ ਲੋਕ ਸਭਾ ਚੋਣਾਂ ਦਾ ਐਲਾਨ ਹੋ ਚੁੱਕਾ ਹੈ ਤੇ ਕਿਸਾਨਾਂ ਨਾਲ ਧੱਕੇ ਦੀਆਂ ਖਬਰਾਂ ਆ ਰਹੀਆਂ ਹਨ। ਇਹ ਵੀ ਚਰਚਾ ਹੈ ਕਿ ਇਥੋਂ ਦੀ ਸੱਤਾਧਾਰੀ ਧਿਰਾਂ ਸਥਾਨਕ ਲੋਕਾਂ ਨੂੰ ਖੁਸ਼ ਕਰਨ ਲਈ ਚੋਣਾਂ ਵੇਲੇ ਇਹ ਮੁੱਦੇ ਭਖਾ ਦਿੰਦੀਆਂ ਹਨ।

ਉਂਜ, ਕਿਸਾਨਾਂ ਦੀ ਸਭ ਤੋਂ ਵੱਧ ਨਾਰਾਜ਼ਗੀ ਬਾਦਲ ਪਰਿਵਾਰ ਨਾਲ ਹੈ। ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਸੀ। ਉਸ ਸਮੇਂ ਗੁਜਰਾਤ ਦੇ ਕਿਸਾਨਾਂ ਦਾ ਮਾਮਲਾ ਸਭ ਤੋਂ ਵੱਧ ਭਖਿਆ ਸੀ ਤੇ ਵੱਡੇ ਬਾਦਲ ਨੇ ਸਭ ਕੁਝ ਠੀਕ ਕਰਨ ਦਾ ਵਾਅਦਾ ਕੀਤਾ ਸੀ ਪਰ ਕਿਸਾਨਾਂ ਦੀ ਸਾਰ ਲੈਣ ਲਈ ਕਦੇ ਗੁਜਰਾਤ ਗੇੜਾ

(ਬਾਕੀ ਸਫਾ 6 ਉਤੇ)

# ਸਿੱਖ ਕਤਲੇਆਮ: ਜਾਂਚ ਨਿਬੇੜਨ ਲਈ ਦੋ ਮਹੀਨਿਆਂ ਦੀ ਮੋਹਲਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਵਿਸ਼ੇਸ਼ ਜਾਂਚ ਟੀਮ (ਸਿਟ) ਨੂੰ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ 186 ਕੇਸਾਂ ਦੀ ਜਾਂਚ ਦੋ ਮਹੀਨਿਆਂ ਅੰਦਰ ਮੁਕੰਮਲ ਕਰਨ ਲਈ ਕਿਹਾ ਹੈ। ਸਿਟ ਨੇ ਜਸਟਿਸ ਐਸ.ਏ. ਬੋਬੜੇ ਤੇ ਐਸ. ਅਬਦੁਲ ਨਜ਼ੀਰ ਦੇ ਬੈਂਚ ਨੂੰ ਦੱਸਿਆ ਕਿ ਇਨ੍ਹਾਂ ਕੇਸਾਂ ਦੀ ਜਾਂਚ ਸਬੰਧੀ 50 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ ਤੇ ਬਕਾਇਆ ਕੰਮ ਪੂਰਾ ਕਰਨ ਲਈ ਅਜੇ ਦੋ ਮਹੀਨੇ ਹੋਰ ਲੱਗਣਗੇ। ਬੈਂਚ ਨੇ ਇਸ ਮਗਰੋਂ 'ਸਿਟ' ਨੂੰ ਦੋ ਮਹੀਨੇ ਦਾ ਸਮਾਂ ਦੇ ਦਿੱਤਾ। ਸੁਪਰੀਮ ਕੋਰਟ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਐਸ. ਗੁਰਲਾਦ ਸਿੰਘ ਕਾਹਲੋਂ ਦੀ



(ਬਾਕੀ ਸਫਾ 6 ਉਤੇ)

## ਸੱਜਣ ਕੁਮਾਰ ਦੀ ਸ਼ਨਾਖਤ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਕੇਸ ਦੇ ਮੁੱਖ ਗਵਾਹ ਨੇ ਦਿੱਲੀ ਦੀ ਅਦਾਲਤ ਨੂੰ ਦੱਸਿਆ ਕਿ ਸੱਜਣ ਕੁਮਾਰ ਨੇ ਭੀੜ ਨੂੰ ਸਿੱਖਾਂ ਦੇ ਕਤਲ ਲਈ ਉਕਸਾਇਆ ਸੀ। ਅਦਾਲਤ 'ਚ ਗਵਾਹ ਜੋਗਿੰਦਰ ਸਿੰਘ ਨੇ ਸੱਜਣ ਕੁਮਾਰ ਦੀ ਸ਼ਨਾਖਤ ਉਸ ਵਿਅਕਤੀ ਵਜੋਂ ਕੀਤੀ ਜਿਸ ਨੇ ਭੀੜ ਨੂੰ ਸਿੱਖਾਂ ਦੇ ਕਤਲ ਲਈ ਉਕਸਾਇਆ ਸੀ। ਐਡਵੋਕੇਟ ਤਰੰਨੁਮ ਚੀਮਾ ਵੱਲੋਂ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਜੋਗਿੰਦਰ ਸਿੰਘ ਨੇ ਕਿਹਾ ਕਿ ਜਦੋਂ ਮੈਂ ਪੁਲਿਸ ਕੋਲ ਐਫ.ਆਈ.ਆਰ. ਦਰਜ ਕਰਵਾਉਣ ਗਿਆ ਤਾਂ ਉਨ੍ਹਾਂ ਸੱਜਣ ਕੁਮਾਰ ਦਾ ਨਾਂ ਐਫ.ਆਈ.ਆਰ. 'ਚ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ। ਸੱਜਣ ਕੁਮਾਰ ਹੀ ਉਹ ਵਿਅਕਤੀ ਹੈ ਜੋ ਭੀੜ ਦੀ ਅਗਵਾਈ ਕਰਦਿਆਂ ਉਨ੍ਹਾਂ ਨੂੰ ਉਕਸਾ ਰਿਹਾ ਸੀ। ਇਸ ਕਤਲੇਆਮ 'ਚ ਜੋਗਿੰਦਰ ਸਿੰਘ ਦਾ ਭਰਾ ਮਾਰਿਆ ਗਿਆ ਸੀ।


## Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave., Jackson Heights, NY 11373

Ph: 718-205-7832



WorldWide Travel
www.fly2world.com
866 66 INDIA
46342

BEST FARE GUARANTEE

734 838 9998

24 ਘੰਟੇ ਐਮਰਜੈਂਸੀ ਸੇਵਾ

Please call our office for more details on latest fares



Ad Space Available Please Call

Ph: 847-359-0746

**Michigan Truck Driving School**
6405 Middlebelt Road, Romulus, MI 48174
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

# ਭਾਰਤੀ ਵਿਦਿਆਰਥੀ ਨੂੰ ਬੌਸਟਨ 'ਵਰਸਿਟੀ ਤੋਂ ਦੋ ਕਰੋੜ ਦਾ ਵਜੀਫਾ


**ਨੋਇਡਾ:** ਨੋਇਡਾ ਦੇ ਰਹਿਣ ਵਾਲੇ ਬਾਰਵ੍ਹੀਂ ਜਮਾਤ ਦੇ ਵਿਦਿਆਰਥੀ ਅਰਣਵ ਮਿਸ਼ਰਾ (17) ਨੂੰ ਅਮਰੀਕਾ ਦੀ ਬੌਸਟਨ ਯੂਨੀਵਰਸਿਟੀ ਤੋਂ ਅਰਥਸ਼ਾਸਤਰ ਦੀ ਪੜ੍ਹਾਈ ਲਈ ਦੋ ਕਰੋੜ ਰੁਪਏ ਦਾ ਵਜੀਫਾ ਮਿਲਿਆ ਹੈ। ਅਰਣਵ ਕੌਮਾਂਤਰੀ ਪੱਧਰ 'ਤੇ ਚੁਣੇ ਗਏ 20 ਵਿਦਿਆਰਥੀਆਂ ਵਿਚੋਂ ਇਕ ਹੈ ਤੇ 'ਬੌਸਟਨ ਯੂਨੀਵਰਸਿਟੀ ਟਰੱਸਟੀਜ ਸਕਾਲਰਸ਼ਿਪ' ਲਈ ਚੁਣਿਆ ਗਿਆ ਇਕੋ-ਇਕ ਭਾਰਤੀ ਹੈ।



ਮਿਸ਼ਰਾ ਨੂੰ ਯੂਨੀਵਰਸਿਟੀ ਵੱਲੋਂ ਭੇਜੇ ਪੱਤਰ ਵਿਚ ਕਿਹਾ ਗਿਆ ਹੈ ਕਿ ਉਸ ਦੇ ਸ਼ਾਨਦਾਰ ਅਕਾਦਮਿਕ ਰਿਕਾਰਡ, ਸਕੂਲ ਤੇ ਸਮਾਜ ਲਈ ਕੀਤੇ ਕਾਰਜਾਂ ਕਰ ਕੇ ਵੱਕਾਰੀ ਵਜੀਫੇ ਲਈ ਉਸ ਦੀ ਚੋਣ ਕੀਤੀ ਗਈ ਹੈ। ਯੂਨੀਵਰਸਿਟੀ ਨੇ ਉਸ ਨੂੰ ਵਧਾਈ ਦਿੰਦਿਆਂ ਕਿਹਾ ਕਿ ਬੌਸਟਨ 'ਵਰਸਿਟੀ ਵਿਚ ਉਸ ਦਾ ਸਵਾਗਤ ਹੈ। ਮਿਸ਼ਰਾ ਨੇ ਸਕਾਲਰਸ਼ਿਪ ਟੈਸਟ ਵਿਚ (ਸੈਟ) 1600 ਵਿਚੋਂ 1500 ਅੰਕ ਲਏ ਹਨ। ਇਸ ਤੋਂ ਇਲਾਵਾ ਉਸ ਨੇ 'ਵਰਸਿਟੀ ਦੀ ਸਕਾਲਰਸ਼ਿਪ ਪ੍ਰੀਖਿਆ ਵਿਚ ਵੀ 99 ਅੰਕ ਹਾਸਲ ਕੀਤੇ ਤੇ ਇਹ ਪ੍ਰੀਖਿਆ ਪੂਰੀ ਦੁਨੀਆ ਵਿਚੋਂ 60,000 ਵਿਦਿਆਰਥੀਆਂ ਨੇ ਦਿੱਤੀ ਸੀ।

ਅਰਣਵ ਨੇ ਕਿਹਾ ਕਿ ਉਹ ਅਰਥਸ਼ਾਸਤਰ ਨੂੰ ਮੁੱਖ ਵਿਸ਼ੇ ਵਜੋਂ ਲਏਗਾ ਤੇ 'ਇਕੋਨੋਮੀਟ੍ਰਿਕਸ' (ਅਰਥਸ਼ਾਸਤਰ ਤੇ ਗਣਿਤ) ਪੜ੍ਹੇਗਾ ਕਿਉਂਕਿ ਇਸ ਖੇਤਰ ਵਿਚ ਨੌਕਰੀ ਦੀਆਂ ਸੰਭਾਵਨਾਵਾਂ ਬਿਹਤਰ ਹਨ। ਉਸ ਨੂੰ ਚਾਰ ਸਾਲਾਂ ਲਈ ਪ੍ਰਤੀ ਸਾਲ 78,000 ਅਮਰੀਕੀ ਡਾਲਰ ਵਜ਼ੀਫ਼ਾ ਮਿਲਨਗੇ।

**ਟਰਾਈ ਸਟੇਟ ਟਰੱਕ ਰਿਪੇਅਰ ਐਂਡ ਟਾਇਰ ਸ਼ਾਪ**
1210 Hillsmith Dr., Cincinnati, OH 45215 (I-75 Exit 14; Corner of Chester Rd. & Hillsmith)
Now Open
ਖੁੱਲ੍ਹ ਗਿਆ ਹੈ!
ਸਿਨਸਿਨੈਟੀ, ਓਹਾਇਓ ਵਿਚ ਸੈਮੀ ਟਰੱਕ ਗੈਰਾਜ
■ਪੀ. ਐਮ. ਸਰਵਿਸ ਕਰਦੇ ਹਾਂ
■ਨਵੇਂ/ਪੁਰਾਣੇ ਟਾਇਰ ਚੇਂਜ ਕਰਦੇ ਹਾਂ
■ਨਵੇਂ ਬਰੇਕ ਤੇ ਡਰੱਮ ਸਰਵਿਸ
ਮਕੈਨਿਕ/ਹੈਲਪਰ ਚਾਹੀਦੇ ਹਨ
ਅਨੁਭਵੀ ਬੰਦੇ ਨੂੰ ਚੰਗੀ ਤਨਖਾਹ। ਰਿਹਾਇਸ਼ ਦੇ ਪ੍ਰਬੰਧ ਵਿਚ ਮਦਦ ਵੀ ਕਰਾਂਗੇ




ਸੰਪਰਕ ਕਰੋ:
ਵਾਜਬ ਰੇਟ, ਤਸੱਲੀਬਖਸ਼ ਕੰਮ
Timing 8AM to 6PM (Mon to Sat.) Sunday Closed.
ਜਸਮਿੰਦਰ ਸਿੰਘ, ਫੋਨ: 513-765-0013
ਰਣਜੀਤ ਸਿੰਘ, ਫੋਨ: 513-804-0444
12

**US Business Brokers Inc.**
American Financing Group LLC
101 W 22nd St, Suite 111, Lombard, IL 60148
23280 Pacific Highway South, Suite 307, Kent, WA 98032
ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ






**Financing - Loans**
■We do all kinds of SBA & Conventional loans.
■We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
■Purchase/Refinance
■Lowest Rates (With or Without Real Estate)
■Best Possible Mortgage Solutions For You...
AMERICAN AFG FINANCING GROUP LLC
Contact us for any Financing Need Nationwide.
• FAST APPROVAL • QUICK CLOSINGS • SBA 504 & 7A
• CONVENTIONAL LOANS • HOTELS, MOTELS
• GAS STATIONS, TRUCK STOPS • INDUSTRIAL CLIENT
• SUBWAY, DUNKIN DONUTS
• LIQUOR STORES, C-STORES, CAR WASH
*Contact us Buy or Sell business*
AJ Sandhu (MBA)
*Managing Broker/Realtor/Consultant*
*Licensed in IL, IN, WA*
916-995-0783 (Cell)
425-529-6283 (Cell)
*630-206-2467 (Fax)*
www.ubbchicago.com aj@ubbchicago.com

## ਸੜਕ ਹਾਦਸੇ 'ਚ ਭਾਰਤੀ ਡਾਕਟਰ ਹਲਾਕ

**ਸ਼ਿਕਾਗੋ:** ਇਥੇ ਹੋਏ ਇਕ ਸੜਕ ਹਾਦਸੇ ਵਿਚ ਐਡਵਾਂਸਡ ਮੈਡੀਕਲ ਕੋਰਸ ਕਰ ਰਹੇ ਭਾਰਤੀ ਮੂਲ ਦੇ 32 ਸਾਲਾ ਦੰਦਾਂ ਦੇ ਡਾਕਟਰ ਦੀ ਮੌਤ ਹੋ ਗਈ। ਮ੍ਰਿਤਕ ਦੀ ਸ਼ਨਾਖਤ ਡਾ. ਅਰਸ਼ਦ ਮੁਹੰਮਦ ਵਜੋਂ ਹੋਈ ਹੈ, ਜੋ ਮੂਲ ਰੂਪ ਵਿਚ ਹੈਦਰਾਬਾਦ ਦਾ ਵਸਨੀਕ ਸੀ। ਇਸ ਹਾਦਸੇ ਵਿਚ ਇਕ ਹੋਰ ਵਿਅਕਤੀ ਦੀ ਵੀ ਮੌਤ ਹੋ ਗਈ।

## ਪੰਜ ਸਾਲਾਂ 'ਚ ਸ਼ਾਹ ਦੀ ਪਤਨੀ ਦੀ ਆਮਦਨ 16 ਗੁਣਾ ਵਧੀ

**ਗਾਂਧੀਨਗਰ:** ਭਾਜਪਾ ਪ੍ਰਧਾਨ ਅਮਿਤ ਸ਼ਾਹ ਵੱਲੋਂ ਗਾਂਧੀਨਗਰ ਹਲਕੇ ਤੋਂ ਨਾਮਜ਼ਦਗੀ ਕਾਗਜ਼ ਦਾਖਲ ਕਰਨ ਮੌਕੇ ਦੱਸਿਆ ਗਿਆ ਹੈ ਕਿ ਪਤਨੀ ਸੋਨਲ ਸ਼ਾਹ ਦੀ ਸਾਲਾਨਾ ਆਮਦਨ ਪਿਛਲੇ ਪੰਜ ਸਾਲਾਂ ਦੌਰਾਨ 14 ਲੱਖ ਤੋਂ ਵਧ ਕੇ 2.3 ਕਰੋੜ ਰੁਪਏ ਹੋ ਗਈ ਹੈ, ਜੋ ਕਿ 16 ਗੁਣਾ ਵਾਧਾ ਹੈ। ਉਨ੍ਹਾਂ ਆਪਣੀ ਕੁੱਲ ਸੰਪਤੀ 31 ਕਰੋੜ ਰੁਪਏ ਦੀ ਦੱਸੀ ਹੈ।

## ਗੁਰਦੁਆਰਾ ਯਾਦਗਾਰ-ਏ-ਸ਼ਹੀਦਾਂ ਦੇ ਦੀਵਾਨ ਹਾਲ ਤੇ ਦਰਬਾਰ ਹਾਲ ਦਾ ਨੀਂਹ ਪੱਥਰ

**ਬਟਾਲਾ:** ਡੇਰਾ ਬਾਬਾ ਨਾਨਕ ਕੋਲ ਪੈਂਦੇ ਪਿੰਡ ਅਗਵਾਨ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਣੇ ਹੋਰ ਸਿੰਘ ਸਾਹਿਬਾਨਾਂ ਨੇ ਭਾਈ ਸਤਵੰਤ ਸਿੰਘ ਅਗਵਾਨ, ਭਾਈ ਬੇਅੰਤ ਸਿੰਘ ਅਤੇ ਭਾਈ ਕੇਹਰ ਸਿੰਘ ਦੀ ਯਾਦ ਵਿਚ ਬਣੇ ਗੁਰਦੁਆਰਾ ਯਾਦਗਾਰ-ਏ-ਸ਼ਹੀਦਾਂ ਦੇ ਨਵੇਂ ਦੀਵਾਨ ਹਾਲ ਅਤੇ ਦਰਬਾਰ ਹਾਲ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਕਈ ਜਥੇਬੰਦੀਆਂ ਅਤੇ ਸ਼੍ਰੋਮਣੀ ਅਕਾਲੀ ਤੇ ਹੋਰ ਪਾਰਟੀਆਂ ਦੇ ਸਿਆਸੀ ਆਗੂ ਹਾਜ਼ਰ ਸਨ।

ਇਸ ਦੌਰਾਨ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਸਿਆਸੀ ਆਗੂ ਬੇਸ਼ੱਕ ਇਨ੍ਹਾਂ ਯੋਧਿਆਂ ਨੂੰ ਭੁੱਲ ਜਾਣ ਪਰ ਸਿੱਖ ਕੌਮ ਕਦੇ ਨਹੀਂ ਭੁੱਲੇਗੀ, ਕਿਉਂਕਿ ਭਾਈ ਸਤਵੰਤ ਸਿੰਘ ਤੇ ਭਾਈ ਬੇਅੰਤ ਸਿੰਘ ਨੇ ਸਿੱਖ ਕੌਮ ਦੇ ਤਪਦੇ ਹਿਰਦਿਆਂ ਨੂੰ ਸ਼ਾਂਤ ਕੀਤਾ ਹੈ। ਨੀਂਹ ਪੱਥਰ ਰੱਖਣ ਵਾਲੇ ਹੋਰਨਾਂ ਸਿੰਘ ਸਾਹਿਬਾਨਾਂ ਵਿਚ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ, ਸ੍ਰੀ ਅਕਾਲ ਤਖਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਬਾਬਾ ਬੁੱਧ ਸਿੰਘ ਨਿੱਕੇ ਘੁੰਮਣਾ, ਬਾਬਾ ਗੁਰਬਚਨ ਸਿੰਘ ਸੁਰਸਿੰਘ ਵਾਲੇ, ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਜਸਬੀਰ ਸਿੰਘ ਰੋਡੇ, ਬਾਬਾ ਗੁਰਨਾਮ ਸਿੰਘ ਬੁੰਡਾਲਾ ਅਤੇ ਭਾਈ ਸਤਵੰਤ ਸਿੰਘ ਦੀ ਮਾਤਾ ਮਾਤਾ ਪਿਆਰ ਕੌਰ ਸ਼ਾਮਲ ਹਨ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਵੱਲੋਂ ਭੇਜੇ ਗਏ ਇਕ ਲੱਖ ਰੁਪਏ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਲੈਣ ਤੋਂ ਨਾਂਹ ਕਰਦਿਆਂ ਕਮੇਟੀ ਤੋਂ ਇਸ ਇਤਿਹਾਸਕ ਯਾਦਗਾਰ ਦੇ ਨਿਰਮਾਣ 'ਚ ਵੱਧ-ਚੜ੍ਹ ਕੇ ਸਹਿਯੋਗ ਕਰਨ ਦੀ ਅਪੀਲ ਕੀਤੀ। ਸਮਾਗਮ ਵਿਚ ਦਮਦਮੀ ਟਕਸਾਲ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦਿੱਲੀ, ਨਿਹੰਗ ਸਿੰਘ ਜਥੇਬੰਦੀਆਂ ਤੇ ਵੱਖ ਵੱਖ ਸੰਪਰਦਾਵਾਂ ਦੇ ਆਗੂ ਹਾਜ਼ਰ ਸਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਵੱਲੋਂ ਭਾਈ ਸਤਵੰਤ ਸਿੰਘ ਦੇ ਭਤੀਜੇ ਭਾਈ ਸੁਖਵਿੰਦਰ ਸਿੰਘ ਅਗਵਾਨ ਦੇ ਸਿਰ 'ਤੇ ਯਾਦਗਾਰ-ਏ-ਸ਼ਹੀਦਾਂ ਦੀ ਸੇਵਾ ਦੀ ਦਸਤਾਰ ਸਜਾਈ ਗਈ।

## ਡਾ. ਗੁਰਬਖਸ਼ ਸਿੰਘ ਭੰਡਾਲ ਨੂੰ ਸਦਮਾ, ਪਿਤਾ ਸੁਰਗਵਾਸ

**ਕਪੂਰਥਲਾ (ਬਿਊਰੋ):** ਪੰਜਾਬ ਟਾਈਮਜ਼ ਦੇ ਸਥਾਈ ਕਾਲਮਨਵੀਸ ਪ੍ਰੋ.



ਗੁਰਬਖਸ਼ ਸਿੰਘ ਭੰਡਾਲ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ ਸ. ਚੰਨਣ ਸਿੰਘ 31 ਮਾਰਚ ਨੂੰ ਆਪਣੇ ਪਿੰਡ ਭੰਡਾਲ ਬੇਟ (ਕਪੂਰਥਲਾ) ਵਿਚ ਸਦੀਵੀ ਵਿਛੋੜਾ ਦੇ ਗਏ। ਉਹ 95 ਸਾਲਾਂ ਦੇ ਸਨ। ਉਹ ਆਪਣੇ ਪਿੱਛੇ ਤਿੰਨ ਪੁੱਤਰ-ਪ੍ਰੋ. ਗੁਰਬਖਸ਼ ਸਿੰਘ ਭੰਡਾਲ, ਗੁਰਮੇਲ ਸਿੰਘ ਭੰਡਾਲ ਤੇ ਸਰਬਜੀਤ ਸਿੰਘ ਭੰਡਾਲ ਅਤੇ ਦੋ ਧੀਆਂ ਛੱਡ ਗਏ ਹਨ।

ਪਰਿਵਾਰ ਅਨੁਸਾਰ ਸ. ਚੰਨਣ ਸਿੰਘ ਪੂਰੇ ਸਿਹਤਮੰਦ ਸਨ ਅਤੇ ਆਪਣੀ ਜ਼ਿੰਦਗੀ ਵਿਚ ਸ਼ਾਇਦ ਹੀ ਕਦੇ ਬਿਮਾਰ ਹੋਏ ਹੋਣ। ਜ਼ਿੰਦਗੀ ਦੇ ਆਖਰੀ ਦਿਨ ਜਦੋਂ ਬ੍ਰੇਨ ਸਟਰੋਕ ਹੋਇਆ ਅਤੇ ਉਹ ਬੇਹੋਸ਼ ਹੋ ਗਏ, ਉਦੋਂ ਵੀ ਉਹ ਸਾਈਕਲ ਚਲਾਉਂਦੇ ਸਨ। ਉਹ ਬਹੁਤ ਮਿਹਨਤੀ ਸੁਭਾਅ ਦੇ ਸਨ ਅਤੇ ਸਭ ਲਈ ਰੋਲ ਮਾਡਲ ਸਨ। ਉਹ ਆਪ ਭਾਵੇਂ ਅਨਪੜ੍ਹ ਸਨ, ਪਰ ਉਨ੍ਹਾਂ ਆਪਣੇ ਬੱਚਿਆਂ ਨੂੰ ਬਿਹਤਰੀਨ ਸਿੱਖਿਆ ਦੇਣਾ ਆਪਣਾ ਮਿਸ਼ਨ ਬਣਾਈ ਰੱਖਿਆ।

ਸਵਰਗੀ ਚੰਨਣ ਸਿੰਘ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ 7 ਅਪਰੈਲ, ਐਤਵਾਰ ਨੂੰ ਸਵੇਰੇ 10 ਵਜੇ ਗੁਰਦੁਆਰਾ ਪਿੰਡ ਭੰਡਾਲ ਬੇਟ (ਕਪੂਰਥਲਾ) ਵਿਖੇ ਹੋਵੇਗੀ।

## ਪੈਨ ਨੂੰ ਆਧਾਰ ਨਾਲ ਜੋੜਨ ਦੀ ਮੋਹਲਤ ਵਧਾਈ

**ਨਵੀਂ ਦਿੱਲੀ:** ਸਰਕਾਰ ਨੇ ਪੈਨ ਨੂੰ ਬਾਇਓਮੀਟਰਿਕ ਪਛਾਣ ਪੱਤਰ ਆਧਾਰ ਨਾਲ ਜੋੜਨ ਦੀ ਮਿਆਦ ਛੇ ਮਹੀਨਿਆਂ ਤੱਕ ਵਧਾ ਕੇ 30 ਸਤੰਬਰ ਤੱਕ ਅੱਗੇ ਵਧਾ ਦਿੱਤਾ ਹੈ। ਇਹ ਛੇਵੀਂ ਵਾਰ ਹੈ ਜਦੋਂ ਸਰਕਾਰ ਨੇ ਪੈਨ ਨੂੰ ਆਧਾਰ ਨਾਲ ਜੋੜਨ ਲਈ ਆਖਰੀ ਤਰੀਕ ਵਿਚ ਵਾਧਾ ਕੀਤਾ ਹੈ। ਸਰਕਾਰ ਨੇ ਪਿਛਲੇ ਸਾਲ ਜੂਨ ਵਿਚ ਆਖਿਆ ਸੀ ਕਿ ਪੈਨ ਨੂੰ 31 ਮਾਰਚ ਤੱਕ ਆਧਾਰ ਨਾਲ ਜੋੜਿਆ ਜਾਣਾ ਚਾਹੀਦਾ ਹੈ। ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸਜ਼ ਨੇ ਦੱਸਿਆ ਕਿ ਆਮਦਨ ਕਰ ਰਿਟਰਨ ਭਰਨ ਵੇਲੇ ਆਧਾਰ ਬਾਰੇ ਜਾਣਕਾਰੀ ਦੇਣਾ ਲਾਜ਼ਮੀ ਹੋਵੇਗਾ ਜੋ ਕਿ ਪਹਿਲੀ ਅਪਰੈਲ 2019 ਤੋਂ ਲਾਗੂ ਹੋ ਜਾਵੇਗਾ।

## ਟਰੰਪ ਵੱਲੋਂ ਮੈਕਸੀਕੋ ਨਾਲ ਲਗਦੀ ਸਰਹੱਦ ਸੀਲ ਕਰਨ ਦੀ ਧਮਕੀ

**ਪਾਮ ਬੀਚ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੈਕਸੀਕੋ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਸ ਨੇ ਅਮਰੀਕਾ 'ਚ ਗੈਰ-ਕਾਨੂੰਨੀ ਪਰਵਾਸ ਨਾ ਰੋਕਿਆ ਤਾਂ ਅਗਲੇ ਹਫਤੇ ਅਮਰੀਕਾ ਦੀ ਦੱਖਣੀ ਸਰਹੱਦ ਬੰਦ ਕਰ ਦਿੱਤੀ ਜਾਵੇਗੀ। ਅਜਿਹੇ ਕਦਮ ਨਾਲ ਦੋਵਾਂ ਦੇਸ਼ਾਂ ਦੀ ਆਰਥਿਕਤਾ ਨੂੰ ਨੁਕਸਾਨ ਪਹੁੰਚ ਸਕਦਾ ਹੈ, ਪਰ ਰਾਸ਼ਟਰਪਤੀ ਨੇ ਕਿਹਾ, 'ਮੈਂ ਮਜ਼ਾਕ ਨਹੀਂ ਕਰ ਰਿਹਾ। ਇਸ ਦਾ ਮਤਲਬ ਹੈ ਮੈਕਸੀਕੋ ਨਾਲ ਸਾਰਾ ਕਾਰੋਬਾਰ ਬੰਦ। ਅਸੀਂ ਲੰਮੇ ਸਮੇਂ ਲਈ ਸਰਹੱਦ ਬੰਦ ਕਰ ਦਿਆਂਗੇ।' ਉਨ੍ਹਾਂ ਵੱਲੋਂ ਪਹਿਲਾਂ ਵੀ ਸਰਹੱਦ ਬੰਦ ਕਰਨ ਦੀ ਚਿਤਾਵਨੀ ਦਿੱਤੀ ਜਾਂਦੀ ਰਹੀ ਹੈ।

# Matrimonials

### ਲੜਕੇ ਦੀ ਲੋੜ ਹੈ

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com 11-14

Urban based highly educated small Jatt Sikh family having high moral values seeks USA Citizen handsome, educated boy for their daughter convent educated, M-tech(Computer Science), 24 years, 5'-6", beautiful, slim, intelligent having 10 years USA visitor visa. Contact, Ph: 209-642-0642, Email: Hrkrn11@gmail.com 10-13

### ਜੀਵਨ ਸਾਥੀ ਦੀ ਲੋੜ ਹੈ

ਗਰੀਨ ਕਾਰਡ ਹੋਲਡਰ ਅਰੋੜਾ ਸਿੱਖ 47 ਸਾਲ, 5'-11", ਆਪਣਾ ਬਿਜਨਸ ਕਰਦੇ ਕਲੀਨ ਸ਼ੇਵ ਤਲਾਕਸ਼ੁਦਾ ਲੜਕੇ ਵਾਸਤੇ ਜੀਵਨ ਸਾਥੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਫੋਨ: 347-561-2529 14

ਜੱਟ ਸਿੱਖ, ਅਮਰੀਕਨ ਸਿਟੀਜ਼ਨ, ਵੈਲ ਸੈਟਲਡ ਤਲਾਕਸ਼ੁਦਾ, ਉਮਰ 40 ਸਾਲ, ਕੱਦ 5'-4" ਲੜਕੀ ਲਈ ਵੈਲ ਸੈਟਲਡ ਜੀਵਨ ਸਾਥੀ ਦੀ ਲੋੜ ਹੈ, ਜੋ 40 ਸਾਲ ਤੋਂ ਵੱਧ ਹੋਵੇ। ਬਿਨਾ ਬੱਚੇ ਤੋਂ ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਹਫਤੇ ਦੇ ਕੰਮ ਵਾਲੇ ਦਿਨੀਂ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਸੰਪਰਕ ਕਰੋ, ਫੋਨ: 540-479-0603 (ਵੱਟਸ ਐਪ) 13-16

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 32 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਾ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 14-17

Wanted suitable girl for my Doctor US born son final year residency Int-Med, 5'-5" wheatish, teetotaler and vegetarian NYC, visa candidates can be considered. Non Jatt elegant Gujjar family from Punjab. Call after 4 pm eastern or text any time. Contact: (321) 888-5109 or E-mail: billsinghtech@gmail.com 14-

Wanted US citizen Suitable girl for Dental specialist Arora Sikh boy, 30, 5'-10", practicing and teaching endodontic. Mother senior professor, father retired Deputy Director, Department of animal husbandry, well settled. Caste no bar. Contact: 91-94174-05453 {Punjab} 13-16

Jatt Sikh Sangha parents seeking match for their US citizen son, 25 years, 6'-2", non drinker, working as Software Engineer in Boeing. Contact, Ph: 636-577-5615 or E-mail: sangha@charter.net 11-18

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*
*Visit us on the web:wwwpunjabtimesusa.com*


## ਤੰਦੂਰੀਏ, ਹੈਲਪਰ, ਡਿਸ਼ ਵਾਸ਼ਰ ਤੇ ਵੇਟਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਹੈਲਪਰ, ਡਿਸ਼ ਵਾਸ਼ਰ ਅਤੇ ਵੇਟਰ ਦੀ ਲੋੜ ਹੈ।
ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 608-886-2500
13-15

## ਸ਼ੈਫ ਤੇ ਹੈਲਪਰ ਦੀ ਲੋੜ ਹੈ

ਲਾਰੈਂਸ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਮੁਫਤ ਰਿਹਾਇਸ਼
ਸੰਪਰਕ ਕਰੋ: 316-518-5382
12-15

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**
**7021 Village Park Way, Dublin, CA 94568**
Email: Homeomedicine@yahoo.com

## ਤੰਦੂਰੀਏ ਤੇ ਹਲਵਾਈ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
4-

# ਚੋਣ ਮੈਨੀਫੈਸਟੋ ਵਿਚਲੇ ਲਾਰੇ ਬਣਨਗੇ ਸਿਆਸੀ ਧਿਰਾਂ ਲਈ ਮੁਸੀਬਤ

**ਫਾਜ਼ਿਲਕਾ:** ਲੋਕ ਸਭਾ ਚੋਣਾਂ ਦੀਆਂ ਸਰਗਰਮੀਆਂ ਦਿਨ-ਬ-ਦਿਨ ਤੇਜ਼ ਹੁੰਦੀਆਂ ਜਾ ਰਹੀਆਂ ਹਨ। ਚੋਣਾਂ 'ਚ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੇ ਚੋਣ ਮੈਨੀਫੈਸਟੋ ਦੀਆਂ ਮੱਦਾਂ ਇਸ ਚੋਣ ਵਿਚ ਭਾਰੂ ਪੈਣਗੀਆਂ। ਵੋਟਰਾਂ ਵਿਚ ਆਈ ਜਾਗਰੂਕਤਾ ਤੋਂ ਬਾਅਦ ਜੁੜਦੀਆਂ ਸੱਥਾਂ ਵਿਚ ਚੋਣ ਮੈਨੀਫੈਸਟੋ ਦੇ ਮੁੱਦੇ ਦੀਆਂ ਗੱਲਾਂ ਚਰਚਾ ਦਾ ਵਿਸ਼ਾ ਹੁੰਦੀਆਂ ਸੁਣਾਈ ਦਿੰਦੀਆਂ ਹਨ।

2014 ਦੀਆਂ ਲੋਕ-ਸਭਾ ਚੋਣਾਂ ਦੌਰਾਨ ਭਾਜਪਾ ਨੇ ਆਪਣੇ ਮੈਨੀਫੈਸਟੋ ਵਿਚ ਦੇਸ਼ ਵਾਸੀਆਂ ਨਾਲ ਬੜੇ ਵੱਡੇ-ਵੱਡੇ ਵਾਅਦੇ ਕੀਤੇ ਸਨ, ਜਿਨ੍ਹਾਂ ਵਿਚ ਪ੍ਰਮੁੱਖ ਵਿਦੇਸ਼ੀ ਬੈਂਕਾਂ ਵਿਚੋਂ ਦੇਸ਼ ਦਾ ਕਾਲਾ ਧਨ ਵਾਪਸ ਲਿਆ ਕੇ ਦੇਸ਼ ਦੇ ਲੋਕਾਂ ਦੇ ਖਾਤਿਆਂ ਵਿਚ 15-15 ਲੱਖ ਰੁਪਏ ਪਾਉਣ ਦਾ ਸੀ। ਕਿਸਾਨਾਂ ਨੂੰ ਅੱਛੇ ਦਿਨਾਂ ਦਾ ਲਾਰਾ ਲਾ ਕੇ ਸਵਾਮੀਨਾਥਨ ਦੀ ਰਿਪੋਰਟ ਇਨਬਿਨ ਲਾਗੂ ਕਰਨ, ਹਰ ਸਾਲ ਬੇਰੁਜ਼ਗਾਰਾਂ ਨੂੰ ਦੋ ਕਰੋੜ ਨੌਕਰੀਆਂ ਦੇਣ, ਵਧ ਰਹੀ ਮਹਿੰਗਾਈ 'ਤੇ ਕੰਟਰੋਲ ਕਰਨ, ਪੈਟਰੋਲੀਅਮ ਪਦਾਰਥਾਂ ਦੇ ਭਾਅ ਵਿਚ ਕਮੀ ਕਰਨ ਅਤੇ ਦੇਸ਼ ਅੰਦਰ ਗਰੀਬੀ, ਭੁੱਖਮਰੀ ਖਤਮ ਕਰਨ ਲਈ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ। ਸਰਹੱਦੀ ਖੇਤਰ ਦੇ ਲੋਕਾਂ ਲਈ ਵਿਸ਼ੇਸ਼ ਸਨਅਤੀ ਸਕੀਮਾਂ ਲਿਆਉਣ ਦੇ ਸਬਜ਼ਬਾਗ ਮੈਨੀਫੈਸਟੋ ਵਿਚ ਦਿਖਾਏ ਸਨ। ਹੁਣ ਸੱਥਾਂ 'ਤੇ ਇਸ ਗੱਲ ਦੀ ਚਰਚਾ ਹੈ ਕਿ ਭਾਜਪਾ ਦੀ ਸਰਕਾਰ ਆਉਣ 'ਤੇ ਹੋਇਆ ਸਭ ਕੁਝ ਇਸ ਦੇ ਉਲਟ ਮੋਦੀ ਸਰਕਾਰ ਨੇ ਦੇਸ਼ 'ਚ ਨੋਟਬੰਦੀ ਦਾ ਫੈਸਲਾ ਲੈ ਕੇ ਦੇਸ਼ ਦੇ ਹਰ ਵਰਗ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ।

ਉਕਤ ਸਾਰੇ ਮੁੱਦੇ ਵੋਟਰਾਂ ਦੀ ਜ਼ੁਬਾਨ 'ਤੇ ਆਮ ਸੁਣੇ ਜਾ ਸਕਦੇ ਹਨ। ਨਾ ਕਾਲਾ ਧਨ ਵਾਪਸ ਆਇਆ, ਦੇਸ਼ ਦੇ ਸਰਹੱਦੀ ਲੋਕਾਂ ਨੂੰ ਰਾਹਤ ਤਾਂ ਕੀ ਮਿਲਣੀ ਸੀ, ਸਗੋਂ ਪੰਜ ਸਾਲਾਂ ਵਿਚ 2 ਸਾਲ ਘਰੋਂ ਬੇਘਰ ਹੋਣ ਲਈ ਮਜਬੂਰ ਹੋਣਾ ਪਿਆ। ਪਿੰਡਾਂ ਦੀਆਂ ਸੱਥਾਂ 'ਤੇ ਜਿਨਸਾਂ ਦੇ ਪੂਰੇ ਭਾਅ ਨਾ ਮਿਲਣ ਦੇ ਮੁੱਦੇ ਦਾ ਵੀ ਅਕਾਲੀ ਭਾਜਪਾ ਆਗੂਆਂ ਨੂੰ ਜਵਾਬ ਦੇਣਾ ਪਵੇਗਾ। ਇਸ ਦੇ ਇਲਾਵਾ ਬਰਗਾੜੀ ਅਤੇ ਕੋਟਕਪੂਰਾ ਕਾਂਡ ਦਾ ਮੁੱਦਾ ਵੀ ਸਿੱਖ ਪੰਥਕ ਹਲਕਿਆਂ ਵਿਚ ਉਸੇ ਤਰ੍ਹਾਂ ਛਾਇਆ ਹੋਇਆ ਹੈ।

ਦੂਜੇ ਪਾਸੇ 2017 ਦੀਆਂ ਵਿਧਾਨ ਸਭਾ ਚੋਣਾ ਵਿਚ ਪੰਜਾਬ ਅੰਦਰ ਸੱਤਾ 'ਤੇ ਕਾਬਜ਼ ਹੋਈ ਕਾਂਗਰਸ ਨੇ ਚੋਣਾਂ ਸਮੇਂ ਬੜੇ ਵੱਡੇ ਵਾਅਦੇ ਕੀਤੇ ਸਨ ਪਰ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਵਾਅਦਿਆਂ ਨੂੰ ਨਿਭਾਉਣ ਵਿਚ ਪੂਰੀ ਤਰ੍ਹਾਂ ਸਫਲ




ਹੁੰਦੀ ਨਜ਼ਰ ਨਹੀਂ ਆ ਰਹੀ। ਭਾਵੇਂ ਕਾਂਗਰਸੀ ਆਗੂ ਕਹੀ ਜਾਣ ਕਿ ਅਜੇ ਸਰਕਾਰ ਨੂੰ 2 ਸਾਲ ਦਾ ਸਮਾਂ ਹੋਇਆ ਹੈ। ਸਰਕਾਰ ਦੇ ਸ਼ੁਰੂਆਤੀ ਰੁਝਾਨ ਦੀ ਕਾਰਗੁਜ਼ਾਰੀ ਲੋਕਾਂ ਦੀਆਂ ਸੱਥਾਂ 'ਤੇ ਚਰਚਾ ਦਾ ਵਿਸ਼ਾ ਜ਼ਰੂਰ ਬਣੀ ਹੋਈ ਹੈ, ਜਿਸ ਵਿਚ ਨਸ਼ਿਆਂ ਦੇ ਖਾਤਮੇ ਦਾ ਮੁੱਦਾ ਅਤੇ ਘਰ-ਘਰ ਨੌਕਰੀ ਦਾ ਵਾਅਦਾ ਪੂਰਾ ਨਾ ਹੋਣ 'ਤੇ ਬੇਰੁਜ਼ਗਾਰਾਂ ਵਿਚ ਨਿਰਾਸ਼ਤਾ ਆਈ ਹੈ।

ਨੌਜਵਾਨਾਂ ਨੂੰ ਸਮਾਰਟ ਫੋਨ ਦਾ ਵਾਅਦਾ ਬਿਆਨਾਂ ਤੱਕ ਸੀਮਤ ਰਹਿ ਗਿਆ। ਸ਼ਗਨ ਸਕੀਮ, ਬੁਢਾਪਾ ਪੈਨਸ਼ਨ ਆਦਿ ਵਿਚ ਵਾਧਾ, ਆਟਾ ਦਾਲ ਦੇ ਨਾਲ ਨਾਲ ਖੰਡ, ਘਿਉ, ਚਾਹਪੱਤੀ ਨੂੰ ਗਰੀਬਾਂ ਦੀਆਂ ਰਸੋਈਆਂ ਦੇ ਡੱਬੇ ਉਡੀਕ ਰਹੀਆਂ ਹਨ। ਸਮੁੱਚੀ ਕਿਸਾਨੀ ਦਾ ਸਰਕਾਰੀ, ਸਹਿਕਾਰੀ ਅਤੇ ਸ਼ਾਹੂਕਾਰਾਂ ਦਾ ਸਮੁੱਚਾ ਕਰਜ਼ ਮੁਆਫੀ ਨੂੰ ਕਿਸਾਨ ਬੇਸਬਰੀ ਨਾਲ ਉਡੀਕ ਰਹੇ ਹਨ। ਇਸ ਤੋਂ ਇਲਾਵਾ ਲੋਕਾਂ ਨੂੰ ਪੱਕੇ ਘਰ ਬਣਾ ਕੇ ਦੇਣਾ, ਸਨਅਤਕਾਰਾਂ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕਰਨਾ ਆਦਿ ਮੁੱਦੇ ਇਨ੍ਹਾਂ ਚੋਣਾ ਵਿਚ ਪ੍ਰਮੁੱਖ ਹੋਣਗੇ। ਅਜੇ ਸੂਬੇ ਅੰਦਰ ਚੋਣ ਅਖਾੜਾ ਉਮੀਦਵਾਰਾਂ ਦੀ ਤਲਾਸ਼ ਤੱਕ ਸੀਮਤ ਹੈ। ਜਦੋਂ ਚੋਣ ਅਖਾੜਾ ਭਖ ਪਿਆ ਤਾਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਲੋਕ ਸੱਥਾਂ 'ਤੇ ਜਾਣਗੇ ਤਾਂ ਉਕਤ ਮੁੱਦਿਆਂ ਦਾ ਜਵਾਬ ਪੁੱਛਣ ਲਈ ਵੋਟਰ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।

## ਮਜੀਠੀਏ ਕਾਰਨ ਅਕਾਲੀ ਦਲ ਨੂੰ ਇਹ ਦਿਨ ਵੇਖਣੇ ਪਏ: ਬੱਬੀ ਬਾਦਲ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਯੂਥ ਵਿੰਗ ਦੇ ਪ੍ਰਧਾਨ ਹਰਸੁਖਇੰਦਰ ਸਿੰਘ ਬੱਬੀ ਬਾਦਲ ਮੋਹਾਲੀ ਤੋਂ ਰੋਡ ਸ਼ੋਅ ਕਰਦੇ ਹੋਏ ਅੰਮ੍ਰਿਤਸਰ ਪੁੱਜੇ। ਉਹ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਨਤਮਸਤਕ ਹੋਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਥਿਤੀ ਸੁਖਾਵੀਂ ਨਹੀਂ ਹੈ ਤੇ ਉਹ ਵੈਂਟੀਲੇਟਰ 'ਤੇ ਹੈ, ਜਿਸ ਕਰਕੇ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਬਾਦਲ ਨੂੰ ਇੱਕ ਵੀ ਸੀਟ ਹਾਸਲ ਨਹੀਂ ਹੋਣੀ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਨੂੰ ਵੀ ਪੰਜਾਬ ਵਿਚ ਹਾਰ ਦਾ ਮੂੰਹ ਦੇਖਣਾ ਪਵੇਗਾ।


ਉਨ੍ਹਾਂ ਟਕਸਾਲੀ ਅਕਾਲੀ ਦਲ ਹੋਂਦ ਵਿਚ ਆਉਣ ਬਾਰੇ ਗੱਲ ਕਰਦਿਆਂ ਕਿਹਾ ਕਿ ਜਦੋਂ ਟਕਸਾਲੀ ਆਗੂਆਂ ਅਤੇ ਅਕਾਲੀ ਦਲ ਬਾਦਲਾਂ ਵਿਚਾਲੇ ਸਥਿਤੀ ਅਸੁਖਾਵੀਂ ਬਣੀ ਸੀ ਤਾਂ ਜੇਕਰ ਉਦੋਂ ਬਿਕਰਮ ਸਿੰਘ ਮਜੀਠੀਆ ਨੂੰ ਪਾਰਟੀ 'ਚੋਂ ਲਾਂਭੇ ਕਰ ਦਿੱਤਾ ਜਾਂਦਾ ਤਾਂ ਪਾਰਟੀ ਦੁਫਾੜ ਨਹੀਂ ਹੋਣੀ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਹੋਂਦ ਵਿਚ ਨਹੀਂ ਸੀ ਆਉਣਾ।

ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਅਕਾਲੀ ਦਲ ਟਕਸਾਲੀ ਦਾ ਲੋਕ ਸਭਾ ਚੋਣਾਂ ਲੜਨ ਲਈ ਕਿਸੇ ਪਾਰਟੀ ਨਾਲ ਗਠਜੋੜ ਨਹੀਂ ਬਣ ਸਕਿਆ ਤਾਂ ਪਾਰਟੀ ਦੀ ਕੀ ਸਥਿਤੀ ਹੋਵੇਗੀ ਤਾਂ ਉਨ੍ਹਾਂ ਕਿਹਾ ਕਿ ਪਾਰਟੀ ਨੂੰ ਕੋਈ ਨੁਕਸਾਨ ਨਹੀਂ ਹੋਣਾ ਅਤੇ ਟਕਸਾਲੀ ਉਮੀਦਵਾਰ ਬਹੁ-ਗਿਣਤੀ ਸੀਟਾਂ 'ਤੇ ਜਿੱਤ ਪ੍ਰਾਪਤ ਕਰਨਗੇ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਜੇ ਪਾਰਟੀ ਉਨ੍ਹਾਂ ਨੂੰ ਚੋਣ ਲੜਨ ਲਈ ਕਹੇਗੀ ਤਾਂ ਉਹ ਜ਼ਰੂਰ ਲੜਨਗੇ।

# ਮਾਲਵਾ ਫਤਿਹ ਕਰਨ ਉਤੇ ਰਹੇਗੀ ਸਿਆਸੀ ਧਿਰਾਂ ਦੀ ਅੱਖ

**ਚੰਡੀਗੜ੍ਹ:** ਮਾਲਵਾ ਖੇਤਰ ਇਸ ਵਾਰ ਕਿਸ ਪਾਰਟੀ ਦਾ ਬੇੜਾ ਪਾਰ ਲਾਵੇਗਾ, ਇਹ ਵੱਡਾ ਸਵਾਲ ਹੈ। ਪੰਜਾਬ ਦੇ ਰਾਜਨੀਤਕ ਸਮੀਕਰਨਾਂ ਵਿਚ ਇਸ ਵਾਰ ਵੱਡਾ ਬਦਲਾਅ ਹੋਇਆ ਹੈ। ਸੂਬੇ ਦੀਆਂ 13 ਵਿਚੋਂ 8 ਸੀਟਾਂ ਵਾਲੇ ਮਾਲਵੇ ਖੇਤਰ ਉਤੇ ਸਾਰੀਆਂ ਧਿਰਾਂ ਦੀ ਅੱਖ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਇਥੇ ਲੋਕਾਂ ਨੇ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਦੇ ਮੁਕਾਬਲੇ ਨਵੀਂ ਬਣੀ ਆਮ ਆਦਮੀ ਪਾਰਟੀ (ਆਪ) ਦੀਆਂ ਨੀਤੀਆਂ ਅਤੇ ਇਸ ਦੇ ਨੇਤਾਵਾਂ ਨੂੰ ਪਰਖਣ ਦਾ ਫੈਸਲਾ ਕੀਤਾ ਅਤੇ ਉਸ ਨੂੰ ਚਾਰ ਸੀਟਾਂ 'ਤੇ ਜਿੱਤ ਦਿਵਾਈ ਪਰ ਇਸ ਵਾਰ ਹਾਲਾਤ ਕਾਫੀ ਬਦਲੇ ਹੋਏ ਹਨ ਅਤੇ ਇਸ ਤਰ੍ਹਾਂ ਲੱਗਦਾ ਹੈ ਕਿ ਇਕ ਵਾਰ ਫਿਰ ਇਸ ਖੇਤਰ 'ਚ ਰਵਾਇਤੀ ਪਾਰਟੀਆਂ ਅਕਾਲੀ ਅਤੇ ਕਾਂਗਰਸ ਵਿਚਕਾਰ ਹੀ ਮੁੱਖ ਮੁਕਾਬਲਾ ਹੋਵੇਗਾ।

ਮਾਲਵਾ 'ਚ ਕੁੱਲ ਅੱਠ ਬਠਿੰਡਾ, ਫਿਰੋਜ਼ਪੁਰ, ਫਰੀਦਕੋਟ, ਫਤਹਿਗੜ੍ਹ ਸਾਹਿਬ, ਲੁਧਿਆਣਾ, ਸੰਗਰੂਰ, ਪਟਿਆਲਾ ਅਤੇ ਅਨੰਦਪੁਰ ਸਾਹਿਬ ਲੋਕ ਸਭਾ ਸੀਟਾਂ ਪੈਂਦੀਆਂ ਹਨ। ਪਿਛਲੀ ਵਾਰ ਅਨੰਦਪੁਰ ਸਾਹਿਬ ਤੋਂ ਅਕਾਲੀ-ਭਾਜਪਾ ਦੇ ਪ੍ਰੇਮ ਸਿੰਘ ਚੰਦੂਮਾਜਰਾ, ਫਰੀਦਕੋਟ ਤੋਂ 'ਆਪ' ਦੇ ਪ੍ਰੋ. ਸਾਧੂ ਸਿੰਘ, ਫਿਰੋਜ਼ਪੁਰ ਤੋਂ ਅਕਾਲੀ-ਭਾਜਪਾ ਦੇ ਸ਼ੇਰ ਸਿੰਘ ਘੁਬਾਇਆ, ਫਤਹਿਗੜ੍ਹ ਸਾਹਿਬ ਤੋਂ 'ਆਪ' ਦੇ ਹਰਿੰਦਰ ਸਿੰਘ ਖਾਲਸਾ, ਸੰਗਰੂਰ ਤੋਂ 'ਆਪ' ਦੇ ਭਗਵੰਤ ਮਾਨ, ਪਟਿਆਲਾ ਤੋਂ 'ਆਪ' ਦੇ ਡਾ. ਧਰਮਵੀਰ ਗਾਂਧੀ, ਬਠਿੰਡਾ ਤੋਂ ਅਕਾਲੀ-ਭਾਜਪਾ




ਦੀ ਹਰਸਿਮਰਤ ਕੌਰ ਬਾਦਲ ਅਤੇ ਲੁਧਿਆਣਾ ਤੋਂ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਜਿੱਤੇ ਸਨ। ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਰਾਜਨੀਤਕ ਸਮੀਕਰਨ ਕਾਫੀ ਬਦਲ ਗਏ ਅਤੇ ਸੂਬੇ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦੀ ਸਰਕਾਰ ਬਣੀ। ਲੋਕ ਸਭਾ ਵਿਚ ਪਛੜੀ ਕਾਂਗਰਸ ਨੇ ਵਿਧਾਨ ਸਭਾ ਚੋਣਾਂ ਵਿਚ ਮਾਲਵਾ ਖੇਤਰ ਦੀਆਂ 69 ਸੀਟਾਂ ਵਿਚੋਂ 42 ਸੀਟਾਂ 'ਤੇ ਜਿੱਤ ਦਰਜ ਕੀਤੀ ਜਦੋਂ ਕਿ 'ਆਪ' 18 ਸੀਟਾਂ ਹੀ ਜਿੱਤ ਸਕੀ। ਕਦੇ ਅਕਾਲੀ ਦਲ ਦਾ ਗੜ੍ਹ ਮੰਨੇ ਜਾਣ ਵਾਲੇ ਇਸ ਖੇਤਰ ਵਿਚ ਉਸ ਨੂੰ 6 ਸੀਟਾਂ ਹੀ ਮਿਲੀਆਂ। 'ਆਪ' ਦੀ ਸਹਿਯੋਗੀ ਲੋਕ ਇਨਸਾਫ ਪਾਰਟੀ ਦੋ ਅਤੇ ਭਾਜਪਾ ਇਕ ਸੀਟ ਹੀ ਜਿੱਤ ਸਕੀ। ਬਹੁਜਨ ਸਮਾਜ ਪਾਰਟੀ ਅਤੇ ਖੱਬੇ ਪੱਖੀ ਦਲਾਂ ਦਾ ਸਫਾਇਆ ਹੋ ਗਿਆ। ਅਕਾਲੀ ਦਲ ਅਤੇ 'ਆਪ' ਦੇ ਵੰਡੇ ਜਾਣ ਕਾਰਨ ਤਿੰਨ ਨਵੀਆਂ ਪਾਰਟੀਆਂ ਅਕਾਲੀ ਦਲ ਟਕਸਾਲੀ, ਪੰਜਾਬ ਏਕਤਾ ਪਾਰਟੀ ਅਤੇ ਨਵਾਂ ਪੰਜਾਬ ਪਾਰਟੀ ਦਾ ਜਨਮ ਹੋਇਆ। 'ਆਪ' ਤੋਂ ਅਲੱਗ ਹੋਏ ਧੜਿਆਂ ਨੇ ਬਸਪਾ, ਭਾਕਪਾ ਅਤੇ ਮਾਕਪਾ ਨਾਲ ਗਠਜੋੜ ਕਰ ਲਿਆ ਹੈ।

ਪੰਜਾਬ ਵਿਚ ਆਖਰੀ ਪੜਾਅ ਦੌਰਾਨ ਚੋਣਾਂ ਹੋਣਗੀਆਂ, ਇਸ ਲਈ ਸਾਰੀਆਂ ਪਾਰਟੀਆਂ ਨੇ ਅਜੇ ਤੱਕ ਉਮੀਦਵਾਰ ਨਹੀਂ ਐਲਾਨੇ। ਮਾਲਵਾ ਨੂੰ 'ਕਪਾਹ ਬੈਲਟ' ਵੀ ਕਿਹਾ ਜਾਂਦਾ ਹੈ। ਇਸ ਵਿਚ ਜ਼ਿਆਦਾਤਰ ਪੇਂਡੂ ਇਲਾਕੇ ਹਨ, ਜਿਸ 'ਚ ਕਿਸਾਨ ਸਿੱਖਾਂ ਦੀ ਸਭ ਤੋਂ ਵੱਡੀ ਆਬਾਦੀ ਹੈ। ਪਹਿਲਾਂ ਪਿੰਡਾਂ 'ਚ ਅਕਾਲੀ ਦੀ ਮਜ਼ਬੂਤ ਪਕੜ ਸੀ ਪਰ 10 ਸਾਲ ਦੇ ਅਕਾਲੀ ਸਰਕਾਰ ਦੇ ਰਾਜ 'ਚ ਬੇਅਦਬੀ ਅਤੇ ਕੋਟਕਪੂਰਾ, ਬਹਿਬਲ ਕਲਾਂ ਗੋਲੀ ਕਾਂਡ ਹੋਏ ਜਿਸ ਵਿਚ ਦੋ ਨੌਜਵਾਨਾਂ ਦੀ ਮੌਤ ਹੋ ਗਈ। ਉਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਨਾਰਾਜ਼ ਲੋਕਾਂ ਨੇ ਅਕਾਲੀ ਦਲ ਨਾਲੋਂ ਰਿਸ਼ਤਾ ਤੋੜ ਲਿਆ। ਖੇਤਰ ਦੇ ਲੋਕ ਹਾਲਾਂਕਿ ਕਾਂਗਰਸ ਤੋਂ ਵੀ ਉਨੇ ਖੁਸ਼ ਨਹੀਂ ਹਨ ਪਰ ਬਹਿਬਲ ਕਲਾਂ, ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਵਿਸ਼ੇਸ਼ ਟੀਮ ਦੇ ਗਠਨ ਨਾਲ ਲੋਕਾਂ 'ਚ ਕਾਂਗਰਸ ਪ੍ਰਤੀ ਨਾਰਾਜ਼ਗੀ ਘਟ ਹੋਈ ਹੈ। 'ਆਪ' ਦੀ ਵੰਡ ਨਾਲ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ। ਲੋਕਾਂ ਕੋਲ ਹੋਰ ਕੋਈ ਵਿਕਲਪ ਨਹੀਂ ਹੈ।

# ਪੰਜਾਬ ਵਿਚ ਹਾਕਮ ਧਿਰ ਲਈ ਵੱਡੀ ਚੁਣੌਤੀ ਰਹੀਆਂ ਨੇ ਲੋਕ ਸਭਾ ਚੋਣਾਂ

**ਲੁਧਿਆਣਾ:** ਪੰਜਾਬ ਦੇ ਲੋਕਾਂ ਨੇ ਦੇਸ਼ ਦੀ 14ਵੀਂ ਲੋਕ ਸਭਾ 2004, 15ਵੀਂ ਲੋਕ ਸਭਾ 2009 ਅਤੇ 16ਵੀਂ ਲੋਕ ਸਭਾ 2014 ਵਿਚ ਸੂਬੇ ਅੰਦਰ ਜਿਸ ਪਾਰਟੀ ਦੀ ਸਰਕਾਰ ਹੁੰਦੀ ਹੈ, ਉਸ ਪਾਰਟੀ ਤੋਂ ਉਲਟ ਵਿਰੋਧੀ ਸਿਆਸੀ ਪਾਰਟੀ ਦੇ ਉਮੀਦਵਾਰਾਂ ਨੂੰ 13 ਲੋਕ ਸਭਾ ਸੀਟਾਂ ਵਿਚੋਂ ਵੱਧ ਸੀਟਾਂ ਜਿਤਾ ਕੇ ਬਹੁਮਤ ਦੁਆਇਆ ਹੈ। ਪੰਜਾਬ ਅੰਦਰ ਪਿਛਲੀਆਂ 3 ਲੋਕ ਸਭਾ ਚੋਣਾਂ ਵਿਚ ਹਾਕਮਾਂ ਦੀ ਬਜਾਏ ਵਿਰੋਧੀ ਧਿਰ ਨੂੰ ਬਹੁਮਤ ਮਿਲਦਾ ਆ ਰਿਹਾ ਹੈ।

ਪੰਜਾਬ ਅੰਦਰ 2004 ਵਿਚ ਕਾਂਗਰਸ ਪਾਰਟੀ ਦੀ ਸਰਕਾਰ ਸਮੇਂ ਕਾਂਗਰਸ ਨੂੰ 2, ਅਕਾਲੀ ਦਲ ਨੂੰ 8 ਤੇ ਭਾਜਪਾ ਨੂੰ 3 ਸੀਟਾਂ, 2009 'ਚ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਸਮੇਂ ਕਾਂਗਰਸ ਨੂੰ 8, ਅਕਾਲੀ ਦਲ ਨੂੰ 4 ਤੇ ਭਾਜਪਾ ਨੂੰ 1 ਸੀਟ ਅਤੇ 2014 ਵਿਚ ਅਕਾਲੀ-ਭਾਜਪਾ ਗਠਜੋੜ ਹੋਣ ਸਮੇਂ ਭਾਵੇਂ ਅਕਾਲੀ ਦਲ ਨੂੰ 4, ਆਪ ਨੂੰ 4, ਕਾਂਗਰਸ ਨੂੰ 3 ਤੇ ਭਾਜਪਾ ਨੂੰ 2 ਸੀਟਾਂ 'ਤੇ ਜਿੱਤ ਮਿਲੀ ਪਰ ਬਹੁਮਤ ਫਿਰ ਵੀ ਵਿਰੋਧੀ ਧਿਰ ਆਪ ਤੇ ਕਾਂਗਰਸ ਦੇ ਉਮੀਦਵਾਰਾਂ ਦਾ ਹੀ ਰਿਹਾ। ਪੰਜਾਬ ਅੰਦਰ 2004 ਦੀ ਲੋਕ ਸਭਾ ਚੋਣ 'ਚ ਸ਼੍ਰੋਮਣੀ ਅਕਾਲੀ ਦਲ ਨੇ 34.28 ਫੀਸਦੀ ਵੋਟਾਂ ਪ੍ਰਾਪਤ ਕਰ ਕੇ 8 ਸੀਟਾਂ ਜਿੱਤੀਆਂ ਅਤੇ ਕਾਂਗਰਸ ਨੇ 34.17 ਫੀਸਦੀ ਵੋਟਾਂ ਲੈ ਕੇ ਸਿਰਫ 2 ਸੀਟਾਂ 'ਤੇ ਹੀ ਜਿੱਤ ਪ੍ਰਾਪਤ ਕੀਤੀ। 1977 ਦੀ ਲੋਕ ਸਭਾ ਚੋਣ 'ਚ ਅਕਾਲੀ ਦਲ ਨੇ ਸਭ ਤੋਂ ਵੱਧ 9, ਬੀ.ਐਲ.ਡੀ. ਨੇ 3 ਤੇ ਸੀ.ਪੀ.ਐਮ. ਨੇ 1 ਅਤੇ 1991 ਵਿਚ ਕਾਂਗਰਸ ਨੇ ਸਭ ਤੋਂ ਵੱਧ 12 ਤੇ ਬਸਪਾ ਨੇ 1 ਸੀਟ ਜਿੱਤੀ।

1999 ਦੀ ਲੋਕ ਸਭਾ ਚੋਣ 'ਚ ਬਹੁਜਨ ਸਮਾਜ ਪਾਰਟੀ ਵੱਲੋਂ ਫਿਲੌਰ ਹਲਕੇ ਤੋਂ ਅਵਿਨਾਸ਼ ਚੰਦਰ ਨੇ ਚੋਣ ਜਿੱਤੀ ਸੀ ਅਤੇ 1999 ਤੋਂ ਬਾਅਦ 2014 ਤੱਕ ਪੰਜਾਬ ਤੋਂ ਬਹੁਜਨ ਸਮਾਜ ਪਾਰਟੀ ਦਾ ਕੋਈ ਵੀ ਉਮੀਦਵਾਰ ਲੋਕ ਸਭਾ ਵਿਚ ਨਹੀਂ ਜਾ ਸਕਿਆ। 1999 ਦੀ ਲੋਕ ਸਭਾ ਚੋਣ ਵਿਚ ਹੀ ਸੀ.ਪੀ.ਐਮ. ਵੱਲੋਂ ਹਲਕਾ ਸੰਗਰੂਰ ਤੋਂ ਅਜੀਤ ਸਿੰਘ ਲੋਕ ਸਭਾ ਮੈਂਬਰ ਚੁਣੇ ਗਏ ਸਨ, ਉਸ ਤੋਂ ਬਾਅਦ 2014 ਦੀ ਲੋਕ ਸਭਾ ਚੋਣ ਤੱਕ ਸੀ.ਪੀ.ਐਮ. ਨੇ ਚੋਣ ਤਾਂ ਕੀ ਜਿੱਤਣੀ ਸੀ, ਸਗੋਂ ਉਸ ਦਾ ਪੰਜਾਬ ਵਿਚ ਵੋਟ ਬੈਂਕ ਬਸਪਾ ਵਾਂਗ ਲਗਾਤਾਰ ਹਰ ਚੋਣ 'ਚ ਘਟ ਹੋ ਰਿਹਾ ਹੈ।

# ਪੰਜਾਬ 'ਚ ਨਵੀਆਂ ਸਿਆਸੀ ਪਾਰਟੀਆਂ ਨੇ ਰਵਾਇਤੀ ਧਿਰਾਂ ਦੀ ਗਿਣਤੀ-ਮਿਣਤੀ ਹਿਲਾਈ

**ਚੰਡੀਗੜ੍ਹ:** ਪੰਜਾਬ ਦੀਆਂ ਦੋ ਪ੍ਰਮੁੱਖ ਸਿਆਸੀ ਧਿਰਾਂ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨੇ ਆਗਾਮੀ ਸੰਸਦੀ ਚੋਣਾਂ ਨੂੰ ਲੈ ਕੇ ਠੋਸ ਰਣਨੀਤੀ ਘੜਨੀ ਸ਼ੁਰੂ ਕਰ ਦਿੱਤੀ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਪੰਜਾਬ ਏਕਤਾ ਪਾਰਟੀ ਤੇ ਟਕਸਾਲੀ ਦਲ ਦੇ ਕੁਝ ਉਮੀਦਵਾਰਾਂ ਨੇ ਕਈ ਹਲਕਿਆਂ 'ਤੇ ਦੋਹਾਂ ਪਾਰਟੀਆਂ ਦੀਆਂ ਗਿਣਤੀਆਂ ਮਿਣਤੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਕਾਂਗਰਸੀ ਨੇਤਾਵਾਂ ਅਨੁਸਾਰ ਫਤਿਹਗੜ੍ਹ ਸਾਹਿਬ ਤੇ ਫਰੀਦਕੋਟ ਰਾਖਵੇਂ ਹਲਕਿਆਂ ਤੋਂ ਹਾਲ ਦੀ ਘੜੀ ਪਾਰਟੀ 'ਚ ਸ਼ਸ਼ੋਪੰਜ ਦੀ ਸਥਿਤੀ ਬਣੀ ਹੋਈ ਹੈ। ਇਨ੍ਹਾਂ ਸੰਸਦੀ ਚੋਣਾਂ ਦੌਰਾਨ ਕਾਰਗੁਜ਼ਾਰੀ ਦਿਖਾਉਣ ਦੇ ਮੁੱਦੇ 'ਤੇ ਜਿਥੇ ਬਾਦਲ ਪਰਿਵਾਰ ਨੇ ਪਾਰਟੀ ਦਾ ਵੱਕਾਰ ਬਹਾਲ ਕਰਨ ਲਈ ਕਰੋ ਜਾਂ ਮਰੋ ਦੀ ਲੜਾਈ ਬਣਾ ਲਿਆ ਹੈ, ਉਥੇ ਕਾਂਗਰਸ ਪਾਰਟੀ ਵੱਲੋਂ ਵੀ ਵੱਧ ਤੋਂ ਵੱਧ ਸੀਟਾਂ ਜਿੱਤਣ ਲਈ ਠੋਸ ਵਿਉਂਤਬੰਦੀ ਕੀਤੀ ਜਾਣ ਲੱਗੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਿਵਾਸ ਉਤੇ ਸੀਨੀਅਰ ਕਾਂਗਰਸੀ ਆਗੂਆਂ ਦੀ ਮੀਟਿੰਗ ਦੌਰਾਨ ਸੰਭਾਵੀ ਉਮੀਦਵਾਰਾਂ ਬਾਰੇ ਚਰਚਾ ਕੀਤੀ ਗਈ। ਇਸ ਮੀਟਿੰਗ ਵਿਚ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ, ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਸੂਬੇ ਦੇ ਡੀ.ਜੀ.ਪੀ. ਦਿਨਕਰ ਗੁਪਤਾ ਸ਼ਾਮਲ ਸਨ। ਇਹ ਮੀਟਿੰਗ ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ (ਸਿੱਟ) ਦੇ ਕੰਮਕਾਰ ਦੀ ਸਮੀਖਿਆ ਲਈ ਬੁਲਾਈ ਗਈ ਸੀ। ਮੀਟਿੰਗ ਦੌਰਾਨ ਸਿੱਟ ਦੀ ਕਾਰਗੁਜ਼ਾਰੀ ਉਤੇ ਚਰਚਾ ਕਰਨ ਦੀ ਥਾਂ ਸੰਸਦੀ ਚੋਣਾਂ ਲਈ ਸੰਭਾਵੀ ਉਮੀਦਵਾਰਾਂ ਬਾਰੇ ਹੀ ਚਰਚਾ ਕੀਤੀ ਗਈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਹਿੱਸੇ ਦੀਆਂ 10 ਵਿਚੋਂ 8 ਸੀਟਾਂ ਤੋਂ ਉਮੀਦਵਾਰ ਤੈਅ ਕਰਨ ਨੇ ਕਾਂਗਰਸ ਨੂੰ ਸੋਚੀਂ ਪਾ ਦਿੱਤਾ ਹੈ। ਹਰਸਿਮਰਤ ਕੌਰ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੋਵਾਂ ਦੇ ਮੈਦਾਨ ਵਿਚ ਆਉਣ ਕਾਰਨ ਕਾਂਗਰਸ ਨਵੇਂ ਸਿਰੇ ਤੋਂ ਰਣਨੀਤੀ ਘੜਨ ਲੱਗੀ ਹੈ। ਮੀਟਿੰਗ ਵਿਚ ਸ਼ਾਮਲ ਕਾਂਗਰਸ ਨੇਤਾ ਨੇ ਦੱਸਿਆ ਕੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਵੀ ਬੀਬੀ ਬਾਦਲ ਦੇ ਸਾਹਮਣੇ ਮਜ਼ਬੂਤ ਉਮੀਦਵਾਰ ਵਜੋਂ ਮੰਨਿਆ ਜਾਂਦਾ ਹੈ।

ਕਾਂਗਰਸ ਨੇਤਾਵਾਂ ਮੁਤਾਬਕ ਲੋਕ ਨਿਰਮਾਣ ਮੰਤਰੀ ਵਿਜੈ ਇੰਦਰ ਸਿੰਗਲਾ ਨੂੰ ਸੰਗਰੂਰ ਤੋਂ ਕਾਂਗਰਸ ਅਤੇ ਪੁਲਿਸ ਦਾ ਖੁਫੀਆ ਵਿੰਗ ਮਜ਼ਬੂਤ ਉਮੀਦਵਾਰ ਮੰਨਦਾ ਹੈ। ਕੇਵਲ ਸਿੰਘ ਢਿੱਲੋਂ ਵੱਲੋਂ ਵੀ ਦਾਅਵੇਦਾਰੀ ਜਤਾਈ ਜਾ ਰਹੀ ਹੈ। ਅਕਾਲੀ ਦਲ ਦੇ ਸੰਭਾਵੀ ਉਮੀਦਵਾਰ ਪਰਮਿੰਦਰ ਸਿੰਘ ਢੀਂਡਸਾ ਵੀ ਸੰਗਰੂਰ ਵਿਚਲੇ ਉਮੀਦਵਾਰਾਂ ਵਿਚੋਂ ਮਜ਼ਬੂਤ ਉਮੀਦਵਾਰ ਹੋ ਸਕਦੇ ਹਨ। ਇਸੇ ਤਰ੍ਹਾਂ ਹੁਸ਼ਿਆਰਪੁਰ ਤੋਂ ਡਾ. ਚੱਬੇਵਾਲ ਸਣੇ ਤਿੰਨ ਆਗੂਆਂ ਦੇ ਨਾਵਾਂ 'ਤੇ ਵਿਚਾਰ ਕੀਤਾ ਗਿਆ। ਅਨੰਦਪੁਰ ਸਾਹਿਬ ਹਲਕੇ ਤੋਂ ਮੁਨੀਸ਼ ਤਿਵਾੜੀ ਮੋਹਰੀਆਂ 'ਚ ਸ਼ਾਮਲ ਹਨ ਜਦੋਂਕਿ ਮੁੱਖ ਮੰਤਰੀ ਦੇ ਓ.ਐਸ.ਡੀ. ਸੰਦੀਪ ਸੰਧੂ ਤੇ ਜੈਵੀਰ ਸਿੰਘ ਸ਼ੇਰਗਿੱਲ ਦੀ ਦਾਅਵੇਦਾਰੀ ਵਿਚ ਸ਼ਾਮਲ ਹਨ।

# ਅਮਰੀਕਾ ਨੇ ਭਾਰਤ ਦੀ ਜਾਸੂਸੀ ਦੇ ਦੋਸ਼ ਨਕਾਰੇ

**ਵਾਸ਼ਿੰਗਟਨ:** ਪੈਂਟਾਗਨ ਨੇ ਇਨ੍ਹਾਂ ਰਿਪੋਰਟਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ ਕਿ ਅਮਰੀਕਾ ਨੇ ਭਾਰਤ ਦੇ ਐਂਟੀ- ਸੈਟੇਲਾਈਟ ਮਿਜ਼ਾਈਲ (ਏ-ਸੈਟ) ਨੂੰ ਲੈ ਕੇ ਜਾਸੂਸੀ ਕੀਤੀ ਹੈ, ਪਰ ਉਸ ਨੇ ਨਾਲ ਹੀ ਕਿਹਾ ਕਿ ਉਹ ਭਾਰਤ ਵੱਲੋਂ ਕੀਤੀ ਗਈ ਅਜ਼ਮਾਇਸ਼ ਬਾਰੇ ਪਹਿਲਾਂ ਹੀ ਜਾਣਦਾ ਸੀ।

ਅਮਰੀਕਾ ਦੇ ਰੱਖਿਆ ਮੰਤਰਾਲੇ ਦੇ ਬੁਲਾਰੇ ਲੈਫਟੀਨੈਂਟ ਕਰਨਲ ਡੇਵਿਡ ਡਬਲਿਊ ਈਸਟਬਰਨ ਨੇ ਕਿਹਾ, 'ਕੋਈ ਵੀ ਭਾਰਤ ਦੀ ਜਾਸੂਸੀ ਨਹੀਂ ਕਰ ਰਿਹਾ ਸੀ, ਬਲਕਿ ਅਮਰੀਕਾ ਭਾਰਤ ਨਾਲ ਆਪਣੀ ਭਾਈਵਾਲੀ ਵਧਾ ਰਿਹਾ ਹੈ ਜਿਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਆਰਥਿਕ ਸਬੰਧ ਮਜ਼ਬੂਤ ਹੋਏ ਹਨ।' ਫੌਜੀ ਹਵਾਈ ਗਤੀਵਿਧੀਆਂ 'ਤੇ ਨਜ਼ਰ ਰੱਖਣ ਵਾਲੇ ਏਅਰਕ੍ਰਾਫਟ ਸਪਾਟਸ ਨੇ ਕਿਹਾ ਸੀ ਕਿ ਅਮਰੀਕੀ ਹਵਾਈ ਸੈਨਾ ਦੇ ਇਕ ਜਾਸੂਸੀ ਜਹਾਜ਼ ਨੇ ਡਿਏਗੋ ਗਰਸ਼ੀਆ ਤੋਂ ਬੰਗਾਲ ਦੀ ਖਾੜੀ ਵਿਚ ਭਾਰਤ ਦੇ ਏ-ਸੈਟ ਪ੍ਰੀਖਣ ਦੀ ਨਿਗਰਾਨੀ ਲਈ ਉਡਾਣ ਭਰੀ ਸੀ। ਮਾਹਰਾਂ ਦਾ ਕਹਿਣਾ ਹੈ ਕਿ ਅਮਰੀਕਾ ਨੇ ਭਾਰਤ ਦੇ ਏ-ਸੈਟ ਪ੍ਰੀਖਣ ਦੀ ਜਾਸੂਸੀ ਕੀਤੀ ਸੀ।

# 'ਆਪ' ਅਤੇ ਕਾਂਗਰਸ ਦੇ ਗਠਜੋੜ ਨਾਲ ਖਿੱਲਰ ਸਕਦਾ ਹੈ ਝਾੜੂ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦਾ ਲੋਕ ਸਭਾ ਚੋਣਾਂ ਲਈ ਕਾਂਗਰਸ ਨਾਲ ਗਠਜੋੜ ਹੋਣ ਦੀ ਸੂਰਤ ਵਿਚ ਖਾਸ ਕਰਕੇ ਪੰਜਾਬ ਇਕਾਈ 'ਚ ਵੱਡਾ ਖਿਲਾਰਾ ਪੈ ਸਕਦਾ ਹੈ। ਸੂਤਰਾਂ ਅਨੁਸਾਰ ਦਿੱਲੀ ਵਿਚ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਕਾਂਗਰਸ ਦੇ ਕੌਮੀ ਨੇਤਾਵਾਂ ਨਾਲ ਚੋਣ ਗਠਜੋੜ ਕਰਨ ਦੇ ਕੀਤੇ ਜਾ ਰਹੇ ਯਤਨਾਂ ਕਾਰਨ ਪੰਜਾਬ ਇਕਾਈ ਦੇ ਨੇਤਾਵਾਂ ਤੇ ਵਾਲੰਟੀਅਰਾਂ 'ਚ ਬੇਚੈਨੀ ਅਤੇ ਰੋਸ ਦੀ ਭਾਵਨਾ ਤੇਜ਼ ਹੁੰਦੀ ਜਾ ਰਹੀ ਹੈ।

ਸੂਤਰਾਂ ਅਨੁਸਾਰ ਗਠਜੋੜ ਹੋਣ ਦੀ ਸੂਰਤ ਵਿਚ ਦਿੱਲੀ 'ਚ 'ਆਪ' ਨੂੰ 4 ਤੇ ਕਾਂਗਰਸ ਨੂੰ 3 ਸੀਟਾਂ ਅਤੇ ਪੰਜਾਬ ਵਿਚ 'ਆਪ' ਨੂੰ ਇਕੱਲੀ ਸੰਗਰੂਰ ਦੀ ਸੀਟ ਅਤੇ ਬਾਕੀ 12 ਸੀਟਾਂ ਕਾਂਗਰਸ ਨੂੰ ਦੇਣ ਦੀ ਤਜਵੀਜ਼ ਉਪਰ ਦੋਵਾਂ ਧਿਰਾਂ ਵਿਚਾਲੇ ਚਰਚਾ ਚੱਲ ਰਹੀ ਹੈ। ਦੱਸਣਯੋਗ ਹੈ ਕਿ ਸੰਗਰੂਰ ਸੀਟ ਤੋਂ ਪਾਰਟੀ ਦੇ ਪ੍ਰਧਾਨ ਭਗਵੰਤ ਮਾਨ ਚੋਣ ਲੜ ਰਹੇ ਹਨ। ਇਸ ਗਠਜੋੜ ਹੋਣ ਦੇ ਰੌਲੇ ਕਾਰਨ ਪਾਰਟੀ ਵੱਲੋਂ ਐਲਾਨੇ ਅੱਠ ਉਮੀਦਵਾਰ ਵੀ ਜੱਕੋਤੱਕੀ ਵਿਚ ਹਨ ਕਿਉਂਕਿ ਗਠਜੋੜ ਹੋਣ ਦੀ ਸੂਰਤ 'ਚ ਇਨ੍ਹਾਂ ਉਮੀਦਵਾਰਾਂ ਦੇ ਬਿਸਤਰੇ ਗੋਲ ਹੋਣੇ ਤੈਅ ਹਨ।

ਦਸਣਯੋਗ ਹੈ ਕਿ 'ਆਪ' ਪਹਿਲਾਂ ਹੀ ਭਾਜਪਾ ਛੱਡ ਕੇ ਆਏ ਸਾਬਕਾ ਕੇਂਦਰੀ ਮੰਤਰੀ ਹਰਮੋਹਨ ਧਵਨ ਨੂੰ ਚੰਡੀਗੜ੍ਹ ਤੋਂ ਟਿਕਟ ਦੇ ਚੁੱਕੀ ਹੈ। ਪੰਜਾਬ ਦੀ ਲੀਡਰਸ਼ਿਪ ਭਾਵੇਂ ਕਾਂਗਰਸ ਨਾਲ ਸਮਝੌਤਾ ਨਾ ਹੋਣ ਦੇ ਕਈ ਦਿਨਾਂ ਤੋਂ ਬਿਆਨ ਦੇ ਰਹੀ ਹੈ ਪਰ ਇਸ ਦੇ ਬਾਵਜੂਦ ਸ਼ੰਕੇ ਬਰਕਰਾਰ ਹਨ ਅਤੇ ਇਸੇ ਕੜੀ ਤਹਿਤ ਹੀ ਪੰਥ ਰਤਨ ਮਰਹੂਮ ਗੁਰਚਰਨ ਸਿੰਘ ਟੌਹੜਾ ਦੇ ਜਵਾਈ ਹਰਮੇਲ ਸਿੰਘ ਟੌਹੜਾ ਨੇ ਐਲਾਨ ਕਰ ਦਿੱਤਾ ਹੈ ਕਿ ਜੇ 'ਆਪ' ਨੇ ਕਾਂਗਰਸ ਨਾਲ ਸਮਝੌਤਾ ਕੀਤਾ ਤਾਂ ਉਹ ਪਾਰਟੀ ਨੂੰ ਅਲਵਿਦਾ ਕਹਿ ਦੇਣਗੇ।

'ਆਪ' ਪੰਜਾਬ ਦੀ ਕੋਰ ਕਮੇਟੀ ਤਕਰੀਬਨ ਸਰਬਸੰਮਤੀ ਨਾਲ ਹਾਈ ਕਮਾਂਡ ਨੂੰ ਸਾਫ ਕਰ ਚੁੱਕੀ ਹੈ ਕਿ ਪੰਜਾਬ 'ਚ ਸਿਆਸੀ ਤੌਰ 'ਤੇ ਹੁਕਮਰਾਨ ਪਾਰਟੀ ਕਾਂਗਰਸ ਨਾਲ ਚੋਣ ਸਮਝੌਤਾ ਸੰਭਵ ਨਹੀਂ ਹੈ। ਕੇਜਰੀਵਾਲ ਨੇ ਪੰਜਾਬ ਨੂੰ ਛੱਡ ਕੇ ਇਕੱਲਾ ਦਿੱਲੀ 'ਚ ਹੀ ਕਾਂਗਰਸ ਨਾਲ ਗੱਠਜੋੜ ਕਰ ਲਿਆ ਤਾਂ ਵੀ ਪੰਜਾਬ ਇਕਾਈ ਵਿਚ ਭੁਚਾਲ ਆ ਸਕਦਾ ਹੈ।



### ਕਾਂਗਰਸ ਨਾਲ ਸਮਝੌਤਾ ਹੋਣ ਦੇ ਆਸਾਰ ਨਹੀਂ: ਆਪ

ਪੰਜਾਬ ਦੀ ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਕੋਰ ਕਮੇਟੀ ਪਹਿਲਾਂ ਹੀ ਹਾਈ ਕਮਾਂਡ ਨੂੰ ਸਾਫ ਕਰ ਚੁੱਕੀ ਹੈ ਕਿ ਪੰਜਾਬ ਵਿਚ ਕਾਂਗਰਸ ਨਾਲ ਚੋਣ ਗੱਠਜੋੜ ਅਸੂਲੀ ਤੌਰ 'ਤੇ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨਾਲ ਗਠਜੋੜ ਹੋਣ ਦਾ ਭਰਮ ਕਾਂਗਰਸ ਦੇ ਸੂਤਰਾਂ ਵੱਲੋਂ ਹੀ ਪਾਇਆ ਜਾ ਰਿਹਾ ਹੈ ਅਤੇ ਜੇ ਅਜਿਹੀ ਗੱਲ ਹੁੰਦੀ ਤਾਂ ਹਾਈ ਕਮਾਂਡ ਨੇ ਪਿਛਲੇ ਦਿਨੀਂ ਪੰਜਾਬ ਲਈ 3 ਹੋਰ ਉਮੀਦਵਾਰਾਂ ਦੇ ਨਾਵਾਂ ਨੂੰ ਮਨਜ਼ੂਰੀ ਨਹੀਂ ਦੇਣੀ ਸੀ। ਇਸੇ ਤਰ੍ਹਾਂ ਵਿਰੋਧੀ ਧਿਰ ਦੇ ਆਗੂ ਹਰਪਾਲ ਚੀਮਾ ਨੇ ਵੀ ਕਿਹਾ ਕਿ ਪੰਜਾਬ ਜਾਂ ਦਿੱਲੀ ਵਿਚ ਕਿਧਰੇ ਵੀ ਕਾਂਗਰਸ ਨਾਲ ਗਠਜੋੜ ਨਹੀਂ ਹੋ ਰਿਹਾ ਕਿਉਂਕਿ ਪਾਰਟੀ ਦਿੱਲੀ 'ਚ ਵੀ ਆਪਣੇ ਸਾਰੇ 7 ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ।

# ਭਗਵੰਤ ਮਾਨ ਖਿਮਾ ਯਾਚਨਾ ਕਰੇ ਤਾਂ ਸੰਗਰੂਰ ਸੀਟ ਛੱਡ ਦਿਆਂਗਾ: ਜੱਸੀ ਜਸਰਾਜ

**ਅੰਮ੍ਰਿਤਸਰ:** ਪੰਜਾਬ ਡੈਮੋਕਰੈਟਿਕ ਅਲਾਇੰਸ (ਪੀ.ਡੀ.ਏ.) ਵੱਲੋਂ ਸੰਗਰੂਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਥਾਪੇ ਗਏ ਜੱਸੀ ਜਸਰਾਜ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ



ਅਤੇ ਜਿੱਤ ਲਈ ਅਰਦਾਸ ਕੀਤੀ। ਉਨ੍ਹਾਂ ਆਮ ਆਦਮੀ ਪਾਰਟੀ 'ਤੇ ਦੋਸ਼ ਲਾਇਆ ਕਿ ਉਸ ਨਾਲ ਵਧੀਕੀ ਕੀਤੀ ਗਈ ਸੀ, ਜਿਵੇਂ ਪਾਰਟੀ ਦੇ ਹੋਰ ਬਾਨੀ ਆਗੂਆਂ ਨਾਲ ਵਧੀਕੀ ਕੀਤੀ ਗਈ। ਉਨ੍ਹਾਂ ਆਖਿਆ ਕਿ ਪਾਰਟੀ ਦੇ ਮੁੱਢ ਸਮਝੇ ਜਾਂਦੇ ਕਈ ਆਗੂਆਂ ਨੂੰ ਇਸ ਲਈ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਕਿਉਂਕਿ ਉਨ੍ਹਾਂ ਨੇ ਪਾਰਟੀ ਦੀਆਂ ਨੀਤੀਆਂ ਦਾ ਵਿਰੋਧ ਕੀਤਾ ਸੀ। ਉਨ੍ਹਾਂ ਦੁੱਖ ਦਾ ਪ੍ਰਗਟਾਵਾ ਕੀਤਾ ਕਿ ਪਾਰਟੀ ਦੇ ਇਨ੍ਹਾਂ ਆਗੂਆਂ ਨੂੰ ਜਦੋਂ ਪਾਰਟੀ ਵਿਚੋਂ ਫਾਰਗ ਕੀਤਾ ਗਿਆ ਤਾਂ ਉਸ ਵੇਲੇ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਇਕ ਵਾਰ ਵੀ ਹਾਅ ਦਾ ਨਾਅਰਾ ਨਹੀਂ ਮਾਰਿਆ। ਇਸ ਦਾ ਉਨ੍ਹਾਂ ਨੂੰ ਅੱਜ ਵੀ ਦੁੱਖ ਹੈ। ਉਨ੍ਹਾਂ ਭਗਵੰਤ ਮਾਨ ਨੂੰ ਆਖਿਆ ਕਿ ਜੇਕਰ ਉਹ 48 ਘੰਟਿਆਂ ਵਿਚ ਹੋਈਆਂ ਭੁੱਲਾਂ ਦੀ ਖਿਮਾ ਯਾਚਨਾ ਕਰਦਾ ਹੈ ਤਾਂ ਉਹ ਉਸ ਵਾਸਤੇ ਸੰਗਰੂਰ ਦੀ ਸੀਟ ਛੱਡਣ ਨੂੰ ਤਿਆਰ ਹਨ। ਉਨ੍ਹਾਂ ਆਖਿਆ ਕਿ ਉਹ ਚਾਹੁੰਦੇ ਹਨ ਕਿ ਭਵਿੱਖ ਵਿਚ ਕੋਈ ਇਹ ਨਾ ਆਖੇ ਕਿ ਜੱਸੀ ਜਸਰਾਜ ਨੇ ਇਕ ਕਲਾਕਾਰ ਦੇ ਖਿਲਾਫ ਹੀ ਚੋਣ ਲੜੀ ਸੀ। ਉਨ੍ਹਾਂ ਸੁੱਚਾ ਸਿੰਘ ਛੋਟੇਪੁਰ, ਧਰਮਵੀਰ ਗਾਂਧੀ, ਡਾ. ਦਲਜੀਤ ਸਿੰਘ ਨੂੰ ਪਾਰਟੀ 'ਚੋਂ ਕੱਢੇ ਜਾਣ ਦੇ ਮਾਮਲਿਆਂ ਦਾ ਵੀ ਜ਼ਿਕਰ ਕੀਤਾ।

# ਬਿਹਾਰ ਵਿਚ 'ਮਹਾਂਗਠਜੋੜ' ਵਿਚ ਸੀਟਾਂ ਦੀ ਵੰਡ ਦਾ ਰੇੜਕਾ ਮੁੱਕਿਆ

**ਪਟਨਾ:** ਬਿਹਾਰ ਵਿਚ ਮਹਾਂਗਠਜੋੜ ਵਿਚਲੀਆਂ ਭਾਈਵਾਲ ਪਾਰਟੀਆਂ ਨੇ ਸੀਟਾਂ ਦੀ ਵੰਡ ਨੂੰ ਲੈ ਕੇ ਚੱਲ ਰਹੇ ਰੇੜਕੇ ਦਾ ਭੋਗ ਪਾਉਂਦਿਆਂ ਸੂਬੇ ਦੀਆਂ 40 ਸੰਸਦੀ ਸੀਟਾਂ ਲਈ ਉਮੀਦਵਾਰਾਂ ਦੇ ਨਾਂ ਐਲਾਨ ਦਿੱਤੇ। ਆਰ.ਜੇ.ਡੀ. ਰਾਸ਼ਟਰੀ ਜਨਤਾ ਦਲ ਨੂੰ 20 ਸੰਸਦੀ ਸੀਟਾਂ ਮਿਲਣਗੀਆਂ, ਜਿਨ੍ਹਾਂ ਵਿਚੋਂ ਇਕ ਸੀਟ ਅਲਟਰਾ-ਲੈਫਟ ਪਾਰਟੀ ਨੂੰ ਦਿੱਤੀ ਜਾਵੇਗੀ। ਕਾਂਗਰਸ ਨੂੰ ਨੌਂ ਅਤੇ ਉਪੇਂਦਰ ਕੁਸ਼ਵਾਹਾ ਦੀ ਆਰ.ਐਲ.ਐਸ.ਪੀ. ਨੂੰ ਪੰਜ ਸੀਟਾਂ ਮਿਲੀਆਂ



ਆਗੂ ਲਾਲੂ ਪ੍ਰਸਾਦ ਦੀ ਧੀ ਮੀਸਾ ਭਾਰਤੀ ਪਾਟਲੀਪੁੱਤਰ ਤੋਂ, ਲੋਕ ਸਭਾ ਦੀ ਸਾਬਕਾ ਸਪੀਕਰ ਮੀਰਾ ਕੁਮਾਰ ਸਸਾਰਾਮ ਤੋਂ ਅਤੇ ਆਰ.ਜੇ.ਡੀ. ਆਗੂ ਅਬਦੁਲ ਬਾਰੀ ਸਿੱਦੀਕੀ ਦਰਭੰਗਾ ਸੰਸਦੀ ਸੀਟ ਤੋਂ ਉਮੀਦਵਾਰ ਹੋਣਗੇ।

ਦੂਜੇ ਪਾਸੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਮਹਾਂਗਠਜੋੜ ਨੂੰ ਸਿਆਸੀ ਸਰਕਸ ਕਿਹਾ ਹੈ। ਸੀਟਾਂ ਦੀ ਵੰਡ ਦਾ ਐਲਾਨ ਆਰ.ਜੇ.ਡੀ. ਆਗੂ ਤੇਜਸਵੀ ਯਾਦਵ ਨੇ ਕੀਤਾ। ਮਹਾਂਗਠਜੋੜ ਲਈ ਫਾਈਨਲ ਹੋਏ ਸੀਟ ਵੰਡ ਫਾਰਮੂਲੇ ਤਹਿਤ ਹਨ। ਸਾਬਕਾ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਦੀ ਐਚ.ਏ.ਐਮ. ਤੇ ਮੁਕੇਸ਼ ਸਾਹਨੀ ਦੀ ਵੀ.ਆਈ.ਪੀ. ਪਾਰਟੀ ਵੱਲੋਂ ਤਿੰਨ ਤਿੰਨ ਉਮੀਦਵਾਰ ਚੋਣ ਪਿੜ ਵਿਚ ਨਿਤਰਨਗੇ। ਤੇਜਸਵੀ ਵੱਲੋਂ ਕੀਤੇ ਐਲਾਨ ਮੁਤਾਬਕ ਤਨਵੀਰ ਹਾਸਨ ਬੇਗੂਸਰਾਏ ਸੀਟ ਤੋਂ, ਸੁਰਿੰਦਰ ਯਾਦਵ ਜੇਹਾਨਾਬਾਦ, ਚੰਦਰਿਕਾ ਰਾਏ ਸਰਨ ਸੀਟ ਤੋਂ, ਰਘੂਵੰਸ਼ ਪ੍ਰਸਾਦ ਸਿੰਘ ਵੈਸ਼ਾਲੀ ਤੋਂ ਆਰ.ਜੇ.ਡੀ. ਉਮੀਦਵਾਰ ਹੋਣਗੇ। ਸ਼ਿਓਹਰ ਸੰਸਦੀ ਸੀਟ ਤੋਂ ਤੇਜ ਪ੍ਰਤਾਪ ਯਾਦਵ ਨੂੰ ਟਿਕਟ ਦਿੱਤੀ ਜਾ ਸਕਦੀ ਹੈ।

# ਰੁਜ਼ਗਾਰ ਸਮੇਤ ਅਹਿਮ ਮਸਲਿਆਂ ਵੱਲ ਮੂੰਹ ਕਰਨ ਨੂੰ ਤਿਆਰ ਨਹੀਂ ਸਿਆਸੀ ਧਿਰਾਂ

**ਅੰਮ੍ਰਿਤਸਰ:** ਚੋਣਾਂ ਭਾਵੇਂ ਵਿਧਾਨ ਸਭਾ ਦੀਆਂ ਹੋਣ ਜਾਂ ਫਿਰ ਲੋਕ ਸਭਾ ਦੀਆਂ, ਇਨ੍ਹਾਂ ਵਿਚ ਨੌਜਵਾਨਾਂ ਦੀ ਭੂਮਿਕਾ ਅਹਿਮ ਹੁੰਦੀ ਹੈ। ਨੌਜਵਾਨ ਆਪਣੇ ਨਾਲ ਸਬੰਧਤ ਸਿੱਖਿਆ, ਰੁਜ਼ਗਾਰ ਤੇ ਹੋਰ ਵਿਕਾਸ ਦੇ ਬੇਸ਼ੁਮਾਰ ਮੁੱਦਿਆਂ ਪ੍ਰਤੀ ਜਾਗਰੂਕ ਹਨ ਅਤੇ ਉਨ੍ਹਾਂ ਨੂੰ ਚੋਣਾਂ ਦੌਰਾਨ ਰਾਜਸੀ ਪਾਰਟੀਆਂ ਦੇ ਸਨਮੁਖ ਉਭਾਰਨਾ ਚਾਹੁੰਦੇ ਹਨ ਪਰ ਨੌਜਵਾਨਾਂ ਦੀ ਕੋਈ ਵੱਡੀ ਜਥੇਬੰਦਕ ਲੋਕ ਲਹਿਰ ਦੀ ਅਣਹੋਂਦ ਕਰ ਕੇ ਉਨ੍ਹਾਂ 'ਚ ਉਤਸ਼ਾਹ ਦਿਖਾਈ ਨਹੀਂ ਦਿੰਦਾ ਹੈ।

ਲੋਕ ਸਭਾ ਚੋਣਾਂ ਬਰੂਹਾਂ 'ਤੇ ਹਨ ਤਾਂ ਨੌਜਵਾਨ ਪੀੜ੍ਹੀ ਜਿਹੜੀ ਪੜ੍ਹ-ਲਿਖ ਕੇ ਡਿਗਰੀਆਂ ਹੱਥਾਂ ਵਿਚ ਫੜੀ ਨੌਕਰੀਆਂ ਦੀ ਭਾਲ 'ਚ ਦਰ-ਦਰ ਭਟਕ ਰਹੀ ਹੈ, ਉਸ ਲਈ ਅੱਜ ਅਹਿਮ ਮਸਲਾ ਰੁਜ਼ਗਾਰ ਦਾ ਹੈ। ਸੱਤਾ ਵਿਚ ਆਈ ਕਿਸੇ ਵੀ ਰਾਜਸੀ ਧਿਰ ਨੇ ਵਾਅਦਿਆਂ ਤੋਂ ਬਿਨਾਂ ਨੌਜਵਾਨਾਂ ਦੇ ਹੱਥ-ਪੱਲੇ ਕਦੇ ਕੁਝ ਨਹੀਂ ਪਾਇਆ, ਜਿਸ ਕਰ ਕੇ ਨੌਜਵਾਨ ਪੀੜ੍ਹੀ ਦਾ ਉਨ੍ਹਾਂ ਦੇ ਵਾਅਦਿਆਂ ਤੋਂ ਮੋਹ ਭੰਗ ਹੋ ਚੁੱਕਿਆ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖੋਜ ਵਿਦਿਆਰਥੀ ਅੰਮ੍ਰਿਤਪਾਲ ਸਿੰਘ, ਮਨਪ੍ਰੀਤ ਸਿੰਘ, ਜਸਬੀਰ ਸਿੰਘ, ਮਨੀਸ਼ ਨਾਲ ਦਾ ਇਸ ਬਾਰੇ ਜਵਾਬ ਸੀ ਕਿ ਰਾਜਸੀ ਪਾਰਟੀਆਂ ਦਾ ਵਰਤਾਰਾ ਜਿਹੜਾ ਤੁਰਿਆ ਆ ਰਿਹਾ ਹੈ ਉਹ ਬਦਲ ਜਾਵੇ, ਇਹ ਸੰਭਵ ਨਹੀਂ ਹੈ। ਬੀਤੇ ਸਮੇਂ ਦੌਰਾਨ ਸਰਕਾਰਾਂ ਦੀ ਜਿਹੜੀ ਭੂਮਿਕਾ ਰਹੀ ਹੈ, ਉਸ ਵਿਚ ਬਦਲਾਅ ਆਉਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਕਿਉਂਕਿ ਰੁਜ਼ਗਾਰ ਦੇ ਮਸਲੇ 'ਤੇ ਵੱਡੀ ਪੱਧਰ 'ਤੇ ਹੋ ਰਿਹਾ ਪਰਵਾਸ ਰੋਕਣ ਲਈ ਕੇਂਦਰ ਤੇ ਪੰਜਾਬ ਸਰਕਾਰ ਦਾ ਹੁਣ ਤੱਕ ਕੋਈ ਉਪਰਾਲਾ ਸਾਹਮਣੇ ਨਹੀਂ ਆਇਆ ਹੈ। ਅੱਗੋਂ ਆਉਣ ਵਾਲੀ ਕੋਈ ਸਰਕਾਰ ਕੁਝ ਕਰੇਗੀ, ਅਜਿਹੀ ਵੀ ਕੋਈ ਸੰਭਾਵਨਾ ਨਹੀਂ। ਉਨ੍ਹਾਂ ਆਖਿਆ ਕਿ ਹੁਣ ਸਰਕਾਰਾਂ ਦੇ ਵਾਅਦਿਆਂ 'ਤੇ ਨਹੀਂ ਰਿਹਾ ਜਾ ਸਕਦਾ। ਉਨ੍ਹਾਂ ਦੇ ਖੋਜ ਕਾਰਜ ਮੁਕੰਮਲ ਹੋਣ ਨੇੜੇ ਹਨ, ਜੇਕਰ ਅੱਜ ਉਨ੍ਹਾਂ ਨੂੰ ਕਿਸੇ ਵੀ ਢੰਗ ਨਾਲ ਕਿਸੇ ਦੇਸ਼ ਦਾ ਵੀਜ਼ਾ ਮਿਲ ਜਾਵੇ ਤਾਂ ਉਹ ਬਿਨਾਂ ਕੁਝ ਸੋਚੇ ਇੱਥੋਂ ਤੁਰ ਜਾਣ ਨੂੰ ਤਰਜੀਹ ਦੇਣਗੇ।

ਉਨ੍ਹਾਂ ਕਿਹਾ ਕਿ ਰਾਜਸੀ ਪਾਰਟੀਆਂ ਨੂੰ ਚੋਣਾਂ ਵਿਚ ਕੀਤੇ ਵਾਅਦਿਆਂ ਪ੍ਰਤੀ ਜਵਾਬਦੇਹ ਹੋਣਾ ਯਕੀਨੀ ਬਣਾਉਣਾ ਚਾਹੀਦਾ ਹੈ। ਜਨਤਕ ਤੌਰ 'ਤੇ ਕੀਤੇ ਵਾਅਦਿਆਂ ਤੋਂ ਭੱਜਣ ਵਾਲੀਆਂ ਰਾਜਸੀ ਪਾਰਟੀਆਂ ਵਿਰੁਧ ਕਾਨੂੰਨੀ ਕਾਰਵਾਈ ਯਕੀਨੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਨੌਜਵਾਨਾਂ ਦਾ ਵਿਦੇਸ਼ਾਂ ਵਿਚ ਪਰਵਾਸ ਕਰਨਾ ਸੂਬੇ ਲਈ ਜਾਂ ਦੇਸ਼ ਲਈ ਲਾਹੇਵੰਦ ਨਹੀਂ ਹੈ ਭਾਵੇਂ ਕਿ ਇਹ ਪਰਵਾਸ ਕਰ ਰਹੇ ਵਿਦਿਆਰਥੀਆਂ ਲਈ ਉਨ੍ਹਾਂ ਦੇ ਭਵਿੱਖ ਨੂੰ ਸੇਧ ਦੇਣ ਵਾਲਾ ਹੈ। ਉੱਥੇ ਉਨ੍ਹਾਂ ਲਈ ਰੁਜ਼ਗਾਰ ਵੀ ਹੈ ਅਤੇ ਭਵਿੱਖ ਵਿੱਚ ਕੁਝ ਕਰਨ ਦਾ ਮੌਕਾ ਵੀ। ਉਨ੍ਹਾਂ ਕਿਹਾ ਕਿ ਇਹ ਸਥਿਤੀ ਕੋਈ ਸੁਖਾਵੀਂ ਨਹੀਂ ਕਿਉਂਕਿ ਜੇ ਪੰਜਾਬ ਦੀ ਨੌਜਵਾਨ ਪੀੜ੍ਹੀ ਵਿਦੇਸ਼ਾਂ ਵਿੱਚ ਚਲੀ ਜਾਵੇਗੀ ਤਾਂ ਇੱਥੇ ਕਾਂ ਤੇ ਚਿੜੀਆਂ ਹੀ ਰਹਿ ਜਾਣਗੀਆਂ। ਇਸ ਵੱਡੀ ਤਰਾਸਦੀ ਦੇ ਹੱਲ ਲਈ ਸਰਕਾਰਾਂ ਨੂੰ ਪਹਿਲ ਦੇ ਆਧਾਰ 'ਤੇ ਉਪਰਾਲੇ ਕਰਨੇ ਪੈਣਗੇ।

ਸਿਆਸਤ ਵਿਚ ਆਉਣ 'ਚ ਦਿਲਚਸਪੀ ਨਾ ਲੈਣ ਸਬੰਧੀ ਸਵਾਲ 'ਤੇ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹੀ ਨਹੀਂ ਪੂਰੇ ਦੇਸ਼ ਵਿਚ ਹੀ ਪਰਿਵਾਰਵਾਦ ਭਾਰੂ ਹੈ। ਉਹ ਨੌਜਵਾਨ, ਜਿਨ੍ਹਾਂ ਦੇ ਪਰਿਵਾਰਾਂ ਦਾ ਸਿਆਸਤ ਨਾਲ ਕੋਈ ਸਬੰਧ ਨਹੀਂ ਪਰ ਉਹ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਸਿਆਸਤ ਵਿਚ ਆਉਣ ਦੇ ਇਛੁੱਕ ਹਨ, ਪਰ ਉਹ ਆਉਣ ਦੇ ਸਮਰੱਥ ਨਹੀਂ ਕਿਉਂਕਿ ਪਰਿਵਾਰਵਾਦ ਇਸ ਵੇਲੇ ਪੂਰੀ ਤਰ੍ਹਾਂ ਭਾਰੂ ਹੈ। ਉਨ੍ਹਾਂ ਕਿਹਾ ਕਿ ਸਿਆਸਤ ਨਿਜੀ ਵਿਕਾਸ ਲਈ ਕੰਮ ਕਰ ਰਹੀ ਹੈ ਜਦੋਂਕਿ ਸਮਾਜ ਨੂੰ ਅੱਗੇ ਲੈ ਕੇ ਜਾਣ ਲਈ ਸਮੂਹ ਦੇ ਵਿਕਾਸ ਦੀ ਲੋੜ ਹੈ। ਉਨ੍ਹਾਂ ਯੂਨੀਵਰਸਿਟੀਆਂ/ਕਾਲਜਾਂ ਵਿਚ ਕੰਮ ਕਰ ਰਹੀਆਂ ਕੌਂਸਲਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਵਿਚ ਅਕਾਦਮਿਕ ਪੱਧਰ 'ਤੇ ਵੀ ਪਾਰਟੀਆਂ ਦੀ ਦਖਲਅੰਦਾਜ਼ੀ ਕੋਈ ਉਸਾਰੂ ਭੂਮਿਕਾ ਨਹੀਂ ਨਿਭਾਅ ਰਹੀ। ਉਨ੍ਹਾਂ ਕਿਹਾ ਕਿ ਸਮੇਂ ਦੀ ਇਹ ਲੋੜ ਹੈ ਕਿ ਮੀਡੀਆ ਇਮਾਨਦਾਰੀ ਨਾਲ ਆਪਣੀ ਭੂਮਿਕਾ ਨਿਭਾਏ ਅਤੇ ਪਹਿਲ ਦੇ ਆਧਾਰ 'ਤੇ ਭਖਦੇ ਮਸਲਿਆਂ 'ਤੇ ਚਰਚਾ ਕਰੇ।

## 2021 'ਚ ਹੋਵੇਗੀ ਮਰਦਮਸ਼ੁਮਾਰੀ

**ਨਵੀਂ ਦਿੱਲੀ:** ਭਾਰਤ 'ਚ ਅਗਲੀ ਮਰਦਮਸ਼ੁਮਾਰੀ 2021 ਵਿਚ ਕੀਤੀ ਜਾਵੇਗੀ ਅਤੇ ਉਸੇ ਸਾਲ ਦੀ ਪਹਿਲੀ ਮਾਰਚ ਉਸ ਦੀ ਆਧਾਰ ਮਿਤੀ ਹੋਵੇਗੀ। ਗ੍ਰਹਿ ਮੰਤਰਾਲੇ ਨੇ ਜਾਰੀ ਕੀਤੇ ਨੋਟੀਫਿਕੇਸ਼ਨ 'ਚ ਕਿਹਾ ਕਿ ਜੰਮੂ ਕਸ਼ਮੀਰ ਸੂਬੇ ਤੇ ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਦੇ ਬਰਫ ਨਾਲ ਪ੍ਰਭਾਵਿਤ ਤੇ ਦੂਰ ਦਰਾਜ ਦੇ ਇਲਾਕਿਆਂ ਲਈ ਆਧਾਰ ਮਿਤੀ ਪਹਿਲੀ ਅਕਤੂਬਰ 2020 ਹੋਵੇਗੀ।

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਸਲੇ 'ਤੇ ਕਾਂਗਰਸ ਤੇ ਬਾਦਲ ਦਲ ਦੋਵੇਂ ਬੇਈਮਾਨ: ਬੀਬੀ ਖਾਲੜਾ

**ਖਡੂਰ ਸਾਹਿਬ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੇ ਮਸਲੇ ਬਾਰੇ ਕਾਂਗਰਸ ਤੇ ਬਾਦਲ ਦਲ-ਦੋਵੇਂ ਬੇਈਮਾਨ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼ੁੱਕਰਵਾਰ ਇਥੇ ਬੀਬੀ ਪਰਮਜੀਤ ਕੌਰ ਖਾਲੜਾ ਨੇ ਕੀਤਾ। ਬੀਬੀ ਖਾਲੜਾ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਪੰਜਾਬ ਜਮਹੂਰੀ ਗਠਜੋੜ ਤੇ ਪੰਜਾਬ ਏਕਤਾ ਪਾਰਟੀ ਦੇ ਸਾਂਝੇ ਉਮੀਦਵਾਰ ਹਨ।

ਬੀਬੀ ਖਾਲੜਾ ਨੇ ਕਿਹਾ ਕਿ ਕੈਪਟਨ ਸਰਕਾਰ ਵਾਰ-ਵਾਰ ਦਾਅਵੇ ਕਰ ਰਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਸਖਸ਼ ਬਖਸ਼ੇ ਨਹੀਂ ਜਾਣਗੇ, ਉਹ ਭਾਵੇਂ ਪ੍ਰਕਾਸ਼ ਸਿੰਘ ਬਾਦਲ ਹੈ, ਸੁਖਬੀਰ ਬਾਦਲ ਹੈ ਜਾਂ ਸੁਮੇਧ ਸੈਣੀ, ਹਰੇਕ ਨੂੰ ਫੜ ਕੇ ਜੇਲ੍ਹ ਅੰਦਰ ਸੁੱਟਿਆ ਜਾਵੇਗਾ। ਪਰ ਇਸ ਸਾਰੀ ਸ਼ਬਦੀ ਰੱਟ ਦੇ ਬਾਵਜੂਦ ਇਨ੍ਹਾਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਤੇ ਜਾਣ ਬੁਝ ਕੇ 'ਸਿੱਟ' ਰਾਹੀਂ ਲੋਕ ਸਭਾ ਚੋਣਾਂ ਤੱਕ ਇਸ ਮਸਲੇ ਨੂੰ ਲਟਕਾਇਆ ਜਾ ਰਿਹਾ ਹੈ। ਇਕ ਪਾਸੇ ਕਾਂਗਰਸੀ ਆਗੂਆਂ ਵੱਲੋਂ ਸਿੱਖ ਸੰਗਤਾਂ ਦੀਆਂ ਵੋਟਾਂ ਲੈਣ ਲਈ ਪ੍ਰਕਾਸ਼ ਸਿੰਘ ਬਾਦਲ ਦੀ ਤੁਲਨਾ ਮਹੰਤਾਂ ਨਾਲ ਕੀਤੀ ਜਾ ਰਹੀ ਹੈ, ਜਿਸ ਨੇ ਗੁਰਦੁਆਰਿਆਂ ਨੂੰ ਲੁੱਟ ਕੇ ਖਾ ਲਿਆ ਹੈ; ਸੁਖਬੀਰ ਬਾਦਲ ਤੇ ਬਿਕਰਮ ਮਜੀਠੀਏ ਬਾਰੇ ਵਾਰ-ਵਾਰ ਇਹ ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਨੇ ਨਾ ਸਿਰਫ ਪੰਜਾਬ ਦੀ ਜਵਾਨੀ ਦਾ ਘਾਣ ਕੀਤਾ ਹੈ, ਬਲਕਿ ਪੰਜਾਬ ਦੀ ਇਕ ਪੂਰੀ ਪੀੜ੍ਹੀ ਨਸ਼ਿਆਂ ਨਾਲ ਬਰਬਾਦ ਕਰ ਦਿਤੀ ਹੈ; ਪਰ ਦੂਜੇ ਪਾਸੇ ਇਨ੍ਹਾਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਬਿਕਰਮ ਸਿੰਘ ਮਜੀਠੀਏ ਨੂੰ



ਬਚਾਉਣ ਲਈ ਹਰ ਕਾਨੂੰਨੀ ਤੇ ਰਾਜਸੀ ਹਰਬਾ ਵਰਤ ਰਿਹਾ ਹੈ। ਕੈਪਟਨ ਸਰਕਾਰ ਨੇ ਬਰਗਾੜੀ ਮੋਰਚੇ ਦੇ ਆਗੂਆਂ ਨਾਲ ਝੂਠੇ ਵਾਅਦੇ ਕਰਕੇ ਉਨ੍ਹਾਂ ਨੂੰ ਲਗਾਤਾਰ ਗੁੰਮਰਾਹ ਕੀਤਾ।

ਇਸੇ ਤਰ੍ਹਾਂ ਬਾਦਲ ਦਲ ਨੇ ਨਕੋਦਰ ਵਿਚ 2 ਫਰਵਰੀ 1996 ਨੂੰ ਗੁਰੂ ਨਾਨਕ ਪੁਰਾ ਮੁਹੱਲੇ ਵਿਚ ਸੜੀਆਂ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਬੀੜਾਂ ਦੇ ਦੋਸ਼ੀਆਂ ਨੂੰ ਨਾ ਸਿਰਫ ਬਚਾਈ ਰਖਿਆ, ਸਗੋਂ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਨੂੰ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਬਾਦਲ ਦਲ ਦਾ ਉਮੀਦਵਾਰ ਬਣਾ ਕੇ ਉਸ ਦੀ ਪੁਸ਼ਤ ਪਨਾਹੀ ਕੀਤੀ ਜਾ ਰਹੀ ਹੈ। ਬਹਿਬਲ ਕਲਾਂ ਕਾਂਡ ਵਾਂਗ ਹੀ ਉਸ ਵੇਲੇ ਸ਼ਾਂਤਮਈ ਰੋਸ ਪ੍ਰਗਟਾ ਰਹੀ ਸਿੱਖ ਸੰਗਤ ਉਤੇ ਗੋਲੀ ਚਲਾ ਕੇ ਚਾਰ ਸਿੱਖ ਨੌਜਵਾਨ ਸ਼ਹੀਦ ਕਰ ਦਿਤੇ ਗਏ ਸਨ। ਇਸ ਕਾਂਡ ਦੀ ਜਾਂਚ ਲਈ ਗੁਰਨਾਮ ਸਿੰਘ ਕਮਿਸ਼ਨ ਕਾਇਮ ਕੀਤਾ ਗਿਆ, ਜਿਸ ਦੀ ਰਿਪੋਰਟ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੀ ਗਈ। ਲੋਕ ਸਭਾ ਹਲਕਾ ਜਲੰਧਰ ਤੋਂ ਬਾਦਲ ਦਲ ਦੇ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਉਸ ਵੇਲੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸਨ, ਜਿਨ੍ਹਾਂ ਨੇ ਇਸ ਰਿਪੋਰਟ ਨੂੰ ਦਬਾਈ ਰਖਿਆ ਤੇ ਇਸ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਹੋਣ ਦਿਤੀਆਂ।

ਬੀਬੀ ਖਾਲੜਾ ਨੇ ਕੈਪਟਨ ਅਮਰਿੰਦਰ ਸਿੰਘ ਤੇ ਬਾਦਲ ਦਲ ਦੇ ਇਸ ਨਾਪਾਕ ਗਠਜੋੜ ਨੂੰ ਤੋੜਨ ਲਈ ਪਟਿਆਲਾ ਦੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਡਾ. ਧਰਮਵੀਰ ਗਾਂਧੀ ਨੂੰ ਵਧ ਤੋਂ ਵਧ ਵੋਟਾਂ ਪਾ ਕੇ ਕਾਮਯਾਬ ਕਰਨ। ਬੀਬੀ ਖਾਲੜਾ ਨੇ ਪੰਜਾਬ ਦੇ ਲੋਕਾਂ ਨੂੰ ਨਵੀਂ ਲੋਕ ਪੱਖੀ ਰਾਜਨੀਤੀ ਦੇਣ ਦਾ ਵੀ ਵਾਅਦਾ ਕੀਤਾ ਹੈ, ਜੋ ਗੁਰੂ ਸਾਹਿਬ ਦੇ ਸਰਬ ਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੇ ਸਿਧਾਂਤ ਦੀ ਪੈਰਵਾਈ ਕਰੇਗੀ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਫੌਜੀ ਦੇ ਨਾਂ 'ਤੇ ਰੱਖਿਆ ਜਾਵੇਗਾ ਸਕੂਲ ਦਾ ਨਾਮ

**ਟੋਰਾਂਟੋ:** ਬਰੈਂਪਟਨ ਵਿਚ ਦੋ ਨਵੇਂ ਸਕੂਲਾਂ ਦੇ ਨਾਂ ਕੈਨੇਡਾ ਆਰਮੀ ਵਿਚ ਪਹਿਲੇ ਸਿੱਖ ਫੌਜੀ ਬੁੱਕਮ ਸਿੰਘ ਅਤੇ ਨੋਬੇਲ ਸ਼ਾਂਤੀ ਪੁਰਸਕਾਰ ਜੇਤੂ ਪਾਕਿਸਤਾਨੀ ਮਲਾਲਾ ਯੂਸਫਜ਼ਈ ਦੇ ਨਾਂ 'ਤੇ ਰੱਖੇ ਜਾਣਗੇ। ਪੀਲ ਜ਼ਿਲ੍ਹੇ ਦੇ ਸਕੂਲ ਬੋਰਡ ਨੇ ਆਪਣੇ ਇਸ ਫੈਸਲੇ 'ਚ ਇਨ੍ਹਾਂ ਦੋ ਮਹਾਨ ਸ਼ਖਸੀਅਤਾਂ ਦੇ ਸਨਮਾਨ ਵਜੋਂ ਇਹ ਐਲਾਨ ਕੀਤਾ ਹੈ।

ਸਿੱਖ ਫੌਜੀ ਬੁੱਕਮ ਸਿੰਘ ਪਹਿਲੀ ਸੰਸਾਰ ਜੰਗ ਵਿਚ ਲੜਿਆ ਪਰ ਉਸ ਦੇ ਯੋਗਦਾਨ ਬਾਰੇ ਲੋਕਾਂ ਨੂੰ ਇਕ ਸਦੀ ਬਾਅਦ ਪਤਾ ਲੱਗਾ ਜਦੋਂਕਿ ਮਲਾਲਾ ਦਾ ਨਾਂ 2012 ਵਿਚ ਤਾਲਿਬਾਨ ਦੇ ਜਾਨਲੇਵਾ ਹਮਲੇ ਵਿਚੋਂ ਬਚ ਨਿਕਲਣ ਤੋਂ ਬਾਅਦ ਦੁਨੀਆਂ ਭਰ ਵਿਚ ਮਸ਼ਹੂਰ ਹੋਇਆ। ਬੁੱਕਮ ਸਿੰਘ 1907 ਵਿਚ ਕੈਨੇਡਾ ਆਇਆ ਅਤੇ 20ਵੀਂ ਕੈਨੇਡੀਅਨ ਇਨਫੈਨਟਰੀ ਬਟਾਲੀਅਨ ਵਿਚ ਭਰਤੀ ਹੋਇਆ। ਉਸ ਨੇ ਫਰਾਂਸ ਅਤੇ ਬੈਲਜੀਅਮ ਦੇ ਯੁੱਧ ਵਿਚ ਹਿੱਸਾ ਲਿਆ। ਸੂਤਰਾਂ ਮੁਤਾਬਕ ਉਹ ਵੱਖ-ਵੱਖ ਜੰਗਾਂ ਵਿਚ ਦੋ ਵਾਰ ਜਖਮੀ ਹੋਇਆ ਪਰ ਟੀਬੀ ਦੀ ਬਿਮਾਰੀ ਕਾਰਨ 27 ਅਗਸਤ, 1919 ਵਿਚ ਓਂਟਾਰੀਓ ਦੇ ਕਿਚਨਰ ਸ਼ਹਿਰ ਵਿਚ ਉਸ ਦੀ ਮੌਤ ਹੋ ਗਈ। ਉਥੇ ਉਸ ਦੀ ਸਮਾਧ 'ਤੇ ਹਰ ਸਾਲ ਫੌਜੀ ਰਸਮਾਂ ਨਾਲ ਜਨਤਕ ਸ਼ਰਧਾਂਜਲੀ ਦਿੱਤੀ ਜਾਂਦੀ ਹੈ।

# ਕਾਂਗਰਸ ਨੇ ਚੋਣ ਮੈਨੀਫੈਸਟੋ ਵਿਚ ਲਾਈ ਵਾਅਦਿਆਂ ਦੀ ਝੜੀ

**ਨਵੀਂ ਦਿੱਲੀ:** ਕਾਂਗਰਸ ਨੇ ਲੋਕ ਸਭਾ ਚੋਣਾਂ ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰ ਦਿੱਤਾ ਹੈ। ਕਾਂਗਰਸ ਦੇ ਮੈਨੀਫੈਸਟੋ ਦੀ ਖਾਸ ਗੱਲ ਗਰੀਬਾਂ ਨੂੰ ਸਾਲਾਨਾ 72 ਹਜ਼ਾਰ ਰੁਪਏ ਦੇਣ ਵਾਲੀ ਸਕੀਮ ਹੈ। ਕਾਂਗਰਸ ਨੇ ਆਪਣੇ ਮੈਨੀਫੈਸਟੋ ਨੂੰ 'ਜਨ ਆਵਾਜ਼' ਦਾ ਨਾਂ ਦਿੱਤਾ ਹੈ। ਇਸ ਨੂੰ ਜਾਰੀ ਕਰਨ ਵੇਲੇ ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ, ਡਾ. ਮਨਮੋਹਨ ਸਿੰਘ, ਸੋਨੀਆ ਗਾਂਧੀ ਤੇ ਕਾਂਗਰਸ ਦੇ ਹੋਰ ਦਿੱਗਜ ਲੀਡਰ ਮੌਜੂਦ ਸਨ।

ਰਾਹੁਲ ਗਾਂਧੀ ਨੇ ਦੱਸਿਆ ਕਿ ਮੈਨੀਫੈਸਟੋ ਵਿਚ ਪੰਜ ਵੱਡੇ ਵਿਚਾਰ ਹਨ। ਉਨ੍ਹਾਂ ਕਿਹਾ ਕਿ ਸਾਲਾਨਾ 72 ਹਜ਼ਾਰ ਰੁਪਏ ਦੇਣ ਵਾਲਾ ਵਿਚਾਰ ਗਰੀਬੀ 'ਤੇ ਵਾਰ ਹੈ। ਕਿਸਾਨਾਂ ਤੇ ਗਰੀਬਾਂ ਦੀ ਜੇਬ ਵਿਚ ਸਿੱਧਾ ਪੈਸਾ ਜਾਏਗਾ। ਉਨ੍ਹਾਂ ਦਾਅਵਾ ਕੀਤਾ ਕਿ ਮੋਦੀ ਨੇ ਨੋਟਬੰਦੀ ਕਰਕੇ ਦੇਸ਼ ਦੀ ਅਰਥਵਿਵਸਥਾ ਨੂੰ ਜਾਮ ਕੀਤਾ ਹੈ, ਉਹ ਇਸ ਸਕੀਮ ਨਾਲ ਖਤਮ ਹੋ ਜਾਏਗਾ। ਦੂਜਾ ਵਿਚਾਰ ਰੁਜ਼ਗਾਰ ਨਾਲ ਸਬੰਧਤ ਹੈ।

ਰਾਹੁਲ ਨੇ ਕਿਹਾ ਕਿ ਮੋਦੀ ਨੇ ਜੋ ਦੋ ਕਰੋੜ ਰੁਜ਼ਗਾਰ ਦੀ ਗੱਲ ਕੀਤੀ, ਉਹ ਝੂਠ ਹੈ। ਉਨ੍ਹਾਂ ਆਪਣੀ ਕਮੇਟੀ ਨੂੰ ਇਸ ਦਾ ਸੱਚ ਦੱਸਣ ਲਈ ਕਿਹਾ, ਕਮੇਟੀ ਮੁਤਾਬਕ 22 ਲੱਖ ਸਰਕਾਰੀ ਆਸਾਮੀਆਂ ਖਾਲੀ ਹਨ। ਇਹ 2020 ਤੱਕ ਭਰੀਆਂ ਜਾ ਸਕਦੀਆਂ ਹਨ। 10 ਲੱਖ ਨੌਜਵਾਨਾਂ ਨੂੰ ਗ੍ਰਾਮ ਪੰਚਾਇਤ ਵਿਚ ਨੌਕਰੀ ਦਿੱਤੀ ਜਾਏਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਮਨਰੇਗਾ ਨੂੰ ਵੀ 100 ਦਿਨ ਵਧਾ ਕੇ 150 ਦਿਨ ਕਰਨਾ ਚਾਹੁੰਦੇ ਹਨ। ਇਸ ਤੋਂ ਇਲਾਵਾ ਕਿਸਾਨ ਕਰਜ਼ਾ ਮੁਆਫੀ ਤੇ ਕਿਸਾਨ ਬਜਟ ਦੀ ਗੱਲ ਕੀਤੀ ਗਈ ਹੈ।

# ਹਾਈ ਕੋਰਟ ਵੱਲੋਂ ਕੈਪਟਨ ਤੇ ਰਣਇੰਦਰ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਮਦਨ ਕਰ ਵਿਭਾਗ ਵੱਲੋਂ ਲੁਧਿਆਣਾ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਨੂੰ ਨੋਟਿਸ ਜਾਰੀ ਕੀਤਾ ਹੈ। ਕੇਸ ਦੀ ਅਗਲੀ ਸੁਣਵਾਈ 25 ਅਪਰੈਲ ਨੂੰ ਹੋਵੇਗੀ।

ਵਿਭਾਗ ਨੇ ਹਾਈ ਕੋਰਟ ਨੂੰ ਦੱਸਿਆ ਕਿ ਡਾਇਰੈਕਟਰ ਜਨਰਲ ਆਮਦਨ ਕਰ (ਜਾਂਚ) ਨੂੰ 22 ਜੁਲਾਈ 2011 ਨੂੰ ਜੋ ਮਾਸਟਰ ਸ਼ੀਟਾਂ ਪ੍ਰਾਪਤ ਹੋਈਆਂ ਸਨ, ਉਸ ਤੋਂ ਇਹੀ ਸੰਕੇਤ ਮਿਲਦਾ ਹੈ ਕਿ ਮੁਲਜ਼ਮ ਦੇ ਪਰਿਵਾਰਕ ਮੈਂਬਰਾਂ ਦਾ ਕੁਝ ਵਿਦੇਸ਼ੀ ਕੰਪਨੀਆਂ ਨਾਲ ਰਾਬਤਾ/ਸਬੰਧ ਹੈ। ਵਕੀਲ ਨੇ ਕਿਹਾ ਕਿ ਆਈ.ਟੀ. ਵਿਭਾਗ ਕੋਲ ਮੌਜੂਦ ਦਸਤਾਵੇਜ਼ਾਂ ਤੋਂ ਇਹ ਸਾਫ ਹੈ ਕਿ ਅਮਰਿੰਦਰ ਸਿੰਘ ਨੂੰ ਵਿਦੇਸ਼ ਅਸਾਸਿਆਂ/ਲੈਣ-ਦੇਣ ਬਾਰੇ ਪਤਾ ਸੀ ਤੇ ਉਹ ਇਸ ਕੇਸ 'ਚ ਇਕ ਧਿਰ ਹਨ।

# ਸਸਤੀ ਸ਼ਰਾਬ ਦੀ ਥਾਂ ਕਿਤਾਬਾਂ ਦਾ 'ਲੰਗਰ'

**ਸੰਗਰੂਰ:** 31 ਮਾਰਚ ਨੂੰ ਸ਼ਰਾਬ ਦੇ ਠੇਕੇ ਟੁੱਟਣ ਕਾਰਨ ਸਸਤੇ ਭਾਅ ਵੇਚੀ ਜਾ ਰਹੀ ਸ਼ਰਾਬ ਦੇ ਵਿਰੋਧ ਵਿਚ ਸੰਗਰੂਰ ਦੀਆਂ ਸਮਾਜ ਸੇਵੀ ਸੰਸਥਾਵਾਂ ਵਲੋਂ ਸ਼ਹਿਰ ਵਿਚ ਮੁਫਤ ਕਿਤਾਬਾਂ ਵੰਡ ਕੇ ਪੰਜਾਬ ਦੇ ਲੋਕਾਂ ਨੂੰ ਨਿਵੇਕਲੇ ਢੰਗ ਨਾਲ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਾਹਿਤ ਨਾਲ ਜੁੜਨ ਦਾ ਸੱਦਾ ਦਿੱਤਾ ਗਿਆ। ਲੁਧਿਆਣਾ-ਦਿੱਲੀ ਕੌਮੀ ਸ਼ਾਹਰਾਹ ਉਪਰ ਸਥਿਤ ਸ਼ਹਿਰ ਦੇ ਭਗਵਾਨ ਮਹਾਂਵੀਰ ਚੌਕ ਵਿਚ ਕਰੀਬ ਦੋ ਘੰਟੇ ਤੱਕ ਸਟਾਲ ਲਗਾ ਕੇ ਲੋਕਾਂ ਨੂੰ ਕਰੀਬ ਇਕ ਹਜ਼ਾਰ ਕਿਤਾਬਾਂ ਵੰਡੀਆਂ ਗਈਆਂ।

ਇਸ ਮੌਕੇ ਸਮਾਜ ਸੇਵੀਆਂ 'ਚ ਸਾਇੰਟੇਫਿਕ ਅਵੇਅਰਨੈੱਸ ਐਂਡ ਸੋਸ਼ਲ ਵੈਲਫੇਅਰ ਫੋਰਮ ਦੇ ਪ੍ਰਧਾਨ ਡਾ. ਏ.ਐਸ. ਮਾਨ, ਮੀਤ ਪ੍ਰਧਾਨ ਅਮਰੀਕ ਸਿੰਘ ਗਾਗਾ, ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਸੰਗਰੂਰ ਦੇ ਪ੍ਰਾਜੈਕਟ ਡਾਇਰੈਕਟਰ ਤੇ ਕਹਾਣੀਕਾਰ ਮੋਹਨ ਸ਼ਰਮਾ, ਸਾਹਿਤਕਾਰ ਪ੍ਰੋ. ਮੀਤ ਖਟੜਾ, ਬਿਰਧ ਆਸ਼ਰਮ ਬਡਰੁੱਖਾਂ ਦੇ ਪ੍ਰਧਾਨ ਇੰਜ. ਬਲਦੇਵ ਸਿੰਘ ਗੋਸਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਸ਼ਰਾਬ ਦੇ ਵਗਦੇ ਦਰਿਆ 'ਚ ਡੁੱਬਣ ਤੋਂ ਬਚਾਉਣ ਲਈ ਸੁਨੇਹਾ ਦਿੱਤਾ ਗਿਆ ਹੈ ਕਿ ਉਹ ਨਸ਼ਿਆਂ 'ਚ ਜ਼ਿੰਦਗੀ ਬਰਬਾਦ ਕਰਨ ਦੀ ਬਜਾਇ ਉਸਾਰੂ ਸਾਹਿਤ ਨਾਲ ਜੁੜਨ। ਉਨ੍ਹਾਂ ਦੱਸਿਆ ਕਿ 31 ਮਾਰਚ ਦਾ ਦਿਨ ਇਸ ਕਰਕੇ ਚੁਣਿਆ ਹੈ ਕਿਉਂਕਿ ਇਸ ਦਿਨ ਠੇਕੇ ਟੁੱਟਣ ਕਾਰਨ ਸ਼ਰਾਬ ਸਸਤੇ ਭਾਅ ਵੇਚੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਸਲੋਗਨ 'ਪਾਪਾ ਜੀ ਨਾ ਪੀਓ ਸ਼ਰਾਬ, ਮੈਨੂੰ ਲੈ ਦਿਓ ਇਕ ਕਿਤਾਬ' ਤਹਿਤ ਪੰਜਾਬ ਸਰਕਾਰ ਨੂੰ ਯਾਦ ਕਰਵਾਇਆ ਜਾਂਦਾ ਹੈ ਕਿ ਇਹ ਸਲੋਗਨ ਮੌਜੂਦਾ ਸਮੇਂ ਵਿਚ ਰੁਲ ਗਿਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਚੰਗੇ ਸਾਹਿਤ ਨਾਲ ਜੋੜਨਾ ਸਮੇਂ ਦੀ ਲੋੜ ਹੈ। ਡਾ. ਮਾਨ ਅਤੇ ਮੋਹਨ ਸ਼ਰਮਾ ਨੇ ਦੱਸਿਆ ਕਿ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਬਰਾਂਚ ਸੰਗਰੂਰ ਦੇ ਆਨਰੇਰੀ ਮੁੱਖ ਪ੍ਰਬੰਧਕ ਤਿਰਲੋਚਨ ਸਿੰਘ ਚੀਮਾ ਵਲੋਂ ਇਕ ਹਜ਼ਾਰ ਕਿਤਾਬਾਂ ਦਿੱਤੀਆਂ ਗਈਆਂ ਸਨ, ਜੋ ਦੋ ਘੰਟੇ ਲਗਾਈ ਸਟਾਲ ਤੋਂ ਲੋਕ ਹੱਥੋ-ਹੱਥੀਂ ਲੈ ਗਏ।

# ਉਰਮਿਲਾ ਮਾਤੋਂਡਕਰ ਕਾਂਗਰਸ 'ਚ ਸ਼ਾਮਲ

**ਨਵੀਂ ਦਿੱਲੀ:** ਬਾਲੀਵੁੱਡ ਅਦਾਕਾਰਾ ਉਰਮਿਲਾ ਮਾਤੋਂਡਕਰ ਕਾਂਗਰਸ ਵਿਚ ਸ਼ਾਮਲ ਹੋ ਗਈ ਹੈ। ਉਸ ਨੇ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕਰਨ ਮਗਰੋਂ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ। ਉਰਮਿਲਾ ਨੇ ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ, ਕਾਂਗਰਸ ਦੀ ਮੁੰਬਈ ਇਕਾਈ ਦੇ ਪ੍ਰਧਾਨ ਮਿਲਿੰਦ ਦਿਓੜਾ ਅਤੇ ਸਾਬਕਾ ਪ੍ਰਧਾਨ ਸੰਜੇ ਨਿਰੂਪਮ ਦੀ ਹਾਜ਼ਰੀ 'ਚ ਕਾਂਗਰਸ ਦੀ ਮੈਂਬਰਸ਼ਿਪ ਹਾਸਲ ਕੀਤੀ।

ਸ੍ਰੀ ਗਾਂਧੀ ਨੇ ਉਨ੍ਹਾਂ ਦਾ ਪਾਰਟੀ ਦਾ ਸਵਾਗਤ ਕਰਦਿਆਂ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਉਰਮਿਲਾ ਨੇ ਕਿਹਾ ਕਿ ਮੈਂ ਇੱਥੇ ਇਸ ਲਈ ਹਾਂ ਕਿਉਂਕਿ ਮੈਂ ਕਾਂਗਰਸ ਦੀ ਵਿਚਾਰਧਾਰਾ 'ਚ ਭਰੋਸਾ ਰੱਖਦੀ ਹਾਂ। ਮੈਂ ਚੋਣਾਂ ਲਈ ਕਾਂਗਰਸ 'ਚ ਸ਼ਾਮਲ ਨਹੀਂ ਹੋਈ।

# ਗੁਜਰਾਤ 'ਚ ਪੰਜਾਬੀ ਕਿਸਾਨਾਂ ਨਾਲ ਫਿਰ ਵਧੀਕੀਆਂ

*(ਸਫਾ ਇਕ ਦੀ ਬਾਕੀ)*

ਨਹੀਂ ਮਾਰਿਆ। ਹੁਣ ਪਿਛਲੇ ਦਿਨੀਂ ਪ੍ਰਕਾਸ਼ ਸਿੰਘ ਬਾਦਲ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਕਾਗਜ਼ ਦਾਖਲ ਕਰਨ ਸਮੇਂ ਗੁਜਰਾਤ ਪੁੱਜ ਗਏ ਜੋ ਸਥਾਨਕ ਕਿਸਾਨਾਂ ਨੂੰ ਕਾਫੀ ਰੜਕਿਆ। ਗੁਜਰਾਤ 'ਚ ਕੋਈ 5 ਹਜ਼ਾਰ ਪੰਜਾਬੀ ਪਰਿਵਾਰ 5 ਵਰ੍ਹਿਆਂ ਤੋਂ ਉਥੋਂ ਦੀ ਸਰਕਾਰ ਦੇ ਵਿਤਕਰੇ ਦਾ ਸ਼ਿਕਾਰ ਹਨ।

ਜ਼ਿਕਰਯੋਗ ਹੈ ਕਿ ਮਰਹੂਮ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ 1964 ਵਿਚ 'ਜੈ ਜਵਾਨ ਜੈ ਕਿਸਾਨ' ਦੇ ਨਾਅਰੇ ਤਹਿਤ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਭੁਜ ਇਲਾਕੇ ਵਿਚ ਜ਼ਮੀਨਾਂ ਦੀ ਅਲਾਟਮੈਂਟ ਕੀਤੀ ਸੀ। ਭੁਜ ਖਿੱਤੇ 'ਚੋਂ ਕਾਫੀ ਕਿਸਾਨ ਪਰਿਵਾਰ ਪੰਜਾਬ ਵੀ ਮੁੜ ਆਏ ਹਨ। ਗੁਜਰਾਤ ਵਿਚ ਪੰਜਾਬੀ ਕਿਸਾਨਾਂ ਦੀ ਤਕਰੀਬਨ 20 ਹਜ਼ਾਰ ਏਕੜ ਜ਼ਮੀਨ ਖਤਰੇ ਵਿਚ ਹੈ ਜਿਸ ਨੂੰ ਭੂ ਮਾਫੀਏ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪੰਜਾਬੀ ਕਿਸਾਨਾਂ ਨੂੰ ਗੁਜਰਾਤ ਹਾਈ ਕੋਰਟ ਤੋਂ ਰਾਹਤ ਮਿਲ ਗਈ ਸੀ ਪਰ ਸੂਬਾ ਸਰਕਾਰ ਸੁਪਰੀਮ ਕੋਰਟ ਚਲੀ ਗਈ ਜਿਥੇ ਫੈਸਲਾ ਬਕਾਇਆ ਪਿਆ ਹੈ।

ਕਿਸਾਨਾਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਵਿਚ ਗੁਜਰਾਤ ਸਰਕਾਰ ਪੂਰੀ ਤਰ੍ਹਾਂ ਨਾਲ ਪੰਜਾਬੀ ਕਿਸਾਨਾਂ ਖਿਲਾਫ ਖੜ੍ਹੀ ਹੈ। ਵੱਡੇ ਬਾਦਲ ਨੇ ਹੁਣ ਅਮਿਤ ਸ਼ਾਹ ਨੂੰ ਆਸ਼ੀਰਵਾਦ ਤਾਂ ਦਿੱਤਾ ਹੈ ਪਰ ਉਹ ਪੰਜਾਬੀ ਕਿਸਾਨਾਂ ਦੇ ਮਸਲੇ ਭੁੱਲ ਗਏ ਹਨ। ਕਿਸਾਨਾਂ ਨੇ ਗਿਲਾ ਕੀਤਾ ਕਿ ਨਰਿੰਦਰ ਮੋਦੀ ਪੰਜ ਵਰ੍ਹੇ ਪਹਿਲਾਂ ਕੀਤੇ ਵਾਅਦੇ ਤੋਂ ਮੁੱਕਰ ਗਏ ਹਨ ਅਤੇ ਹੁਣ ਤਾਂ ਬਾਦਲ ਵੀ ਕਿਸਾਨਾਂ ਦਾ ਦਰਦ ਭੁੱਲ ਗਏ ਹਨ। ਦੱਸਣਯੋਗ ਹੈ ਕਿ ਇਕੱਲੇ ਕੁਠਾਰਾ ਕਸਬੇ ਵਿਚ ਕਰੀਬ ਤਿੰਨ ਹਜ਼ਾਰ ਪੰਜਾਬੀ ਕਿਸਾਨ ਪਰਿਵਾਰ ਹਨ। ਇਸੇ ਤਰ੍ਹਾਂ ਨਲੀਆ ਵਿਧਾਨ ਸਭਾ ਹਲਕੇ ਵਿਚ ਵੀ ਕਾਫੀ ਪੰਜਾਬੀ ਹਨ। ਲੋਰੀਆ ਵਿਚ ਕਈ ਕਿਸਾਨ ਗੁਜਰਾਤੀ ਸਰਕਾਰ ਤੇ ਭੂ ਮਾਫੀਆ ਦਾ ਧੱਕਾ ਝੱਲ ਚੁੱਕੇ ਹਨ। ਉਧਰ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਦਾ ਕਹਿਣਾ ਸੀ ਕਿ ਪੰਥਕ ਅਤੇ ਕਿਸਾਨ ਹਿਤੈਸ਼ੀ ਅਖਵਾਉਣ ਵਾਲਾ ਅਕਾਲੀ ਦਲ ਹੁਣ ਗੁਜਰਾਤ ਦੇ ਪੰਜਾਬੀ ਕਿਸਾਨਾਂ ਦੇ ਮਾਮਲੇ 'ਤੇ ਆਪਣੀ ਪਹੁੰਚ ਸਪਸ਼ਟ ਕਰੇ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਚਰਨਜੀਤ ਸਿੰਘ ਬਰਾੜ ਦਾ ਕਹਿਣਾ ਹੈ ਕਿ ਅਕਾਲੀ ਦਲ ਗੁਜਰਾਤ ਵਿਚਲੇ ਪੰਜਾਬੀ ਕਿਸਾਨਾਂ ਨਾਲ ਖੜ੍ਹੇਗਾ ਅਤੇ ਹਰ ਸੰਭਵ ਇਮਦਾਦ ਕੀਤੀ ਜਾਵੇਗੀ। ਮਾਮਲਾ ਸੁਪਰੀਮ ਕੋਰਟ ਵਿਚ ਹੈ ਅਤੇ ਗੁਜਰਾਤ ਸਰਕਾਰ ਦੀ ਮਜਬੂਰੀ ਤੇ ਹਾਲਾਤ ਬਾਰੇ ਉਹ ਕੁਝ ਨਹੀਂ ਕਹਿ ਸਕਦੇ।

# ਸਿੱਖ ਕਤਲੇਆਮ...

*(ਸਫਾ ਇਕ ਦੀ ਬਾਕੀ)*

ਪਟੀਸ਼ਨ 'ਤੇ ਸਬੰਧਤ ਧਿਰਾਂ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਪਟੀਸ਼ਨ ਵਿਚ ਦੰਗਿਆਂ ਲਈ ਨਾਮਜ਼ਦ 62 ਪੁਲਿਸ ਮੁਲਾਜ਼ਮਾਂ ਦੀ ਭੂਮਿਕਾ ਨੂੰ ਘੋਖਣ ਦੀ ਮੰਗ ਕੀਤੀ ਗਈ ਹੈ। ਸਿਖਰਲੀ ਅਦਾਲਤ ਨੇ 'ਸਿਟ' ਦੇ ਨਵੇਂ ਮੈਂਬਰਾਂ ਬਾਰੇ ਗ੍ਰਹਿ ਮੰਤਰਾਲਾ ਤੇ ਪਟੀਸ਼ਨਰ ਐਸ.ਜੀ.ਐਸ. ਕਾਹਲੋਂ ਦੇ ਵਕੀਲਾਂ ਵਿਚਾਲੇ ਸਹਿਮਤੀ ਹੋਣ 'ਤੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ 186 ਕੇਸਾਂ ਦੀ ਜਾਂਚ 'ਤੇ ਨਿਗਰਾਨੀ ਰੱਖਣ ਲਈ ਸਾਬਕਾ ਜਸਟਿਸ ਐਸ.ਐਨ. ਢੀਂਗਰਾ ਦੀ ਅਗਵਾਈ ਵਿਚ ਪਿਛਲੇ ਸਾਲ 11 ਜਨਵਰੀ ਨੂੰ 'ਸਿਟ' ਬਣਾਈ ਗਈ ਸੀ।

# ਆਪ 'ਚੋਂ ਕੱਢੇ ਸੰਸਦ ਮੈਂਬਰ ਹਰਿੰਦਰ ਖਾਲਸਾ ਭਾਜਪਾ ਵਿਚ ਸ਼ਾਮਲ

**ਨਵੀਂ ਦਿੱਲੀ:** 'ਆਪ' ਵਿਚੋਂ ਕੱਢੇ ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਤੇ ਝਾਰਖੰਡ ਦੇ ਸਾਬਕਾ ਆਰ.ਜੇ.ਡੀ. ਆਗੂ ਗਿਰੀਨਾਥ ਸਿੰਘ ਨੇ ਭਾਜਪਾ ਦਾ ਪੱਲਾ ਫੜ ਲਿਆ। ਫਤਹਿਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਸ. ਖਾਲਸਾ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਦੀ ਅਗਵਾਈ ਹੇਠ ਭਾਜਪਾ ਵਿਚ ਸ਼ਾਮਲ ਹੋਏ।

ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਨੇ ਗਿਰੀਨਾਥ ਦਾ ਪਾਰਟੀ ਵਿਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ। ਗਿਰੀਨਾਥ ਨੇ ਕਿਹਾ ਕਿ ਉਨ੍ਹਾਂ ਦੀ ਇਹ 'ਘਰ ਵਾਪਸੀ ਹੈ' ਕਿਉਂਕਿ ਉਨ੍ਹਾਂ ਦੇ ਪਿਤਾ ਜਨ ਸੰਘ ਦੇ ਮੈਂਬਰ ਸਨ।

ਜ਼ਿਕਰਯੋਗ ਹੈ ਕਿ ਸ. ਖਾਲਸਾ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ ਹਨ। ਉਨ੍ਹਾਂ 2014 ਵਿਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਲੋਕ ਸਭਾ ਚੋਣਾਂ ਲੜੀਆਂ ਸਨ ਅਤੇ ਜੇਤੂ ਰਹੇ ਸਨ। ਉਨ੍ਹਾਂ ਨੂੰ 2015 ਵਿਚ ਕਥਿਤ ਪਾਰਟੀ ਵਿਰੋਧੀ ਕਾਰਵਾਈਆਂ ਕਾਰਨ ਮੁਅੱਤਲ ਕਰ ਦਿੱਤਾ ਸੀ। ਉਨ੍ਹਾਂ ਪੰਜਾਬ ਵਿਚ ਆਪਣੇ ਰਾਜਨੀਤਕ ਕਰੀਅਰ ਦੀ ਸ਼ੁਰੂਆਤ ਭਾਰਤੀ ਜਨਤਾ ਪਾਰਟੀ ਨਾਲ ਕੀਤੀ ਸੀ ਜੋ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਸੀ। ਭਾਜਪਾ ਦਾ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਹੈ। ਅਕਾਲੀ-ਭਾਜਪਾ ਗਠਜੋੜ ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਚੋਣਾਂ ਲੜੇਗਾ।

# 'ਅਰਥ ਆਵਰ' ਲਈ ਪੂਰੇ ਵਿਸ਼ਵ 'ਚ ਬੁਝੀਆਂ ਬੱਤੀਆਂ

**ਨਿਊਯਾਰਕ:** ਮੌਸਮੀ ਤਬਦੀਲੀ ਬਾਰੇ ਆਲਮੀ ਪੱਧਰ 'ਤੇ ਕਦਮ ਚੁੱਕਣ ਦਾ ਸੁਨੇਹਾ ਦੇਣ ਦੇ ਮੰਤਵ ਨਾਲ ਸਨਿਚਰਵਾਰ ਨੂੰ ਰਾਤ 8.30 ਵਜੇ (ਅਮਰੀਕੀ ਸਮੇਂ) ਲਾਈਟਾਂ (ਬੱਤੀਆਂ) ਬੰਦ ਕਰ ਕੇ 'ਅਰਥ ਆਵਰ' (ਧਰਤੀ ਨੂੰ ਸਮਰਪਿਤ ਇਕ ਘੰਟਾ) ਮਨਾਇਆ ਗਿਆ। ਇਸ ਮੌਕੇ ਸੰਸਾਰ ਜੰਗਲੀ ਜੀਵਨ ਫੰਡ (ਡਬਲਿਊ. ਡਬਲਿਊ. ਐਫ) ਨੇ ਵੱਡੀ ਪੱਧਰ 'ਤੇ ਜਾਗਰੂਕਤਾ ਫੈਲਾਉਣ ਤੇ ਕੁਦਰਤੀ ਸਾਧਨਾਂ ਦੀ ਸੋਚ ਸਮਝ ਕੇ ਵਰਤੋਂ ਦੀ ਲੋੜ ਉੱਤੇ ਜ਼ੋਰ ਦਿੱਤਾ।

ਇਸ ਮੌਕੇ ਜੈਵਿਕ ਬਾਲਣ ਨਾਲ ਕਾਰਬਨ ਗੈਸਾਂ ਦੇ ਵਧਣ ਕਾਰਨ ਆਲਮੀ ਤਪਸ਼ ਵਿਚ ਵਾਧੇ ਬਾਰੇ ਵੀ ਚਰਚਾ ਕੀਤੀ ਗਈ। 'ਅਰਥ ਆਵਰ' 2007 ਵਿਚ ਸਿਡਨੀ 'ਚ ਜਾਗਰੂਕਤਾ ਫੈਲਾਉਣ ਦੇ ਮੰਤਵ ਸ਼ੁਰੂ ਕੀਤਾ ਗਿਆ ਸੀ ਤੇ 180 ਦੇਸ਼ਾਂ ਵਿਚ ਮਨਾਇਆ ਜਾਂਦਾ ਹੈ। ਇਸ ਵਿਚ ਲੱਖਾਂ ਲੋਕ ਹਿੱਸਾ ਲੈਂਦੇ ਹਨ। ਐਂਪਾਇਰ ਸਟੇਟ ਬਿਲਡਿੰਗ ਨੇ ਵੀ 8.30 ਵਜੇ ਬੱਤੀਆਂ ਬੰਦ ਕਰ ਕੇ ਅਮਰੀਕਾ ਦੇ ਪੂਰਬੀ ਤੱਟੀ ਸ਼ਹਿਰ ਵਿਚ ਇਸ ਮੁਹਿੰਮ ਵਿਚ ਹਿੱਸਾ ਲਿਆ। ਇਸ ਤੋਂ ਇਲਾਵਾ ਹਾਂਗਕਾਂਗ, ਇਟਲੀ, ਸਪੇਨ, ਤਾਇਵਾਨ, ਪੋਲੈਂਡ ਤੇ ਯੂਨਾਨ ਦੇ ਸ਼ਹਿਰਾਂ ਨੇ ਵੀ 'ਅਰਥ ਆਵਰ' ਲਾਈਟਾਂ ਬੰਦ ਕਰ ਕੇ ਮਨਾਇਆ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਸ਼੍ਰੋਮਣੀ ਕਮੇਟੀ ਵੱਲੋਂ 12 ਅਰਬ ਤੋਂ ਵੱਧ ਦਾ ਬਜਟ ਪਾਸ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿੱਤੀ ਵਰ੍ਹੇ 2019-20 ਵਾਸਤੇ 12 ਅਰਬ 5 ਕਰੋੜ 3 ਲੱਖ ਰੁਪਏ ਦਾ ਸਾਲਾਨਾ ਬਜਟ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਜੋ ਪਿਛਲੇ ਵਰ੍ਹੇ ਨਾਲੋਂ ਲਗਭਗ 46 ਕਰੋੜ ਵਾਧੇ ਦਾ ਬਜਟ ਹੈ। ਪਿਛਲੇ ਵਰ੍ਹੇ ਕਰੀਬ 11 ਅਰਬ 59 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਗਿਆ ਸੀ।

ਬਜਟ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚਲਦੇ ਵਿਦਿਅਕ ਅਦਾਰਿਆਂ ਲਈ 238 ਕਰੋੜ, ਇਤਿਹਾਸਕ ਤੇ ਹੋਰ ਗੁਰਦੁਆਰਿਆਂ ਵਾਸਤੇ ਲਗਭਗ 714 ਕਰੋੜ ਅਤੇ ਧਰਮ ਪ੍ਰਚਾਰ ਕਮੇਟੀ ਵਾਸਤੇ 84 ਕਰੋੜ ਰੁਪਏ ਦਾ ਫੰਡ ਰੱਖਿਆ ਗਿਆ ਹੈ। ਇਹ ਬਜਟ ਸ੍ਰੀ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤਾ ਗਿਆ ਹੈ ਅਤੇ ਸ਼ਤਾਬਦੀ ਸਮਾਗਮਾਂ ਲਈ 12 ਕਰੋੜ 63 ਲੱਖ ਰੁਪਏ ਦਾ ਬਜਟ ਰੱਖਿਆ ਗਿਆ ਹੈ। ਬਜਟ ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਸਮੇਤ ਲੋਕ ਇਨਸਾਫ ਪਾਰਟੀ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰ ਬਲਵਿੰਦਰ ਸਿੰਘ ਬੈਂਸ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆ, ਜਿਸ ਦਾ ਉਨ੍ਹਾਂ ਇਤਰਾਜ਼ ਜਤਾਇਆ। ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਬਜਟ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲਾ ਨੇ ਪੇਸ਼ ਕੀਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਹਾਜ਼ਰ ਮੈਂਬਰਾਂ ਨੇ ਬਜਟ ਨੂੰ ਪੂਰਾ ਸੁਣੇ ਬਿਨਾਂ ਹੀ ਜੈਕਾਰਿਆਂ ਦੀ ਗੂੰਜ ਵਿਚ ਇਸ ਨੂੰ ਪਾਸ ਕਰ ਦਿੱਤਾ।

ਸਮੁੱਚੇ ਬਜਟ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ, ਜਿਸ ਵਿਚ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ, ਸੈਕਸ਼ਨ 85 ਅਤੇ ਇਸ ਨਾਲ ਜੁੜੇ ਗੁਰਦੁਆਰਿਆਂ ਦਾ ਬਜਟ ਅਤੇ ਵਿਦਿਅਕ ਅਦਾਰਿਆਂ ਦਾ ਬਜਟ ਸ਼ਾਮਲ ਹੈ। ਸ਼੍ਰੋਮਣੀ ਕਮੇਟੀ ਦੇ ਖੁਦ ਦੇ ਬਜਟ ਨੂੰ ਮੁੜ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ, ਜਿਸ ਵਿਚ ਜਨਰਲ ਬੋਰਡ ਫੰਡ ਵਾਸਤੇ 72 ਕਰੋੜ 50 ਲੱਖ ਰੁਪਏ, ਟਰੱਸਟ ਫੰਡ ਲਈ 50 ਕਰੋੜ 60 ਲੱਖ



ਰੁਪਏ, ਵਿਦਿਆ ਫੰਡ ਲਈ 37 ਕਰੋੜ 40 ਲੱਖ ਰੁਪਏ ਅਤੇ ਸ਼੍ਰੋਮਣੀ ਕਮੇਟੀ ਦੀਆਂ ਪ੍ਰਿੰਟਿੰਗ ਪ੍ਰੈੱਸਾਂ ਲਈ 7 ਕਰੋੜ 25 ਲੱਖ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਸ਼ਾਹਪੁਰ ਲਈ 40 ਲੱਖ ਰੁਪਏ ਰੱਖੇ ਗਏ ਹਨ। ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਇਸ ਵਿੱਤੀ ਵਰ੍ਹੇ ਦਾ ਬਜਟ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤਾ ਗਿਆ ਹੈ, ਜਿਸ ਤਹਿਤ ਨਵੰਬਰ ਵਿਚ ਵੱਡੇ ਪੱਧਰ 'ਤੇ ਸ਼ਤਾਬਦੀ ਸਮਾਗਮ ਕਰਾਇਆ ਜਾਵੇਗਾ। ਸਿਕਲੀਗਰ ਤੇ ਵਣਜਾਰੇ ਸਿੱਖਾਂ ਅਤੇ ਪੰਜਾਬ ਤੋਂ ਬਾਹਰਲੇ ਗੁਰਦੁਆਰਿਆਂ ਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਲਈ ਲਗਭਗ 14 ਕਰੋੜ 50 ਲੱਖ ਰੁਪਏ, ਖਾਲਸਾਈ ਖੇਡਾਂ ਲਈ 60 ਲੱਖ ਰੁਪਏ, ਸਿੱਖ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ 1 ਕਰੋੜ ਰੁਪਏ, ਧਰਮੀ ਫੌਜੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਲਈ ਦੋ ਕਰੋੜ ਰੁਪਏ, ਪੰਜਾਬ ਤੋਂ ਬਾਹਰ ਸਥਾਪਤ ਕੀਤੇ ਸਿੱਖ ਮਿਸ਼ਨ ਕੇਂਦਰਾਂ ਲਈ ਅੱਠ ਕਰੋੜ ਰੁਪਏ, ਕੁਦਰਤੀ ਆਫਤਾਂ ਸਮੇਂ ਮਦਦ ਲਈ 70 ਲੱਖ ਰੁਪਏ, ਸਿੱਖ ਇਤਿਹਾਸ ਦੀ ਖੋਜ ਅਤੇ ਛਪਾਈ ਲਈ 70 ਲੱਖ ਰੁਪਏ ਦਾ ਬਜਟ ਰੱਖਿਆ ਗਿਆ ਹੈ।

ਬਜਟ ਸਮਾਗਮ ਦੌਰਾਨ 11 ਮਤੇ ਵੀ ਪਾਸ ਕੀਤੇ ਗਏ ਜਿਨ੍ਹਾਂ 'ਚ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਣ ਵਾਲੇ ਰਸਤਿਆਂ ਨੂੰ ਖੁੱਲ੍ਹਾ ਕਰਨ ਅਤੇ ਵਿਰਾਸਤੀ ਦਿਖ ਦੇਣ, ਪੰਜਾਬ-ਚੰਡੀਗੜ੍ਹ ਸਮੇਤ ਨੇੜਲੇ ਸੂਬਿਆਂ ਵਿਚ ਪੰਜਾਬੀ ਨੂੰ ਬਣਦਾ ਮਾਣ ਸਤਿਕਾਰ ਦਿਵਾਉਣ ਲਈ ਵਿਸ਼ੇਸ਼ ਉਪਰਾਲੇ ਕਰਨ, ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਸਬੰਧੀ ਕੇਸ ਨੂੰ ਨਿਬੇੜਨ ਅਤੇ ਹੋਰ ਨਜ਼ਰਬੰਦ ਸਿੱਖਾਂ ਦੀ ਰਿਹਾਈ, ਗੁਰਦੁਆਰਾ ਕਰਤਾਰਪੁਰ ਲਾਂਘਾ ਖੋਲ੍ਹਣ ਮਗਰੋਂ ਸੰਗਤ ਦੀ ਸਹੂਲਤ ਲਈ ਹਰ ਤਰ੍ਹਾਂ ਦੇ ਪ੍ਰਬੰਧ ਕਰਨ, ਫਿਲਮ ਸੈਂਸਰ ਬੋਰਡ ਵਿਚ ਸ਼੍ਰੋਮਣੀ ਕਮੇਟੀ ਦਾ ਨੁਮਾਇੰਦਾ ਪੱਕੇ ਤੌਰ 'ਤੇ ਸ਼ਾਮਲ ਕਰਨ, ਘੱਟ ਗਿਣਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ 1984 ਦੇ ਸਿੱਖ ਨਸਲਕੁਸ਼ੀ ਕੇਸਾਂ ਵਿਚ ਹੋਰ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੀ ਮੰਗ ਕੀਤੀ ਗਈ ਹੈ।

ਲੋਕ ਇਨਸਾਫ ਪਾਰਟੀ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰ ਬਲਵਿੰਦਰ ਸਿੰਘ ਬੈਂਸ ਨੇ ਬਜਟ ਸਮਾਗਮ ਦੀ ਸ਼ੁਰੂਆਤ ਵੇਲੇ ਹੀ ਬਰਗਾੜੀ ਕਾਂਡ ਅਤੇ ਬੇਅਦਬੀ ਘਟਨਾਵਾਂ ਸਬੰਧੀ ਮਤਾ ਪਾਉਣ ਦੀ ਮੰਗ ਕੀਤੀ। ਉਨ੍ਹਾਂ ਨੂੰ ਬੋਲਣ ਦਾ ਸਮਾਂ ਦੇਣ ਦਾ ਭਰੋਸਾ ਦਿੱਤਾ ਗਿਆ ਪਰ ਸਮਾਗਮ ਦੀ ਪਹਿਲਾਂ ਹੀ ਸਮਾਪਤੀ ਕਰ ਦਿੱਤੀ ਗਈ। ਸ੍ਰੀ ਬੈਂਸ ਨੇ ਮੀਡੀਆ ਕੋਲ ਇਸ ਦਾ ਇਤਰਾਜ਼ ਜਤਾਉਂਦਿਆਂ ਕਿਹਾ ਕਿ ਸਿੱਖ ਸੰਸਥਾ ਹੀ ਬੇਅਦਬੀ ਸਬੰਧੀ ਮਤਾ ਪਾਸ ਕਰਨ ਤੋਂ ਭੱਜ ਰਹੀ ਹੈ। ਅੰਤ੍ਰਿੰਗ ਕਮੇਟੀ ਮੈਂਬਰ ਗੁਰਮੀਤ ਸਿੰਘ ਤਿਰਲੋਕੇਵਾਲਾ ਨੂੰ ਵੀ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆ।

ਸ਼੍ਰੋਮਣੀ ਕਮੇਟੀ ਮੈਂਬਰ ਕਿਰਨਜੋਤ ਕੌਰ ਨੂੰ ਵੀ ਪੂਰੀ ਗੱਲ ਰੱਖਣ ਦਾ ਮੌਕਾ ਨਹੀਂ ਦਿੱਤਾ ਗਿਆ। ਉਨ੍ਹਾਂ ਆਪਣੇ ਸੰਬੋਧਨ ਦੌਰਾਨ ਬਜਟ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਸਫਰ ਖਰਚ ਲਈ 85 ਲੱਖ ਰੁਪਏ ਰੱਖਣ 'ਤੇ ਇਤਰਾਜ਼ ਜਤਾਇਆ। ਉਨ੍ਹਾਂ ਇਹ ਖਰਚ ਪੰਜ ਲੱਖ ਕਰਨ ਦੀ ਮੰਗ ਕੀਤੀ। ਸਾਬਕਾ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਤੋਤਾ ਸਿੰਘ ਨੇ ਬਜਟ ਇਜਲਾਸ ਦੋ ਦਿਨ ਕਰਨ ਦਾ ਸੁਝਾਅ ਦਿੱਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਵੱਡੀ ਗਿਣਤੀ ਵਿਦਿਅਕ ਅਦਾਰੇ ਘਾਟੇ ਵਿਚ ਚਲ ਰਹੇ ਹਨ, ਜਿਨ੍ਹਾਂ ਨੂੰ ਘਾਟੇ ਵਿਚੋਂ ਕੱਢਣ ਦੇ ਉਪਰਾਲੇ ਹੋਣੇ ਚਾਹੀਦੇ ਹਨ।

## ਇਸ ਵਾਰ ਦਾ ਬਜਟ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ

ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਪਣੇ ਕਾਰਜਕਾਲ ਦੌਰਾਨ ਪੇਸ਼ ਕੀਤੇ ਗਏ ਦੂਜੇ ਬਜਟ ਦੀ ਪ੍ਰਸੰਸਾ ਕਰਦਿਆਂ ਇਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਬਜਟ ਕਰਾਰ ਦਿੱਤਾ। ਉਨ੍ਹਾਂ ਆਖਿਆ ਕਿ 550ਵੇਂ ਪ੍ਰਕਾਸ਼ ਪੁਰਬ ਮੌਕੇ ਨਵੰਬਰ 'ਚ ਕਰਵਾਏ ਜਾਣ ਵਾਲੇ ਸਮਾਗਮਾਂ ਲਈ 12 ਕਰੋੜ 63 ਲੱਖ ਰੁਪਏ ਦੀ ਵਿਸ਼ੇਸ਼ ਰਾਸ਼ੀ ਰੱਖੀ ਗਈ ਹੈ। ਇਸ ਤੋਂ ਇਲਾਵਾ ਸਿੱਖ ਇਤਿਹਾਸ ਸਬੰਧੀ ਮੁਕਾਬਲਿਆਂ, ਧਾਰਮਿਕ ਪ੍ਰੀਖਿਆ, ਪੱਤਰ ਵਿਹਾਰ ਕੋਰਸ ਆਦਿ ਲਈ 19 ਕਰੋੜ 30 ਲੱਖ ਰੁਪਏ ਰੱਖੇ ਗਏ ਹਨ। ਉਨ੍ਹਾਂ ਕਿਹਾ ਕਿ ਬਜਟ 'ਚ ਸਿਕਲੀਗਰ, ਵਣਜਾਰੇ ਸਿੱਖਾਂ, ਪੰਜਾਬ ਤੇ ਪੰਜਾਬ ਤੋਂ ਬਾਹਰਲਿਆਂ ਗੁਰਦੁਆਰਾ ਸਾਹਿਬਾਨ ਅਤੇ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਲਈ 14 ਕਰੋੜ 50 ਲੱਖ ਰੁਪਏ, ਖਾਲਸਾਈ ਖੇਡਾਂ ਲਈ 60 ਲੱਖ ਰੁਪਏ ਤੇ ਸਿੱਖ ਖਿਡਾਰੀਆਂ ਲਈ 1 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ।

# ਪੰਥਕ ਮਸਲਿਆਂ ਦੇ ਹੱਲ ਲਈ 21 ਮੈਂਬਰੀ ਕਮੇਟੀ ਕਾਇਮ

**ਚੰਡੀਗੜ੍ਹ:** ਸਰਬੱਤ ਖਾਲਸਾ ਵੱਲੋਂ ਨਿਯੁਕਤ ਅਕਾਲ ਤਖਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਵੱਲੋਂ ਨਾਮਜ਼ਦ ਪੰਜ ਮੈਂਬਰੀ ਕਮੇਟੀ ਨੇ ਪੰਥਕ ਮਸਲਿਆਂ ਦੇ ਹੱਲ ਲਈ 21 ਮੈਂਬਰੀ ਕਮੇਟੀ ਕਾਇਮ ਕੀਤੀ ਹੈ। ਇਸ ਸਬੰਧੀ ਮੈਂਬਰਾਂ ਦੀ ਗੁਰਦੁਆਰਾ ਸ਼ਾਹਪੁਰ, ਸੈਕਟਰ-38 ਬੀ, ਚੰਡੀਗੜ੍ਹ ਵਿਚ ਮੀਟਿੰਗ ਹੋਈ। ਇਸ ਦੌਰਾਨ ਕਮੇਟੀ ਦੇ ਹਰੇਕ ਮੈਂਬਰ ਕੋਲੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲਿਖਤੀ ਪ੍ਰਣ ਪੱਤਰ 'ਤੇ ਦਸਤਖਤ ਕਰਵਾਏ ਗਏ।

ਕਮੇਟੀ ਮੈਂਬਰਾਂ ਨੇ ਬਰਗਾੜੀ ਇਨਸਾਫ ਮੋਰਚੇ ਦੀ ਅਗਲੀ ਰਣਨੀਤੀ ਤਿਆਰ ਕਰਨ, ਪੰਥ ਨੂੰ ਦਰਪੇਸ਼ ਮਸਲਿਆਂ ਦੇ ਹੱਲ, 27 ਜਨਵਰੀ ਦੇ ਫੈਸਲਿਆਂ ਨੂੰ ਅਮਲੀ ਰੂਪ ਦੇਣ ਅਤੇ ਕੈਪਟਨ ਸਰਕਾਰ 'ਤੇ ਸਿਟ ਦੀ ਬਰਗਾੜੀ ਬੇਅਦਬੀ ਕਾਂਡ ਅਤੇ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਮੁਲਜ਼ਮਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਲਈ ਅਪਣਾਈ ਢਿੱਲੀ ਅਤੇ ਰਾਹਤ ਦੇਣ ਵਾਲੀ ਨੀਤੀ ਬਾਰੇ ਵਿਚਾਰਾਂ ਕੀਤੀਆਂ ਗਈਆਂ ਤੇ ਪੰਥਕ ਪੈਂਤੜਾ ਉਲੀਕਿਆ ਗਿਆ। ਇਸ ਮੌਕੇ 31 ਮਾਰਚ ਨੂੰ ਪਟਿਆਲਾ ਜੇਲ੍ਹ ਅੱਗੇ ਦਿੱਤੇ ਜਾਣ ਵਾਲੇ ਧਰਨੇ ਨੂੰ ਇਸ ਦਿਨ ਸ਼ਹੀਦ ਭਾਈ ਸਤਵੰਤ ਸਿੰਘ ਦੀ ਯਾਦ ਵਿਚ ਉਸਾਰੇ ਜਾ ਰਹੇ ਦੀਵਾਨ ਹਾਲ ਦਾ ਨੀਂਹ ਪੱਥਰ ਰੱਖੇ ਜਾਣ ਕਾਰਨ ਮੁਲਤਵੀ ਕਰਕੇ 7 ਅਪਰੈਲ ਨੂੰ ਦੇਣ ਦਾ ਫੈਸਲਾ ਲਿਆ ਗਿਆ। ਇਸ ਮੌਕੇ 100 ਹੋਣਹਾਰ ਬੱਚਿਆਂ ਨੂੰ ਪੰਥ ਦੀ ਸਰਪ੍ਰਸਤੀ ਹੇਠ ਮਿਆਰੀ ਤੇ ਉਚੇਰੀ ਵਿਦਿਆ ਦੇਣ ਲਈ ਵਿਦਿਅਕ ਮਾਹਿਰਾਂ ਦੀ ਚੋਣ ਕਮੇਟੀ ਬਣਾਈ ਗਈ ਜੋ ਇਸੇ ਸਕੂਲ ਸੈਸ਼ਨ ਤੋਂ ਸਾਰਾ



ਕਾਰਜ ਆਰੰਭ ਦੇਵੇਗੀ।

ਇਸ ਮੌਕੇ ਫੈਸਲਾ ਕੀਤਾ ਗਿਆ ਕਿ 21 ਮੈਂਬਰੀ ਕਮੇਟੀ ਛੇਤੀ ਤੋਂ ਛੇਤੀ ਜ਼ਿਲ੍ਹਾ ਪੱਧਰੀ ਕਮੇਟੀਆਂ ਸਥਾਪਿਤ ਕਰੇਗੀ। ਹਰਿਆਣਾ ਦੇ ਪਿੰਡ ਬਦਸੂਈ 'ਚ ਬੀਤੇ ਦਿਨੀਂ ਹੋਈ ਗੁਰੂ ਘਰ ਦੀ ਬੇਅਦਬੀ ਤੇ ਕਤਲ ਕਾਂਡ ਦੀ 21 ਮੈਂਬਰੀ ਕਮੇਟੀ ਪਰਿਵਾਰ ਦੀ ਸਲਾਹ ਨਾਲ ਪੈਰਵੀ ਕਰੇਗੀ। ਪੰਜਾਬ ਦੇ ਨਿੱਜੀ ਸਕੂਲਾਂ ਵਿਚ ਪੰਜਾਬੀ ਭਾਸ਼ਾ ਨਾਲ ਕੀਤੇ ਜਾ ਰਹੇ ਧੱਕੇ ਖਿਲਾਫ ਕਾਨੂੰਨੀ ਨੋਟਿਸ ਕੱਢਿਆ ਜਾਵੇਗਾ ਤਾਂ ਜੋ ਕੋਈ ਵੀ ਨਿੱਜੀ ਸਕੂਲ ਪੰਜਾਬੀ ਭਾਸ਼ਾ ਨੂੰ ਦਬਾਉਣ ਦਾ ਹੀਆ ਨਾ ਕਰ ਸਕੇ।

# ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਸਿਫਾਰਸ਼ੀ ਸ਼ਰਧਾਲੂਆਂ ਦਾ ਵੀ. ਆਈ. ਪੀ. ਰਾਹ ਬੰਦ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਅਹਿਮ ਤੇ ਵਿਸ਼ੇਸ਼ ਸ਼ਰਧਾਲੂ ਤੇ ਸ਼ਖਸੀਅਤਾਂ ਪਹਿਲਾਂ ਬੇਨਤੀ ਕਰਕੇ ਜਾਂ ਆਪਣੇ ਅਸਰ ਰਸੂਖ ਦਿਖਾ ਕੇ ਸ੍ਰੀ ਲਾਚੀ ਬੇਰ ਵਾਲੇ ਰਸਤੇ ਰਾਹੀਂ ਦਾਖਲ ਹੋ ਕੇ ਦਰਸ਼ਨ ਕਰ ਲੈਂਦੇ ਸਨ। ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਨੇ ਇਸ ਫੈਸਲੇ ਨੂੰ ਬਦਲ ਲਿਆ ਹੈ। ਇਸ ਫੈਸਲੇ ਨਾਲ ਜਿਥੇ ਕਤਾਰਾਂ 'ਚ ਖੜੇ ਹੋਣ ਵਾਲੇ ਆਮ ਸ਼ਰਧਾਲੂਆਂ ਨੂੰ ਕਾਫੀ ਰਾਹਤ ਮਿਲੀ ਹੈ, ਉਥੇ ਇਹ ਫੈਸਲਾ ਸਿਫਾਰਸ਼ੀ ਤੇ ਵੀ.ਆਈ.ਪੀ. ਸ਼ਰਧਾਲੂਆਂ ਲਈ ਪਰੇਸ਼ਾਨੀ ਦਾ ਸਬੱਬ ਬਣ ਰਿਹਾ ਹੈ।



ਪ੍ਰਾਪਤ ਵੇਰਵਿਆਂ ਅਨੁਸਾਰ ਹੁਣ ਪ੍ਰਬੰਧਕਾਂ ਵੱਲੋਂ ਸ੍ਰੀ ਲਾਚੀ ਬੇਰ ਵਾਲੇ ਵਾਪਸੀ ਵਾਲੇ ਰਸਤੇ ਤੋਂ ਵੀ.ਆਈ.ਪੀ. ਤੇ ਹੋਰ ਅਹਿਮ ਸ਼ਖਸੀਅਤਾਂ ਤੇ ਸਿਫਾਰਸ਼ੀਆਂ ਨੂੰ ਦਰਸ਼ਨ ਕਰਨ ਭੇਜਣਾ ਲਗਭਗ ਬੰਦ ਕਰ ਦਿੱਤਾ ਗਿਆ ਹੈ। ਪ੍ਰਬੰਧਕਾਂ ਵੱਲੋਂ ਬਣਾਈ ਗਈ ਨਵੀਂ ਯੋਜਨਾ ਅਨੁਸਾਰ ਹੁਣ ਸੂਚਨਾ ਕੇਂਦਰ ਵਿਖੇ ਦਰਸ਼ਨਾਂ ਲਈ ਪੁੱਜਦੇ ਵੀ.ਆਈ.ਪੀ. ਤੇ ਅਸਰ ਰਸੂਖ ਰੱਖਣ ਵਾਲੇ ਸ਼ਰਧਾਲੂਆਂ ਨੂੰ ਵੀ ਸ੍ਰੀ ਲਾਚੀ ਬੇਰੀ ਵਾਲੇ ਰਸਤੇ ਦੀ ਥਾਂ ਦਰਸ਼ਨੀ ਡਿਉਢੀ ਦੇ ਖੱਬੇ ਹੱਥ ਵਾਲੇ ਤੇ ਆਮ ਤੌਰ 'ਤੇ ਬੰਦ ਰਹਿੰਦੇ ਰਸਤੇ, ਜੋ ਕਿ ਡਿਉਢੀ ਦੇ ਅੰਦਰ ਖੜੇ ਚੋਬਦਾਰ ਸਿੰਘ ਕੋਲ ਜਾ ਨਿਕਲਦਾ ਹੈ, ਉਸ ਰਾਹੀਂ ਹੋ ਕੇ ਵਿਚਕਾਰਲੀ ਸਿੰਗਲ ਲਾਈਨ ਦੁਆਰਾ ਭੇਜਿਆ ਜਾਵੇਗਾ।

ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਇਸ ਨਵੀਂ ਲਾਗੂ ਕੀਤੀ ਯੋਜਨਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਸ ਫੈਸਲੇ ਨਾਲ ਆਮ ਸ਼ਰਧਾਲੂਆਂ ਨੂੰ ਕਾਫ਼ੀ ਰਾਹਤ ਮਿਲੀ ਹੈ ਤੇ ਮੱਥਾ ਟੇਕਣ ਲਈ ਜਿੱਥੇ ਪਹਿਲਾਂ ਡੇਢ ਘੰਟੇ ਦੇ ਕਰੀਬ ਸਮਾਂ ਲੱਗਦਾ ਸੀ, ਹੁਣ ਇਕ ਘੰਟੇ ਦੇ ਕਰੀਬ ਹੀ ਲੱਗੇਗਾ।

ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਛੋਟੇ ਬੱਚਿਆਂ ਵਾਲੀਆਂ ਬੀਬੀਆਂ ਤੇ ਬਜ਼ੁਰਗਾਂ ਨੂੰ ਵੀ ਵਿਚਕਾਰਲੀ ਲਾਈਨ 'ਚ ਹੀ ਭੇਜਿਆ ਜਾਵੇਗਾ ਤਾਂ ਕਿ ਦਰਸ਼ਨ ਕਰਨ ਸਮੇਂ ਉਨ੍ਹਾਂ ਨੂੰ ਕੋਈ ਪਰੇਸ਼ਾਨੀ ਨਾ ਹੋਵੇ। ਉਨ੍ਹਾਂ ਕਿਹਾ ਕਿ ਹੁਣ ਸ੍ਰੀ ਲਾਚੀ ਬੇਰ ਵਾਲੇ ਰਸਤੇ ਦੁਆਰਾ ਹੁਣ ਕੇਵਲ ਅਪੰਗ ਸ਼ਰਧਾਲੂਆਂ ਜਾਂ ਚੱਲਣ ਤੋਂ ਅਸਮਰਥ ਤੇ ਬਜ਼ੁਰਗਾਂ ਨੂੰ ਹੀ ਭੇਜਿਆ ਜਾਵੇਗਾ। ਇਸ ਫੈਸਲੇ ਦੀ ਜਿਥੇ ਆਮ ਸ਼ਰਧਾਲੂਆਂ ਨੇ ਸ਼ਲਾਘਾ ਕੀਤੀ ਹੈ, ਉਥੇ ਇਹ ਯੋਜਨਾ ਕਿੰਨੇ ਕੁ ਦਿਨ ਲਾਗੂ ਰਹਿੰਦੀ ਹੈ, ਇਹ ਆਉਂਦੇ ਕੁਝ ਦਿਨਾਂ 'ਚ ਪਤਾ ਲੱਗੇਗਾ।

# 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੀ ਰੂਪ ਰੇਖਾ ਉਲੀਕੀ

**ਸੁਲਤਾਨਪੁਰ ਲੋਧੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸੁਲਤਾਨਪੁਰ ਲੋਧੀ ਵਿਖੇ ਸਾਰੀਆਂ ਧਿਰਾਂ ਨਾਲ ਸਾਂਝੇ ਤੌਰ 'ਤੇ ਇਕ ਹੀ ਧਾਰਮਿਕ ਸਟੇਜ ਲਗਾਈ ਜਾਵੇਗੀ ਤੇ ਸ਼੍ਰੋਮਣੀ ਕਮੇਟੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਦਿੱਤੇ ਗਏ ਆਦੇਸ਼ਾਂ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ, ਭਾਰਤ ਸਰਕਾਰ ਤੇ ਹੋਰ ਸਿੱਖ ਜਥੇਬੰਦੀਆਂ ਨਾਲ ਰਾਬਤਾ ਕਾਇਮ ਕਰੇਗੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸ਼ਤਾਬਦੀ ਸਮਾਗਮਾਂ ਸਬੰਧੀ ਬਣਾਈਆਂ ਗਈਆਂ ਵੱਖ-ਵੱਖ ਕਮੇਟੀਆਂ ਨਾਲ ਮੀਟਿੰਗਾਂ ਉਪਰੰਤ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਯਾਦਗਾਰੀ ਢੰਗ ਨਾਲ ਮਨਾਉਣ ਲਈ ਵੱਖ-ਵੱਖ ਪ੍ਰੋਗਰਾਮਾਂ ਦੀ ਰੂਪ ਰੇਖਾ ਤੌਰ 'ਤੇ ਤਿਆਰ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਸਾਰੀਆਂ ਧਿਰਾਂ ਤੇ ਸੰਗਤਾਂ ਦੇ ਸਹਿਯੋਗ ਨਾਲ ਸਾਰੇ ਸਮਾਗਮ ਕਰਵਾਏਗੀ। ਲੌਂਗੋਵਾਲ ਨੇ ਦੱਸਿਆ ਕਿ 8 ਨਵੰਬਰ ਤੋਂ 13 ਨਵੰਬਰ ਤੱਕ ਸੁਲਤਾਨਪੁਰ ਲੋਧੀ ਵਿਖੇ ਮੁੱਖ ਸਮਾਗਮਾਂ ਵਿਚ ਅੰਤਰ ਧਰਮ ਸੰਵਾਦ ਸੰਮੇਲਨ, ਸਿੱਖ ਇਸਤਰੀ ਸੰਮੇਲਨ, ਵਿਸ਼ਵ ਸਿੱਖ ਸੰਮੇਲਨ, ਸ਼ਬਦ ਵਿਚਾਰ ਤੇ ਰਾਗ ਦਰਬਾਰ, ਇਨਾਮੀ ਕਵੀ ਦਰਬਾਰ, ਸਕੂਲਾਂ ਕਾਲਜਾਂ ਦੇ ਅੰਤਰ ਢਾਡੀ ਤੇ ਕਵੀਸ਼ਰੀ ਮੁਕਾਬਲੇ ਹੋਣਗੇ।

ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ 101 ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਜਾਵੇਗਾ। ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਕੌਮਾਂਤਰੀ ਪੱਧਰ 'ਤੇ ਮਨਾਉਣ ਲਈ ਵਿਸ਼ੇਸ਼ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਮਾਗਮਾਂ ਲਈ ਸਬ ਕਮੇਟੀਆਂ ਗਠਿਤ ਕੀਤੀਆਂ ਗਈਆਂ ਹਨ। ਸ਼ਤਾਬਦੀ ਸਮਾਗਮਾਂ ਸਮੇਂ ਪੁੱਜਣ ਵਾਲੀਆਂ ਸੰਗਤਾਂ ਲਈ ਰਿਹਾਇਸ਼ ਤੇ ਲੰਗਰ ਆਦਿ ਦੇ ਪ੍ਰਬੰਧਾਂ ਨੂੰ ਅੰਤਿਮ ਰੂਪ ਦੇਣ ਲਈ ਵੀ ਸਬ ਕਮੇਟੀ ਵੀ ਬਣਾਈ ਗਈ ਹੈ।

# ਸ਼੍ਰੋਮਣੀ ਕਮੇਟੀ ਦੇ ਫਾਰਗ ਮੁਲਾਜ਼ਮਾਂ ਨੇ ਖੋਲ੍ਹਿਆ ਮੋਰਚਾ

**ਅੰਮ੍ਰਿਤਸਰ :** ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਕਾਰਜਕਾਲ ਸਮੇਂ ਰੱਖੇ ਗਏ 523 ਮੁਲਾਜ਼ਮਾਂ ਨੂੰ ਗੋਬਿੰਦ ਸਿੰਘ ਲੌਂਗੋਵਾਲ ਦੇ ਕਾਰਜਕਾਲ 'ਚ ਫਾਰਗ ਕਰ ਦਿੱਤਾ ਸੀ। ਇਨ੍ਹਾਂ ਫਾਰਗ ਕੀਤੇ ਗਏ ਮੁਲਾਜ਼ਮਾਂ ਨੇ ਮੁੜ ਨਿਯੁਕਤੀ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਅੱਗੇ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਇਕ ਸਬ ਕਮੇਟੀ ਬਣਾਈ ਗਈ ਸੀ, ਜਿਸ ਦੀ ਰਿਪੋਰਟ ਦੇ ਆਧਾਰ 'ਤੇ ਅੰਤ੍ਰਿੰਗ ਕਮੇਟੀ ਵੱਲੋਂ ਇਨ੍ਹਾਂ ਮੁਲਾਜ਼ਮਾਂ ਨੂੰ ਫਾਰਗ ਕਰ ਦਿੱਤਾ ਗਿਆ ਸੀ।

ਇਸ ਮੌਕੇ ਤਰਸੇਮ ਸਿੰਘ ਨੇ ਆਖਿਆ ਕਿ ਇਸ ਵਾਰ ਇਹ ਧਰਨਾ ਅਣਮਿਥੇ ਸਮੇਂ ਲਈ ਰੱਖਿਆ ਹੈ ਅਤੇ ਲੜੀਵਾਰ ਭੁੱਖ ਹੜਤਾਲ ਚੱਲੇਗੀ। ਜਦੋਂ ਤਕ ਨਿਯੁਕਤੀਆਂ ਦੀ ਮੰਗ ਪੂਰੀ ਨਹੀਂ ਹੁੰਦੀ, ਇਹ ਧਰਨਾ ਜਾਰੀ ਰਹੇਗਾ। ਉਸ ਨੇ ਆਖਿਆ ਕਿ ਇਕ ਸਾਲ ਪਹਿਲਾਂ 500 ਤੋਂ ਵੱਧ ਮੁਲਾਜ਼ਮਾਂ ਨੂੰ ਫਾਰਗ ਕਰ ਦਿੱਤਾ ਸੀ। ਮੁੜ ਨਿਯੁਕਤੀ ਦੀ ਮੰਗ ਨੂੰ ਲੈ ਕੇ ਉਨ੍ਹਾਂ ਕਈ ਵਾਰ ਧਰਨਾ ਦਿੱਤਾ ਹੈ ਤੇ ਹਰ ਵਾਰ ਇਹ ਭਰੋਸਾ ਦੇ ਕੇ ਧਰਨਾ ਖਤਮ ਕਰਵਾ ਦਿੱਤਾ ਗਿਆ ਕਿ ਉਨ੍ਹਾਂ ਦੀ ਨਿਯੁਕਤੀ ਦਾ ਮਾਮਲਾ ਵਿਚਾਰਿਆ ਜਾ ਰਿਹਾ ਹੈ ਪਰ ਹੁਣ ਤਕ ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਕੁਝ ਸਮਾਂ ਪਹਿਲਾਂ ਉਹ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਮਿਲੇ ਸਨ ਅਤੇ ਉਨ੍ਹਾਂ ਅਦਾਲਤ ਵਿਚ ਕੀਤੇ ਕੇਸਾਂ ਬਾਰੇ ਹਲਫੀਆ ਬਿਆਨ ਜਮ੍ਹਾਂ ਕਰਾਉਣ ਲਈ ਆਖਿਆ ਸੀ। 130 ਮੁਲਾਜ਼ਮਾਂ ਵੱਲੋਂ ਹਲਫੀਆ ਬਿਆਨ ਦਿੱਤੇ ਜਾ ਚੁੱਕੇ ਹਨ, ਪਰ ਹੁਣ ਵੀ ਕੋਈ ਕਾਰਵਾਈ ਨਹੀਂ ਹੋਈ ਹੈ।

# ਮਾਇਆਵਤੀ ਨੂੰ ਪ੍ਰਧਾਨ ਮੰਤਰੀ ਉਮੀਦਵਾਰ ਵਜੋਂ ਉਭਾਰੇਗੀ ਪੀ. ਡੀ. ਏ.

**ਚੰਡੀਗੜ੍ਹ:** ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਨੇ ਬਹੁਜਨ ਸਮਾਜ ਪਾਰਟੀ ਸੁਪਰੀਮੋ ਅਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੂੰ ਲੋਕ ਸਭਾ ਚੋਣਾਂ ਲਈ ਗੱਠਜੋੜ ਵੱਲੋਂ ਪ੍ਰਧਾਨ ਮੰਤਰੀ ਦਾ ਉਮੀਦਵਾਰ ਐਲਾਨ ਦਿੱਤਾ ਹੈ। ਇਸ ਤੋਂ ਇਲਾਵਾ ਪੀ.ਡੀ.ਏ. ਨੇ 'ਆਪ' ਤੋਂ ਅਸਤੀਫਾ ਦੇ ਚੁੱਕੇ ਗਾਇਕ ਜੱਸੀ ਜਸਰਾਜ ਨੂੰ ਲੋਕ ਸਭਾ ਹਲਕਾ ਸੰਗਰੂਰ ਤੋਂ 'ਆਪ' ਦੀ ਪੰਜਾਬ ਇਕਾਈ ਦੇ ਪ੍ਰਧਾਨ ਭਗਵੰਤ ਮਾਨ ਖਿਲਾਫ ਉਮੀਦਵਾਰ ਵਜੋਂ ਉਤਾਰਨ ਦਾ ਫੈਸਲਾ ਕੀਤਾ ਹੈ।

ਪੀ.ਡੀ.ਏ. ਵਿਚਲੀਆਂ 7 ਧਿਰਾਂ ਪੰਜਾਬ ਏਕਤਾ ਪਾਰਟੀ ਦੇ ਐਡਹਾਕ ਪ੍ਰਧਾਨ ਸੁਖਪਾਲ ਖਹਿਰਾ, ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ, ਬਸਪਾ ਪੰਜਾਬ ਦੇ ਪ੍ਰਧਾਨ ਰਛਪਾਲ ਸਿੰਘ ਰਾਜੂ, ਨਵਾਂ ਪੰਜਾਬ ਪਾਰਟੀ ਦੇ ਮੀਤ ਪ੍ਰਧਾਨ ਡਾ. ਜਗਜੀਤ ਸਿੰਘ ਚੀਮਾ, ਸੀ.ਪੀ.ਆਈ. ਦੇ ਸਕੱਤਰ ਬੰਤ ਬਰਾੜ, ਹਰਦੇਵ ਅਰਸ਼ੀ ਤੇ ਨਿਰਮਲ ਧਾਲੀਵਾਲ, ਆਰ.ਐਮ.ਪੀ.ਆਈ. ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਅਤੇ ਐਮ.ਸੀ.ਪੀ.ਆਈ. (ਯੂ) ਦੇ ਸਕੱਤਰ ਕਿਰਨਜੀਤ ਸੇਖੋਂ ਨੇ ਸਾਂਝੀ ਪ੍ਰੈੱਸ ਕਾਨਫਰੰਸ ਕਰਕੇ ਗੱਠਜੋੜ ਦਾ ਘੱਟੋ-ਘੱਟ ਸਾਂਝਾ ਪ੍ਰੋਗਰਾਮ ਰਿਲੀਜ਼ ਕੀਤਾ। ਇਸ ਮੌਕੇ ਮੋਦੀ ਸਰਕਾਰ ਦੀਆਂ ਨੀਤੀਆਂ ਵਿਰੁੱਧ ਆਵਾਜ਼ ਉਠਾਉਣ ਸਮੇਤ ਪੰਜਾਬ ਦੇ ਕਿਸਾਨਾਂ, ਡਰੱਗ ਸਮੱਸਿਆ, ਧਾਰਮਿਕ ਬੇਅਦਬੀਆਂ, ਪਾਣੀ ਦੇ ਮਸਲੇ, ਦਲਿਤਾਂ ਦੇ ਮੁੱਦੇ ਉਠਾਉਣ ਦਾ ਫੈਸਲਾ ਵੀ ਕੀਤਾ ਗਿਆ।

ਖਹਿਰਾ ਤੇ ਬੈਂਸ ਨੇ ਐਲਾਨ ਕੀਤਾ ਕਿ ਪੀ.ਡੀ.ਏ. ਮਾਇਆਵਤੀ ਨੂੰ ਪ੍ਰਧਾਨ ਮੰਤਰੀ ਉਮੀਦਵਾਰ ਵਜੋਂ ਉਭਾਰੇਗਾ। ਸੀ.ਪੀ.ਆਈ. ਦੇ ਸਕੱਤਰ ਬੰਤ ਬਰਾੜ ਅਤੇ ਆਰ.ਐਮ.ਪੀ.ਆਈ. ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਨੇ ਮੌਕੇ 'ਤੇ ਹੀ ਮਾਇਆਵਤੀ ਨੂੰ ਪੀ.ਡੀ.ਏ. ਵੱਲੋਂ ਪ੍ਰਧਾਨ ਮੰਤਰੀ ਦੇ ਉਮੀਦਵਾਰ ਵਜੋਂ ਮੰਨਣ ਦੇ ਫੈਸਲੇ ਤੋਂ ਆਪਣੇ-ਆਪ ਨੂੰ ਵੱਖ ਕਰਦਿਆਂ ਕਿਹਾ ਕਿ ਭਾਵੇਂ ਉਹ ਉਨ੍ਹਾਂ ਦਾ ਸਨਮਾਨ ਕਰਦੇ ਹਨ ਪਰ ਚੋਣਾਂ ਹੋਣ ਤੋਂ ਪਹਿਲਾਂ ਕਿਸੇ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਮੰਨਣਾ ਉਨ੍ਹਾਂ ਲਈ ਸੰਭਵ ਨਹੀਂ। ਉਨ੍ਹਾਂ ਤਰਕ ਦਿੱਤਾ ਕਿ ਉਹ ਕੌਮੀ ਪਾਰਟੀਆਂ ਨਾਲ ਸਬੰਧਤ ਹਨ ਅਤੇ ਅਜਿਹੇ ਫੈਸਲੇ ਇਸ ਮੌਕੇ ਨਹੀਂ ਲਏ ਜਾ ਸਕਦੇ। ਸੂਤਰਾਂ ਅਨੁਸਾਰ ਪੀ.ਡੀ.ਏ. ਵਿਚ ਸ਼ਾਮਲ ਹੋਣ ਤੋਂ ਪਹਿਲਾਂ ਹੀ ਬਸਪਾ ਪੰਜਾਬ ਦੇ ਪ੍ਰਧਾਨ ਰਛਪਾਲ ਰਾਜੂ ਨੇ ਸ਼ਰਤ ਰੱਖ ਦਿੱਤੀ ਸੀ ਕਿ ਮਾਇਆਵਤੀ ਨੂੰ ਲੋਕ ਸਭਾ ਚੋਣਾਂ ਵਿਚ ਪ੍ਰਧਾਨ ਮੰਤਰੀ ਦਾ ਉਮੀਦਵਾਰ ਮੰਨਣ ਦੀ ਸੂਰਤ ਵਿਚ ਹੀ ਉਹ ਗੱਠਜੋੜ ਦਾ ਹਿੱਸਾ ਬਣਨਗੇ। ਸ੍ਰੀ ਬੈਂਸ ਨੇ ਦੱਸਿਆ ਕਿ ਜੱਸੀ ਉਨ੍ਹਾਂ ਦੀ ਪਾਰਟੀ ਵਿਚ ਸ਼ਾਮਲ ਹੋ ਗਿਆ ਹੈ। ਜੱਸੀ 'ਆਪ' ਦਾ ਪੂਰਾ ਭੇਤੀ ਹੈ ਅਤੇ ਉਹ ਪਹਿਲਾਂ ਹੀ ਪਾਰਟੀ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਵਿਰੁੱਧ ਗੀਤਾਂ ਰਾਹੀਂ ਭੜਾਸ ਕੱਢਦਾ ਰਿਹਾ ਹੈ।

## ਵਿਧਾਨ ਸਭਾ ਚੋਣਾਂ 'ਚ 5 ਟਿਕਟਾਂ ਐਨ. ਆਰ. ਆਈਜ਼. ਨੂੰ ਦੇਵਾਂਗੇ: ਖਹਿਰਾ

**ਚੰਡੀਗੜ੍ਹ:** ਪੰਜਾਬ ਏਕਤਾ ਪਾਰਟੀ ਦੇ ਐਡਹਾਕ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਯੂਕੇ ਦੇ ਪਹਿਲੇ ਓਵਰਸੀਜ਼ ਐਨ.ਆਰ.ਆਈ. ਢਾਂਚੇ ਦਾ ਐਲਾਨ ਕਰਦਿਆਂ ਸਾਲ 2022 ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਹੀ ਪਰਵਾਸੀ ਪੰਜਾਬੀਆਂ ਨੂੰ ਟਿਕਟਾਂ ਵੰਡਣ ਦਾ



ਸਿਲਸਲਾ ਸ਼ੁਰੂ ਕਰ ਦਿੱਤਾ ਹੈ। ਸ੍ਰੀ ਖਹਿਰਾ ਨੇ ਐਨ.ਆਰ.ਆਈਜ਼. ਨੂੰ ਯਕੀਨ ਦਿਵਾਇਆ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਸੂਬੇ ਦੀਆਂ 3-5 ਵਿਧਾਨ ਸਭਾ ਦੀਆਂ ਸੀਟਾਂ ਪਰਵਾਸੀਆਂ ਨੂੰ ਦੇ ਕੇ ਉਨ੍ਹਾਂ ਨੂੰ ਨੁਮਾਇੰਦਗੀ ਦਿੱਤੀ ਜਾਵੇਗੀ। ਉਨ੍ਹਾਂ ਯੂ.ਕੇ ਟੀਮ ਦੀ 11 ਮੈਂਬਰੀ ਕਾਰਜਕਾਰਨੀ ਕਮੇਟੀ ਬਣਾਈ ਗਈ ਹੈ ਅਤੇ ਅਜਿਹੀਆਂ ਕਮੇਟੀਆਂ ਪੰਜਾਬੀਆਂ ਦੀ ਵਧੇਰੇ ਵਸੋਂ ਵਾਲੇ ਪੰਜ ਅਹਿਮ ਸ਼ਹਿਰਾਂ/ਕਸਬਿਆਂ ਦੀਆਂ ਬਣਾਈਆਂ ਗਈਆਂ ਹਨ।

# ਚੋਣਾਂ ਤੋਂ ਪਹਿਲਾਂ ਸੁਖਬੀਰ ਅਤੇ ਮਜੀਠੀਏ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਕੌਮੀ ਮਾਰਗ ਰੋਕਣ ਦੇ ਦੋਸ਼ਾਂ ਤਹਿਤ ਦਰਜ ਮਾਮਲਿਆਂ 'ਤੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਲੋੜੀਂਦੀ ਕਾਰਵਾਈ ਕਰਨ ਦੇ ਨਿਰਦੇਸ਼ਾਂ ਕਾਰਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਅਕਾਲੀ ਦਲ ਦੇ ਹੋਰਨਾਂ ਆਗੂਆਂ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

ਗੈਰ ਸਰਕਾਰੀ ਸੰਸਥਾ 'ਹੈਲਪ' ਦੇ ਨੁਮਾਇੰਦੇ ਪਰਵਿੰਦਰ ਸਿੰਘ ਕਿੱਤਣਾ ਅਤੇ ਹੋਰਾਂ ਨੇ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੂੰ ਪੱਤਰ ਲਿਖ ਕੇ ਪੰਜਾਬ ਪੁਲਿਸ ਵੱਲੋਂ ਦਰਜ ਐਫ.ਆਈ.ਆਰਜ਼. ਦੇ ਮਾਮਲੇ 'ਤੇ ਕਾਰਵਾਈ ਦੀ ਮੰਗ ਕੀਤੀ ਸੀ। ਦਿਲਚਸਪ ਤੱਥ ਇਹ ਹੈ ਕਿ ਸੂਚਨਾ ਅਧਿਕਾਰ ਕਾਨੂੰਨ ਤਹਿਤ ਮੰਗੀ ਗਈ ਜਾਣਕਾਰੀ ਦੌਰਾਨ ਪੰਜਾਬ ਪੁਲਿਸ ਨੇ ਕਿਹਾ ਸੀ ਕਿ ਉਕਤ ਮਾਮਲਿਆਂ ਵਿਚ ਨਾਮਜ਼ਦ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਕਾਨੂੰਨੀ ਮਾਹਿਰਾਂ ਅਤੇ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਮੁਤਾਬਕ ਕੋਈ ਵੀ ਮਾਮਲਾ ਦਰਜ ਹੋਣ ਤੋਂ ਬਾਅਦ ਪੁਲਿਸ ਵੱਲੋਂ ਲੋੜੀਂਦੀ ਤਫਤੀਸ਼ ਮਗਰੋਂ ਜਾਂ ਤਾਂ ਨਾਮਜ਼ਦ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ ਜਾਂ ਫਿਰ ਐਫ.ਆਈ.ਆਰ. ਰੱਦ ਹੋਣੀ ਚਾਹੀਦੀ ਹੈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਸਬੰਧੀ ਚੋਣ ਕਮਿਸ਼ਨ ਨੇ ਪਾਰਲੀਮਾਨੀ ਚੋਣਾਂ ਦੌਰਾਨ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ।



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਭਰ 'ਚ 12 ਦਸੰਬਰ 2017 ਨੂੰ 'ਚੱਕਾ ਜਾਮ' ਕੀਤਾ ਗਿਆ ਸੀ। ਛੋਟੇ ਬਾਦਲ ਵੱਲੋਂ ਮਾਝੇ ਦੇ ਆਗੂਆਂ, ਜਿਨ੍ਹਾਂ ਵਿਚ ਖਾਸ ਕਰਕੇ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਬਿਕਰਮ ਸਿੰਘ ਮਜੀਠੀਆ ਸ਼ਾਮਲ ਹਨ, ਸਮੇਤ ਹਰੀਕੇ ਪੁਲ 'ਤੇ ਸੜਕ ਰੋਕੀ ਗਈ ਸੀ। ਪੰਜਾਬ ਪੁਲਿਸ ਨੇ ਕਈ ਜ਼ਿਲ੍ਹਿਆਂ 'ਚ ਧਾਰਾਵਾਂ 341, 283, 431, 188,148 ਅਤੇ ਨੈਸ਼ਨਲ ਹਾਈਵੇਅ ਐਕਟ 1956 ਦੀ ਧਾਰਾ 8 ਬੀ ਤਹਿਤ ਮਾਮਲੇ ਦਰਜ ਕੀਤੇ ਸਨ। ਇਹ ਪਰਚੇ ਅੰਮ੍ਰਿਤਸਰ, ਹੁਸ਼ਿਆਰਪੁਰ, ਤਰਨ ਤਾਰਨ, ਨਵਾਂ ਸ਼ਹਿਰ, ਲੁਧਿਆਣਾ, ਪਠਾਨਕੋਟ, ਫਿਰੋਜ਼ਪੁਰ ਅਤੇ ਜਲੰਧਰ ਜ਼ਿਲ੍ਹਿਆਂ 'ਚ ਦਰਜ ਕੀਤੇ ਗਏ ਸਨ। ਸੂਤਰਾਂ ਮੁਤਾਬਕ ਇਨ੍ਹਾਂ ਮਾਮਲਿਆਂ ਵਿਚ ਹੁਣ ਤੱਕ ਕੋਈ ਵੀ ਕਾਰਵਾਈ ਨਹੀਂ ਹੋਈ ਹੈ। ਕਾਨੂੰਨੀ ਮਾਹਿਰਾਂ ਨੇ ਕਿਹਾ ਕਿ ਉਕਤ ਧਾਰਾਵਾਂ ਤਹਿਤ ਦਰਜ ਮਾਮਲਿਆਂ ਵਿਚ ਨਾਮਜ਼ਦ ਵਿਅਕਤੀਆਂ ਨੂੰ 5 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਮੁੱਖ ਚੋਣ ਅਧਿਕਾਰੀ ਡਾਕਟਰ ਐਸ ਕਰੁਣਾ ਰਾਜੂ ਵੱਲੋਂ ਵਧੀਕ ਡੀ.ਜੀ.ਪੀ. ਆਰ ਐਨ ਢੋਕੇ ਨੂੰ ਲਿਖੇ ਪੱਤਰ 'ਚ ਕਿਹਾ ਗਿਆ ਕਿ ਉਕਤ ਮਾਮਲਿਆਂ ਵਿਚ ਬਣਦੀ ਕਾਰਵਾਈ ਕੀਤੀ ਜਾਵੇ।

# ਭਗਵੰਤ ਮਾਨ ਨੇ ਸੁਖਬੀਰ ਨੂੰ ਸੰਗਰੂਰ ਤੋਂ ਚੋਣ ਲੜਨ ਲਈ ਵੰਗਾਰਿਆ

**ਸੰਗਰੂਰ:** ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੰਗਰੂਰ ਸੰਸਦੀ ਸੀਟ ਤੋਂ ਚੋਣ ਲੜਨ ਦੀ ਚੁਣੌਤੀ ਦਿੱਤੀ ਹੈ। ਸ੍ਰੀ ਮਾਨ ਕਿਹਾ ਕਿ ਉਹ 'ਆਪ' ਦੇ ਪ੍ਰਧਾਨ ਹਨ ਤੇ ਸੁਖਬੀਰ ਬਾਦਲ ਅਕਾਲੀ ਦਲ ਦੇ ਪ੍ਰਧਾਨ ਹਨ। ਦੋਵੇਂ ਪ੍ਰਧਾਨ ਜਦੋਂ ਇਕ ਦੂਜੇ ਮੁਕਾਬਲੇ ਚੋਣ ਲੜਨਗੇ ਤਾਂ ਪਤਾ ਲੱਗ ਜਾਵੇਗਾ ਕਿ ਲੋਕ ਕਿਹੜੀ ਪਾਰਟੀ ਦੇ ਪ੍ਰਧਾਨ ਨੂੰ ਪਸੰਦ ਕਰਦੇ ਹਨ।

ਸ੍ਰੀ ਮਾਨ ਨੇ ਦੋਸ਼ ਲਾਇਆ ਕਿ ਬਾਦਲ ਹਰ ਵਾਰ ਢੀਂਡਸਿਆਂ ਦੀ ਸਿਆਸੀ ਬਲੀ ਦਿੰਦੇ ਹਨ ਪਰ ਇਸ ਵਾਰ ਸੁਖਬੀਰ ਬਾਦਲ ਨੂੰ ਖੁਦ ਉਨ੍ਹਾਂ ਦੇ ਮੁਕਾਬਲੇ ਸੰਗਰੂਰ ਸੀਟ ਤੋਂ ਚੋਣ ਲੜਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਹਿਲਾਂ ਆਖਦੇ ਸਨ ਕਿ ਹਸਾਉਣ ਅਤੇ



ਗਾਉਣ ਵਾਲਿਆਂ ਨੂੰ ਕੋਈ ਵੋਟ ਦੇਣ ਨਹੀਂ ਆਉਂਦਾ ਪਰ ਸਭ ਤੋਂ ਵੱਧ ਵੋਟਾਂ ਦੀ ਲੀਡ 'ਤੇ ਉਨ੍ਹਾਂ ਨੇ ਅਕਾਲੀ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ ਨੂੰ ਹਰਾਇਆ ਸੀ। ਮਾਨ ਨੇ ਵਿਅੰਗਮਈ ਲਹਿਜੇ 'ਚ ਕਿਹਾ 'ਪਹਿਲਾਂ ਪਿਤਾ ਹਰਾਇਆ ਅਤੇ ਹੁਣ ਪੁੱਤ ਦੀ ਵਾਰੀ ਹੈ, 2019 ਦੀ ਫੁੱਲ ਤਿਆਰੀ ਐ।' ਉਨ੍ਹਾਂ ਕਿਹਾ ਕਿ ਅਕਾਲੀਆਂ ਦੀ ਉਨ੍ਹਾਂ ਨੂੰ ਹਰਾਉਣ ਦੀ ਇੱਛਾ ਪੂਰੀ ਨਹੀਂ ਹੋਵੇਗੀ।

ਸ੍ਰੀ ਮਾਨ ਨੇ ਕਿਹਾ ਕਿ ਸ਼ਰਾਬ ਛੱਡਣ ਲਈ ਉਨ੍ਹਾਂ ਨੂੰ ਬਿਕਰਮ ਸਿੰਘ ਮਜੀਠੀਆ ਤੋਂ ਸਰਟੀਫਿਕੇਟ ਲੈਣ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਰਾ ਪੰਜਾਬ ਜਾਣਦਾ ਹੈ ਕਿ ਚਿੱਟੇ ਦੇ ਦੋਸ਼ ਕਿਹੜੇ ਆਗੂ ਉਪਰ ਲੱਗੇ ਸਨ। ਮਾਨ ਨੇ ਕਿਹਾ ਕਿ ਜੇਕਰ ਸੰਸਦੀ ਚੋਣਾਂ 'ਚ ਅਕਾਲੀ ਦਲ ਨੇ ਮਜੀਠੀਆ ਨੂੰ ਸੰਗਰੂਰ ਦਾ ਇੰਚਾਰਜ ਬਣਾ ਦਿੱਤਾ ਤਾਂ ਚਿੱਟੇ ਦੇ ਵਪਾਰੀ ਪੈਦਾ ਹੋ ਜਾਣਗੇ। ਉਨ੍ਹਾਂ ਸੰਗਰੂਰ ਹਲਕੇ ਦੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਮਜੀਠੀਆ ਦੇ ਬੰਦਿਆਂ ਤੋਂ ਬਚਿਆ ਜਾਵੇ। ਉਨ੍ਹਾਂ ਕਿਹਾ ਕਿ ਹੁਣ ਪਰਮਿੰਦਰ ਸਿੰਘ ਢੀਂਡਸਾ ਨੂੰ ਵੀ ਸੁਪਨੇ ਵਿਚ ਜਿੱਤ ਵਿਖਾਈ ਦੇਣ ਲੱਗੀ ਹੈ।

## ਮਜੀਠੀਆ ਨੇ ਜਾਖੜ ਨੂੰ ਫਿਰੋਜ਼ਪੁਰ ਤੋਂ ਚੋਣ ਲੜਨ ਦੀ ਚੁਣੌਤੀ ਦਿੱਤੀ

**ਫਿਰੋਜ਼ਪੁਰ:** ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅਕਾਲੀ ਦਲ ਵੱਲੋਂ 'ਨਵੀਂ ਜੋਸ਼, ਨਵੀਂ ਸੋਚ' ਦੇ ਨਾਅਰੇ ਤਹਿਤ ਰੈਲੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਬਿਕਰਮ ਸਿੰਘ ਮਜੀਠੀਆ ਨੇ ਛਾਉਣੀ ਸਥਿਤ ਅਨਾਜ ਮੰਡੀ ਤੇ ਗੁਰੂਹਰਸਹਾਏ ਵਿਚ ਰੈਲੀਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੂੰ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਸੁਖਬੀਰ ਬਾਦਲ ਖਿਲਾਫ ਚੋਣ ਲੜਨ ਦੀ ਚੁਣੌਤੀ ਦਿੱਤੀ। ਹਾਲਾਂਕਿ ਅਕਾਲੀ ਦਲ ਵੱਲੋਂ ਅਜੇ ਤੱਕ ਫਿਰੋਜ਼ਪੁਰ ਹਲਕੇ ਤੋਂ ਕਿਸੇ ਉਮੀਦਵਾਰ ਦੇ ਨਾਮ ਦਾ ਐਲਾਨ ਨਹੀਂ ਕੀਤਾ ਗਿਆ। ਮਜੀਠੀਆ ਨੇ ਕਿਹਾ ਕਿ ਕਾਂਗਰਸ ਨੇ ਪਿਛਲੀਆਂ ਚੋਣਾਂ ਵਿਚ ਲੋਕਾਂ ਨਾਲ ਕੀਤੇ ਕਿਸੇ ਵੀ ਵਾਅਦੇ ਨੂੰ ਪੂਰਾ ਨਹੀਂ ਕੀਤਾ।

## ਗਿਆਰ੍ਹਵੀਂ 'ਚੋਂ ਫੇਲ੍ਹ ਹੋਣ 'ਤੇ ਵਿਦਿਆਰਥੀ ਵੱਲੋਂ ਖੁਦਕੁਸ਼ੀ

**ਬਰਨਾਲਾ:** ਗਿਆਰ੍ਹਵੀਂ ਜਮਾਤ 'ਚੋਂ ਫੇਲ ਹੋ ਜਾਣ ਕਾਰਨ ਵਿਦਿਆਰਥੀ ਨੇ ਆਪਣੇ ਘਰ 'ਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਮਨਪ੍ਰੀਤ ਸਿੰਘ (16) ਪੁੱਤਰ ਹਾਕਮ ਸਿੰਘ ਵਾਸੀ ਬਾਬਾ ਅਜੀਤ ਸਿੰਘ ਨਗਰ ਜੀਰੋ ਪੁਆਇੰਟ ਠੀਕਰੀਵਾਲਾ ਰੋਡ ਬਰਨਾਲਾ ਕੇਂਦਰੀਆ ਵਿਦਿਆਲਿਆ ਸਕੂਲ ਏਅਰ ਫੋਰਸ ਸਟੇਸ਼ਨ ਬਰਨਾਲਾ ਵਿਖੇ 11ਵੀਂ ਜਮਾਤ ਦਾ ਵਿਦਿਆਰਥੀ ਸੀ। ਉਹ ਆਪਣੇ ਸਾਲਾਨਾ ਪ੍ਰੀਖਿਆ ਦੇ ਨਤੀਜੇ 'ਚੋਂ ਫੇਲ ਹੋ ਜਾਣ ਕਾਰਨ ਮਾਨਸਿਕ ਤੌਰ 'ਤੇ ਪਰੇਸ਼ਾਨ ਸੀ।

ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਗੁਰਦੁਆਰਾ ਸਾਹਿਬ ਨਤਮਸਤਕ ਹੋਣ ਗਏ ਸਨ। ਮਨਪ੍ਰੀਤ ਸਿੰਘ ਘਰ 'ਚ ਇਕੱਲਾ ਹੋਣ ਕਾਰਨ ਕਮਰੇ ਅੰਦਰ ਆਪਣੇ-ਆਪ ਨੂੰ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਜਦ ਪਰਿਵਾਰਕ ਮੈਂਬਰ ਵਾਪਸ ਆਏ ਤਾਂ ਉਨ੍ਹਾਂ ਮਨਪ੍ਰੀਤ ਸਿੰਘ ਨੂੰ ਫਾਹੇ ਵਾਲੀ ਜਗ੍ਹਾ ਤੋਂ ਉਤਾਰ ਕੇ ਸਿਵਲ ਹਸਪਤਾਲ ਬਰਨਾਲਾ ਵਿਖੇ ਲਿਆਂਦਾ ਗਿਆ। ਜਿੱਥੇ ਡਾਕਟਰਾਂ ਨੇ ਮ੍ਰਿਤਕ ਕਰਾਰ ਦੇ ਦਿੱਤਾ।

# ਹਮਾਇਤ ਮੰਗਣ ਗਏ ਅਕਾਲੀਆਂ ਨੂੰ ਸੁਣਾਈਆਂ ਖਰੀਆਂ-ਖਰੀਆਂ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਪਰਿਵਾਰ ਕੋਲੋਂ ਲੋਕ ਸਭਾ ਚੋਣਾਂ ਵਿਚ ਮਦਦ ਮੰਗਣ ਗਏ ਪਾਰਟੀ ਦੇ ਉਮੀਦਵਾਰ ਚਰਨਜੀਤ ਸਿੰਘ ਅਟਵਾਲ ਅਤੇ ਉਨ੍ਹਾਂ ਦੇ ਨਾਲ ਗਏ ਆਗੂਆਂ ਨੂੰ ਖਰੀਆਂ-ਖਰੀਆਂ ਸੁਣਨੀਆਂ ਪਈਆਂ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ ਨੇ ਕਿਹਾ ਕਿ ਲੋਕ ਸਭਾ ਦੇ ਉਮੀਦਵਾਰ ਚਰਨਜੀਤ ਸਿੰਘ ਅਟਵਾਲ, ਸਰਬਜੀਤ ਸਿੰਘ ਮੱਕੜ ਅਤੇ ਇੰਦਰਇਕਬਾਲ ਸਿੰਘ ਅਟਵਾਲ ਵੱਖ-ਵੱਖ ਸਮਿਆਂ 'ਤੇ ਉਨ੍ਹਾਂ ਦੇ ਘਰ ਆਏ ਸਨ। ਲੋਕ ਸਭਾ ਚੋਣਾਂ ਵਿਚ ਮਦਦ ਮੰਗਣ ਲਈ ਇਨ੍ਹਾਂ ਆਗੂਆਂ ਨੇ ਕਿਹਾ ਸੀ। ਇਸ ਮੌਕੇ ਇੰਗਲੈਂਡ ਦੇ ਨਾਮੀ ਪਰਵਾਸੀ ਪੰਜਾਬੀ ਰਾਜਿੰਦਰ ਸਿੰਘ ਪੁਰੇਵਾਲ ਵੀ ਹਾਜ਼ਰ ਸਨ।

ਪਰਮਿੰਦਰਪਾਲ ਸਿੰਘ ਖਾਲਸਾ ਨੇ ਦਾਅਵਾ ਕੀਤਾ ਕਿ ਇਨ੍ਹਾਂ ਆਗੂਆਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਇਕ ਹੋਟਲ ਵਿਚ ਮੀਟਿੰਗ ਕਰਵਾਉਣ ਲਈ ਕਿਹਾ ਸੀ। ਪਰਮਿੰਦਰਪਾਲ ਸਿੰਘ ਖਾਲਸਾ ਨੇ ਸਪੱਸ਼ਟ ਕੀਤਾ ਕਿ ਸਾਲ 2015 ਵਿਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਤਾਂ ਮੁੱਖ ਮੰਤਰੀ ਹੁੰਦਿਆਂ ਹੋਇਆਂ ਨਾ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਕੁਝ ਕੀਤਾ ਤੇ ਨਾ ਹੀ ਗ੍ਰਹਿ ਮੰਤਰੀ ਹੁੰਦਿਆਂ ਹੋਇਆਂ ਸੁਖਬੀਰ ਸਿੰਘ ਬਾਦਲ ਨੇ ਕੁਝ ਕੀਤਾ। ਉਲਟਾ ਡੇਰਾ ਮੁਖੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੁਆਫੀ ਦੇ ਦਿੱਤੀ। ਉਨ੍ਹਾਂ ਕਿਹਾ ਕਿ ਅਜੇ ਤਾਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਨਕੋਦਰ ਬੇਅਦਬੀ ਕਾਂਡ ਵਿਚ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਬਾਰੇ ਵੀ ਹਿਸਾਬ ਦੇਣਾ ਪੈਣਾ ਹੈ।

ਪਰਮਿੰਦਰ ਸਿੰਘ ਖਾਲਸਾ ਨੇ ਇਨ੍ਹਾਂ ਆਗੂਆਂ ਨੂੰ ਸਵਾਲ ਵੀ ਕੀਤਾ ਕਿ ਪੰਜਾਬ ਤੇ ਪੰਥ ਦੀ ਦੁਸ਼ਮਣ ਜਮਾਤ ਭਾਜਪਾ ਤੇ ਆਰ.ਐਸ.ਐਸ. ਦਾ ਸਾਥ ਬਾਦਲ ਪਰਿਵਾਰ ਛੱਡ ਸਕਦਾ ਹੈ। ਬਾਦਲਾਂ ਵੱਲੋਂ ਹਰ ਵਾਰ ਚੋਣਾਂ ਜਿੱਤਣ ਬਾਅਦ ਪੰਜਾਬ ਅਤੇ ਪੰਥ ਦੀਆਂ ਹੱਕੀ ਮੰਗਾਂ ਨੂੰ ਭੁੱਲਣਾ, ਸਿੱਖ ਨੌਜਵਾਨਾਂ ਦੀ ਰਿਹਾਈ ਨਾ ਕਰਨਾ ਅਤੇ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਨੂੰ ਨਿੱਜੀ ਜਾਇਦਾਦ ਵਾਂਗ ਵਰਤਣਾ ਅਜਿਹੀਆਂ ਗਲਤੀਆਂ ਹਨ ਜਿਸ ਨੂੰ ਸਿੱਖ ਪੰਥ ਮੁਆਫ ਨਹੀਂ ਕਰ ਸਕਦਾ। ਸ੍ਰੀ ਖਾਲਸਾ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਬਾਦਲ ਪਰਿਵਾਰ ਸੱਚੇ ਮਨੋਂ ਪੰਥ ਤੋਂ ਮੁਆਫੀ ਮੰਗੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਭੇਤ ਖੋਲ੍ਹੇ ਕਿ ਇਸ ਦੇ ਅਸਲ ਕਸੂਰਵਾਰ ਤੇ ਗੋਲੀ ਚਲਾਉਣ ਵਾਲੇ ਕੌਣ ਹਨ? ਤੇ ਪੰਥਕ ਇਕੱਠ ਬੁਲਾ ਕੇ ਭਾਜਪਾ ਨਾਲ ਰਾਜਨੀਤਿਕ ਸਾਂਝ ਤੋੜੇ। ਅਨੰਦਪੁਰ ਦੇ ਮਤੇ ਦੀ ਤਰਜ਼ 'ਤੇ ਪੰਜਾਬ ਦਾ ਐਲਾਨਨਾਮਾ ਜਾਰੀ ਕਰੇ, ਜੋ ਪੰਜਾਬ ਦੇ ਵੱਧ ਅਧਿਕਾਰਾਂ ਦੀ ਪੈਰਵੀ ਕਰੇ।

# ਇਤਿਹਾਸਕ ਦਰਸ਼ਨੀ ਡਿਉਢੀ ਢਾਹੁਣ ਦਾ ਮਾਮਲਾ ਭਖਿਆ

**ਤਰਨ ਤਾਰਨ:** ਸ੍ਰੀ ਦਰਬਾਰ ਸਾਹਿਬ ਵਿਖੇ ਸਥਿਤੀ ਉਸ ਵੇਲੇ ਤਣਾਅ ਵਾਲੀ ਬਣ ਗਈ, ਜਦੋਂ ਗੁਰਧਾਮਾਂ ਦੀ ਕਾਰ ਸੇਵਾ ਕਰਦੀ ਇਥੋਂ ਦੀ ਗੋਇੰਦਵਾਲ ਸਾਹਿਬ ਸਥਿਤ ਸੰਪਰਦਾ ਡੇਰਾ ਬਾਬਾ ਜੀਵਨ ਸਿੰਘ ਦੇ ਮੁਖੀ ਬਾਬਾ ਜਗਤਾਰ ਸਿੰਘ ਦੇ ਸੇਵਾਦਾਰਾਂ ਨੇ ਦਰਬਾਰ ਸਾਹਿਬ ਦੀ ਸਦੀਆਂ ਪੁਰਾਣੀ ਇਤਿਹਾਸਕ ਦਰਸ਼ਨੀ ਡਿਉਢੀ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ।

ਸਦੀਆਂ ਪੁਰਾਣੀ ਇਸ ਦਰਸ਼ਨੀ ਡਿਉਢੀ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਜੁੜੀਆਂ ਹੋਣ ਕਰਕੇ ਰੋਹ ਵਿਚ ਆਈ ਸਿੱਖ ਸੰਗਤ ਨੇ ਇਸ ਕਾਰਵਾਈ ਦਾ ਵਿਰੋਧ ਕੀਤਾ, ਜਿਸ ਦੌਰਾਨ ਦੋਹਾਂ ਧਿਰਾਂ ਵਿਚਾਲੇ ਹੱਥੋ-ਪਾਈ ਹੋ ਗਈ। ਥਾਣਾ ਸਿਟੀ ਦੀ ਪੁਲਿਸ ਨੇ ਸਥਿਤੀ ਨੂੰ ਸ਼ਾਂਤ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਘਟਨਾ ਦਾ ਸਖਤ ਨੋਟਿਸ ਲੈਂਦਿਆਂ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਪ੍ਰਤਾਪ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਨੇ ਕਾਰ ਸੇਵਾ ਵਾਲੇ ਬਾਬਾ ਜਗਤਾਰ ਸਿੰਘ ਕੋਲੋਂ ਦਰਬਾਰ ਸਾਹਿਬ ਦੀਆਂ ਕਾਰ ਸੇਵਾਵਾਂ ਵਾਪਸ ਲੈ ਲਈਆਂ ਹਨ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਮੇਟੀ ਦੇ ਸੀਨੀਅਰ ਅਧਿਕਾਰੀਆਂ ਤੇ ਇਲਾਕੇ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਆ ਕੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਇਸ ਘਟਨਾ ਦੀ ਜਾਂਚ ਕਰਨ ਲਈ ਤਿੰਨ ਮੈਂਬਰੀ ਕਮੇਟੀ ਕਾਇਮ ਕੀਤੀ ਗਈ ਹੈ, ਜਿਸ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਭਗਵੰਤ ਸਿੰਘ ਸਿਆਲਕਾ, ਭਾਈ ਰਾਮ ਸਿੰਘ ਤੇ ਗੁਰਮੀਤ ਸਿੰਘ ਬੂਹ ਨੂੰ ਸ਼ਾਮਲ ਕੀਤਾ ਗਿਆ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਡਿਉਢੀ ਬਿਨਾਂ ਆਗਿਆ ਤੋਂ ਢਾਹੀ ਗਈ ਹੈ। ਉਨ੍ਹਾਂ ਇਸ ਘਟਨਾ ਲਈ ਗੁਰਦੁਆਰੇ ਦੇ ਮੈਨੇਜਰ ਪ੍ਰਤਾਪ ਸਿੰਘ ਨੂੰ ਕਸੂਰਵਾਰ ਦੱਸਿਆ। ਉਨ੍ਹਾਂ ਆਖਿਆ ਕਿ ਮੈਨੇਜਰ ਦੀ ਇਸ ਆਪਹੁਦਰੀ ਕਾਰਵਾਈ ਦੀ ਜਾਂਚ ਕਰਵਾਈ ਜਾਵੇਗੀ।

ਜਾਣਕਾਰੀ ਅਨੁਸਾਰ ਜਿਉਂ ਹੀ ਰਾਤ ਵੇਲੇ ਕਾਰ ਸੇਵਾ ਵਾਲਿਆਂ ਨੇ ਇਸ ਦਰਸ਼ਨੀ ਡਿਉਢੀ ਨੂੰ ਢਾਹੁਣਾ ਸ਼ੁਰੂ ਕੀਤਾ ਤਾਂ ਮੌਕੇ 'ਤੇ ਬੀਰ ਖਾਲਸਾ ਦਲ ਦੇ ਵਰਕਰ ਅਤੇ ਸਿੱਖ ਸੰਗਤਾਂ ਕੰਵਲਜੀਤ ਸਿੰਘ ਪ੍ਰਿੰਸ ਦੀ ਅਗਵਾਈ ਹੇਠ ਪੁੱਜ ਗਈਆਂ ਤੇ ਡਿਉਢੀ ਨੂੰ ਢਾਹੁਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਇਸ 'ਤੇ ਦੋਹਾਂ ਧਿਰਾਂ ਵਿਚਾਲੇ ਤਕਰਾਰ ਹੋ ਗਿਆ। ਕੰਵਲਜੀਤ ਸਿੰਘ ਨੇ ਕਿਹਾ ਕਿ ਕਾਰ ਸੇਵਾ ਵਾਲਿਆਂ ਨੇ ਸੰਗਤਾਂ ਦੀ ਖਿੱਚ-ਧੂਹ ਕੀਤੀ। ਸ਼੍ਰੋਮਣੀ ਕਮੇਟੀ ਨੇ ਕਾਰ ਸੇਵਾ ਸੰਪਰਦਾ ਨੂੰ ਦਰਬਾਰ ਸਾਹਿਬ ਦੇ ਅੰਦਰ ਦਿੱਤੇ ਕਮਰੇ ਬੰਦ ਕਰਵਾ ਦਿੱਤੇ ਹਨ ਅਤੇ ਉਨ੍ਹਾਂ ਦੀਆਂ ਦਰਬਾਰ ਸਾਹਿਬ ਅੰਦਰ ਰੱਖੀਆਂ ਗੋਲਕਾਂ ਆਪਣੇ ਕਬਜ਼ੇ ਵਿਚ ਲੈ ਲਈਆਂ ਹਨ। ਬਾਬਾ ਜਗਤਾਰ ਸਿੰਘ ਦੇ ਡੇਰੇ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਹਨ ਅਤੇ ਉਨ੍ਹਾਂ ਦੇ ਸਾਰੇ ਅਹੁਦੇਦਾਰਾਂ ਦੇ ਮੋਬਾਈਲ ਵੀ ਬੰਦ ਹਨ। ਇਸ ਘਟਨਾ ਖਿਲਾਫ ਇਲਾਕੇ ਭਰ ਦੀਆਂ ਸਿੱਖ ਸੰਗਤਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਇਸ ਘਟਨਾ ਸਬੰਧੀ ਸੂਬਾ ਅਤੇ ਕੇਂਦਰ ਸਰਕਾਰ ਦੀਆਂ ਸੂਹੀਆ ਏਜੰਸੀਆਂ ਵੱਖ ਵੱਖ ਧਿਰਾਂ ਨਾਲ ਰਾਬਤਾ ਕਾਇਮ ਕਰ ਰਹੀਆਂ ਹਨ।

### ਦਰਸ਼ਨੀ ਡਿਉਢੀ ਮੁੜ ਸੰਭਾਲੀ ਜਾਵੇਗੀ: ਲੌਂਗੋਵਾਲ

ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਮਾਮਲੇ ਦੀ ਗੰਭੀਰਤਾ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਉਚ ਅਧਿਕਾਰੀਆਂ ਨਾਲ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਆ ਕੇ ਖੁਦ ਮੌਕਾ ਦੇਖਿਆ। ਉਨ੍ਹਾਂ ਦਰਸ਼ਨੀ ਡਿਉਢੀ ਨੂੰ ਮੁੜ ਪਹਿਲਾਂ ਦੀ ਤਰ੍ਹਾਂ ਸੁਰੱਖਿਅਤ ਕਰਨ ਤੇ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਤਕਨੀਕੀ ਮਾਹਿਰਾਂ ਦੀ ਨਿਗਰਾਨੀ 'ਚ ਦਰਸ਼ਨੀ ਡਿਉੜੀ ਦੀ ਮੁੜ ਮੁਰੰਮਤ ਕਰਵਾਏਗੀ। ਬਾਬਾ ਜਗਤਾਰ ਸਿੰਘ ਪਾਸੋਂ ਗੁਰਦੁਆਰਾ ਸਾਹਿਬ ਦੀਆਂ ਸਾਰੀਆਂ ਸੇਵਾਵਾਂ ਵਾਪਸ ਲੈ ਲਈਆਂ ਗਈਆਂ ਹਨ ਤੇ ਸਰਾਂ 'ਚ ਬਾਬੇ ਦੇ ਪੈਰੋਕਾਰਾਂ ਵੱਲੋਂ ਮੱਲੇ ਗਏ ਕਮਰੇ ਵੀ ਖਾਲੀ ਕਰਵਾ ਲਏ ਗਏ ਹਨ।

# ਕਰਤਾਰਪੁਰ ਲਾਂਘੇ ਬਾਰੇ ਭਾਰਤੀ ਰਵੱਈਏ ਤੋਂ ਪਾਕਿਸਤਾਨ ਖਫਾ

**ਅੰਮ੍ਰਿਤਸਰ:** ਪਾਕਿਸਤਾਨ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਭਾਰਤ ਨਾਲ 2 ਅਪਰੈਲ ਨੂੰ ਹੋਣ ਵਾਲੀ ਬੈਠਕ 'ਚ ਖਾਲਿਸਤਾਨ ਪੱਖੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਸ਼ਾਮਲ ਕੀਤੇ ਜਾਣ ਦੇ ਵਿਰੋਧ 'ਚ ਭਾਰਤ ਵੱਲੋਂ ਫਿਲਹਾਲ ਬੈਠਕ ਟਾਲਣ ਦੇ ਐਲਾਨ ਬਾਰੇ ਪਾਕਿਸਤਾਨ ਦੇ ਵਿਦੇਸ਼



ਮੰਤਰਾਲੇ ਦੇ ਬੁਲਾਰੇ ਡਾ. ਮੁਹੰਮਦ ਫੈਸਲ ਨੇ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਪ੍ਰਸਤਾਵਿਤ ਬੈਠਕ ਨੂੰ ਲੈ ਕੇ ਭਾਰਤ ਵੱਲੋਂ ਲਿਆ ਗਿਆ ਫੈਸਲਾ ਸਮਝ ਤੋਂ ਬਾਹਰ ਹੈ ਤੇ ਪਾਕਿਸਤਾਨ ਨਾਲ ਸਲਾਹ ਕੀਤੇ ਬਿਨਾਂ ਇਸ ਬੈਠਕ ਨੂੰ ਇਕਤਰਫਾ ਰੱਦ ਕਰਨਾ ਮੰਦਭਾਗਾ ਹੈ।

ਬੀਤੇ ਦਿਨੀਂ ਪਾਕਿਸਤਾਨ ਦੇ ਸੂਚਨਾ ਮੰਤਰੀ ਫ਼ਵਾਦ ਹੁਸੈਨ ਨੇ ਇਕ ਪ੍ਰੈਸ ਕਾਨਫਰੰਸ 'ਚ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.) ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੁਰਾਣੇ ਚੱਲੇ ਆ ਰਹੇ ਨਿਯਮਾਂ 'ਚ ਤਬਦੀਲੀ ਕਰਨ ਹਿਤ ਨਵੀਂ ਨੀਤੀ ਬਣਾਏ ਜਾਣ ਬਾਰੇ ਗੱਲ ਕਰਦਿਆਂ ਗੁਰਦੁਆਰਾ ਕਮੇਟੀ ਦੇ ਨਵੇਂ ਮੈਂਬਰਾਂ ਬਿਸ਼ਨ ਸਿੰਘ, ਤਾਰਾ ਸਿੰਘ, ਸਾਹਿਬ ਸਿੰਘ, ਮਨਿੰਦਰ ਸਿੰਘ, ਮਹਿੰਦਰਪਾਲ ਸਿੰਘ (ਐਮ.ਪੀ.ਏ.), ਭਗਤ ਸਿੰਘ, ਗੋਪਾਲ ਸਿੰਘ ਚਾਵਲਾ, ਕੁਲਜੀਤ ਸਿੰਘ, ਸੰਤੋਖ ਸਿੰਘ ਅਤੇ ਸ਼ਮਸ਼ੇਰ ਸਿੰਘ ਦੇ ਨਾਂ ਦਾ ਐਲਾਨ ਕੀਤਾ ਸੀ।

ਸੂਚਨਾ ਮੰਤਰੀ ਨੇ ਉਕਤ ਐਲਾਨ ਕਰਦਿਆਂ ਇਹ ਵੀ ਕਿਹਾ ਸੀ ਕਿ ਪਾਕਿਸਤਾਨ ਵਲੋਂ ਨਵੰਬਰ ਮਹੀਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੇ ਨਾਲ-ਨਾਲ ਵੱਡੇ ਪੱਧਰ 'ਤੇ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਇਆ ਜਾਣਾ ਹੈ ਅਤੇ ਇਨ੍ਹਾਂ ਸਮਾਰੋਹਾਂ ਦੀਆਂ ਤਿਆਰੀਆਂ ਦੇ ਪ੍ਰਬੰਧਾਂ 'ਚ ਪਾਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਸ ਨਵੀਂ 10 ਮੈਂਬਰੀ ਕਮੇਟੀ ਦੀ ਵਿਸ਼ੇਸ਼ ਭੂਮਿਕਾ ਰਹੇਗੀ। ਭਾਰਤ ਨੇ ਲਾਂਘੇ ਬਾਰੇ ਉਕਤ ਕਮੇਟੀ 'ਚ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਦੇ ਨਿਵਾਸੀ ਖਾਲਿਸਤਾਨ ਪੱਖੀ ਵਿਚਾਰਧਾਰਾ ਵਾਲੇ ਗੋਪਾਲ ਸਿੰਘ ਚਾਵਲਾ ਦੀ ਨਿਯੁਕਤੀ 'ਤੇ ਚਿੰਤਾ ਜ਼ਾਹਿਰ ਕਰਦਿਆਂ ਇਸ ਸਬੰਧੀ ਪਾਕਿ ਪਾਸੋਂ ਸਪੱਸ਼ਟੀਕਰਨ ਵੀ ਮੰਗਿਆ ਹੈ।

ਇਸ ਤੋਂ ਪਹਿਲਾਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਅਟਾਰੀ ਵਿਖੇ 14 ਮਾਰਚ ਨੂੰ ਹੋਈ ਬੈਠਕ 'ਚ ਭਾਵੇਂ ਦੋਵਾਂ ਮੁਲਕਾਂ ਵਿਚਾਲੇ ਲਾਂਘੇ ਬਾਰੇ ਕਾਫ਼ੀ ਨੁਕਤਿਆਂ 'ਤੇ ਸਹਿਮਤੀ ਬਣ ਗਈ ਸੀ, ਪਰ ਕੁਝ ਮੁੱਦਿਆਂ 'ਤੇ ਦੋਵਾਂ ਮੁਲਕਾਂ ਵਿਚਕਾਰ ਸਮਝੌਤਾ ਨਹੀਂ ਹੋ ਸਕਿਆ ਸੀ।

ਪ੍ਰਾਪਤ ਵੇਰਵਿਆਂ ਅਨੁਸਾਰ ਪਾਕਿਸਤਾਨ ਦਾ ਕਹਿਣਾ ਸੀ ਕਿ ਭਾਰਤ ਦੇ ਸਭ ਨਾਗਰਿਕ ਨਹੀਂ ਸਗੋਂ ਸਿਰਫ਼ ਸਿੱਖ ਭਾਈਚਾਰੇ ਦੇ ਲੋਕ ਹੀ ਇਸ ਲਾਂਘੇ ਦੀ ਮਾਰਫ਼ਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕਣਗੇ, ਜਦਕਿ ਭਾਰਤ ਦਾ ਕਹਿਣਾ ਸੀ ਕਿ ਹਰ ਧਰਮ ਦੇ ਲੋਕਾਂ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਦੀ ਖੁੱਲ੍ਹ ਹੋਵੇ।

ਇਸ ਦੇ ਇਲਾਵਾ ਭਾਰਤ ਵਲੋਂ ਪਾਕਿਸਤਾਨ ਦੀ ਵੀਜ਼ਾ ਫ਼ੀਸ ਲੈਣ ਦੀ ਸ਼ਰਤ ਨੂੰ ਵੀ ਨਕਾਰਿਆ ਗਿਆ। ਭਾਰਤ ਚਾਹੁੰਦਾ ਹੈ ਕਿ ਪ੍ਰਤੀ ਦਿਨ 5000 ਯਾਤਰੀਆਂ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਦੀ ਮਨਜ਼ੂਰੀ ਹੋਵੇ ਅਤੇ ਵਿਸਾਖੀ ਤੇ ਹੋਰਨਾਂ ਦਿਨ ਤਿਉਹਾਰਾਂ ਮੌਕੇ ਇਹ ਗਿਣਤੀ 15 ਹਜ਼ਾਰ ਤੱਕ ਨਿਸ਼ਚਿਤ ਕੀਤੀ ਜਾਵੇ, ਜਦਕਿ ਪਾਕਿਸਤਾਨ ਨੇ ਪ੍ਰਤੀ ਦਿਨ ਸਿਰਫ਼ 700 ਸ਼ਰਧਾਲੂਆਂ ਨੂੰ ਦਰਸ਼ਨ ਕਰਨ ਦੀ ਮਨਜ਼ੂਰੀ ਦੇਣ ਬਾਰੇ ਗੱਲ ਕਹੀ ਹੈ। ਕੁਝ ਹੋਰਨਾਂ ਸ਼ਰਤਾਂ ਸਮੇਤ ਭਾਰਤ ਵਲੋਂ ਉਕਤ ਬੈਠਕ 'ਚ ਇਹ ਵੀ ਕਿਹਾ ਗਿਆ ਸੀ ਕਿ ਪਾਕਿਸਤਾਨ ਗੁਰਦੁਆਰਾ ਸਾਹਿਬ ਦੇ ਨਾਂ ਮਹਾਰਾਜਾ ਰਣਜੀਤ ਸਿੰਘ ਤੇ ਕੁੱਝ ਹੋਰ ਸ਼ਰਧਾਲੂਆਂ ਵਲੋਂ ਲਗਾਈ 100 ਏਕੜ ਭੂਮੀ ਦੀ ਵਰਤੋਂ ਨਾ ਕਰੇ ਤੇ ਇਸ ਨੂੰ ਸ੍ਰੀ ਕਰਤਾਰਪੁਰ ਸਾਹਿਬ ਟਰੱਸਟ 'ਚ ਸੁਰੱਖਿਅਤ ਰੱਖਿਆ ਜਾਵੇ, ਪਰ ਪਾਕਿਸਤਾਨ ਵਲੋਂ ਹੋਰਨਾਂ ਸ਼ਰਤਾਂ ਸਣੇ ਇਸ ਨੂੰ ਵੀ ਨਕਾਰ ਦਿੱਤਾ ਗਿਆ ਸੀ।

### 10 ਅਪਰੈਲ ਤੋਂ 24 ਘੰਟੇ ਸ਼ੁਰੂ ਹੋ ਜਾਵੇਗਾ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡਾ

**ਚੰਡੀਗੜ੍ਹ:** ਆਉਂਦੀ 10 ਅਪਰੈਲ ਤੋਂ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡਾ 24 ਘੰਟੇ ਚੱਲਣਾ ਸ਼ੁਰੂ ਹੋ ਜਾਵੇਗਾ। ਇਹ ਜਾਣਕਾਰੀ ਏਅਰ ਪੋਰਟ ਅਥਾਰਿਟੀ ਆਫ ਇੰਡੀਆ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਸਬੰਧਤ ਮਾਮਲੇ ਦੀ




ਸੁਣਵਾਈ ਦੌਰਾਨ ਦਿੱਤੀ।

ਵਧੀਕ ਸਾਲੀਸਿਟਰ ਜਨਰਲ ਚੇਤਨ ਮਿੱਤਲ ਨੇ ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਦੀ ਬੈਂਚ ਨੂੰ ਜਾਣੂੰ ਕਰਵਾਇਆ ਕਿ ਕੈਟ-2 ਲਾਈਟਾਂ ਦਾ ਕੰਮ 9 ਅਪਰੈਲ ਤੱਕ ਮੁਕੰਮਲ ਹੋ ਜਾਵੇਗਾ ਤੇ 10 ਅਪਰੈਲ ਨੂੰ ਹਵਾਈ ਅੱਡਾ ਤੋਂ 24 ਘੰਟੇ ਉਡਾਣਾਂ ਚੜ੍ਹਨ ਦੀ ਸਹੂਲਤ ਸ਼ੁਰੂ ਹੋ ਜਾਵੇਗੀ। ਇਹ ਜਾਣਕਾਰੀ ਵੀ ਦਿੱਤੀ ਕਿ ਕੈਟ-3 ਲਾਈਟਾਂ ਦਾ ਕੰਮ ਜੁਲਾਈ ਦੇ ਅਖੀਰ ਤੱਕ ਮੁਕੰਮਲ ਕਰ ਲਿਆ ਜਾਵੇਗਾ ਜਿਸ ਨਾਲ ਇਸੇ ਸਾਲ ਠੰਢ ਦੇ ਮੌਸਮ 'ਚ ਧੁੰਦ ਕਾਰਨ ਉਡਾਣਾਂ ਚੜ੍ਹਨ ਤੇ ਉੱਤਰਨ 'ਚ ਕੋਈ ਔਕੜ ਨਹੀਂ ਆਵੇਗੀ ਤੇ ਏਅਰਪੋਰਟ ਨਿਰਵਿਘਨ ਚੱਲ ਸਕੇਗਾ।

# ਜਾਂਚ ਰਿਪੋਰਟ ਲਾਗੂ ਹੁੰਦੀ ਤਾਂ ਦੁੱਧ ਦਾ ਦੁੱਧ ਹੋ ਜਾਣਾ ਸੀ: ਜਸਟਿਸ ਜੋਰਾ ਸਿੰਘ

**ਜਲੰਧਰ:** ਆਮ ਆਦਮੀ ਪਾਰਟੀ ਦੇ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਪਹਿਲੀ ਵਾਰ ਜਲੰਧਰ ਆਏ ਸੇਵਾਮੁਕਤ ਜਸਟਿਸ ਜੋਰਾ ਸਿੰਘ ਨੇ ਬਰਗਾੜੀ ਵਿਚ ਹੋਈ ਬੇਅਦਬੀ, ਬਹਿਬਲਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਲਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਜੇ ਉਨ੍ਹਾਂ ਦੀ ਰਿਪੋਰਟ ਜਨਤਕ ਹੋ ਜਾਂਦੀ ਤਾਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਣਾ ਸੀ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਰਿਪੋਰਟ ਨੂੰ ਵਿਧਾਨ ਸਭਾ ਦੇ ਸਦਨ ਵਿਚ ਰੱਖਣ ਤਾਂ ਸਾਰਾ ਸੱਚ ਸਾਹਮਣੇ ਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਦਸਵੀਂ ਵਿਚ ਪੜ੍ਹਦਾ ਬੱਚਾ ਵੀ ਰਿਪੋਰਟ ਪੜ੍ਹ ਕੇ ਦੱਸ ਸਕਦਾ ਹੈ ਕਿ ਕਸੂਰਵਾਰ ਕੌਣ ਹੈ?

ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 'ਆਪ' ਸ਼ੁਰੂ ਤੋਂ ਦੋਸ਼ ਲਗਾਉਂਦੀ ਆ ਰਹੀ ਹੈ ਕਿ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਰਲੇ ਹੋਏ ਹਨ। ਇਸੇ ਲਈ ਜਸਟਿਸ ਜੋਰਾ ਸਿੰਘ ਦੀ ਰਿਪੋਰਟ ਜਨਤਕ ਨਹੀਂ ਕੀਤੀ ਜਾ ਰਹੀ ਹੈ। ਬਾਹਰੀ ਉਮੀਦਵਾਰ ਹੋਣ ਦੇ ਲੱਗ ਰਹੇ ਠੱਪੇ ਬਾਰੇ ਟਿੱਪਣੀ ਕਰਦਿਆਂ ਜਸਟਿਸ ਜੋਰਾ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਜਲੰਧਰ ਨਾਲ ਬਹੁਤ ਪੁਰਾਣੀ ਸਾਂਝ ਹੈ। ਜਦੋਂ ਉਹ 35 ਸਾਲ ਪਹਿਲਾਂ ਪੀ.ਸੀ.ਐਸ. ਜੁਡੀਸ਼ੀਅਲ ਚੁਣੇ ਗਏ ਸਨ ਤਾਂ ਪਹਿਲੀ ਨਿਯੁਕਤੀ ਜਲੰਧਰ ਵਿਚ ਹੀ ਹੋਈ



ਸੀ। ਇਥੇ ਹੀ ਉਨ੍ਹਾਂ ਦੇ ਅਤੇ ਪੁੱਤਰ ਦੇ ਵੀ ਸਹੁਰੇ ਹਨ ਅਤੇ ਇਕ ਭੈਣ ਵੀ ਇਥੇ ਵਿਆਹੀ ਹੋਈ ਹੈ।

ਲੋਕ ਸਭਾ ਚੋਣਾਂ ਦੌਰਾਨ ਚੁੱਕੇ ਜਾਣ ਵਾਲੇ ਮੁੱਦਿਆਂ ਬਾਰੇ ਪੁੱਛਣ 'ਤੇ ਜਸਟਿਸ ਜੋਰਾ ਸਿੰਘ ਨੇ ਕਿਹਾ ਕਿ ਉਹ ਸਿੱਖਿਆ ਤੇ ਸਿਹਤ 'ਤੇ ਸਭ ਤੋਂ ਜ਼ਿਆਦਾ ਜ਼ੋਰ ਦੇਣਗੇ ਅਤੇ ਪੰਜਾਬ ਵਿਚ ਵੀ ਦਿੱਲੀ ਦੀ ਕੇਜਰੀਵਾਲ ਸਰਕਾਰ ਦਾ ਸਿੱਖਿਆ ਤੇ ਸਿਹਤ ਦਾ ਮਾਡਲ ਲਾਗੂ ਕੀਤਾ ਜਾਵੇਗਾ।

# ਕਿਸਾਨ ਖੁਦਕੁਸ਼ੀਆਂ ਬਾਰੇ ਅੰਕੜਿਆਂ 'ਤੇ ਘਿਰੇ ਹਾਕਮ

**ਚੰਡੀਗੜ੍ਹ:** ਵਧਦੇ ਕਰਜ਼ੇ ਤੇ ਨਿੱਘਰਦੀ ਆਰਥਿਕ ਹਾਲਤ ਕਰਕੇ ਨਿੱਤ ਦਿਨ ਕਿਸਾਨਾਂ ਵੱਲੋਂ ਕੀਤੀ ਜਾ ਰਹੀ ਖੁਦਕੁਸ਼ੀ 'ਤੇ ਆਮ ਆਦਮੀ ਪਾਰਟੀ ਨੇ ਕੇਂਦਰ ਤੇ ਸੂਬਾ ਸਰਕਾਰਾਂ ਦੀਆਂ ਕਿਸਾਨ ਵਿਰੋਧੀ ਨੀਤੀਆਂ ਨੂੰ ਦੋਸ਼ੀ ਠਹਿਰਾਇਆ ਹੈ। 'ਆਪ' ਦੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਚੀਮਾ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਚੋਣਾਂ ਮੌਕੇ ਕਿਸਾਨਾਂ ਨਾਲ ਕੀਤੇ ਵਾਅਦੇ ਵਫ਼ਾ ਨਾ ਕਰਨ 'ਤੇ ਕਿਸਾਨ ਹੌਸਲਾ ਹਾਰ ਰਹੇ ਹਨ। ਉਨ੍ਹਾਂ ਕਿਸਾਨ ਖੁਦਕੁਸ਼ੀਆਂ ਦੇ ਅੰਕੜੇ ਵੀ ਪੇਸ਼ ਕੀਤੇ।

ਹਰਪਾਲ ਸਿੰਘ ਚੀਮਾ ਨੇ ਤਾਜ਼ਾ ਰਿਪੋਰਟਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਨ ਤੋਂ ਬਾਅਦ ਕਰਜ਼ੇ ਤੇ ਆਰਥਿਕ ਤੰਗੀ ਕਾਰਨ ਸਿਰਫ ਬਠਿੰਡਾ ਜ਼ਿਲ੍ਹੇ ਨਾਲ ਸਬੰਧਤ 77 ਕਿਸਾਨਾਂ ਤੇ ਮਜ਼ਦੂਰਾਂ ਨੇ 2017 ਵਿਚ ਆਤਮ ਹੱਤਿਆ ਕੀਤੀਆਂ ਹਨ, ਜਦਕਿ ਸੂਬੇ ਭਰ 'ਚ ਇਹ ਅੰਕੜਾ 1 ਹਜ਼ਾਰ ਤੋਂ ਉੱਪਰ ਹੋ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਅਕਾਲੀ-ਭਾਜਪਾ ਸਰਕਾਰ ਨੇ 10 ਸਾਲ (2007-2017) ਤੇ ਮੌਜੂਦਾ ਕਾਂਗਰਸ ਸਰਕਾਰ ਦੇ ਦੋ ਸਾਲ (2017-2019) ਦੇ ਰਾਜ ਦੌਰਾਨ ਇਕ ਵੀ ਕਿਸਾਨ ਦੇ ਪਰਿਵਾਰ ਨੂੰ ਮੁਆਵਜ਼ਾ ਤੱਕ ਨਹੀਂ ਮਿਲਿਆ। ਕਾਂਗਰਸ ਨੇ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਖੁਦਕੁਸ਼ੀਆਂ ਰੋਕਣ ਲਈ ਠੋਸ ਕਦਮ ਚੁੱਕੇ ਜਾਣਗੇ ਪਰ ਅਜਿਹਾ ਕਰਨਾ ਤਾਂ ਦੂਰ ਸਗੋਂ ਆਤਮ ਹੱਤਿਆ ਕਰ ਚੁੱਕੇ ਕਿਸਾਨਾਂ ਨੂੰ ਅਜੇ ਤੱਕ ਮੁਆਵਜ਼ਾ ਨਹੀਂ ਦਿੱਤਾ ਗਿਆ। ਚੀਮਾ ਨੇ ਕਿਹਾ ਕਿ 2017 ਵਿਚ ਜਦੋਂ ਤੋਂ ਕਾਂਗਰਸ ਸਰਕਾਰ ਸੱਤਾ ਵਿਚ ਆਈ ਹੈ ਉਦੋਂ ਤੋਂ ਕਿਸੇ ਵੀ ਖੁਦਕੁਸ਼ੀ ਪੀੜਤ ਪਰਿਵਾਰ ਨੂੰ ਮੁਆਵਜ਼ਾ ਨਹੀਂ ਮਿਲਿਆ ਅਤੇ ਅਜੇ ਤੱਕ ਕਿਸਾਨਾਂ ਨੂੰ ਕਰਜ਼ ਮੁਆਫੀ ਵੀ ਨਹੀਂ ਮਿਲੀ, ਬਹੁਤੇ ਕਿਸਾਨ ਸਰਕਾਰੀ ਦਫਤਰਾਂ ਦੇ ਚੱਕਰ ਕੱਟ ਰਹੇ ਹਨ। ਚੀਮਾ ਨੇ ਸੂਬੇ ਦੀ ਕੈਪਟਨ ਸਰਕਾਰ ਨੂੰ ਰੋਜ਼ਾਨਾ ਹੋ ਰਹੀ ਕਿਸਾਨਾਂ ਦੀ ਮੌਤ ਦਾ ਦੋਸ਼ੀ ਠਹਿਰਾਉਂਦੇ ਹੋਏ ਕਿਹਾ ਕਿ ਕੈਪਟਨ ਨੇ ਪੰਜਾਬ ਦੀ ਸੱਤਾ ਹਾਸਲ ਕਰਨ ਲਈ ਪੰਜਾਬ ਦੀ ਜਨਤਾ ਸਮੇਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਕਰਜ਼ ਮੁਕਤ ਅਤੇ ਆਰਥਿਕ ਪੱਖੋਂ ਮਜ਼ਬੂਤ ਕਰਨ ਦਾ ਵਾਅਦਾ ਕੀਤਾ ਸੀ, ਪਰ ਅਫਸੋਸ ਕੈਪਟਨ ਦੀ ਸਰਕਾਰ ਬਣੇ ਨੂੰ 2 ਸਾਲ ਤੋਂ ਜ਼ਿਆਦਾ ਦਾ ਸਮਾਂ ਬੀਤਣ 'ਤੇ ਵੀ ਇਹ ਵਾਅਦਾ ਪੂਰਾ ਨਾ ਹੋਇਆ।


ਉਨ੍ਹਾਂ ਮੁਤਾਬਕ ਕੈਪਟਨ ਸਰਕਾਰ ਨੇ ਕਿਸਾਨ ਦਾ ਕਰਜ਼ ਮੁਆਫੀ ਦਾ ਦਿਖਾਵਾ ਕਰਨ ਲਈ ਕਰਵਾਏ ਵੱਡੇ ਸਮਾਗਮਾਂ ਦੀ ਆੜ 'ਚ ਸਰਕਾਰੀ ਖਜ਼ਾਨੇ ਦੀ ਦੁਰਵਰਤੋਂ ਕੀਤੀ ਹੈ। ਚੀਮਾ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਸਲਾਹ ਦਿੱਤੀ ਕਿ ਕਿਸਾਨਾਂ ਦੀ ਆਤਮ ਹੱਤਿਆਵਾਂ ਨੂੰ ਰੋਕਣ ਲਈ ਦਿੱਲੀ ਦੀ ਕੇਜਰੀਵਾਲ ਸਰਕਾਰ ਵਾਂਗ ਪੰਜਾਬ ਵਿਚ ਵੀ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ।

### ਭਾਰਤੀ ਡਿਗਰੀਆਂ ਨੂੰ ਯੂ. ਏ. ਈ. 'ਚ ਮਿਲੇਗੀ ਮਾਨਤਾ

**ਦੁਬਈ:** ਯੂ.ਏ.ਈ. ਸਰਕਾਰ ਵਲੋਂ ਨਿਰਧਾਰਤ ਮਾਪਦੰਡਾਂ 'ਤੇ ਖਰਾ ਉਤਰਨ ਵਾਲੀਆਂ ਸਾਰੀਆਂ ਭਾਰਤੀ ਡਿਗਰੀਆਂ ਨੂੰ ਬਰਾਬਰ ਦੀ ਮਾਨਤਾ ਦਿੱਤੀ ਜਾਵੇਗੀ। ਇਸ ਨਾਲ ਇਸ ਖਾੜੀ ਮੁਲਕ ਵਿਚ ਨੌਕਰੀਆਂ ਹਾਸਲ ਕਰਨ ਲਈ ਪਰੇਸ਼ਾਨੀ ਝੱਲ ਰਹੇ ਨੌਜਵਾਨਾਂ ਨੂੰ ਕਾਫੀ ਰਾਹਤ ਮਿਲੇਗੀ। ਆਬੂਧਾਬੀ ਵਿਚ ਭਾਰਤੀ ਸਫਾਰਤਖਾਨੇ ਵਲੋਂ ਦਿੱਤੀ ਜਾਣਕਾਰੀ ਮੁਤਾਬਕ ਪਿਛਲੇ ਹਫਤੇ ਭਾਰਤ ਦੇ ਸਫੀਰ ਨਵਦੀਪ ਸਿੰਘ ਸੂਰੀ ਨੇ ਯੂ.ਏ.ਈ. ਦੇ ਸਿੱਖਿਆ ਮੰਤਰੀ ਹੁਸੈਨ ਬਿਨ ਇਬਰਾਹਿਮ ਨਾਲ ਮੁਲਾਕਾਤ ਕੀਤੀ ਤੇ ਕੁਝ ਭਾਰਤੀ ਡਿਗਰੀਆਂ ਨੂੰ ਇੰਟਰਨਲ/ਐਕਸਟਰਨਲ ਅੰਕਾਂ ਬਾਰੇ ਸਪੱਸ਼ਟਤਾ ਦੀ ਘਾਟ ਕਾਰਨ ਬਰਾਬਰ ਦੀ ਮਾਨਤਾ ਨਾ ਦਿੱਤੇ ਜਾਣ ਬਾਰੇ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਯੂ.ਏ.ਈ. ਦੇ ਸਿੱਖਿਆ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਸਰਟੀਫਿਕੇਟ ਸਬੰਧੀ ਬਾਕੀ ਸਾਰੇ ਮਾਪਦੰਡਾਂ 'ਤੇ ਖਰੀਆਂ ਉਤਰਨ ਵਾਲੀਆਂ ਡਿਗਰੀਆਂ ਤੋਂ ਮੰਤਰਾਲੇ ਨੂੰ ਕੋਈ ਸਮੱਸਿਆ ਨਹੀਂ ਹੈ।

# ਜਾਂਚ ਏਜੰਸੀਆਂ ਦੀ ਨਾਲਾਇਕੀ ਕਾਰਨ ਬਰੀ ਹੋਏ ਸਮਝੌਤਾ ਧਮਾਕੇ ਦੇ ਮੁਲਜ਼ਮ

**ਪੰਚਕੂਲਾ:** ਸਮਝੌਤਾ ਐਕਸਪ੍ਰੈੱਸ ਧਮਾਕਾ ਕੇਸ 'ਚ ਸਵਾਮੀ ਅਸੀਮਾਨੰਦ ਤੇ ਤਿੰਨ ਹੋਰ ਮੁਲਜ਼ਮਾਂ ਨੂੰ ਬਰੀ ਕਰਨ ਵਾਲੀ ਵਿਸ਼ੇਸ਼ ਅਦਾਲਤ ਵਿਚ ਭਰੋਸੇਯੋਗ ਤੇ ਮੰਨਣਯੋਗ ਸਬੂਤਾਂ ਦੀ ਘਾਟ ਕਾਰਨ ਹਿੰਸਕ ਘਟਨਾ ਦੇ ਕਿਸੇ ਵੀ ਮੁਲਜ਼ਮ ਨੂੰ ਸਜ਼ਾ ਨਹੀਂ ਹੋ ਸਕੀ। ਐਨ.ਆਈ.ਏ. ਦੀ ਅਦਾਲਤ ਨੇ 20 ਮਾਰਚ ਨੂੰ ਇਸ ਮਾਮਲੇ 'ਚ ਨਾਬਾ ਕੁਮਾਰ ਸਰਕਾਰ ਉਰਫ ਸਵਾਮੀ ਅਸੀਮਾਨੰਦ, ਲੋਕੇਸ਼ ਸ਼ਰਮਾ, ਕਮਲ ਚੌਹਾਨ ਤੇ ਰਾਜਿੰਦਰ ਚੌਧਰੀ ਨੂੰ ਬਰੀ ਕਰ ਦਿੱਤਾ ਸੀ।



ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੀ ਅਦਾਲਤ ਦੇ ਵਿਸ਼ੇਸ਼ ਜੱਜ ਜਗਦੀਪ ਸਿੰਘ ਨੇ ਆਪਣੇ 160 ਸਫਿਆਂ ਦੇ ਫੈਸਲੇ 'ਚ ਕਿਹਾ ਕਿ ਅਤਿਵਾਦ ਦਾ ਕੋਈ ਧਰਮ ਨਹੀਂ ਹੁੰਦਾ ਤੇ ਕਿਸੇ ਵੀ ਵਿਸ਼ੇਸ਼ ਧਰਮ ਦੇ ਅਪਰਾਧਕ ਤੱਤ ਨੂੰ ਉਸ ਵਿਸ਼ੇਸ਼ ਧਰਮ, ਭਾਈਚਾਰੇ ਜਾਂ ਜਾਤ ਦੇ ਨੁਮਾਇੰਦੇ ਵਜੋਂ ਪੇਸ਼ ਨਹੀਂ ਕੀਤਾ ਜਾ ਸਕਦਾ ਅਤੇ ਅਜਿਹੇ ਅਪਰਾਧੀਆਂ ਦੇ ਨਾਂ 'ਤੇ ਕਿਸੇ ਪੂਰੇ ਭਾਈਚਾਰੇ, ਜਾਤ ਜਾਂ ਧਰਮ ਨੂੰ ਦੋਸ਼ੀ ਠਹਿਰਾਉਣਾ ਵੀ ਅਨਿਆਂ ਹੋਵੇਗਾ। ਉਨ੍ਹਾਂ ਕਿਹਾ ਕਿ ਮੈਨੂੰ ਡੂੰਘੇ ਦੁੱਖ ਤੇ ਦਰਦ ਨਾਲ ਆਪਣਾ ਫ਼ੈਸਲਾ ਸਮਾਪਤ ਕਰਨਾ ਪੈ ਰਿਹਾ ਹੈ ਕਿਉਂਕਿ ਭਰੋਸੇਯੋਗ ਤੇ ਮੰਨਣਯੋਗ ਸਬੂਤਾਂ ਦੀ ਘਾਟ ਕਾਰਨ ਹਿੰਸਾ ਦੀ ਅਜਿਹੀ ਬਰਬਰ ਕਾਰਵਾਈ 'ਚ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਿਆ। ਇਸਤਗਾਸਾ ਪੱਖ ਕੋਲ ਸਬੂਤਾਂ ਦੀ ਘਾਟ ਸੀ ਅਤੇ ਅਤਿਵਾਦ ਦਾ ਮਾਮਲਾ ਅਣਸੁਲਝਿਆ ਹੀ ਰਹਿ ਗਿਆ।

ਜ਼ਿਕਰਯੋਗ ਹੈ ਕਿ ਭਾਰਤ-ਪਾਕਿਸਤਾਨ ਵਿਚਾਲੇ ਚੱਲਣ ਵਾਲੀ ਰੇਲ ਗੱਡੀ ਸਮਝੌਤਾ ਐਕਸਪ੍ਰੈੱਸ 'ਚ ਹਰਿਆਣਾ ਦੇ ਪਾਣੀਪਤ ਨੇੜੇ 18 ਫਰਵਰੀ 2007 'ਚ ਉਸ ਸਮੇਂ ਧਮਾਕਾ ਹੋਇਆ ਸੀ ਜਦੋਂ ਇਹ ਰੇਲ ਗੱਡੀ ਅਟਾਰੀ ਵੱਲ ਜਾ ਰਹੀ ਸੀ। ਇਸ ਧਮਾਕੇ 'ਚ 68 ਲੋਕਾਂ ਦੀ ਮੌਤ ਹੋ ਗਈ ਸੀ।

## ਸਮਝੌਤਾ ਕੇਸ ਨੂੰ ਕਮਜ਼ੋਰ ਕਰਨ ਲਈ ਕਾਂਗਰਸ ਜ਼ਿੰਮੇਵਾਰ: ਜੇਤਲੀ

**ਨਵੀਂ ਦਿੱਲੀ:** ਭਾਜਪਾ ਨੇ ਸਮਝੌਤਾ ਬੰਬ ਧਮਾਕਾ ਕੇਸ ਵਿਚ ਅਦਾਲਤ ਦੇ ਫੈਸਲੇ ਦੇ ਪਿਛੋਕੜ 'ਚ ਕਾਂਗਰਸ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸਿਆਸੀ ਲਾਭ ਲਈ ਫਰਜ਼ੀ ਕਹਾਣੀਆਂ ਘੜਨ ਤੇ ਹਿੰਦੂ ਅਤਿਵਾਦ ਦਾ ਰਾਗ ਅਲਾਪ ਕੇ ਵਿਸ਼ੇਸ਼ ਸਮਾਜ ਨੂੰ ਬਦਨਾਮ ਕਰਨ ਲਈ ਪਾਰਟੀ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਸਲੀ ਦੋਸ਼ੀ ਬਚ ਕੇ ਨਿਕਲ ਗਏ ਜਦਕਿ ਹਿੰਦੂ ਅਤਿਵਾਦ ਦੀ ਕਹਾਣੀ ਨੂੰ ਸੱਚ ਸਾਬਤ ਕਰਨ ਲਈ ਯੂ.ਪੀ.ਏ. ਨੇ ਗਲਤ ਲੋਕਾਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ।

# ਪਾਕਿਸਤਾਨ: ਧਰਮ ਬਦਲੀ ਤੇ ਬਾਲ ਵਿਆਹ ਖਿਲਾਫ ਬਿੱਲ ਪੇਸ਼

**ਇਸਲਾਮਾਬਾਦ:** ਪਾਕਿਸਤਾਨ ਦੇ ਵਜ਼ੀਰੇ ਆਜ਼ਮ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਘੱਟ ਗਿਣਤੀ ਹਿੰਦੂ ਭਾਈਚਾਰੇ ਨਾਲ ਸਬੰਧਤ ਦੋ ਕਾਨੂੰਨ ਘਾੜਿਆਂ ਨੇ ਜਬਰੀ ਧਰਮ ਤਬਦੀਲੀ ਤੇ ਬਾਲ ਵਿਆਹ ਨੂੰ ਸਜ਼ਾਯੋਗ ਅਪਰਾਧ ਦੀ ਸ਼੍ਰੇਣੀ ਵਿਚ ਲਿਆਉਣ ਦੀ ਮੰਗ ਕਰਦੇ ਦੋ ਬਿੱਲ ਸੰਸਦ ਵਿਚ ਪੇਸ਼ ਕੀਤੇ ਹਨ। ਘੱਟ ਗਿਣਤੀ ਭਾਈਚਾਰੇ ਦੀਆਂ ਦੋ ਨਾਬਾਲਗ ਲੜਕੀਆਂ ਦਾ ਜਬਰੀ ਧਰਮ ਪਰਿਵਰਤਨ ਕੀਤੇ ਜਾਣ ਕਰਕੇ ਦੇਸ਼ ਭਰ ਦੇ ਲੋਕਾਂ 'ਚ ਗੁੱਸਾ ਫੁੱਟ ਪਿਆ ਸੀ।

ਸੱਤਾਧਾਰੀ ਪੀ.ਟੀ.ਆਈ. ਦੇ ਡਾ. ਰਮੇਸ਼ ਕੁਮਾਰ ਵਾਂਕਵਾਨੀ ਨੇ ਕੌਮੀ ਅਸੈਂਬਲੀ 'ਚ ਚਾਈਲਡ ਮੈਰਿਜ ਰੈਸਟਰੇਂਟ ਐਕਟ (ਸੋਧ) ਬਿੱਲ 2019 ਤੇ ਕ੍ਰਿਮੀਨਲ ਲਾਅ (ਘੱਟ ਗਿਣਤੀਆਂ ਦੀ ਸੁਰੱਖਿਆ) ਐਕਟ 2019 ਪੇਸ਼ ਕੀਤੇ। ਡਾਅਨ ਦੀ ਰਿਪੋਰਟ ਮੁਤਾਬਕ ਦੋਵੇਂ ਬਿੱਲ ਦੋ ਹਿੰਦੂ ਕੁੜੀਆਂ ਨੂੰ ਅਗਵਾ ਕਰਕੇ ਜਬਰੀ ਧਰਮ ਤਬਦੀਲੀ ਕੀਤੇ ਜਾਣ ਦੀ ਘਟਨਾ ਦੇ ਮੱਦੇਨਜ਼ਰ ਪੇਸ਼ ਕੀਤੇ ਗਏ ਹਨ। ਘੱਟ ਗਿਣਤੀ ਕਾਨੂੰਨ ਘਾੜਿਆਂ ਸਮੇਤ ਸਾਰੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਨੇ ਅਜਿਹੀਆਂ ਘਟਨਾਵਾਂ ਦੀ ਨਿਖੇਧੀ ਕਰਦਿਆਂ ਪੇਸ਼ ਮਤਿਆਂ ਦੀ ਹਮਾਇਤ ਕੀਤੀ ਹੈ। ਮਤਿਆਂ 'ਤੇ ਵਾਂਕਵਾਨੀ, ਪੀ.ਟੀ.ਆਈ. ਵਿਧਾਇਕਾਂ ਲਾਲ ਮੱਲ੍ਹੀ ਤੇ ਸ਼ੁਨੀਲਾ ਰੂਥ, ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਕਾਨੂੰਨਸਾਜ਼ ਡਾ. ਦਰਸ਼ਨ ਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਰਮੇਸ਼ ਲਾਲ ਨੇ ਸਹੀ ਪਾਈ।

ਪੰਜ ਨੁਕਤਿਆਂ ਵਾਲਾ ਇਹ ਮਤਾ, ਜਿਸ ਨੂੰ ਸਾਲ 2016 ਵਿਚ ਸਿੰਧ ਅਸੈਂਬਲੀ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਸੀ (ਹਾਲਾਂਕਿ ਕੱਟੜਵਾਦੀ ਤੱਤਾਂ ਵੱਲੋਂ ਪਾਏ ਦਬਾਅ ਕਰਕੇ ਬਿੱਲ ਨੂੰ ਮੋੜ ਦਿੱਤਾ ਗਿਆ ਸੀ), ਜਬਰੀ ਧਰਮ ਤਬਦੀਲੀ ਖਿਲਾਫ ਫੌਰੀ ਕਾਰਵਾਈ ਲਈ ਰਾਹ ਪੱਧਰਾ ਕਰਦਾ ਹੈ। ਪਾਕਿ ਹਿੰਦੂ ਕੌਂਸਲ (ਪੀ.ਐਚ.ਸੀ.) ਦੇ ਮੁੱਖ ਸਰਪ੍ਰਸਤ ਵਾਂਕਵਾਨੀ ਨੇ ਕਿਹਾ ਕਿ ਮੰਦੇ ਭਾਗੀਂ ਪਾਕਿਸਤਾਨ, ਖਾਸ ਕਰਕੇ ਗਰੀਬੀ ਦੇ ਝੰਬੇ ਖੇਤਰਾਂ, ਵਿਚ ਬਾਲ ਵਿਆਹ ਦੀ ਪ੍ਰਥਾ ਆਮ ਹੈ। ਉਨ੍ਹਾਂ ਕਿਹਾ ਕਿ ਬਿੱਲ ਲਿੰਗ ਅਸਮਾਨਤਾ ਨੂੰ ਰੋਕਣ ਵਿਚ ਅਹਿਮ ਸਾਬਤ ਹੋਵੇਗਾ। ਬਿੱਲ ਵਿਚ ਜਬਰੀ ਧਰਮ ਤਬਦੀਲੀ ਕਰਵਾਉਣ ਵਾਲੇ ਖਿਲਾਫ ਘੱਟੋ ਘੱਟ ਪੰਜ ਸਾਲ ਤੇ ਵੱਧ ਤੋਂ ਵੱਧ ਉਮਰ ਕੈਦ ਤੇ ਪੀੜਤ ਨੂੰ ਮੁਆਵਜ਼ਾ ਦੇਣ ਦੀ ਵਿਵਸਥਾ ਰੱਖੀ ਗਈ ਹੈ।

## ਜਰਮਨੀ 'ਚ ਭਾਰਤੀ ਜੋੜੇ 'ਤੇ ਹਮਲਾ; ਪਤੀ ਹਲਾਕ

**ਨਵੀਂ ਦਿੱਲੀ:** ਜਰਮਨੀ ਵਿਚ ਮਿਊਨਿਖ ਨੇੜੇ ਭਾਰਤੀ ਮੂਲ ਦੇ ਜੋੜੇ 'ਤੇ ਕਿਸੇ ਪਰਵਾਸੀ ਨੇ ਚਾਕੂ ਮਾਰ ਕੇ ਹਮਲਾ ਕੀਤਾ, ਜਿਸ ਕਾਰਨ ਪਤੀ ਦੀ ਮੌਤ ਹੋ ਗਈ ਅਤੇ ਪਤਨੀ ਜਖਮੀ ਹੋ ਗਈ।



ਇਹ ਜਾਣਕਾਰੀ ਦਿੰਦਿਆਂ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਸੁਸ਼ਮਾ ਸਵਰਾਜ ਨੇ ਟਵਿੱਟਰ 'ਤੇ ਲਿਖਿਆ, "ਮਿਊਨਿਖ ਨੇੜੇ ਭਾਰਤੀ ਜੋੜੇ ਪ੍ਰਸ਼ਾਂਤ ਅਤੇ ਸਮਿਤਾ ਬਸਰੂਰ 'ਤੇ ਕਿਸੇ ਪਰਵਾਸੀ ਵੱਲੋਂ ਚਾਕੂ ਨਾਲ ਹਮਲਾ ਕੀਤਾ ਗਿਆ। ਇਸ ਹਮਲੇ ਕਾਰਨ ਪ੍ਰਸ਼ਾਂਤ ਦੀ ਮੌਤ ਹੋ ਗਈ ਜਦਕਿ ਸਮਿਤਾ ਦੀ ਹਾਲਤ ਸਥਿਰ ਹੈ।" ਉਨ੍ਹਾਂ ਕਿਹਾ ਕਿ ਮਿਊਨਿਖ ਵਿਚ ਭਾਰਤੀ ਸਫੀਰ ਨੂੰ ਇਸ ਜੋੜੇ ਦੇ ਬੱਚਿਆਂ ਦੀ ਦੇਖਭਾਲ ਕਰਨ ਲਈ ਕਿਹਾ ਗਿਆ ਹੈ।

# ਲੇਖਕ ਸਾਧੂ ਬਿੰਨਿਗ ਨੂੰ ਆਨਰੇਰੀ ਡਿਗਰੀ ਦੇਵੇਗੀ ਯੂ. ਬੀ. ਸੀ.

**ਵੈਨਕੂਵਰ (ਬਿਊਰੋ):** ਕੈਨੇਡਾ ਦੀ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ਯੂ. ਬੀ. ਸੀ.) ਨੇ ਕੈਨੇਡਾ ਦੀਆਂ ਪੰਦਰਾਂ ਸਨਮਾਨਯੋਗ



*ਸਾਧੂ ਬਿੰਨਿਗ*

ਸ਼ਖਸੀਅਤਾਂ ਨੂੰ ਆਨਰੇਰੀ ਡਿਗਰੀ ਦੇਣ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿਚ ਸਾਧੂ ਬਿੰਨਿਗ ਤੋਂ ਇਲਾਵਾ ਤਿੰਨ ਹੋਰ ਸ਼ਖਸੀਅਤਾਂ ਸਾਊਥ ਏਸ਼ੀਅਨ ਭਾਈਚਾਰੇ ਨਾਲ ਸਬੰਧਤ ਹਨ। ਸਾਧੂ ਬਿੰਨਿਗ ਪੰਜਾਬੀ ਲੇਖਕ, ਸੰਪਾਦਕ ਤੇ ਅਧਿਆਪਕ ਹਨ ਜੋ ਕੈਨੇਡਾ ਵਿਚ ਪੰਜਾਬੀ ਬੋਲੀ ਦੇ ਵਿਕਾਸ ਲਈ ਕਾਰਜਸ਼ੀਲ ਹਨ। ਉਹ 1987-2008 ਤੱਕ ਯੂ. ਬੀ. ਸੀ. ਵਿਚ ਪੰਜਾਬੀ ਅਧਿਆਪਕ ਰਹੇ। ਉਨ੍ਹਾਂ ਨੇ ਆਪਣੀਆਂ ਕਲਾਸਾਂ ਲਈ ਮੌਲਿਕ ਸਿਲੇਬਸ ਤਿਆਰ ਕੀਤਾ, ਜੋ ਹਾਲੇ ਤੱਕ ਵਰਤਿਆ ਜਾਂਦਾ ਹੈ। ਉਹ ਦਰਜਨ ਤੋਂ ਵੱਧ ਪੰਜਾਬੀ ਅਤੇ ਅੰਗਰੇਜ਼ੀ ਕਿਤਾਬਾਂ ਦੇ ਲੇਖਕ ਹਨ ਅਤੇ 'ਵਤਨ' ਰਸਾਲੇ ਦੇ ਸਹਿ-ਸੰਪਾਦਕ ਹਨ।

ਸਾਧੂ ਬਿੰਨਿਗ ਪਿਛਲੀ ਸਦੀ ਦੇ ਸੱਤਵੇਂ ਅਤੇ ਅੱਠਵੇਂ ਦਹਾਕੇ ਵਿਚ ਕੈਨੇਡਾ ਦੇ ਰੰਗਮੰਚ ਵਿਚ ਸਰਗਰਮ ਰਹੇ। ਉਹ 1967 ਵਿਚ ਕੈਨੇਡਾ ਪਹੁੰਚੇ ਅਤੇ ਇੱਥੇ ਆ ਕੇ ਉਨ੍ਹਾਂ ਨੇ ਐਮ. ਏ. ਦੀ ਡਿਗਰੀ ਹਾਸਿਲ ਕੀਤੀ। ਡਾ. ਬਿੰਨਿਗ ਦਾ ਕੈਨੇਡਾ ਦੇ ਪੰਜਾਬੀ ਸਾਹਿਤ, ਸਭਿਆਚਾਰ ਅਤੇ ਬੋਲੀ ਦੇ ਵਿਕਾਸ ਵਿਚ ਅਹਿਮ ਯੋਗਦਾਨ ਹੈ।

## ਵੱਖਵਾਦੀ ਆਗੂ ਸ਼ਬੀਰ ਸ਼ਾਹ ਦੀ ਜਾਇਦਾਦ ਜ਼ਬਤ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ ਨੇ 14 ਸਾਲ ਪੁਰਾਣੇ ਅਤਿਵਾਦ ਨੂੰ ਫੰਡਿੰਗ ਕਰਨ ਤੇ ਕਾਲੇ ਧਨ ਨੂੰ ਸਫੇਦ ਕਰਨ ਦੇ ਕੇਸ 'ਚ ਕਸ਼ਮੀਰੀ ਵੱਖਵਾਦੀ ਆਗੂ ਸ਼ਬੀਰ ਸ਼ਾਹ ਦੀ ਸ੍ਰੀਨਗਰ ਸਥਿਤ ਰਾਵਲਪੁਰਾ ਇਲਾਕੇ ਦੀ ਜਾਇਦਾਦ ਜ਼ਬਤ ਕਰ ਲਈ ਹੈ।

# ਪਾਕਿਸਤਾਨ ਕਾਰਵਾਈ ਕਰਨ ਦੇ ਮੂਡ ਵਿਚ

## ਪੁਲਵਾਮਾ ਹਮਲਾ

**ਇਸਲਾਮਾਬਾਦ :** ਪਾਕਿਸਤਾਨ ਨੇ ਭਾਰਤ ਨੂੰ ਪੁਲਵਾਮਾ ਦਹਿਸ਼ਤੀ ਹਮਲੇ ਵਿਚ ਜੈਸ਼-ਏ-ਮੁਹੰਮਦ ਦੀ ਸ਼ਮੂਲੀਅਤ ਅਤੇ ਦਹਿਸ਼ਤੀ ਜਥੇਬੰਦੀ ਦੇ ਮੁਲਕ ਵਿਚ ਮੌਜੂਦ ਕੈਂਪਾਂ ਬਾਰੇ 'ਵਧੇਰੇ ਜਾਣਕਾਰੀ/ਸਬੂਤ' ਦੇਣ ਲਈ ਕਿਹਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਭਾਰਤੀ ਹਾਈ ਕਮਿਸ਼ਨਰ ਨੂੰ ਤਲਬ ਕਰਕੇ ਪੁਲਵਾਮਾ ਹਮਲੇ ਬਾਰੇ ਸੌਂਪੀ ਮਿਸਲ ਦੇ ਅਧਾਰ 'ਤੇ ਕੀਤੀ 'ਸ਼ੁਰੂਆਤੀ ਜਾਂਚ' ਦੇ ਵੇਰਵੇ ਸਾਂਝੇ ਕੀਤੇ।

ਭਾਰਤ ਨੇ 27 ਫਰਵਰੀ ਨੂੰ ਨਵੀਂ ਦਿੱਲੀ ਵਿਚਲੇ ਪਾਕਿਸਤਾਨ ਦੇ ਕਾਰਜਕਾਰੀ ਹਾਈ ਕਮਿਸ਼ਨਰ ਨੂੰ ਪੁਲਵਾਮਾ ਹਮਲੇ ਸਬੰਧੀ ਮਿਸਲ ਸੌਂਪੀ ਸੀ, ਜਿਸ ਵਿਚ ਹਮਲੇ 'ਚ ਜੈਸ਼ ਦੀ ਸ਼ਮੂਲੀਅਤ ਤੇ ਪਾਕਿਸਤਾਨ ਵਿੱਚ ਜੈਸ਼ ਦੇ ਦਹਿਸ਼ਤੀ ਕੈਂਪਾਂ ਤੇ ਇਸ ਦੇ ਆਗੂਆਂ ਦੀ ਮੌਜੂਦਗੀ ਸਬੰਧੀ ਉਚੇਚੀ ਤਫ਼ਸੀਲ ਸ਼ਾਮਲ ਸੀ। ਵਿਦੇਸ਼ ਦਫ਼ਤਰ ਨੇ ਕਿਹਾ ਕਿ ਅਸੀਂ ਜਾਂਚ ਸਬੰਧੀ ਅਮਲ ਨੂੰ ਅੱਗੇ ਲਿਜਾਣ ਲਈ ਭਾਰਤ ਤੋਂ ਵਧੇਰੇ ਜਾਣਕਾਰੀ/ਸਬੂਤ ਮੰਗੇ ਹਨ।

ਜ਼ਿਕਰਯੋਗ ਹੈ ਕਿ 14 ਫਰਵਰੀ ਨੂੰ ਜੰਮੂ ਕਸ਼ਮੀਰ ਦੇ ਪੁਲਵਾਮਾ 'ਚ ਪਾਕਿ ਅਧਾਰਿਤ ਜੈਸ਼-ਏ-ਮੁਹੰਮਦ ਵੱਲੋਂ ਸੀ.ਆਰ.ਪੀ.ਐਫ. ਦੇ ਕਾਫਲੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਮਲੇ 'ਚ 40 ਜਵਾਨ ਸ਼ਹੀਦ ਹੋ ਗਏ ਸਨ। ਭਾਰਤ ਵੱਲੋਂ ਜਵਾਬੀ ਕਾਰਵਾਈ ਤਹਿਤ ਪਾਕਿਸਤਾਨ ਸਥਿਤ ਬਾਲਾਕੋਟ ਵਿਚ ਜੈਸ਼ ਦੇ ਟਿਕਾਣਿਆਂ 'ਤੇ ਕੀਤੇ ਹਵਾਈ ਹਮਲਿਆਂ ਮਗਰੋਂ ਦੋਵਾਂ ਮੁਲਕਾਂ 'ਚ ਕਸ਼ੀਦਗੀ ਸਿਖਰ 'ਤੇ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਅਮਰੀਕਾ ਦਾ ਭਾਰਤ ਵੱਲ ਉਲਾਰਪੁਣਾ ਸੋਘੇ ਰਹਿਣ ਦਾ ਮੁੱਦਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਫੈਸਲੇ ਮੁਤਾਬਕ ਉਨ੍ਹਾਂ ਦੇ ਦੂਤਾਂ ਨੇ ਯੂ. ਐਨ. ਸਿਕਿਓਰਿਟੀ ਕੌਂਸਲ ਵਿਚ ਇੱਕ ਵਾਰ ਫਿਰ ਦਹਿਸ਼ਤਗਰਦ ਮਸੂਦ ਅਜ਼ਹਰ ਦੇ ਖਿਲਾਫ ਮਤਾ ਪੇਸ਼ ਕਰ ਦਿੱਤਾ ਹੈ। ਇਹ ਮਤਾ ਭਾਰਤ ਦੇ ਪੱਖ ਵਿਚ ਜਾਣ ਵਾਲਾ ਅਤੇ ਪਾਕਿਸਤਾਨ ਦੀ ਸਰਕਾਰ ਦੇ ਨਾਲ ਉਸ ਦੇ ਹਮਾਇਤੀ ਚੀਨ ਨੂੰ ਵੀ ਕਸੂਤਾ ਫਸਾਉਣ ਵਾਲਾ ਹੋਣ ਕਾਰਨ ਭਾਰਤ ਦੇ ਲੋਕ ਖੁਸ਼ ਹੋਏ ਹਨ। ਉਨ੍ਹਾਂ ਦਾ ਖੁਸ਼ ਹੋਣਾ ਜਾਇਜ਼ ਵੀ ਹੈ। ਲੰਮੇ ਸਮੇਂ ਤੋਂ ਭਾਰਤ ਵਿਰੁਧ ਚੱਲ ਰਹੀ ਦਹਿਸ਼ਤਗਰਦੀ ਵਿਚ ਮਸੂਦ ਅਜ਼ਹਰ, ਹਾਫਿਜ਼ ਸਈਦ, ਸਲਾਹੁਦੀਨ ਤੇ ਜ਼ਕੀ-ਉਰ-ਰਹਿਮਾਨ ਵਰਗੇ ਕਈ ਲੋਕ ਚਰਚਾ ਦਾ ਕੇਂਦਰ ਰਹੇ ਹਨ।

ਪਿਛਲੇ ਫਰਵਰੀ ਮਹੀਨੇ ਵਿਚ ਜੰਮੂ-ਕਸ਼ਮੀਰ ਦੇ ਪੁਲਵਾਮਾ ਵਿਚ ਸੀ. ਆਰ. ਪੀ. ਐਫ. ਦੇ ਕਾਫਲੇ ਉਤੇ ਜਦੋਂ ਹਮਲਾ ਕੀਤਾ ਗਿਆ ਤੇ ਚਾਲੀ ਤੋਂ ਵੱਧ ਜਵਾਨਾਂ ਦੀ ਮੌਤ ਹੋ ਗਈ ਸੀ, ਉਸ ਦੇ ਪਿੱਛੇ ਵੀ ਮਸੂਦ ਅਜ਼ਹਰ ਦਾ ਹੱਥ ਸੀ। ਖੁਦ ਮਸੂਦ ਅਜ਼ਹਰ ਨੇ ਇਸ ਦੀ ਜ਼ਿੰਮੇਵਾਰੀ ਲਈ ਸੀ ਤੇ ਜਦੋਂ ਸਾਰੇ ਸੰਸਾਰ ਵਿਚ ਪਾਕਿਸਤਾਨ ਸਰਕਾਰ ਇਸ ਜ਼ਿੰਮੇਵਾਰੀ ਨਾਲ ਕਸੂਤੀ ਫਸ ਗਈ ਤਾਂ ਮਸੂਦ ਨੇ ਇਸ ਜ਼ਿੰਮੇਵਾਰੀ ਤੋਂ ਖੁਦ ਨੂੰ ਵੱਖ ਕਰਨ ਦਾ ਯਤਨ ਕੀਤਾ ਸੀ। ਭਾਰਤ ਇਸ ਹਮਲੇ ਨਾਲ ਭੜਕਿਆ ਸੀ ਤੇ ਦੋਹਾਂ ਦੇਸ਼ਾਂ ਦੀ ਜੰਗ ਹੁੰਦੀ-ਹੁੰਦੀ ਮਸਾਂ ਬਚੀ ਸੀ। ਇਹ ਗੱਲਾਂ ਹਰ ਕੋਈ ਜਾਣਦਾ ਹੈ। ਅਮਰੀਕਾ ਨੇ ਜਦੋਂ ਮਸੂਦ ਅਜ਼ਹਰ ਦੇ ਖਿਲਾਫ ਮਤਾ ਪੇਸ਼ ਕੀਤਾ ਅਤੇ ਚੀਨ ਦੇ ਦਖਲ ਨਾਲ ਇੱਕ ਵਾਰ ਰੱਦ ਹੋਣ ਮਗਰੋਂ ਫਿਰ ਪੇਸ਼ ਕਰ ਦਿੱਤਾ ਤਾਂ ਇਸ ਨੂੰ ਭਾਰਤ ਦੇ ਪੱਖ ਵਿਚ ਇੱਕ ਬੜੀ ਵੱਡੀ ਤਬਦੀਲੀ ਵਜੋਂ ਵੇਖਿਆ ਗਿਆ ਹੈ।

ਮਸੂਦ ਅਜ਼ਹਰ ਉਸੇ ਪਾਕਿਸਤਾਨ ਵਿਚ ਹੈ, ਜਿੱਥੇ ਪਹਿਲਾਂ ਕਦੀ ਉਹ ਓਸਾਮਾ ਬਿਨ ਲਾਦੇਨ ਹੁੰਦਾ ਸੀ, ਜਿਸ ਨੇ ਨਿਊ ਯਾਰਕ ਵਿਚ ਵਰਲਡ ਟਰੇਡ ਸੈਂਟਰ ਦੇ ਟਾਵਰ ਤਬਾਹ ਕਰਵਾਏ ਸਨ। ਅਮਰੀਕਾ ਨੇ ਲਾਦੇਨ ਦੇ ਮੁੱਦੇ ਉਤੇ ਪਾਕਿਸਤਾਨ ਖਿਲਾਫ ਕਦੇ ਏਨਾ ਸਖਤ ਸਟੈਂਡ ਨਹੀਂ ਲਿਆ। ਅਫਗਾਨਿਸਤਾਨ ਤੋਂ ਤਾਲਿਬਾਨ ਦੀ ਹਕੂਮਤ ਉਖਾੜ ਦੇਣ ਪਿਛੋਂ ਉਸੇ ਅਮਰੀਕਾ ਦਾ ਇੱਕ ਹੋਰ ਵੱਡਾ ਦੁਸ਼ਮਣ ਮੁੱਲਾਂ ਉਮਰ ਉਥੋਂ ਭੱਜ ਕੇ ਪਾਕਿਸਤਾਨ ਦੀ ਫੌਜ ਦੇ ਹਸਪਤਾਲ ਵਿਚ ਇਲਾਜ ਕਰਵਾਉਂਦਾ ਤੇ ਅਮਰੀਕਾ ਵਿਰੁਧ ਹਮਲਾਵਰੀ ਕਰਦਾ ਰਿਹਾ ਸੀ। ਉਦੋਂ ਵੀ ਅਮਰੀਕੀ ਸਰਕਾਰ ਨੇ ਪਾਕਿਸਤਾਨ ਖਿਲਾਫ ਅਜਿਹਾ ਮਤਾ ਪੇਸ਼ ਕਰਨ ਦੀ ਲੋੜ ਨਹੀਂ ਸੀ ਸਮਝੀ।

ਹੱਕਾਨੀ ਨੈਟਵਰਕ ਬੜੇ ਚਿਰ ਤੋਂ ਅਮਰੀਕਾ ਨੂੰ ਲਗਾਤਾਰ ਤੰਗ ਕਰਦਾ ਆ ਰਿਹਾ ਹੈ। ਡੋਨਲਡ ਟਰੰਪ ਦੀ ਸਰਕਾਰ ਨੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਸਮੇਂ ਵੀ ਇਹ ਮੁੱਦਾ ਕਈ ਵਾਰ ਉਠਾਇਆ ਅਤੇ ਨਵੇਂ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਾਹਮਣੇ ਵੀ ਰੱਖਿਆ ਹੈ। ਹੱਕਾਨੀ ਗਰੁਪ ਪਾਕਿਸਤਾਨ ਵਿਚੋਂ ਉਠ ਕੇ ਅਫਗਾਨਿਸਤਾਨ ਵਿਚ ਅਮਰੀਕੀ ਫੌਜਾਂ ਉਤੇ ਹਮਲੇ ਕਰਦਾ ਹੈ। ਮੁੱਖ ਨਿਸ਼ਾਨਾ ਉਹ ਲਗਾਤਾਰ ਅਮਰੀਕਾ ਵਾਲੇ ਨਾਟੋ ਬਲਾਕ ਦੀਆਂ ਫੌਜਾਂ ਨੂੰ ਬਣਾ ਰਿਹਾ ਹੈ। ਇਸ ਦੇ ਬਾਵਜੂਦ ਹੱਕਾਨੀ ਗਰੁਪ ਦੇ ਮੁੱਦੇ 'ਤੇ ਅਮਰੀਕਾ ਅਤੇ ਉਸ ਦੇ ਗਰੁਪ ਦੇ ਦੇਸ਼ਾਂ ਨੇ ਪਾਕਿਸਤਾਨ ਵਿਰੁਧ ਯੂ. ਐਨ. ਓ. ਕੋਲ ਕਦੇ ਇਸ ਤਰ੍ਹਾਂ ਦੀ ਪਹੁੰਚ ਨਹੀਂ ਕੀਤੀ, ਜਿਹੋ ਜਿਹੀ ਭਾਰਤ ਦੇ ਹਿੱਤਾਂ ਖਾਤਰ ਉਨ੍ਹਾਂ ਨੇ ਕੀਤੀ ਹੈ।



ਮਸੂਦ ਅਜ਼ਹਰ

ਮੈਂ ਭਾਰਤੀ ਹਾਂ ਤੇ ਕਿਸੇ ਵੀ ਹੋਰ ਗੱਲ ਤੋਂ ਪਹਿਲਾਂ ਭਾਰਤ ਦੇ ਹਿਤਾਂ ਬਾਰੇ ਜਦੋਂ ਸੋਚਦਾ ਹਾਂ ਤਾਂ ਇਸ ਤਰ੍ਹਾਂ ਕਿਸੇ ਉਤੇ ਅਹਿਸਾਨ ਨਹੀਂ ਕਰਦਾ। ਹਰ ਦੇਸ਼ ਦਾ ਜੋ ਵੀ ਨਾਗਰਿਕ ਆਪਣੇ ਵਤਨ ਦੀ ਮਿੱਟੀ ਨਾਲ ਪਿਆਰ ਕਰਦਾ ਹੋਵੇ, ਉਹ ਆਪਣੇ ਦੇਸ਼ ਦੇ ਹਿਤਾਂ ਨੂੰ ਪਹਿਲ ਦੇਣਾ ਆਪਣਾ ਫਰਜ਼ ਸਮਝਦਾ ਹੈ। ਮੈਂ ਵੀ ਇਹ ਫਰਜ਼ ਸਮਝਦਾ ਹਾਂ। ਫਰਜ਼ ਦੀ ਗੱਲ ਸੋਚਦਿਆਂ ਵੀ ਮੈਨੂੰ ਅਗਲੀ ਗੱਲ ਇਹ ਸੋਚਣੀ ਪੈਂਦੀ ਹੈ ਕਿ ਪੰਜਾਬੀ ਦਾ ਇੱਕ ਮੁਹਾਵਰਾ ਹੈ ਕਿ ਮਾਂ ਨਾਲੋਂ ਹੇਜਲੀ ਫੱਫੇਕੁੱਟਣੀ ਹੁੰਦੀ ਹੈ। ਅਮਰੀਕਾ ਸਾਡੇ ਦੇਸ਼ ਬਾਰੇ ਇਸ ਦੇਸ਼ ਦੇ ਹਾਕਮਾਂ ਤੋਂ ਵੀ ਅੱਗੇ ਵਧ ਕੇ ਸੋਚ ਰਿਹਾ ਹੈ। ਅੱਗੇ ਕਦੀ ਇਸ ਤਰ੍ਹਾਂ ਨਹੀਂ ਸੀ ਹੁੰਦਾ। ਜਦੋਂ ਮੁੰਬਈ ਵਿਚ ਇੱਕ ਸੌ ਛਿਆਹਠ ਲੋਕ ਮਾਰੇ ਗਏ ਸਨ ਅਤੇ ਇਨ੍ਹਾਂ ਮ੍ਰਿਤਕਾਂ ਵਿਚ ਕਈ ਅਮਰੀਕੀ ਵੀ ਸਨ, ਅਮਰੀਕੀ ਸਰਕਾਰ ਉਦੋਂ ਭਾਰਤ ਨਾਲੋਂ ਵੱਧ ਇਹ ਗੱਲ ਜਾਣਦੀ ਸੀ ਕਿ ਹਮਲਾ ਕਰਨ ਲਈ ਸਾਰੇ ਦਹਿਸ਼ਤਗਰਦ ਪਾਕਿਸਤਾਨ ਤੋਂ ਆਏ ਸਨ ਤੇ ਜ਼ਕੀ-ਉਰ-ਰਹਿਮਾਨ ਉਰਫ ਚਾਚਾ ਉਨ੍ਹਾਂ ਨੂੰ ਉਸ ਹਮਲੇ ਦੌਰਾਨ ਵੀ ਹਦਾਇਤਾਂ ਦਿੰਦਾ ਰਿਹਾ ਸੀ। ਉਹ ਆਦਮੀ ਅੱਜ ਤੱਕ ਪਾਕਿਸਤਾਨ ਵਿਚ ਬੈਠਾ ਹੈ।

ਪਾਕਿਸਤਾਨੀ ਮੂਲ ਦੇ ਇੱਕ ਅਮਰੀਕੀ ਨਾਗਰਿਕ ਡੇਵਿਡ ਕੋਲਮੈਨ ਹੈਡਲੀ ਨੇ ਮੁੰਬਈ ਵਿਚ ਅਗੇਤਾ ਗੇੜਾ ਲਾ ਕੇ ਦਹਿਸ਼ਤਗਰਦਾਂ ਦਾ ਕੰਮ ਸੌਖਾਲਾ ਕਰਨ ਲਈ ਕੱਚੇ ਕਾਗਜ਼ਾਂ ਉਤੇ ਨਕਸ਼ੇ ਬਣਾਏ ਸਨ ਤੇ ਅਮਰੀਕੀ ਸਰਕਾਰ ਇਹ ਵੀ ਜਾਣਦੀ ਸੀ। ਉਸ ਦਹਿਸ਼ਤਗਰਦ ਹਮਲੇ ਨਾਲ ਹਾਫਿਜ਼ ਸਈਦ ਦਾ ਜੁੜੇ ਹੋਣਾ ਵੀ ਅਮਰੀਕਾ ਨੂੰ ਮੁਢਲੇ ਦਿਨਾਂ ਤੋਂ ਪਤਾ ਸੀ। ਡੇਵਿਡ ਕੋਲਮੈਨ ਹੇਡਲੀ ਨੇ ਵਾਅਦਾ ਮੁਆਫ ਗਵਾਹ ਬਣਨ ਪਿੱਛੋਂ ਜੋ ਇਕਬਾਲੀਆ ਬਿਆਨ ਦਿੱਤਾ, ਉਸ ਬਾਰੇ ਭਾਰਤ ਤੋਂ ਪਹਿਲਾਂ ਅਮਰੀਕਾ ਨੂੰ ਪਤਾ ਸੀ ਤੇ ਉਸ ਨੇ ਪਾਕਿਸਤਾਨੀ ਖੁਫੀਆ ਏਜੰਸੀ ਆਈ. ਐਸ. ਆਈ. ਨਾਲ ਸਬੰਧਤ ਦੋ ਵੱਡੇ ਅਫਸਰਾਂ ਦੇ ਨਾਂ ਵੀ ਦੱਸੇ ਸਨ, ਪਰ ਇਸ ਦੇ ਬਾਵਜੂਦ ਅਮਰੀਕਾ ਨੇ ਕਦੇ ਉਸ ਕਿਸਮ ਦੀ ਸਰਗਰਮੀ ਨਹੀਂ ਵਿਖਾਈ, ਜੋ ਇਸ ਵਾਰ ਵਿਖਾ ਰਿਹਾ ਹੈ। ਜ਼ਕੀ-ਉਰ-ਰਹਿਮਾਨ ਲਖਵੀ ਜਾਂ ਹਾਫਿਜ਼ ਸਈਦ ਜਾਂ ਆਈ. ਐਸ. ਆਈ. ਵਾਲੇ ਦੋਹਾਂ ਅਫਸਰਾਂ ਦੇ ਮੁੱਦੇ ਉਤੇ ਚੁੱਪ ਰਿਹਾ ਅਮਰੀਕਾ ਜਦੋਂ ਅਚਾਨਕ ਹੀ ਭਾਰਤ ਦਾ ਹੱਦੋਂ ਵੱਧ ਤਿੱਖਾ ਹੇਜ ਵਿਖਾਉਣ ਵਾਲਾ ਸਮਰਥਕ ਬਣ ਤੁਰਿਆ ਹੈ ਤਾਂ ਭਾਰਤੀ ਨਾਗਰਿਕ ਹੋਣ ਦੇ ਨਾਤੇ ਇਸ ਪੱਖ ਬਾਰੇ ਸੋਚਣਾ ਵੀ ਸਾਡਾ ਭਾਰਤੀਆਂ ਦਾ ਫਰਜ਼ ਹੋਣਾ ਚਾਹੀਦਾ ਹੈ।

ਅੱਜ ਵਾਲੀ ਸਥਿਤੀ ਵਿਚ ਅਮਰੀਕਾ ਜਦੋਂ ਭਾਰਤ ਦੇ ਪੱਖ ਵਿਚ ਇਸ ਹੱਦ ਤੱਕ ਉਲਾਰ ਦਿਖਾਈ ਦਿੰਦਾ ਹੈ, ਉਸ ਵਕਤ ਸਾਨੂੰ ਇਹ ਵੇਖਣਾ ਚਾਹੀਦਾ ਹੈ ਕਿ ਬੀਤੇ ਸਮੇਂ ਵਿਚ ਜਿਨ੍ਹਾਂ ਦੇਸ਼ਾਂ ਦੇ ਪੱਖ ਵਿਚ ਉਹ ਏਨਾ ਉਲਾਰ ਹੋਇਆ, ਉਨ੍ਹਾਂ ਦਾ ਬਾਅਦ ਵਿਚ ਕੀ ਬਣਿਆ ਸੀ? ਅਮਰੀਕਾ ਦਾ ਰਾਸ਼ਟਰਪਤੀ ਭਾਰਤ ਦੇ ਲੋਕਾਂ ਨੇ ਨਹੀਂ ਚੁਣਿਆ ਹੁੰਦਾ। ਉਸ ਨੂੰ ਜਿਸ ਦੇਸ਼ ਦੇ ਲੋਕਾਂ ਨੇ ਚੁਣਿਆ ਹੈ, ਉਸ ਦੇਸ਼ ਦੇ ਲੋਕਾਂ ਦੇ ਹਿਤਾਂ ਬਾਰੇ ਸੋਚਣਾ ਉਸ ਦਾ ਪਹਿਲਾ ਕੰਮ ਹੈ ਤੇ ਜੋ ਵੀ ਕਦਮ ਉਹ ਪੁੱਟਦਾ ਹੈ, ਉਨ੍ਹਾਂ ਵਿਚ ਹੋਰ ਕਿਸੇ ਧਿਰ ਤੋਂ ਪਹਿਲਾਂ ਅਮਰੀਕੀ ਲੋਕਾਂ ਦੇ ਹਿਤਾਂ ਦਾ ਖਿਆਲ ਰੱਖਣਾ ਪੈਂਦਾ ਹੈ।

ਕੁਝ ਲੋਕ ਇਸ ਵੇਲੇ ਦੀ ਅਮਰੀਕਾ ਦੀ ਨੀਤੀ ਨੂੰ ਚੀਨ ਨਾਲ ਵਪਾਰ ਦੇ ਆਢੇ ਦਾ ਸਿੱਟਾ ਆਖਦੇ ਹਨ। ਸ਼ਾਇਦ ਇੱਕ ਹੱਦ ਤੱਕ ਇਹ ਗੱਲ ਠੀਕ ਲੱਗਦੀ ਹੈ, ਪਰ ਸਿਰਫ ਇਹੋ ਨਹੀਂ ਹੋ ਸਕਦੀ। ਅਮਰੀਕੀ ਨੀਤੀ ਸਮਝ ਸਕਣਾ ਏਨਾ ਸੌਖਾ ਕਦੇ ਨਹੀਂ ਗਿਣਿਆ ਜਾਂਦਾ। ਦੂਜੀ ਸੰਸਾਰ ਜੰਗ ਵੇਲੇ ਅਮਰੀਕੀ ਨੀਤੀ ਬਾਰੇ ਅਖੀਰ ਤੱਕ ਕਿਆਫੇ ਲੱਗਦੇ ਰਹੇ ਸਨ ਤੇ ਹਿਟਲਰ ਦੀ ਧਾੜ ਨੂੰ ਹੂੰਝਾ ਵੱਜ ਜਾਣ ਤੱਕ ਉਸ ਦੀ ਨੀਤੀ ਰੂਸੀਆਂ ਨੂੰ ਕੀ, ਅਮਰੀਕੀ ਬਲਾਕ ਦੇ ਦੇਸ਼ਾਂ ਦੇ ਹਾਕਮਾਂ ਨੂੰ ਵੀ ਸਮਝ ਨਹੀਂ ਸੀ ਆਈ। ਚਰਚਿਲ ਵਰਗੇ ਵੀ ਬਾਅਦ ਵਿਚ ਇਸ ਗੱਲ ਬਾਰੇ ਮੰਨਦੇ ਸਨ।

ਇਸ ਵਕਤ ਦੀ ਅਮਰੀਕਾ ਦੀ ਨੀਤੀ ਇੱਕ ਭਾਰਤੀ ਨਾਗਰਿਕ ਹੋਣ ਦੇ ਕਾਰਨ ਸਿਰਫ ਦਹਿਸ਼ਤਗਰਦੀ ਦੇ ਵਿਰੋਧ ਦੇ ਪੱਖੋਂ ਸਾਡੇ ਦੇਸ਼ ਦੇ ਪੱਖ ਅਤੇ ਪਾਕਿਸਤਾਨ ਦੇ ਵਿਰੋਧ ਵਿਚ ਹੋਣ ਕਾਰਨ ਸਾਨੂੰ ਵੀ ਚੰਗੀ ਲੱਗਦੀ ਹੈ। ਇਸ ਦਾ ਸਵਾਗਤ ਵੀ ਹੁੰਦਾ ਹੈ। ਕੋਈ ਇਹ ਨਹੀਂ ਕਹਿ ਰਿਹਾ ਕਿ ਇਸ ਦਾ ਸਵਾਗਤ ਨਾ ਕਰੋ, ਪਰ ਇਸ ਬਾਰੇ ਓਨਾ ਉਲਾਰ ਹੋਣਾ ਵੀ ਠੀਕ ਨਹੀਂ, ਜਿਸ ਹੱਦ ਤੱਕ ਅੱਜ ਉਲਾਰਪੁਣਾ ਵਿਖਾਇਆ ਜਾ ਰਿਹਾ ਹੈ। ਦੇਸ਼ਾਂ ਦੇ ਹਿਤਾਂ ਲਈ ਸਰਕਾਰਾਂ ਦੀ ਦ੍ਰਿਸ਼ਟੀ ਚਾਰ ਕਦਮਾਂ ਜਾਂ ਚਾਰ ਪੈਂਤੜਿਆਂ ਦੀ ਨਹੀਂ, ਚਾਰ ਦਹਾਕੇ ਅਗਾਂਹ ਤੱਕ ਦੀ ਸੋਚਣੀ ਅਤੇ ਅਪਨਾਉਣੀ ਪੈਂਦੀ ਹੈ ਤੇ ਜੋ ਦੇਸ਼ ਅਜਿਹੀ ਦੂਰ ਦ੍ਰਿਸ਼ਟੀ ਅਪਨਾਉਣ ਵੱਲੋਂ ਖੁੰਝ ਜਾਇਆ ਕਰਦੇ ਹਨ, ਉਨ੍ਹਾਂ ਕੋਲ ਪਿੱਛੋਂ ਕਿਸੇ ਪਛਤਾਵੇ ਦਾ ਵਕਤ ਵੀ ਨਹੀਂ ਬਚਦਾ ਹੁੰਦਾ।

## ਚੋਣ ਚੁਸਕੀ

# ਚੋਣਾਂ ਦਾ ਚੌਣਾ

ਅਵਤਾਰ ਸਿੰਘ
ਫੋਨ: 91-94175-18384

ਚੋਣਾਂ ਸਿਰ 'ਤੇ ਹਨ ਤੇ ਚੋਣਾਂ ਦੇ ਰੰਗ ਵਿਚ ਰੰਗੇ ਹੋਏ ਚੌਣੇ ਦੇ ਸੰਗਲ ਖੁੱਲ੍ਹ ਗਏ ਹਨ ਜਾਂ ਖੋਲ੍ਹ ਦਿੱਤੇ ਗਏ ਹਨ। ਹੁਣ ਦੋ ਮਹੀਨੇ ਚੋਣਾਂ ਦੇ ਵੱਗ, ਅਰਥਾਤ ਚੌਣੇ ਹਰਲ ਹਰਲ ਕਰਨਗੇ, ਰਸਤੇ ਮਿੱਧਣਗੇ, ਅਮਨ ਦੀ ਫਸਲ ਲਤਾੜਨਗੇ-ਉਜਾੜਨਗੇ; ਭੈਣ ਭਾਈ ਨੂੰ ਲੜਾਉਣਗੇ ਤੇ ਆਪਣਾ ਉਲੂ ਸਿੱਧਾ ਕਰਨਗੇ; ਲੜਨਗੇ-ਭਿੜਨਗੇ ਤੇ ਖੜਦੁੰਮ ਮਚਾਉਣਗੇ; ਇੱਕ ਦੂਜੇ ਦੇ ਪੋਤੜੇ ਫਰੋਲਣਗੇ; ਆਪਣੀ ਇੱਜਤ ਰੋਲਣਗੇ ਤੇ ਦੂਜਿਆਂ ਦੀ ਫਰੋਲਣਗੇ। ਕੋਈ ਕਿਸੇ ਦਾ ਸਕਾ ਸੋਧਰਾ ਨਹੀਂ ਰਹੇਗਾ; ਆਪਣੇ ਪਰਾਏ ਹੋਣਗੇ ਤੇ ਪਰਾਏ ਆਪਣੇ; ਤੀਏ ਤਰਾਫੂ ਸੈਲਫੀਆਂ ਲੈਣਗੇ ਤੇ 'ਆਪਣੇ' ਕੋਲ ਜਾਣੋਂ ਵੀ ਕੰਨੀ ਕਤਰਾਉਣਗੇ। ਅਜਿਹਾ ਸੱਚ ਅਸੀਂ ਹਰੇਕ ਚੋਣਾਂ 'ਚ ਦੇਖਦੇ ਹਾਂ; ਪਰ ਯਕੀਨ ਨਹੀਂ ਕਰਦੇ।

ਸਾਡੇ ਆਸ-ਪਾਸ ਧੜਾਧੜ ਅਟਕਲਾਂ ਲੱਗ ਰਹੀਆਂ ਹਨ; ਅਫਵਾਹਾਂ ਦਾ ਬਾਜ਼ਾਰ ਗਰਮ ਹੈ; ਹਵਾਵਾਂ ਵਗਣ ਦੀ ਉਡੀਕ ਹੈ; ਝੂਠ ਦੀਆਂ ਪੰਡਾਂ ਬੰਨੀਆਂ ਜਾ ਰਹੀਆਂ ਹਨ; ਗੱਪਾਂ ਦੇ ਕੁੱਪ ਖੜ੍ਹੇ ਕੀਤੇ ਜਾ ਰਹੇ ਹਨ; ਲੋਕਤੰਤਰ ਦੀ ਮੰਡੀ ਵਿਚ ਲਾਰਿਆਂ ਦੀਆਂ ਟਰਾਲੀਆਂ ਭਰ ਭਰ ਸੁੱਟੀਆਂ ਜਾ ਰਹੀਆਂ ਹਨ; ਚੋਣ-ਮੰਡੀ ਦੇ ਪੱਲੇਦਾਰ ਮੁਫਤੋ ਮੁਫਤ ਮੌਰ ਭੰਨਾਉਣ ਲਈ ਤਿਆਰ ਹਨ; ਵੋਟਾਂ ਦੀ ਸ਼ਤਰੰਜ ਦੇ ਪਿਆਦੇ ਮੱਲੋ ਮੱਲੀ ਬਲੀ ਦੇ ਬੱਕਰੇ ਬਣਨ ਲਈ ਤਿਆਰ-ਬਰ-ਤਿਆਰ ਖੜ੍ਹੇ ਹਨ; ਕਈ ਅਲਕ ਵਹਿੜਕੇ ਆਪਣੇ ਫੋਤੇ ਕਢਾਉਣ ਜਾਂ ਖਸੀਏ ਮਰਾਉਣ ਲਈ ਲੂਹਰੀਆਂ ਲੈ ਰਹੇ ਹਨ; ਪੰਜਾਲੀਆਂ ਤਿਆਰ ਹਨ; ਬਸ ਸਿਰ ਘੁਸਾਉਣੇ ਤੇ ਮੌਰ ਭੰਨਾਉਣੇ ਬਾਕੀ ਹਨ।

ਹੁਣ ਆਰਾਂ ਲੱਗਣੀਆਂ, ਡੰਗ ਵੱਜਣਗੇ ਤੇ ਚੋਭਾਂ ਦੇ ਮੀਂਹ ਵਰਸਣਗੇ; ਸੰਘ ਪਾਟਣਗੇ, ਗਲੇ ਬੈਠਣਗੇ ਤੇ ਰਗਾਂ ਫੁਲਣਗੀਆਂ; ਚਿੱਟੇ ਕੁੜਤੇ ਪਜਾਮੇ ਚਮਕਣਗੇ ਤੇ ਨੀਲੀਆਂ, ਚਿੱਟੀਆਂ ਤੇ ਖੱਟੀਆਂ ਪੱਗਾਂ ਸਜਣਗੀਆਂ; ਤਾਅਨੇ, ਮਿਹਣੇ ਤੇ ਜੁਮਲੇਬਾਜੀ ਦੇ ਨਵੇਂ ਅੰਦਾਜ਼ ਦੇਖਣ-ਸੁਣਨ ਨੂੰ ਮਿਲਣਗੇ; ਖੇਖਣ ਹੋਣਗੇ, ਸ਼ਗੂਫੇ ਖਿੜਨਗੇ ਤੇ ਨਵੇਂ ਨਵੇਂ ਚੰਦ ਚੜ੍ਹਨਗੇ।

ਅਸੀਂ ਜਾਣਦੇ ਹਾਂ, ਕੋਈ ਸਰਕਾਰ ਬਣੇਗੀ; 'ਕੱਲੀ ਜਾਂ ਕੁਲੀਸ਼ਨ। ਕੋਈ ਮੰਤਰੀ, ਕੋਈ ਪ੍ਰਧਾਨ ਮੰਤਰੀ ਬਣੇਗਾ। ਕੁਰੱਪਸ਼ਨ ਨਾ ਹਟੇਗੀ, ਨਾ ਘਟੇਗੀ ਤੇ ਨਾ ਹੀ ਕੋਈ ਇਸ ਨੂੰ ਹਟਾਉਣ ਜਾਂ ਘਟਾਉਣ ਬਾਬਤ ਸੋਚੇਗਾ, ਕਿਉਂਕਿ ਕੁਰੱਪਸ਼ਨ ਇੱਕ ਅਜਿਹਾ ਹਮਾਮ ਹੈ, ਜਿਸ ਵਿਚ ਅਸੀਂ ਸਾਰੇ ਹੀ ਨਿਰਵਸਤਰ ਹਾਂ। ਹੁਣ ਅਸੀਂ ਇਸ ਦਾ ਕੋਈ ਉਹਲਾ ਵੀ ਨਹੀਂ ਰੱਖਦੇ। ਕੁਰੱਪਸ਼ਨ ਨੂੰ ਅਸੀਂ ਆਪਣਾ ਜਮਾਂਦਰੂ ਹੱਕ ਸਮਝਦੇ ਹਾਂ। ਸਾਨੂੰ ਲੱਗਦਾ ਹੈ ਕਿ ਕੁਰੱਪਸ਼ਨ ਬਿਨਾ ਅਸੀਂ ਦੂਸਰਿਆਂ ਤੋਂ ਅੱਗੇ ਨਹੀਂ ਲੰਘ ਸਕਦੇ। ਅਸੀਂ ਰਲ-ਮਿਲ ਕੇ ਜੀਣਾ-ਥੀਣਾ ਭੁੱਲ ਗਏ ਹਾਂ ਤੇ ਦੂਜਿਆਂ ਨੂੰ ਨੀਂਵਾਂ ਦਿਖਾਉਣਾ ਸਾਡਾ ਮਕਸਦ ਬਣ ਗਿਆ ਹੈ।



ਚੋਣਾਂ ਵਿਚ ਵੀ ਸਾਡਾ ਮੰਤਵ ਦੂਸਰੇ ਨੂੰ ਹਰਾਉਣਾ ਹੈ। ਦੇਸ਼ ਨੇ ਖਾਧੀ ਕੜ੍ਹੀ। ਦੇਸ਼ ਦਾ ਕੀ ਹੈ! ਇਸ ਨੇ ਤਾਂ ਰਿੜ੍ਹ ਖਿੜ੍ਹ ਕੇ ਚੱਲੀ ਹੀ ਜਾਣਾ ਹੈ। ਸਿਰਫ ਸਾਡੀ ਆਪਣੀ ਗੱਡੀ ਸਰਪੱਟ ਦੌੜਨੀ ਚਾਹੀਦੀ ਹੈ। ਅਸੀਂ ਕਿਸੇ ਤੋਂ ਕੀ ਲੈਣਾ! ਉਂਜ ਅਸੀਂ ਰੋਜ਼ਾਨਾ ਦੋ-ਤਿੰਨ ਵਾਰ ਸਰਬੱਤ ਦੇ ਭਲੇ ਦੀ ਜਾਚਨਾ ਕਰਦੇ ਹਾਂ। ਕਹਿਣ ਨੂੰ ਸਰਵੋਦਯ ਸਾਡਾ ਮਕਸਦ ਹੈ, ਪਰ ਨਿੱਜਵਾਦ ਸਾਡਾ ਅਸਲ ਅਧਿਆਤਮ ਬਣਿਆ ਹੋਇਆ ਹੈ।

ਆਓ, ਆਪਣੇ ਇਸ ਘਿਨਾਉਣੇ ਨਿੱਜਵਾਦੀ ਅਧਿਆਤਮ ਦਾ ਪੱਲਾ ਘੁੱਟ ਕੇ ਫੜ ਲਈਏ ਤੇ ਕਿਸੇ ਤਰ੍ਹਾਂ ਦੇ ਸੁਧਾਰ ਦੇ ਬੂਹੇ ਬੰਦ ਕਰ ਦੇਈਏ ਅਤੇ ਕੁਰੱਪਸ਼ਨ ਦੇ ਨਰਕ ਵਿਚ ਰਹਿਣ ਨੂੰ ਤਰਜੀਹ ਦੇਈਏ। ਅਸੀਂ ਕਿਸੇ ਤਰ੍ਹਾਂ ਦੇ ਵੀ ਬਦਲਾਓ ਦੇ ਹੱਕਦਾਰ ਨਹੀਂ ਹਾਂ ਕਿਉਂਕਿ ਅਸੀਂ ਬਦਲਾਓ ਦੇ ਹੱਕ ਵਿਚ ਹੀ ਨਹੀਂ ਹਾਂ।

ਬੇਸ਼ੱਕ ਚੋਣਾਂ ਦੇ ਚੌਣੇ ਦਾ ਮੰਜ਼ਰ ਉਦਾਸ ਕਰਨ ਵਾਲਾ ਹੈ, ਪਰ ਇਸ ਉਦਾਸੀ ਵਿਚ ਇਜ਼ਾਫਾ ਕਰਨਾ ਕੋਈ ਨੇਕ ਮਕਸਦ ਨਹੀਂ ਹੈ। ਇਸ ਲਿਖਤ ਦਾ ਮਕਸਦ ਚੋਣਾਂ ਦੇ ਸੱਚ ਵੱਲ ਸੰਕੇਤ ਕਰਨਾ ਹੈ। ਇਹ ਸੰਕੇਤ ਸਾਡੀ ਲਿਆਕਤ ਨੂੰ ਝੰਜੋੜਨ ਵਾਲਾ ਅਤੇ ਜ਼ਮੀਰ ਨੂੰ ਜਗਾਉਣ ਵਾਲਾ ਹੈ।

ਇਸ ਲਈ ਸਾਨੂੰ ਜ਼ਮੀਰ ਦੀ ਆਵਾਜ਼ ਸੁਣਨੀ ਚਾਹੀਦੀ ਹੈ, ਲਿਆਕਤ ਹੰਘਾਲਣੀ ਚਾਹੀਦੀ ਹੈ ਤੇ ਸੂਝਵਾਨ ਫੈਸਲੇ ਕਰਨੇ ਚਾਹੀਦੇ ਹਨ। ਚੋਣਾਂ ਇੱਕ ਅਜਿਹਾ ਹੀ ਮੌਕਾ ਹੈ, ਜਿੱਥੋਂ ਅਸੀਂ ਤਬਦੀਲੀ ਦੀ ਆਸ ਰੱਖ ਸਕਦੇ ਹਾਂ।

ਸਾਨੂੰ ਬੜੇ ਹੀ ਲੁਭਾਉਣੇ ਜਿਹੇ ਵਿਚਾਰ ਸੁਣਨ ਨੂੰ ਮਿਲਦੇ ਹਨ; ਜੇ ਕੋਈ ਘੱਟ ਉਮਰ ਦਾ ਹੈ ਤਾਂ ਉਹ ਨੌਜਵਾਨ ਦਿਲਾਂ ਦੀ ਧੜਕਣ ਕਹਾਉਂਦਾ ਹੈ। ਕੋਈ ਆਪਣੇ ਕਿਸੇ ਨਜ਼ਦੀਕੀ ਕਰਕੇ ਕੁਰਬਾਨੀ ਵਾਲਾ ਸਦਾਉਂਦਾ ਹੈ। ਹਰ ਕੋਈ ਇਹੀ ਕਹੇਗਾ, 'ਮੇਰੀ ਕਾਮਯਾਬੀ, ਤੁਹਾਡੀ ਆਪਣੀ ਕਾਮਯਾਬੀ ਹੈ।'

ਪਰ ਆਪਾਂ ਇਸ ਵਾਰ ਭਾਵੁਕਤਾ ਵਿਚ ਆ ਕੇ ਫੈਸਲਾ ਨਾ ਕਰੀਏ; ਕਾਬਲੀਅਤ ਜਰੂਰ ਦੇਖੀਏ। ਕਾਬਲੀਅਤ ਦੇਖਣ ਲਈ ਉਮੀਦਵਾਰ ਨੂੰ ਬਹੁਤ ਸਾਰੇ ਸਵਾਲਾਂ ਦੇ ਸਨਮੁਖ ਕਰਨਾ ਚਾਹੀਦਾ ਹੈ।

# ਚੋਣ ਮਨੋਰਥ ਪੱਤਰ, ਸਿਆਸਤ, ਨੌਜਵਾਨ ਅਤੇ ਰੁਜ਼ਗਾਰ

ਸਤਨਾਮ ਸਿੰਘ ਮੱਟੂ
ਫੋਨ: 91-97797-08257

ਭਾਰਤ ਵਿਚ ਇਸ ਵੇਲੇ ਸਿਆਸਤ ਖੂਬ ਭਖੀ ਹੋਈ ਹੈ, ਕਿਉਂਕਿ ਇਸ ਮਹੀਨੇ ਪਹਿਲੇ ਗੇੜ ਦੀਆਂ ਵੋਟਾਂ ਪੈਣ ਦਾ ਦੌਰ ਸ਼ੁਰੂ ਹੋ ਰਿਹਾ ਹੈ। ਸੱਭੇ ਸਿਆਸੀ ਪਾਰਟੀਆਂ ਵਲੋਂ ਵੋਟਰਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਲੁਭਾਵਣੇ ਸੁਪਨੇ, ਸਮਾਜਵਾਦੀ ਲੱਛੇਦਾਰ ਤਕਰੀਰਾਂ ਅਤੇ ਚੋਣ ਮਨੋਰਥ ਪੱਤਰਾਂ 'ਚ ਸੁਧਾਰਵਾਦੀ ਵਾਅਦੇ ਕੀਤੇ ਜਾਣਗੇ, ਜੋ ਪਹਿਲਾਂ ਵੀ ਦੇਸ਼ ਆਜ਼ਾਦ ਹੋਣ ਤੋਂ ਲੈ ਕੇ ਵੋਟਰਾਂ ਨਾਲ ਕੀਤੇ ਜਾਂਦੇ ਆਏ ਹਨ, ਪਰ ਸੱਤਾ ਦੇ ਨਸ਼ੇ 'ਚ ਚੂਰ ਸਿਆਸਤਦਾਨਾਂ ਵੱਲੋਂ ਸਭ ਕਾਸੇ ਨੂੰ ਅੱਖੋਂ ਪਰੋਖੇ ਕਰਕੇ ਆਪਣਾ ਵੋਟ ਬੈਂਕ ਪੱਕਾ ਕਰਨ ਵਾਲੀਆਂ ਨਵੀਆਂ ਨਵੀਆਂ ਸਕੀਮਾਂ ਘੜੀਆਂ ਜਾਂਦੀਆਂ ਰਹੀਆਂ ਹਨ।

ਇਸ ਵਾਰ ਵੀ ਵੋਟਰਾਂ ਨੂੰ ਸਿਆਸੀ ਗਲਿਆਰਿਆਂ ਵੱਲੋਂ ਝੂਠੇ ਵਾਅਦਿਆਂ, ਝੂਠੇ ਲਾਰਿਆਂ, ਵਿਕਾਸ, ਰੋਜ਼ਗਾਰ, ਕਰਜਾ ਮੁਆਫੀ, ਕਿਸਾਨਾਂ ਤੇ ਖੇਤੀਬਾੜੀ ਸੈਕਟਰ 'ਚ ਸੁਧਾਰ, ਆਟਾ ਦਾਲ ਸਕੀਮਾਂ, ਮੁਫਤ ਮੋਬਾਈਲ, ਚੀਨੀ ਚਾਹ-ਪੱਤੀ, ਮੁਫਤ ਵਾਈ ਫਾਈ, ਪੈਨਸ਼ਨਾਂ 'ਚ ਵਾਧਾ, ਸਿੱਖਿਆ ਸੁਧਾਰ, ਸ਼ਗਨ ਸਕੀਮਾਂ, ਪਲਾਟ ਵੰਡਣ, ਗਰੀਬਾਂ ਨੂੰ ਘਰ ਬਣਾ ਕੇ ਦੇਣ ਆਦਿ ਵਰਗੇ ਵਾਅਦਿਆਂ ਨਾਲ ਭਰਪੂਰ ਚੋਣ ਮਨੋਰਥ ਪੱਤਰ ਜਾਰੀ ਕੀਤੇ ਜਾਣਗੇ। ਲੋਕ ਫਿਰ ਸਿਆਸਤਦਾਨਾਂ ਦੇ ਝਾਂਸੇ 'ਚ ਆ ਕੇ ਝੂਠੀ ਉਮੀਦ ਨਾਲ ਉਮੀਦਵਾਰਾਂ ਨੂੰ ਵੋਟਾਂ ਪਾ ਦੇਣਗੇ ਅਤੇ ਅਗਲੇ ਪੰਜ ਸਾਲਾਂ ਲਈ ਫਿਰ ਪਰਨਾਲਾ ਉਥੇ ਦਾ ਉਥੇ ਹੀ ਰਹਿ ਜਾਵੇਗਾ।

ਸਮਝ ਨਹੀਂ ਆਉਂਦੀ ਪਾਰਟੀਆਂ ਦੇਸ਼, ਸਮਾਜ, ਗਰੀਬਾਂ, ਨੌਜਵਾਨਾਂ, ਰੋਜ਼ਗਾਰ, ਕਿਸਾਨਾਂ ਪ੍ਰਤੀ ਇੰਨਾ ਅਵੇਸਲਾਪਣ ਕਿਉਂ ਦਿਖਾ ਰਹੀਆਂ ਹਨ। ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ, ਨਿਤ ਦਿਨ ਬਲਾਤਕਾਰਾਂ ਦੀਆਂ ਖਬਰਾਂ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ, ਰੋਜ਼ਗਾਰ ਦੀ ਭਾਲ 'ਚ ਨੌਜਵਾਨ ਵਿਦੇਸ਼ਾਂ ਵਿਚ ਧੱਕੇ ਖਾ ਰਹੇ ਹਨ, ਕਿਸਾਨ ਤੇ ਮੁਲਾਜ਼ਮ ਵਰਗ ਧਰਨੇ ਦੇ ਰਹੇ ਹਨ, ਸਰਕਾਰੀ ਮੁਲਾਜ਼ਮਾਂ ਦੀ ਪੈਨਸ਼ਨ ਬੰਦ, ਸ਼ਗਨ ਸਕੀਮ ਦਾ ਚੈਕ ਮਿਲਦੇ ਮਿਲਦੇ ਲੜਕੀ ਦੋ ਬੱਚਿਆਂ ਦੀ ਮਾਂ ਬਣ ਜਾਂਦੀ ਹੈ। ਅਧਿਆਪਕ, ਕਲਰਕ, ਠੇਕੇ ਵਾਲੇ ਮੁਲਾਜ਼ਮ ਆਦਿ ਆਪਣੇ ਬਕਾਇਆਂ ਲਈ ਮੁਜਾਹਰੇ ਕਰ ਰਹੇ ਹਨ ਅਤੇ ਪਾਣੀ ਦੀਆਂ ਟੈਂਕੀਆਂ 'ਤੇ ਚੜ੍ਹ, ਸੜਕਾਂ, ਰੇਲਾਂ ਰੋਕ ਕੇ ਆਪਣੇ ਹੱਕਾਂ ਲਈ ਲੜਦੇ ਰਹਿੰਦੇ ਹਨ।

ਘਰ ਘਰ ਜਾ ਕੇ ਵੇਲੇ-ਕੁਵੇਲੇ ਵੋਟਾਂ ਮੰਗਣ ਵਾਲੇ ਲੀਡਰਾਂ ਕੋਲ ਜਿੱਤਣ ਤੋਂ ਬਾਅਦ ਹੜਤਾਲੀਆਂ ਨਾਲ ਗੱਲਬਾਤ ਕਰਨ ਲਈ ਵੀ ਵਕਤ ਨਹੀਂ ਹੁੰਦਾ। ਬੜੇ ਹੀ ਅਫਸੋਸ ਦੀ ਗੱਲ ਹੈ ਕਿ ਇੱਕ ਸਰਕਾਰੀ ਮੁਲਾਜ਼ਮ 30 ਸਾਲ ਦੀ ਨੌਕਰੀ ਪਿਛੋਂ ਬਿਨਾ ਪੈਨਸ਼ਨ ਸੇਵਾ ਮੁਕਤ ਹੋ ਰਿਹਾ ਹੈ। ਸੋਚਣ ਵਾਲੀ ਗੱਲ ਹੈ ਕਿ ਕੋਈ ਵੀ ਲੀਡਰ ਆਪਣੇ ਬੱਚਿਆਂ ਨੂੰ ਸਰਕਾਰੀ ਨੌਕਰ ਜਾਂ ਬਿਜਨਸਮੈਨ ਨਹੀਂ ਬਣਾਉਂਦੇ, ਸਗੋਂ ਸਿਆਸਤਦਾਨ ਹੀ ਬਣਾਉਂਦੇ ਹਨ, ਕਿਉਂ?

ਸਰਕਾਰੀ ਵਿਭਾਗਾਂ 'ਚ ਬੇਲੋੜੀ ਸਿਆਸੀ ਦਖਲਅੰਦਾਜ਼ੀ ਨੇ ਸਰਕਾਰੀ ਤੰਤਰ ਅਤੇ ਸਿਸਟਮ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਸ਼ੋਸ਼ਲ ਮੀਡੀਏ ਦੇ ਜ਼ਰੀਏ ਅੱਜ ਦਾ ਵੋਟਰ ਸਿਆਸੀ ਪਾਰਟੀਆਂ ਦੀਆਂ ਲੂੰਬੜ ਚਾਲਾਂ ਤੋਂ ਸੁਚੇਤ ਹੋ ਚੁਕਾ ਹੈ।

ਉਮੀਦਵਾਰਾਂ ਜਾਂ ਪਾਰਟੀਆਂ ਵੱਲੋਂ ਜਾਰੀ ਹੋਣ ਵਾਲੇ ਚੋਣ ਮਨੋਰਥ ਪੱਤਰ ਐਫੀਡੇਵਿਟ 'ਤੇ ਜਾਰੀ ਹੋਣ ਤਾਂ ਜੋ ਚੋਣ ਜਿੱਤੇ ਉਮੀਦਵਾਰ ਨੂੰ ਜਵਾਬਦੇਹ ਬਣਾਇਆ ਜਾ ਸਕੇ। ਨੌਜਵਾਨਾਂ ਨੂੰ ਰੋਜ਼ਗਾਰ ਦੇਣ ਨਾਲ ਕਿਸੇ ਵੀ ਵਰਗ ਨੂੰ ਵਿਸ਼ੇਸ਼ ਮੁਫਤ ਸਹੂਲਤਾਂ ਦੀ ਲੋੜ ਮਹਿਸੂਸ ਨਹੀਂ ਹੋਵੇਗੀ। ਵੋਟਰਾਂ ਨੂੰ ਚਾਹੀਦਾ ਹੈ ਕਿ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਵਾਲੇ ਚੋਣ ਮਨੋਰਥ ਪੱਤਰ ਵਾਲੀ ਸਿਆਸੀ ਪਾਰਟੀ ਨੂੰ ਪਹਿਲ ਦਿੱਤੀ ਜਾਵੇ, ਇਸ ਨਾਲ ਦੇਸ਼ ਦੀ ਪੂੰਜੀ ਵੀ ਸੁਰੱਖਿਅਤ ਹੋਵੇਗੀ।

ਪੰਜਾਬ ਟਾਈਮਜ਼

*ਸਨਿਚਰਵਾਰ, 6 ਅਪਰੈਲ 2019*

# ਸੌੜੀ ਸਿਆਸਤ ਦਾ ਅਸਲ ਰੰਗ

ਦੂਜੀ ਵਾਰ ਲੋਕ ਸਭਾ ਚੋਣਾਂ ਜਿੱਤਣ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਹੁਣ ਪੂਰੇ ਰੰਗ ਵਿਚ ਆ ਗਈ ਹੈ ਅਤੇ ਇਸ ਨੇ ਸਭ ਮੁੱਦੇ ਅਤੇ ਮਸਲੇ ਛੱਡ-ਛਡਾ ਕੇ ਰਾਸ਼ਟਰਵਾਦ ਅਤੇ ਫਿਰਕੂ ਜਨੂੰਨ ਦਾ ਰਾਹ ਫੜ ਲਿਆ ਹੈ। ਪਿਛਲੀ ਵਾਰ ਕਾਂਗਰਸ ਉਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਨਾਲ-ਨਾਲ ਇਸ ਨੇ ਵਿਕਾਸ ਨੂੰ ਆਪਣਾ ਮੁੱਖ ਮੁੱਦਾ ਬਣਾਇਆ ਸੀ, ਪਰ ਪਿਛਲੇ ਪੰਜ ਸਾਲਾਂ ਦੇ ਰਾਜਭਾਗ ਦੌਰਾਨ ਇਸ ਕੋਲ ਪ੍ਰਚਾਰ ਕਰਨ ਲਈ ਇਕ ਵੀ ਮੁੱਦਾ ਨਹੀਂ ਹੈ। ਇਸ ਕਰਕੇ ਹੁਣ ਇਹ ਪਾਰਟੀ ਇਸ ਸਮਝ ਨਾਲ ਚੋਣ ਮੈਦਾਨ ਵਿਚ ਪੂਰੇ ਜ਼ੋਰ ਨਾਲ ਜੁਟ ਗਈ ਹੈ ਕਿ ਜੇ ਇਨ੍ਹਾਂ ਚੋਣਾਂ ਦੌਰਾਨ ਹਿੰਦੂ ਵੋਟਾਂ ਇਕਜੁੱਟ ਕਰ ਲਈਆਂ ਜਾਣ ਤਾਂ ਸਹਿਜੇ ਹੀ ਜਿੱਤ ਹਾਸਲ ਕੀਤੀ ਜਾ ਸਕਦੀ ਹੈ। ਪਾਰਟੀ ਦੀ ਗਿਣਤੀ-ਮਿਣਤੀ ਇਹੀ ਹੈ ਕਿ ਇਕੱਲੀਆਂ ਹਿੰਦੂ ਵੋਟਾਂ ਦੇ ਸਿਰ ਉਤੇ ਇਹ ਟੀਚਾ ਹਾਸਲ ਕੀਤਾ ਜਾ ਸਕਦਾ ਹੈ। ਇਸੇ ਕਰਕੇ ਹੀ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਆਪਣੀ ਚੋਣ ਰੈਲੀ ਵਿਚ ਦੇਸ਼ ਦੀ ਫੌਜ ਨੂੰ 'ਮੋਦੀ ਜੀ ਕੀ ਸੈਨਾ' ਆਖ ਦਿੱਤਾ। ਯੋਗੀ ਦੇ ਇਸ ਬਿਆਨ 'ਤੇ ਰੱਫੜ ਹੁਣ ਕੁਝ ਜ਼ਿਆਦਾ ਹੀ ਵਧ ਗਿਆ ਹੈ, ਕਿਉਂਕਿ ਵਿਰੋਧੀ ਧਿਰਾਂ ਨੇ ਇਸ ਨੂੰ ਦੇਸ਼ ਦੀ ਫੌਜ ਦਾ ਅਪਮਾਨ ਗਰਦਾਨਿਆ ਹੈ ਅਤੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਕਰ ਦਿੱਤੀ ਹੈ। ਚੋਣ ਕਮਿਸ਼ਨ ਪਹਿਲਾਂ ਉਭਰੇ ਅਜਿਹੇ ਕਈ ਮਾਮਲਿਆ ਦੇ ਸਿਲਸਿਲੇ ਵਿਚ ਸਾਫ ਕਰ ਚੁਕਾ ਹੈ ਕਿ ਫੌਜ ਦੀਆਂ ਕਾਰਵਾਈਆਂ ਉਤੇ ਸਿਆਸਤ ਨਾ ਕੀਤੀ ਜਾਵੇ।

ਉਧਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਣਾਂ ਵਿਚ ਵਿਰੋਧੀ ਧਿਰ ਪ੍ਰਤੀ ਜੋ ਰੁਖ ਅਪਨਾਇਆ ਹੈ, ਉਸ ਦਾ ਨਿਸ਼ਾਨਾ ਵੀ ਹਿੰਦੂ ਵੋਟਾਂ ਦਾ ਧਰੁਵੀਕਰਨ ਕਰਨਾ ਹੀ ਹੈ। ਉਹ ਪਹਿਲਾਂ ਤਾਂ ਸਮਝੌਤਾ ਐਕਸਪ੍ਰੈਸ ਦੇ ਦੋਸ਼ੀਆਂ ਨੂੰ ਬਰੀ ਕਰਨ ਵਾਲੇ ਮਾਮਲੇ 'ਤੇ ਕੁਝ ਬੋਲੇ ਹੀ ਨਹੀਂ; ਹੁਣ ਜਦੋਂ ਬੋਲੇ ਹਨ ਤਾਂ ਉਨ੍ਹਾਂ ਦਾ ਭਾਸ਼ਣ ਅੰਤਾਂ ਦਾ ਜ਼ਹਿਰੀਲਾ ਹੋ ਗਿਆ ਹੈ। ਯਾਦ ਰਹੇ, ਇਸ ਮਾਮਲੇ ਵਿਚ ਹਿੰਦੂਵਾਦੀ ਲੀਡਰ ਅਸੀਮਾਨੰਦ ਅਦਾਲਤ ਵਿਚ ਖੁਦ ਮੰਨ ਚੁਕੇ ਹਨ ਕਿ ਧਮਾਕੇ ਕੱਟੜ ਹਿੰਦੂ ਜਥੇਬੰਦੀਆਂ ਨੇ ਹੀ ਕਰਵਾਏ, ਪਰ ਬਾਅਦ ਵਿਚ ਉਹ ਆਪਣੇ ਇਸ ਬਿਆਨ ਤੋਂ ਮੁੱਕਰ ਗਿਆ। ਹੁਣ ਨਰਿੰਦਰ ਮੋਦੀ ਪ੍ਰਚਾਰ ਕਰ ਰਹੇ ਹਨ ਕਿ 'ਹਿੰਦੂ ਦਹਿਸ਼ਤਗਰਦ' ਸ਼ਬਦ ਕਾਂਗਰਸ ਨੇ ਸਿਆਸੀ ਲਾਹਾ ਲੈਣ ਲਈ ਵਰਤਿਆ ਅਤੇ ਹੁਣ ਉਨ੍ਹਾਂ ਹੀ ਹਿੰਦੂਆਂ ਤੋਂ ਇਹ (ਕਾਂਗਰਸ) ਵੋਟਾਂ ਮੰਗ ਰਹੀ ਹੈ। ਉਸ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਹਿੰਦੂ ਕਦੀ ਦਹਿਸ਼ਤਗਰਦ ਹੋ ਹੀ ਨਹੀਂ ਸਕਦਾ। ਰਾਸ਼ਟਰਵਾਦ ਅਤੇ ਕੌਮੀ ਸੁਰੱਖਿਆ ਦੇ ਮਸਲਿਆਂ 'ਤੇ ਵਿਰੋਧੀ ਧਿਰ ਪਾਕਿਸਤਾਨ ਦੀ ਬੋਲੀ ਬੋਲ ਰਹੇ ਹਨ, ਇਹ ਦੋਸ਼ ਤਾਂ ਹੁਣ ਪ੍ਰਧਾਨ ਮੰਤਰੀ ਦੀ ਹਰ ਰੈਲੀ ਦਾ ਹਿੱਸਾ ਬਣ ਗਿਆ ਹੈ। ਇਸ ਤੋਂ ਪਹਿਲਾਂ ਉਸ ਨੇ ਪੁਲਾੜ ਵਿਚ ਮਿਜ਼ਾਈਲ ਨਾਲ ਨਿਸ਼ਾਨਾ ਲਾਉਣ ਵਾਲੇ ਕਾਰਨਾਮੇ ਤੋਂ ਬਾਅਦ ਨਸ਼ਰ ਆਪਣੇ 'ਸੰਦੇਸ਼' ਵਿਚ ਵੀ ਰਾਸ਼ਟਰਵਾਦ ਨੂੰ ਹੀ ਉਭਾਰਨ ਦਾ ਯਤਨ ਕੀਤਾ। ਉਸ ਦੇ ਇਸ ਭਾਸ਼ਣ ਉਤੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਵੀ ਲੱਗੇ, ਪਰ ਚੋਣ ਕਮਿਸ਼ਨ ਨੇ ਇਸ ਮਾਮਲੇ ਵਿਚ ਉਸ ਨੂੰ 'ਕਲੀਨ ਚਿੱਟ' ਦੇ ਦਿੱਤੀ।

ਜਾਹਰ ਹੈ ਕਿ ਅਜਿਹੇ ਜ਼ਹਿਰੀਲੇ ਚੋਣ ਪ੍ਰਚਾਰ ਨੂੰ ਰੋਕਣ ਜਾਂ ਰੁਕਵਾਉਣ ਲਈ ਵਿਰੋਧੀ ਧਿਰਾਂ ਚੋਣ ਕਮਿਸ਼ਨ ਕੋਲ ਹੀ ਫਰਿਆਦ ਕਰ ਸਕਦੀਆਂ ਹਨ, ਪਰ ਚੋਣ ਕਮਿਸ਼ਨ ਸ਼ੱਰੇਆਮ ਸੱਤਾਧਾਰੀ ਧਿਰ ਦੇ ਹੱਕ ਵਿਚ ਭੁਗਤ ਰਿਹਾ ਹੈ। ਪੁਲਾੜ ਵਾਲੇ ਕਾਰਨਾਮੇ ਤੋਂ ਬਾਅਦ ਦਿੱਤੇ 'ਸੰਦੇਸ਼' ਵਾਲੇ ਮਾਮਲੇ ਵਿਚ ਚੋਣ ਕਮਿਸ਼ਨ ਨੇ ਬਾਕਾਇਦਾ ਕਮੇਟੀ ਬਣਾਈ ਅਤੇ ਰੁਟੀਨ ਮੁਤਾਬਕ ਇਸ ਕਮੇਟੀ ਨੇ ਮਸਲੇ ਦੀ ਛਾਣ-ਬੀਣ ਕੀਤੀ, ਪਰ ਇਹ ਛਾਣ-ਬੀਣ ਸਿਰਫ ਤਕਨੀਕੀ ਨੁਕਤੇ ਤੋਂ ਹੀ ਕੀਤੀ ਗਈ। ਇਹ ਨੁਕਤਾ ਛੱਡ ਦਿੱਤਾ ਗਿਆ ਕਿ ਮਿਜ਼ਾਈਲ ਅਜ਼ਮਾਇਸ਼ ਚੋਣਾਂ ਦੇ ਦਿਨਾਂ ਦੌਰਾਨ ਕਰਨ ਅਤੇ ਉਸ ਮਗਰੋਂ 'ਸੰਦੇਸ਼' ਨਸ਼ਰ ਕਰਨ ਦੀ ਕੋਈ ਲੋੜ ਸੀ ਜਾਂ ਨਹੀਂ। ਜਾਂਚ ਦਾ ਨੁਕਤਾ ਇਹ ਬਣਾਇਆ ਕਿ 'ਸੰਦੇਸ਼' ਨਸ਼ਰ ਕਰਨ ਲਈ ਸਰਕਾਰੀ ਮੀਡੀਆ ਜਿਸ ਵਿਚ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਆਉਂਦੇ ਹਨ, ਨੂੰ ਤਾਂ ਨਹੀਂ ਵਰਤਿਆ ਗਿਆ। ਜਾਂਚ ਕਮੇਟੀ ਨੇ ਆਪਣੀ ਰਿਪੋਰਟ ਵਿਚ ਇਹ ਕਹਿ ਕੇ ਗੱਲ ਮੁਕਾ ਦਿੱਤੀ ਕਿ 'ਸੰਦੇਸ਼' ਦਾ ਆਲ ਇੰਡੀਆ ਰੇਡੀਓ ਜਾਂ ਦੂਰਦਰਸ਼ਨ ਤੋਂ ਸਿੱਧਾ ਪ੍ਰਸਾਰਨ ਨਹੀਂ ਕੀਤਾ ਗਿਆ, ਸਗੋਂ ਖਬਰ ਏਜੰਸੀ ਏ. ਐਨ. ਆਈ. ਵੱਲੋਂ ਮੁਹੱਈਆਂ ਕਰਵਾਈ ਖਬਰ ਨੂੰ ਹੀ ਆਧਾਰ ਬਣਾਇਆ ਗਿਆ ਹੈ। ਇਸ ਜਾਂਚ ਰਿਪੋਰਟ ਤੋਂ ਚੋਣ ਕਮਿਸ਼ਨ ਦਾ ਟੀਰ ਸਭ ਨੂੰ ਸਾਫ ਨਜ਼ਰ ਆ ਗਿਆ।

ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਇਸ ਸਮੁੱਚੀ ਕਵਾਇਦ ਅਤੇ ਇਸ ਵੱਲੋਂ ਵੱਖ-ਵੱਖ ਸੰਸਥਾਵਾਂ ਨੂੰ ਆਪਣੇ ਹੱਕ ਵਿਚ ਵਰਤਣ ਤੋਂ ਸਪਸ਼ਟ ਹੈ ਕਿ ਇਹ ਪਾਰਟੀ ਚੋਣਾਂ ਜਿੱਤਣ ਲਈ ਕਿਸ ਹੱਦ ਤੱਕ ਜਾ ਸਕਦੀ ਹੈ। ਹੁਣ ਤਾਂ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਪੁਲਵਾਮਾ ਅਤੇ ਬਾਲਾਕੋਟ ਵਾਲੀਆਂ ਘਟਨਾਵਾਂ ਵਿੰਗੇ-ਟੇਢੇ ਢੰਗ ਨਾਲ ਇਸ ਦੀ ਚੋਣ ਰਣਨੀਤੀ ਦਾ ਹੀ ਹਿੱਸਾ ਸਨ। ਅਸਲ ਵਿਚ ਇਹ ਰਣਨੀਤੀ ਇਸ ਦੀ ਇਸ ਗਿਣਤੀ-ਮਿਣਤੀ ਤੋਂ ਬਾਅਦ ਸਾਹਮਣੇ ਆਈ ਹੈ ਕਿ ਦੇਸ਼ ਦੀ ਹਿੰਦੀ ਬੈਲਟ ਵਿਚ ਇਸ ਨੂੰ ਪਿਛਲੀਆਂ ਚੋਣਾਂ ਜਿੰਨੀਆਂ ਸੀਟਾਂ ਉਤੇ ਜਿੱਤ ਹਾਸਲ ਨਹੀਂ ਹੋਣੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਇਸ ਨੂੰ ਇੰਨੀਆਂ ਸੀਟਾਂ ਮਿਲਣੀਆਂ ਮੁਸ਼ਕਿਲ ਹਨ ਕਿ ਹਿੰਦੀ ਬੈਲਟ ਵਾਲੇ ਨੁਕਸਾਨ ਦੀ ਪੂਰਤੀ ਹੋ ਸਕੇ। ਇਸੇ ਕਰਕੇ ਇਹ ਵਿਕਾਸ ਦਾ ਮੁੱਦਾ ਛੱਡ ਕੇ ਸਿੱਧੀ ਰਾਸ਼ਟਰਵਾਦ ਅਤੇ ਦੇਸ਼ ਦੀ ਸੁਰੱਖਿਆ ਉਤੇ ਪਹੁੰਚ ਗਈ ਹੈ। ਰਾਸ਼ਟਰਵਾਦ ਅਤੇ ਕੌਮੀ ਸੁਰੱਖਿਆ ਦੇ ਮਸਲੇ ਅਹਿਮ ਹੋ ਸਕਦੇ ਹਨ, ਇਨ੍ਹਾਂ ਬਾਰੇ ਬਹਿਸ ਵੀ ਹੋਣੀ ਚਾਹੀਦੀ ਹੈ ਪਰ ਭਾਰਤੀ ਜਨਤਾ ਪਾਰਟੀ ਜਿਸ ਤਰ੍ਹਾਂ ਇਹ ਮਸਲੇ ਉਭਾਰ ਰਹੀ ਹੈ, ਉਸ ਤੋਂ ਸਾਫ ਪਤਾ ਲੱਗਦਾ ਹੈ ਕਿ ਇਸ ਨੂੰ ਇਨ੍ਹਾਂ ਮਸਲਿਆਂ ਬਾਰੇ ਕੋਈ ਫਿਕਰ ਨਹੀਂ ਹੈ, ਸਗੋਂ ਇਸ ਦਾ ਇਕੋ-ਇਕ ਨਿਸ਼ਾਨਾ ਇਨ੍ਹਾਂ ਮਸਲਿਆਂ ਨੂੰ ਉਭਾਰ ਕੇ ਜਿੱਤ ਕਰਨਾ ਹੈ। ਇਸ ਲਈ ਸੱਤਾਧਾਰੀਆਂ ਦੀ ਅਜਿਹੇ ਸੌੜੀ ਸਿਆਸਤ ਅਤੇ ਪਹੁੰਚ ਦਾ ਹਰ ਹੀਲੇ ਵਿਰੋਧ ਹੋਣਾ ਚਾਹੀਦਾ ਹੈ।

## ਠਾਹ-ਸੋਟਾ


-ਚਾਚਾ ਬੇਲਿਹਾਜ਼

### *ਉਮੀਦਵਾਰਾਂ ਦੀਆਂ ਕਿਸਮਾਂ*

ਚੋਣਾਂ ਲੜਨ ਦਾ ਕਿਸੇ ਨੂੰ ਸ਼ੌਕ ਹੁੰਦਾ, 'ਦੋ ਨੰਬਰ' ਦੀ ਮਾਇਆ ਲੁਟਾਉਣ ਦੇ ਲਈ।
ਮਕਸਦ ਹੁੰਦਾ ਏ ਕਿਸੇ ਦਾ ਬਸ ਏਨਾ, ਆਪਣੇ 'ਦਲ' ਦਾ 'ਨੱਕ ਬਚਾਉਣ' ਦੇ ਲਈ।
ਕਈ 'ਮੁੱਲ ਪੁਆਉਣ' ਦੀ ਸੋਚ ਲੈਂਦੇ, ਕੋਈ ਆਏਗਾ ਮੈਨੂੰ ਬਿਠਾਉਣ ਦੇ ਲਈ।
ਛਾਏ ਰਹਿਣ ਲਈ ਮੀਡੀਏ ਵਿਚ ਬਹੁਤੇ ਖੜ੍ਹਦੇ ਵੋਟਾਂ 'ਚ 'ਫੰਡ' ਉਗਰਾਹੁਣ ਦੇ ਲਈ।
ਕਈ ਕਿਸੇ ਦੇ ਚੁੱਕੇ ਹੀ ਆਣ ਖੜ੍ਹਦੇ, ਕਾਨਾ ਟਿੰਡ ਦੇ ਵਿਚ ਫਸਾਉਣ ਦੇ ਲਈ।
ਹੁੰਦੇ ਜਾਣਦੇ ਕਿ ਜਿੱਤਣਾ ਨਹੀਂ ਆਪਾਂ, ਲਾਉਂਦੇ ਜ਼ੋਰ ਨੇ 'ਕੋਈ' ਹਰਾਉਣ ਦੇ ਲਈ!

# ਪੰਜਾਬ ਸੰਕਟ ਦਾ ਹੱਲ ਸਾਂਝੀ ਖੇਤੀ

***ਖੇਤੀ ਪ੍ਰਧਾਨ ਸੂਬਾ ਪੰਜਾਬ ਅੱਜ ਕੱਲ੍ਹ ਕਈ ਸੰਕਟਾਂ ਵਿਚ ਘਿਰਿਆ ਹੋਇਆ ਹੈ। ਖੇਤੀ ਦੇ ਸਿਰ ਉਤੇ ਕਿਸੇ ਵੇਲੇ ਸਮੁੱਚੇ ਮੁਲਕ ਦਾ ਢਿੱਡ ਭਰਨ ਵਾਲਾ ਇਹ ਸੂਬਾ ਹੁਣ ਖੇਤੀ ਵਿਚ ਪਛੜ ਰਿਹਾ ਹੈ। ਇਸ ਸੰਕਟ ਦਾ ਥਹੁ ਇਨ੍ਹਾਂ ਤੱਥਾਂ ਤੋਂ ਵੀ ਪਾਇਆ ਜਾ ਸਕਦਾ ਹੈ ਕਿ ਨਿੱਤ ਦਿਨ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੀਆਂ ਖਬਰਾਂ ਆ ਰਹੀਆਂ ਹਨ। ਇਸ ਦਾ ਵੱਡਾ ਕਾਰਨ ਖੇਤੀ ਸੰਕਟ ਹੀ ਹੈ। ਕੈਨੇਡਾ ਵੱਸਦੇ ਲੇਖਕ ਬਲਦੇਵ ਦੂਹੜੇ ਨੇ ਆਪਣੇ ਇਸ ਲੇਖ ਵਿਚ ਇਸ ਸੰਕਟ ਦਾ ਇਕ ਹੱਲ ਸੁਝਾਇਆ ਹੈ, ਜਿਸ ਦਾ ਪੰਜਾਬ ਦੇ ਹੀ ਇਕ ਪਿੰਡ ਵਿਚ ਕੀਤਾ ਤਜਰਬਾ ਬੜਾ ਸਫਲ ਰਿਹਾ ਹੈ। -ਸੰਪਾਦਕ***



**ਬਲਦੇਵ ਦੂਹੜੇ**

ਅਜੋਕੇ ਪੰਜਾਬ ਦੇ ਖੇਤੀ ਸੰਕਟ ਦੀ ਜੜ੍ਹ ਪੰਜਾਬ ਵਿਚ ਹਰਾ ਇਨਕਲਾਬ ਆਉਣ ਨਾਲ ਖੇਤੀ ਦਾ ਮਸ਼ੀਨੀਕਰਨ ਹੋਣਾ ਹੈ। ਇਸ ਨਾਲ ਇਹ ਹੋਇਆ ਕਿ ਜ਼ਮੀਨ ਘਟਦੀ ਗਈ ਤੇ ਮਸ਼ੀਨਰੀ ਵਧਦੀ ਗਈ। ਇਸ ਦਵੰਦ ਨੇ ਖੇਤੀ ਦੀ ਸਨਅਤ ਵਿਚ ਮੁਨਾਫ਼ਾ ਖ਼ਤਮ ਕਰਨਾ ਸ਼ੁਰੂ ਕਰ ਦਿੱਤਾ ਜਿਸ ਨਾਲ ਜੱਟਾਂ (ਕਿਸਾਨਾਂ) ਦੇ ਸਿਰ ਕਰਜ਼ਾ ਚੜ੍ਹਨਾ ਸ਼ੁਰੂ ਹੋ ਗਿਆ।

ਸਾਰੇ ਸਰਮਾਏਦਾਰ ਮੁਲਕਾਂ ਵਿਚ ਇਸ ਦਵੰਦ ਕਾਰਨ ਪਰਿਵਾਰਕ ਪੈਲੀ ਮੋਟੇ ਤੌਰ 'ਤੇ ਖ਼ਤਮ ਹੋ ਗਈ ਅਤੇ ਇਸ ਦੀ ਥਾਂ ਕਾਰਪੋਰੇਟ ਪੈਲੀ ਨੇ ਲੈ ਲਈ। ਹੁਣ ਪੰਜਾਬ ਕੋਲ ਵੀ ਅਜਿਹੀ ਹੀ ਚੋਣ ਹੈ: ਜਾਂ ਤਾਂ ਕਾਰਪੋਰੇਟ ਖੇਤੀ ਹੋਵੇ ਜਾਂ ਫਿਰ ਕੋਆਪ (ਸਾਂਝੀ ਖੇਤੀ)। ਕਾਰਪੋਰੇਟ ਫਾਰਮ ਦਾ ਮਤਲਬ ਹੈ ਕਿ ਪਿੰਡਾਂ ਦੇ ਖੇਤੀ ਕਰਦੇ ਲੋਕਾਂ ਨੂੰ ਸ਼ਹਿਰਾਂ ਵੱਲ ਹਿਜਰਤ ਕਰਨੀ ਪਵੇਗੀ ਜਿਸ ਲਈ ਕਿਸਾਨ ਤਿਆਰ ਨਹੀਂ। ਜੇ ਕੋਆਪ ਮਾਡਲ ਅਪਣਾਇਆ ਜਾਵੇ ਤਾਂ ਇਹ ਜੱਟਾਂ/ਕਿਸਾਨਾਂ ਦੇ ਜੀਵਨ ਨਾਲ ਮੇਲ ਖਾਂਦਾ ਹੈ। ਇਸ ਨਾਲ ਜੱਟ ਦੀ ਜੂਨ ਘਰ ਬੈਠਿਆਂ ਹੀ ਸੁਧਰ ਸਕਦੀ ਹੈ।

ਪੰਜਾਬ ਹਰੇ ਇਨਕਲਾਬ ਨਾਲ ਸਭਿਅਤਾ-ਬਦਲੂ ਤਬਦੀਲੀ ਵਿਚੋਂ ਲੰਘਿਆ ਹੈ। ਅਜਿਹੀ ਤਬਦੀਲੀ ਨੂੰ ਵਿਵਸਥਿਤ ਕਰਨਾ ਪੈਂਦਾ ਹੈ ਪਰ ਪੰਜਾਬ ਵਿਚ ਇਸ ਨੂੰ ਸਹੀ ਤਰੀਕੇ ਨਾਲ ਵਿਵਸਥਿਤ ਨਹੀਂ ਕੀਤਾ ਗਿਆ। ਨਤੀਜੇ ਵਜੋਂ ਖੇਤੀ ਵਿਚ ਨਾ ਸਿਰਫ਼ ਮੁਨਾਫ਼ੇ ਦੀ ਕਮੀ ਸ਼ੁਰੂ ਹੋ ਕੇ ਕਰਜ਼ੇ ਚੜ੍ਹੇ ਸਗੋਂ ਵਾਤਾਵਰਨ ਦੀ ਬਰਬਾਦੀ, ਲੱਖਾਂ ਲੋਕਾਂ ਦੀ ਪੰਜਾਬ ਤੋਂ ਬਾਹਰ ਹਿਜਰਤ ਤੇ ਹੋਰ ਅਨੇਕ ਮਾੜੇ ਅਸਰ ਹੋਏ।

ਅਸੀਂ ਇਸ ਦੇ ਸੰਭਾਵੀ ਹੱਲ ਵੱਲ ਸਿੱਧੇ ਜਾਂਦੇ ਹਾਂ। ਜਦੋਂ ਸਪੇਨ ਦੇ ਮੌਂਡਰਾਗਾਨ ਸ਼ਹਿਰ ਵਿਚ ਅਜਿਹੀ ਹੀ ਹਾਲਤ ਸੀ ਕਿ ਕੋਈ ਸਰਮਾਏਦਾਰ ਸਰਮਾਇਆ ਲਾਉਣ ਲਈ ਤਿਆਰ ਨਹੀਂ ਸੀ ਤਾਂ ਫਾਦਰ (ਪਾਦਰੀ) ਐਜ਼ਰਾਮੈਂਡੀ ਨੇ ਲੋਕਾਂ ਨੂੰ ਕਿਹਾ ਕਿ ਸਰਮਾਏਦਾਰਾਂ ਨੂੰ ਉਡੀਕਣ ਦੀ ਥਾਂ ਇਕੱਠੇ ਹੋ ਕੇ ਆਪਣੇ ਸਰਮਾਏਦਾਰ ਆਪ ਬਣੋ। ਕੁਝ ਨੌਜਵਾਨਾਂ ਨੇ ਕੋਆਪ ਬਣਾ ਕੇ ਫੈਕਟਰੀ ਲਾਈ ਜੋ ਅਤਿਅੰਤ ਕਾਮਯਾਬ ਹੋਈ। ਫਿਰ ਉਨ੍ਹਾਂ ਨੇ ਕੋਆਪ ਬਣਾਉਣ ਤੇ ਸਨਅਤ ਲਾਉਣ ਦਾ ਕੰਮ ਜਾਰੀ ਰੱਖਿਆ ਜਿਸ ਨਾਲ ਅੱਜ ਇਹ ਕੌਮਾਂਤਰੀ ਕਾਰਪੋਰੇਸ਼ਨ ਬਣ ਚੁੱਕੀ ਹੈ ਜਿਸ ਦੀ ਕੁੱਲ ਆਮਦਨ 250 ਅਰਬ ਅਮਰੀਕਨ ਡਾਲਰਾਂ ਦੇ ਬਰਾਬਰ ਹੈ ਤੇ 80 ਹਜ਼ਾਰ ਵਿਅਕਤੀ ਹਿੱਸੇਦਾਰ ਹਨ। ਇਹ ਹੈ ਲੋਕ-ਸਰਮਾਇਦਾਰੀ ਦੀ ਸ਼ਾਨਦਾਰ ਮਿਸਾਲ।

ਜਦੋਂ ਅਸੀਂ ਇਹ ਕਹਿੰਦੇ ਸੀ ਕਿ ਇਹ ਮਾਡਲ ਪੰਜਾਬ ਲਈ ਬਹੁਤ ਹੀ ਢੁਕਵਾਂ ਮਾਡਲ ਹੈ ਤਾਂ ਸਾਡੇ ਬਹੁਤ ਸਾਰੇ ਵਿਦਵਾਨ ਜਵਾਬ ਦਿੰਦੇ ਸਨ ਕਿ ਪੰਜਾਬ ਵਿਚ ਇਹ ਨਹੀਂ ਹੋ ਸਕਦਾ। ਕਿਸਾਨ ਕਦੇ ਰਲ ਕੇ ਖੇਤੀ ਨਹੀਂ ਕਰ ਸਕਦਾ। ਫਿਰ ਹੁਸ਼ਿਆਰਪੁਰ ਦੇ ਪਿੰਡ ਲਾਂਬੜਾ ਕਾਂਗੜੀ ਦੀ ਰਿਪੋਰਟ ਆਈ ਕਿ ਉਥੇ ਚਾਰ ਪਿੰਡਾਂ ਦੀ ਸਹਿਕਾਰੀ ਕਾਰਪੋਰੇਸ਼ਨ ਨੇ ਮੌਂਡਰਾਗਾਨ ਨਾਲੋਂ ਵੀ ਬਿਹਤਰ ਮਾਡਲ ਪੈਦਾ ਕੀਤਾ ਹੈ ਜੋ ਅਜੇ ਸ਼ੁਰੂਆਤ ਹੀ ਹੈ।

'ਲਾਂਬੜਾ ਕਾਂਗੜੀ ਮਲਟੀਪਰਪਜ਼ ਕੋਆਪਰੇਟਿਵ ਸਰਵਿਸ ਸੁਸਾਇਟੀ ਲਿਮਟਿਡ' ਵਾਲਿਆਂ ਨੇ ਚਾਰ ਪਿੰਡਾਂ ਦੀ ਸਹਿਕਾਰੀ ਕਾਰਪੋਰੇਸ਼ਨ ਬਣਾ ਕੇ ਅਜਿਹਾ ਕਾਰਜ ਕੀਤਾ ਜਿਸ ਵਿਚ ਪੰਜਾਬ ਦੀ ਆਰਥਿਕ ਸਮੱਸਿਆ ਦੀ ਜੜ ਨੂੰ ਖ਼ਤਮ ਕਰਨ ਦਾ ਸੰਭਾਵੀ ਹੱਲ ਹੈ। ਉਨ੍ਹਾਂ ਦੇ ਚਾਰ ਪਿੰਡਾਂ ਦੀ ਕੁੱਲ ਜ਼ਮੀਨ 3500 ਏਕੜ ਦੇ ਕਰੀਬ ਹੈ। ਕੁਝ ਵੱਡੇ ਕਿਸਾਨਾਂ (ਦਸ ਏਕੜ ਦੇ ਕਰੀਬ ਜ਼ਮੀਨ ਵਾਲਿਆਂ) ਨੂੰ ਛੱਡ ਕੇ ਬਾਕੀ ਸਾਰੀ ਜ਼ਮੀਨ ਪੰਜ ਟਰੈਕਟਰਾਂ ਨਾਲ ਵਾਹੀ ਜਾਂਦੀ ਹੈ। ਇਹ ਬੜੀ ਸਾਧਾਰਨ ਲਾਗਤ ਨਾਲ ਛੋਟੇ ਜ਼ਿਮੀਦਾਰਾਂ ਦੀ ਜ਼ਮੀਨ ਵਾਹੁੰਦੇ ਹਨ। ਇਸ ਨਾਲ ਉਨ੍ਹਾਂ ਦੀ ਲਾਗਤ ਬਹੁਤ ਘਟ ਜਾਂਦੀ ਹੈ, ਨਤੀਜੇ ਵਜੋਂ ਉਹ ਕਰਜ਼ੇ ਤੋਂ ਬਚ ਜਾਂਦੇ ਹਨ। ਇਨ੍ਹਾਂ ਨੇ ਹੋਰ ਬਹੁਤ ਕਿਸਮ ਦੀ ਮਸ਼ੀਨਰੀ ਖ਼ਰੀਦ ਰੱਖੀ ਹੈ ਜਿਸ ਨਾਲ ਖੇਤੀ ਵਿਚ ਉਤਪਾਦਕਤਾ ਨੂੰ ਉੱਚਤਮ ਪੱਧਰ 'ਤੇ ਰੱਖਿਆ ਜਾਂਦਾ ਹੈ। ਹੁਣ ਇਹ ਝੋਨਾ ਲਾਉਣ ਵਾਲੀ ਵਧੀਆ ਤਕਨਾਲੌਜੀ ਵਾਲੀ ਨੀਮ-ਸਵੈਚਾਲਕ ਮਸ਼ੀਨਰੀ ਲਿਆ ਰਹੇ ਹਨ।

ਇਨ੍ਹਾਂ ਨੇ ਬਹੁਤ ਸਾਰੀਆਂ ਸੇਵਾਵਾਂ ਲੋਕਾਂ ਤਕ ਪਹੁੰਚਾਉਣ ਲਈ ਵੱਖ-ਵੱਖ ਉਦਮ ਕੀਤੇ ਹਨ ਜਿਸ ਨਾਲ ਇਨ੍ਹਾਂ ਦੀ ਆਮਦਨ ਦੇ ਵੀ ਕਈ ਸੋਮੇ ਪੈਦਾ ਹੋਏ ਹਨ, ਉਥੇ ਲੋਕਾਂ ਨੂੰ ਵੀ ਫਾਇਦਾ ਹੋਇਆ ਹੈ। ਜਿਵੇਂ ਡੀਜ਼ਲ ਪੰਪ, ਮੀਥੇਨ ਪਲਾਂਟ, ਐਂਬੂਲੈਂਸ ਸੇਵਾ, ਫਿਜ਼ਿਓਥੈਰੇਪੀ ਕਲੀਨਿਕ, ਟਰਾਂਸਪੋਰਟ, ਲੋੜੀਂਦੀਆਂ ਵਸਤਾਂ ਦਾ ਸਪਲਾਈ ਸਟੋਰ ਆਦਿ। ਹੁਣ ਇਹ ਮੀਂਹ ਦੇ ਪਾਣੀ ਦਾ ਟੋਭਾ ਬਣਾ ਰਹੇ ਹਨ ਜਿਸ ਨੂੰ ਸਿੰਜਾਈ ਲਈ ਵਰਤਿਆ ਜਾਵੇਗਾ। ਇਸ ਦੇ ਨਾਲ ਹੀ ਪਾਣੀ ਸਾਫ਼ ਕਰਨ ਦਾ ਪਲਾਂਟ ਵੀ ਲਾ ਰਹੇ ਹਨ। ਇੰਨਾ ਹੀ ਨਹੀਂ, ਇਨ੍ਹਾਂ ਨੇ ਨੌਂ ਬੱਸਾਂ ਦੇ ਪਰਮਿਟ ਲਈ ਵੀ ਦਰਖ਼ਾਸਤ ਦਿੱਤੀ ਹੈ। ਹੁਣ ਸਬਜ਼ੀਆਂ ਆਦਿ ਦੀ ਮਾਰਕੀਟ ਲਈ ਆਪਣੀ ਹੀ ਮੰਡੀ ਵੀ ਸ਼ੁਰੂ ਕੀਤੀ ਹੈ ਜਿਸ ਨਾਲ ਕਿਸਾਨਾਂ ਨੂੰ ਦੂਰ-ਦੁਰਾਡੇ ਦੀਆਂ ਮੰਡੀਆਂ ਦੇ ਆਸਰੇ ਨਹੀਂ ਰਹਿਣਾ ਪਵੇਗਾ।

ਅਸਲ ਵਿਚ ਇਹ ਸ਼ੁਰੂਆਤ ਹੀ ਹੈ। ਇਸ ਸਹਿਕਾਰੀ ਕਾਰਪੋਰੇਸ਼ਨ ਨੂੰ ਜੇ ਮੌਂਡਰਾਗਾਨ ਵਾਲੇ ਮਾਡਲ ਵਿਚ ਬਦਲਣਾ ਹੈ ਤਾਂ ਇਹ ਜ਼ਰੂਰੀ ਹੈ ਕਿ ਇਹੋ ਜਿਹੇ ਕੋਆਪ ਸਾਰੇ ਪੰਜਾਬ ਵਿਚ ਬਣਾਏ ਜਾਣ ਤੇ ਉਨ੍ਹਾਂ ਸਾਰਿਆਂ ਦਾ ਕੇਂਦਰੀ ਦਫ਼ਤਰ ਹੋਵੇ। ਹਜ਼ਾਰਾਂ ਦੀ ਤਾਦਾਦ ਵਿਚ ਇਹ ਕੋਆਪ ਕੇਂਦਰੀ ਦਫ਼ਤਰ ਨੂੰ ਪੂੰਜੀ ਨਿਵੇਸ਼ ਲਈ ਰਕਮ ਦੇਣ ਜਿਸ ਨਾਲ ਵੱਡੇ ਉਤਪਾਦਨ, ਖੋਜ, ਈਜਾਦਕਾਰੀ ਤੇ ਸੰਸਾਰ ਭਰ ਵਿਚ ਇਨ੍ਹਾਂ ਰਾਹੀਂ ਉਤਪਾਦਤ ਚੀਜ਼ਾਂ ਦੀ ਮਾਰਕੀਟਿੰਗ ਕੀਤੀ ਜਾ ਸਕੇ। ਇਸ ਨਾਲ ਪੰਜਾਬ ਦੇ ਲੋਕਾਂ ਦਾ ਅਰਥਚਾਰਾ ਕੌਮਾਂਤਰੀ ਪੱਧਰ ਦੇ ਵਿਕਾਸ ਦੇ ਦਾਇਰੇ ਵਿਚ ਆ ਜਾਵੇਗਾ। ਇਸ ਨਾਲ ਪੰਜਾਬ ਦੇ ਲੋਕ ਸਿਰਫ਼ ਖੇਤੀ ਦੀ ਨਿਰਭਰਤਾ ਤੋਂ ਉਤਾਂਹ ਉਠ ਕੇ ਅਸੀਮ ਬਹੁਲਤਾ ਪੈਦਾ ਕਰ ਸਕਦੇ ਹਨ। ਬਿਨਾਂ ਕੇਂਦਰੀਕਰਨ ਦੇ ਇਹ ਕੋਆਪ ਛੋਟੀ ਪੱਧਰ ਤਕ ਸੀਮਤ ਰਹਿ ਜਾਣਗੇ। ਕੌਮਾਂਤਰੀ ਪੱਧਰ 'ਤੇ ਜਾਣ ਲਈ ਇਨ੍ਹਾਂ ਦਾ ਵੱਡੀ ਕਾਰਪੋਰੇਸ਼ਨ ਵਿਚ ਕੇਂਦਰਤ ਹੋਣਾ ਜ਼ਰੂਰੀ ਹੈ। ਫਿਰ ਇਹ ਗ਼ੈਰ-ਸਰਕਾਰੀ ਹੀ ਰਹਿਣੀ ਚਾਹੀਦੀ ਹੈ। ਸਰਕਾਰੀ ਨੌਕਰਸ਼ਾਹੀ ਕਦੇ ਵੀ ਉਦਮੀ ਲੋਕਾਂ ਦਾ ਮੁਕਾਬਲਾ ਨਹੀਂ ਕਰ ਸਕਦੀ।

ਕਿਸੇ ਵੀ ਮੁਲਕ ਦਾ ਅਸਲ ਸਰਮਾਇਆ ਲੋਕ ਤੇ ਵਕਤ ਹੁੰਦਾ ਹੈ। ਇਕ ਅਨੁਮਾਨ ਅਨੁਸਾਰ ਪੰਜਾਬ ਵਿਚ ਕੋਈ 60 ਲੱਖ ਲੋਕ ਵਿਹਲੇ ਜਾਂ ਨੀਮ-ਰੁਜ਼ਗਾਰੀ ਹਨ। ਇਸ ਜਨਸ਼ਕਤੀ ਨੂੰ ਵਰਤ ਕੇ ਪੰਜਾਬ ਵਿਚ ਚਮਤਕਾਰ ਕੀਤੇ ਜਾ ਸਕਦੇ ਹਨ। ਇਨ੍ਹਾਂ 'ਤੇ ਪੰਜਾਬ ਦੇ ਹੋਰ ਲੋਕਾਂ ਨੂੰ ਸਨਅਤੀ ਪ੍ਰੋਜੈਕਟਾਂ ਵਿਚ ਲਾ ਕੇ ਮਜ਼ਬੂਤ ਅਰਥਚਾਰਾ ਪੈਦਾ ਕੀਤਾ ਜਾ ਸਕਦਾ ਹੈ। ਲੋੜ ਹੈ ਸਹੀ ਅਦਾਰਿਆਂ ਦੀ ਤੇ ਉਦਮੀ ਬੰਦਿਆਂ ਦੀ।

ਕੇਂਦਰੀ ਕੋਆਪ ਨੂੰ ਕੇਂਦਰੀ ਇਨਕਿਊਬੇਸ਼ਨ ਕੇਂਦਰ ਖੋਲ੍ਹਣਾ ਚਾਹੀਦਾ ਹੈ ਜੋ ਨਵੇਂ-ਨਵੇਂ ਬਿਜ਼ਨਸ ਖੋਲ੍ਹਣ ਵਿਚ ਨੌਜਵਾਨਾਂ, ਕਿਸਾਨਾਂ ਤੇ ਕੋਆਪ ਯੂਨਿਟਾਂ ਦੀ ਮਦਦ ਕਰੇ। ਸਨਅਤੀਕਰਨ ਲਈ ਸਭ ਤੋਂ ਪਹਿਲਾਂ ਉਹ ਚੀਜ਼ਾਂ ਪੈਦਾ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਿਨ੍ਹਾਂ ਦੇ ਗਾਹਕ ਕਿਸਾਨ ਆਪ ਹਨ। ਫਿਰ ਅਗਲੀ ਸਟੇਜ 'ਤੇ ਉਹ ਚੀਜ਼ਾਂ ਪੈਦਾ ਕੀਤੀਆਂ ਜਾਣ ਜੋ ਕੌਮੀ ਤੇ ਕੌਮਾਂਤਰੀ ਮੰਡੀਆਂ ਵਿਚ ਵੇਚੀਆਂ ਜਾ ਸਕਣ। ਤੀਜੀ ਸਟੇਜ 'ਤੇ ਮੌਲਿਕ ਖੋਜ ਰਾਹੀਂ ਨਵੀਂ ਤਕਨਾਲੋਜੀ ਪੈਦਾ ਕਰਨ ਵਿਚ ਦੁਨੀਆਂ ਦੀਆਂ ਮੂਹਰਲੀਆਂ ਸਫ਼ਾਂ ਵਿਚ ਪਹੁੰਚਣਾ ਚਾਹੀਦਾ ਹੈ।

ਲਾਂਬੜਾ ਕਾਂਗੜੀ ਦੇ ਕਿਸਾਨ ਆਤਮਹੱਤਿਆ ਨਹੀਂ ਕਰ ਰਹੇ ਤੇ ਨਾ ਹੀ ਉਹ ਕਰਜ਼ਿਆਂ ਦੇ ਬੋਝ ਹੇਠ ਦੱਬੇ ਹੋਏ ਹਨ। ਇਸ ਦੇ ਉਲਟ ਇਸ ਸੁਸਾਇਟੀ ਕੋਲ 25 ਕਰੋੜ ਰੁਪਏ ਹਨ ਜਿਸ ਨਾਲ ਇਹ ਆਪਣੇ ਮੈਂਬਰ ਕਿਸਾਨਾਂ ਨੂੰ ਡਿਵੀਡੈਂਡ ਦਿੰਦੇ ਹਨ। ਇਹ ਕਈ ਕਿਸਮ ਦੇ ਨਵੇਂ ਪ੍ਰੋਜੈਕਟਾਂ ਦੀ ਯੋਜਨਾ ਬਣਾ ਰਹੇ ਹਨ। ਲਾਂਬੜਾ ਕਾਂਗੜੀ ਮਾਡਲ ਨੂੰ ਮੌਂਡਰਾਗਾਨ ਦੇ ਮਾਡਲ ਵਾਂਗ ਵਿਕਸਤ ਕਰਨਾ ਇਸ ਲਈ ਜ਼ਰੂਰੀ ਹੈ ਤਾਂ ਕਿ ਪੰਜਾਬ ਵਿਚ ਸਨਅਤੀ ਤੇ ਉਤਰ-ਸਨਅਤੀ ਇਨਕਲਾਬ ਨੂੰ ਤੇਜ਼ ਕੀਤਾ ਜਾ ਸਕੇ। ਸਹਿਕਾਰੀ ਮਾਡਲ ਇਸ ਲਈ ਜ਼ਰੂਰੀ ਹੈ ਕਿ ਇਕੱਲਾ-ਇਕੱਲਾ ਕਿਸਾਨ ਉਲਝੇ ਹੋਏ ਸਰਮਾਏਦਾਰੀ ਨਿਜ਼ਾਮ ਨਾਲ ਸਿੱਝਣ ਲਈ ਅਸਮਰੱਥ ਦਿਸਦਾ ਹੈ ਪਰ ਜਦੋਂ ਲੋਕ ਇਕੱਠੇ ਹੋ ਕੇ ਕੁਝ ਕਰਦੇ ਹਨ ਤਾਂ ਗੱਲ ਕੁਝ ਹੋਰ ਹੀ ਹੋ ਜਾਂਦੀ ਹੈ। ਇਸ ਦੀ ਮਿਸਾਲ ਡੱਚ ਈਸਟ ਇੰਡੀਆ ਕੰਪਨੀ ਤੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਹੈ। ਜਦੋਂ ਇਕੱਲੇ-ਇਕੱਲੇ ਡੱਚ ਸੌਦਾਗਰ ਪੂਰਬੀ ਮੁਲਕਾਂ ਨਾਲ ਤਜਾਰਤ ਕਰਨ ਨਿਕਲੇ ਤਾਂ ਉਹ ਬਹੁਤੇ ਕਾਮਯਾਬ ਨਹੀਂ ਹੋ ਰਹੇ ਸਨ। ਫਿਰ ਇਨ੍ਹਾਂ ਸੌਦਾਗਰਾਂ ਨੇ ਰਲ਼ ਕੇ ਸਾਂਝੀ ਕਾਰਪੋਰੇਸ਼ਨ ਬਣਾਈ ਜਿਸ ਨੇ ਫੇਲ੍ਹ ਹੋ ਰਹੀ ਤਜਾਰਤ ਨੂੰ ਬਹੁਤ ਤੇਜ਼ੀ ਨਾਲ ਸਾਮਰਾਜੀ ਤਾਕਤ ਵਿਚ ਬਦਲ ਦਿੱਤਾ। ਇਵੇਂ ਹੀ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਕੀਤਾ ਜਿਸ ਦੀ ਕੀਮਤ ਭਾਰਤ ਹੁਣ ਤਕ ਤਾਰ ਰਿਹਾ ਹੈ। ਇਹ ਭਾਵੇਂ ਸਾਮਰਾਜੀ ਮਿਸਾਲਾਂ ਹਨ ਪਰ ਉਹ ਸਾਮਰਾਜ ਬਣਾਉਣ ਨਹੀਂ ਸੀ ਤੁਰੇ, ਕੰਪਨੀਆਂ ਬਣਾ ਕੇ ਤਜਾਰਤ ਕਰਨ ਤੁਰੇ ਸਨ; ਭਾਵ ਸਮੂਹਿਕ ਸਹਿਕਾਰੀ ਸ਼ਕਤੀ ਚਮਤਕਾਰ ਕਰ ਸਕਦੀ ਹੈ। ਮੌਂਡਰਾਗਾਨ ਕਾਰਪੋਰੇਸ਼ਨ ਵੀ ਇਸ ਦੀ ਮਿਸਾਲ ਹੈ।

ਪੰਜਾਬ ਨੂੰ ਅਜਿਹੀਆਂ ਬਹੁਤ ਸਾਰੀਆਂ ਕਾਰਪੋਰੇਸ਼ਨਾਂ ਬਣਾ ਕੇ ਦੁਨੀਆਂ ਦੇ ਆਰਥਿਕ ਵਿਕਾਸ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਲੱਗਦਾ ਹੈ ਕਿ ਪੰਜਾਬ ਵਿਚ ਇਸ ਮਾਡਲ ਲਈ ਹਾਲਾਤ ਬਹੁਤ ਸਾਜ਼ਗਾਰ ਹਨ ਤੇ ਸਮੂਹਿਕ ਸੋਚ ਵੀ ਇਸ ਪਾਸੇ ਵੱਲ ਤੁਰਨੀ ਚਾਹੀਦੀ ਹੈ।



*ਲਾਂਬੜਾ ਕਾਂਗੜੀ ਐਗਰੀਕਲਚਰ ਸੁਸਾਇਟੀ ਵਲੋਂ ਕਿਸਾਨਾਂ ਨੂੰ ਕਿਰਾਏ 'ਤੇ ਦਿੱਤੀ ਜਾਣ ਵਾਲੀ ਮਸ਼ੀਨਰੀ।*

# ਹਿੰਦੂਤਵੀ ਦਹਿਸ਼ਤਵਾਦ, ਜਾਂਚ ਏਜੰਸੀਆਂ ਅਤੇ ਨਿਆਂ ਦਾ ਸਵਾਲ

ਜਦੋਂ ਪਿਛਲੇ ਦਿਨੀਂ ਪ੍ਰੋਫੈਸਰ ਜੀ.ਐਨ. ਸਾਈਬਾਬਾ ਦੀ ਜ਼ਮਾਨਤ ਦੀ ਅਪੀਲ ਖਾਰਜ ਹੋਈ, ਉਨ੍ਹਾਂ ਦਿਨਾਂ ਵਿਚ ਹੀ ਸਮਝੌਤਾ ਐਕਸਪ੍ਰੈੱਸ ਬੰਬ ਕਾਂਡ ਵਿਚ 68 ਲੋਕਾਂ ਦੀ ਜਾਨ ਲੈਣ ਵਾਲੇ ਹਿੰਦੂਤਵੀ ਸਾਜ਼ਿਸ਼ਘਾੜੇ ਅਸੀਮਾਨੰਦ ਅਤੇ ਉਸ ਦੇ ਸਾਥੀਆਂ ਨੂੰ ਬਰੀ ਕਰ ਦਿੱਤਾ ਗਿਆ। ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਜਾਂਚ ਏਜੰਸੀਆਂ ਅਤੇ ਨਿਆਂ ਪ੍ਰਣਾਲੀ ਦੀ ਭੂਮਿਕਾ ਨਿਰਪੱਖ ਨਹੀਂ। ਇਸ ਤੋਂ ਪਹਿਲਾਂ ਅਸੀਮਾਨੰਦ ਨੂੰ ਅਜਮੇਰ ਸ਼ਰੀਫ ਦਰਗਾਹ ਅਤੇ ਮੱਕਾ ਮਸਜਿਦ ਬੰਬ ਧਮਾਕਿਆਂ ਦੇ ਮਾਮਲਿਆਂ ਵਿਚ ਵੀ ਬਰੀ ਕੀਤਾ ਜਾ ਚੁੱਕਾ ਹੈ। ਹਿੰਦੂਤਵੀ ਦਹਿਸ਼ਤਗਰਦਾਂ ਅਤੇ ਪ੍ਰੋਫੈਸਰ ਸਾਈਬਾਬਾ ਦੇ ਮਾਮਲਿਆਂ ਦਾ ਚਾਹੇ ਆਪਸ ਵਿਚ ਕੋਈ ਸਬੰਧ ਨਹੀਂ, ਲੇਕਿਨ ਨਿਆਂ ਪ੍ਰਣਾਲੀ ਸਮੇਤ ਰਾਜ ਮਸ਼ੀਨਰੀ ਦੇ ਦੋਹਰੇ ਮਿਆਰਾਂ ਨੂੰ ਸਮਝਣ ਲਈ ਇਨ੍ਹਾਂ ਦਾ ਤੁਲਨਾਤਮਕ ਲੇਖਾਜੋਖਾ ਜ਼ਰੂਰੀ ਹੈ।

ਪ੍ਰੋਫੈਸਰ ਸਾਈਬਾਬਾ ਕਿਸੇ ਹਿੰਸਕ ਕਾਰਵਾਈ ਨੂੰ ਅੰਜਾਮ ਦੇਣ ਜਾਂ ਹਿੰਸਾ ਦੀ ਸਾਜ਼ਿਸ਼ ਵਿਚ ਸ਼ਾਮਲ ਨਹੀਂ ਸੀ। 90 ਫੀਸਦੀ ਅਪਾਹਜ ਹੋਣ ਕਾਰਨ ਉਹ ਪੂਰੀ ਤਰ੍ਹਾਂ ਵ੍ਹੀਲ ਚੇਅਰ ਉਪਰ

**ਬੂਟਾ ਸਿੰਘ**

ਨਿਰਭਰ ਹੈ। ਜਿਹੜਾ ਬੰਦਾ ਇਕ ਕਦਮ ਵੀ ਨਹੀਂ ਚੱਲ ਸਕਦਾ, ਉਸ ਉਪਰ ਉਸ ਦੀ ਦਿੱਲੀ ਵਿਚਲੀ ਰਹਾਇਸ਼ ਤੋਂ ਡੇਢ ਹਜ਼ਾਰ ਕਿਲੋਮੀਟਰ ਦੂਰ ਮਹਾਂਰਾਸ਼ਟਰ ਦੇ ਗੜ੍ਹਚਿਰੌਲੀ ਜ਼ਿਲ੍ਹੇ ਵਿਚ ਹਿੰਸਾ ਵਿਚ ਸ਼ਾਮਲ ਹੋਣ ਦਾ ਕੇਸ ਦਰਜ ਕੀਤਾ ਗਿਆ। ਉਸ ਨੂੰ ਪੰਜ ਹੋਰ ਮਸ਼ਹੂਰ ਲੋਕਪੱਖੀ ਕਾਰਕੁਨਾਂ ਸਮੇਤ ਸਿਰਫ ਇਸ ਆਧਾਰ 'ਤੇ ਉਮਰ ਕੈਦ ਦੀ ਸਜ਼ਾ ਦੇ ਦਿੱਤੀ ਗਈ ਕਿ ਉਹ ਰਾਜ ਪ੍ਰਬੰਧ ਦੇ ਆਲੋਚਕ ਹਨ ਅਤੇ ਦੱਬੇ-ਕੁਚਲੇ ਅਵਾਮ ਦੇ ਮੁੱਦਿਆਂ ਤੇ ਸਰੋਕਾਰਾਂ ਦੀ ਗੱਲ ਕਰਦੇ ਹਨ। ਉਨ੍ਹਾਂ ਉਪਰ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਅਤੇ ਤਾਜ਼ੀਰਾਤ ਹਿੰਦ (ਇੰਡੀਅਨ ਪੀਨਲ ਕੋਡ) ਦੀਆਂ 'ਰਾਜਧ੍ਰੋਹ', 'ਰਾਜ ਵਿਰੁਧ ਜੰਗ ਛੇੜਨ' ਅਤੇ 'ਰਾਜ ਵਿਰੁਧ ਜੰਗ ਦੀ ਸਾਜ਼ਿਸ਼ ਰਚਣ' ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ।

ਇਸ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਝੂਠੇ ਮਾਮਲੇ ਵਿਚ ਬਿਨਾ ਸਬੂਤਾਂ ਤੋਂ ਹੀ ਇਨ੍ਹਾਂ ਜਮਹੂਰੀ ਕਾਰਕੁਨਾਂ ਨੂੰ ਦੋਸ਼ੀ ਕਰਾਰ ਦੇ ਦਿੱਤਾ ਗਿਆ। ਇਹ ਨਿਰੋਲ ਇਨ੍ਹਾਂ ਕਾਰਕੁਨਾਂ ਨੂੰ ਅਣਮਿਥੇ ਸਮੇਂ ਲਈ ਜੇਲ੍ਹ ਵਿਚ ਸਾੜਨ ਦੀ ਹੁਕਮਰਾਨਾਂ ਦੀ ਸਾਜ਼ਿਸ਼ ਦਾ ਹਿੱਸਾ ਸੀ। ਚੰਦ ਮਹੀਨਿਆਂ ਦੀ ਵਕਤੀ ਰਾਹਤ ਨੂੰ ਛੱਡ ਕੇ ਪ੍ਰੋਫੈਸਰ ਪਿਛਲੇ ਪੰਜ ਸਾਲ ਤੋਂ ਜੇਲ੍ਹ ਵਿਚ ਕੈਦ ਹੈ। ਜੇਲ੍ਹ ਦੇ ਅਣਮਨੁੱਖੀ ਹਾਲਾਤ ਅੰਦਰ ਜਾਨਲੇਵਾ ਬਿਮਾਰੀਆਂ ਤੋਂ ਪੀੜਤ ਕੈਦੀਆਂ ਲਈ ਲੋੜੀਂਦੀ ਸਹਾਇਤਾ ਦੀ ਮੁਕੰਮਲ ਅਣਹੋਂਦ ਵਿਚ ਉਹ ਬਿਨਾ ਇਲਾਜ ਤਿਲ-ਤਿਲ ਮਰ ਰਿਹਾ ਹੈ ਅਤੇ ਕਿਸੇ ਢੁਕਵੇਂ ਹਸਪਤਾਲ ਵਿਚ ਉਸ ਦੀਆਂ ਬਿਮਾਰੀਆਂ ਦੇ ਟੈਸਟ ਕਰਾਉਣ ਲਈ ਵੀ ਉਸ ਦੇ ਪਰਿਵਾਰ ਅਤੇ ਵਕੀਲ ਨੂੰ ਵਾਰ ਵਾਰ ਅਦਾਲਤ ਵਿਚ ਅਰਜ਼ੀਆਂ ਦੇਣੀਆਂ ਪੈ ਰਹੀਆਂ ਹਨ। ਉਸ ਨੂੰ ਦਿੱਤੀ ਸਜ਼ਾ ਨੂੰ ਜਾਇਜ਼ ਠਹਿਰਾਉਣ ਲਈ ਗੜ੍ਹਚਿਰੌਲੀ ਸੈਸ਼ਨ ਜੱਜ ਨੇ ਆਪਣੇ ਫੈਸਲੇ ਲਿਖਿਆ, "ਇਹ ਨਾ ਦੇਖੋ ਕਿ ਉਹ ਅਪਾਹਜ ਹੈ, ਉਸ ਦੀ ਬੁੱਧੀ ਬਹੁਤ ਤੇਜ਼ ਹੈ।" ਸੱਤਾਧਾਰੀਆਂ ਦੇ ਆਦੇਸ਼ 'ਤੇ ਸਰਕਾਰੀ ਵਕੀਲ ਉਸ ਦੀ ਜ਼ਮਾਨਤ ਦਾ ਇਹ ਕਹਿ ਕੇ ਵਿਰੋਧ ਕਰ ਰਹੇ ਹਨ ਕਿ ਬਾਹਰ ਜਾ ਕੇ ਉਹ ਹੋਰ ਬੁੱਧੀਜੀਵੀਆਂ ਖਿਲਾਫ ਚੱਲ ਰਹੀ ਜਾਂਚ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਇਸ ਦੇ ਮੁਕਾਬਲੇ ਹਿੰਦੂਤਵੀ ਦਹਿਸ਼ਤਗਰਦੀ ਦੇ ਮਾਮਲੇ ਹਨ ਜਿਨ੍ਹਾਂ ਵਿਚ ਅਦਾਲਤਾਂ ਬਹੁਤ ਹੀ ਖ਼ੌਫਨਾਕ ਦਹਿਸ਼ਤਵਾਦੀ ਕਾਂਡਾਂ ਵਿਚ ਸੌ ਤੋਂ ਵੱਧ ਲੋਕਾਂ ਦੀ ਹੱਤਿਆ ਕਰਨ ਵਾਲੇ ਮੁਜਰਿਮਾਂ ਨੂੰ ਜਾਂਚ ਏਜੰਸੀਆਂ ਵੱਲੋਂ 'ਸਬੂਤ ਪੇਸ਼ 'ਚ ਅਸਮਰੱਥ ਰਹਿਣ' ਕਾਰਨ ਬਰੀ ਕਰ ਰਹੀਆਂ ਹਨ। ਮਈ 2014 ਵਿਚ ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਦ ਹਿੰਦੂਤਵੀ ਦਹਿਸ਼ਤਗਰਦਾਂ ਅਤੇ ਗੁਜਰਾਤ ਵਿਚ ਮੋਦੀ ਵਜ਼ਾਰਤ ਦੇ ਇਸ਼ਾਰੇ 'ਤੇ ਫਰਜ਼ੀ ਮੁਕਾਬਲੇ ਬਣਾਉਣ ਵਾਲੇ ਜਲਾਦ ਅਫਸਰਾਂ ਨੂੰ ਕਲੀਨ ਚਿਟਾਂ ਅਤੇ ਜ਼ਮਾਨਤ ਦੇਣ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਮਾਮਲਾ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦੇ ਮਾਮਲੇ ਵਿਚ ਤੀਹ ਸਾਲ ਦੀ ਸਜ਼ਾ ਭੁਗਤ ਰਹੀ ਮਾਇਆ ਕੋਡਨਾਨੀ ਤੇ ਮੁਸਲਮਾਨਾਂ ਕਤਲ ਕਰਕੇ ਖ਼ੁਦ ਨੂੰ 'ਮਹਾਰਾਣਾ ਪ੍ਰਤਾਪ' ਮਹਿਸੂਸ ਕਰਨ ਵਾਲੇ ਬਾਬੂ ਬਜਰੰਗੀ ਤਕ ਸੀਮਤ ਨਾ ਰਿਹਾ ਜਿਨ੍ਹਾਂ ਨੂੰ ਮਹਿਜ਼ ਡਿਪਰੈਸ਼ਨ ਅਤੇ ਅੱਖਾਂ ਦਾ ਇਲਾਜ ਕਰਾਉਣ ਦੇ ਬਹਾਨੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਅਤੇ ਇਸ ਨੂੰ ਲੈ ਕੇ ਪੁਲਿਸ ਅਤੇ ਜਾਂਚ ਏਜੰਸੀਆਂ ਨੇ ਕੋਈ ਉਜ਼ਰ ਨਹੀਂ ਕੀਤਾ ਕਿਉਂਕਿ ਉਹ ਸੱਤਾਧਾਰੀ ਸੰਘ ਬ੍ਰਿਗੇਡ ਦੇ ਆਪਣੇ ਬੰਦੇ ਹਨ। ਹਿੰਦੂਤਵੀ ਦਹਿਸ਼ਤਗਰਦਾਂ ਦੇ ਕੀਤੇ ਬੰਬ ਧਮਾਕਿਆਂ ਦੇ ਅੱਧੀ ਦਰਜਨ ਮਾਮਲਿਆਂ ਵਿਚ ਇਹੀ ਵਾਪਰਿਆ।



*ਸਮਝੌਤਾ ਐਕਸਪ੍ਰੈਸ ਬੰਬ ਧਮਾਕੇ ਕਾਰਨ ਹੋਈ ਤਬਾਹੀ ਦਾ ਦ੍ਰਿਸ਼।*

ਇਨ੍ਹਾਂ ਮਾਮਲਿਆਂ ਨੂੰ ਅੰਜਾਮ ਆਰ.ਐਸ.ਐਸ. ਨਾਲ ਸਬੰਧਤ ਸੰਸਥਾਵਾਂ ਦੇ ਗੁਪਤ ਕਾਤਲ ਗਰੋਹਾਂ ਨੇ ਦਿੱਤਾ ਸੀ ਲੇਕਿਨ ਪੁਲਿਸ ਵਲੋਂ ਆਪਣੇ ਰਾਜਸੀ ਆਕਾਵਾਂ ਦੇ ਇਸ਼ਾਰੇ 'ਤੇ ਇਨ੍ਹਾਂ ਪਿੱਛੇ ਮੁਸਲਿਮ ਦਹਿਸ਼ਤਗਰਦਾਂ ਦਾ ਹੱਥ ਹੋਣ ਦੀ ਮਨਘੜਤ ਕਹਾਣੀ ਪ੍ਰਚਾਰ ਕੇ ਵੱਡੀ ਤਾਦਾਦ ਵਿਚ ਦਰਜਨਾਂ ਬੇਕਸੂਰ ਮੁਸਲਿਮ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਨੂੰ ਤਸੀਹਾ ਕੇਂਦਰਾਂ ਵਿਚ ਬੇਰਹਿਮੀ ਨਾਲ ਤਸੀਹੇ ਦੇ ਕੇ ਕਈ ਕਈ ਸਾਲ ਜੇਲ੍ਹਾਂ ਵਿਚ ਸਾੜਿਆ ਗਿਆ। ਬਾਅਦ ਵਿਚ ਉਹ ਸਾਰੇ ਬੇਕਸੂਰ ਸਾਬਤ ਹੋਏ।

'ਮੁੱਖਧਾਰਾ ਮੀਡੀਆ' ਵਲੋਂ ਪੁਲਿਸ, ਖੁਫੀਆ ਏਜੰਸੀਆਂ ਅਤੇ ਹੁਕਮਰਾਨਾਂ ਦੇ ਇਸ ਝੂਠ ਨੂੰ ਪ੍ਰਚਾਰ ਕੇ ਨਾ ਸਿਰਫ ਮੁਸਲਿਮ ਪਰਿਵਾਰਾਂ ਨੂੰ ਕਲੰਕਿਤ ਕਰਕੇ ਦਾ ਉਨ੍ਹਾਂ ਦਾ ਜਿਊਣਾ ਮੁਹਾਲ ਕਰ ਦਿੱਤਾ ਗਿਆ ਸਗੋਂ ਮੀਡੀਆ ਟਰਾਇਲ ਜ਼ਰੀਏ ਪੂਰੇ ਮੁਸਲਿਮ ਭਾਈਚਾਰੇ ਦਾ ਅਕਸ ਦਹਿਸ਼ਤਗਰਦ ਦਾ ਬਣਾ ਦਿੱਤਾ ਗਿਆ; ਲੇਕਿਨ ਜਦੋਂ ਮਹਾਂਰਾਸ਼ਟਰ ਦੇ ਦਹਿਸ਼ਤਵਾਦ ਵਿਰੋਧੀ ਦਸਤੇ (ਏ.ਟੀ.ਐਸ.) ਦੇ ਮੁਖੀ ਮਰਹੂਮ ਹੇਮੰਤ ਕਰਕਰੇ ਵਲੋਂ ਬਾਰੀਕੀ ਨਾਲ ਕੀਤੀ ਜਾਂਚ ਦੌਰਾਨ ਇਨ੍ਹਾਂ ਬੰਬ ਧਮਾਕਿਆਂ ਪਿੱਛੇ ਵਿਸ਼ਵ ਹਿੰਦੂ ਪ੍ਰੀਸ਼ਦ, 'ਅਭਿਨਵ ਭਾਰਤ' ਤੇ ਹੋਰ ਹਿੰਦੂਤਵ ਗਰੁੱਪਾਂ ਦਾ ਹੱਥ ਹੋਣ ਦੀਆਂ ਪਰਤਾਂ ਉਧੜਣ ਲੱਗੀਆਂ ਤਾਂ ਲਾਲ ਕ੍ਰਿਸ਼ਨ ਅਡਵਾਨੀ ਵਰਗੇ ਕੱਟੜ ਹਿੰਦੂਤਵੀ ਆਗੂ ਪੂਰੀ ਬੇਸ਼ਰਮੀ ਨਾਲ ਇਹ ਕਹਿੰਦੇ ਦੇਖੇ ਗਏ ਕਿ 'ਹਿੰਦੂ ਤਾਂ ਕਦੇ ਦਹਿਸ਼ਤਗਰਦ ਹੋ ਹੀ ਨਹੀਂ ਸਕਦੇ'।

ਸਾਧਵੀ ਪ੍ਰੱਗਿਆ ਸਿੰਘ ਅਤੇ ਫੌਜੀ ਕਰਨਲ ਸ੍ਰੀਕਾਂਤ ਪੁਰੋਹਿਤ ਦੀ ਗ੍ਰਿਫਤਾਰੀ ਤੋਂ ਇਕ ਮਹੀਨਾ ਬਾਅਦ ਹੀ ਹੇਮੰਤ ਕਰਕਰੇ ਪੂਰੀ ਤਰ੍ਹਾਂ ਸ਼ੱਕੀ ਹਾਲਾਤ ਵਿਚ ਇਕ ਮੁਕਾਬਲੇ ਵਿਚ ਮਾਰਿਆ ਗਿਆ। ਇਕ ਸਾਬਕਾ ਉਚ ਪੁਲਿਸ ਅਧਿਕਾਰੀ ਐਮ.ਐਸ. ਮੁਸ਼ੱਰਫ ਨੇ ਆਪਣੀ ਕਿਤਾਬ 'ਕਰਕਰੇ ਦੀ ਹੱਤਿਆ ਕਿਸ ਨੇ ਕੀਤੀ' ਵਿਚ ਤੱਥਾਂ ਸਹਿਤ ਸਾਬਤ ਕੀਤਾ ਹੈ ਕਿ ਸ੍ਰੀ ਕਰਕਰੇ ਦੀ ਹੱਤਿਆ 2006 ਅਤੇ 2008 ਦਰਮਿਆਨ ਹੋਏ ਛੇ ਬੰਬ ਕਾਂਡਾਂ ਪਿੱਛੇ ਸੰਘ ਦੇ ਚੋਟੀ ਦੇ ਆਗੂਆਂ ਦੀ ਭੂਮਿਕਾ ਨੂੰ ਬੇਪਰਦ ਹੋਣ ਤੋਂ ਰੋਕਣ ਲਈ ਸਾਜ਼ਿਸ਼ ਤਹਿਤ ਕੀਤੀ ਗਈ ਸੀ। ਉਸ ਦੇ ਇਸ ਸੰਗੀਨ ਇਲਜ਼ਾਮ ਬਾਰੇ ਸਰਕਾਰਾਂ ਅਤੇ ਸਮੁੱਚੀ ਰਾਜ ਮਸ਼ੀਨਰੀ ਅੱਜ ਤਕ ਖਾਮੋਸ਼ ਹੈ।

ਹੁਣ ਜਦੋਂ ਕੌਮੀ ਜਾਂਚ ਏਜੰਸੀ ਦੀ ਮਿਲੀਭੁਗਤ ਨਾਲ ਅਸੀਮਾਨੰਦ ਤੇ ਉਸ ਦੇ ਨਾਲ ਦੇ ਦੋਸ਼ੀ ਬਰੀ ਹੋ ਗਏ ਤਾਂ ਮੋਦੀ ਸਰਕਾਰ ਦੇ ਇਕ ਹੋਰ ਵਜ਼ੀਰ ਅਰੁਣ ਜੇਤਲੀ ਨੇ ਪੁਰਾਣਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਕਿ ਆਰ.ਐਸ.ਐਸ.-ਵਿਸ਼ਵ ਹਿੰਦੂ ਪ੍ਰੀਸ਼ਦ ਦੇ ਇਨ੍ਹਾਂ ਕਾਰਕੁਨਾਂ ਨੂੰ ਕਾਂਗਰਸ ਵਲੋਂ ਹਿੰਦੂਆਂ ਨੂੰ ਬਦਨਾਮ ਕਰਨ ਅਤੇ ਘੱਟਗਿਣਤੀਆਂ ਨੂੰ ਖ਼ੁਸ਼ ਕਰਨ ਲਈ ਇਸ ਮਾਮਲੇ ਵਿਚ ਫਸਾਇਆ ਸੀ। ਯਾਦ ਰਹੇ ਕਿ ਅਸੀਮਾਨੰਦ ਨੇ ਦਿੱਲੀ ਦੀ ਅਦਾਲਤ ਵਿਚ ਬਾਕਾਇਦਾ ਤੌਰ 'ਤੇ ਮੈਜਿਸਟਰੇਟ ਅੱਗੇ ਬਿਆਨ ਦੇ ਕੇ ਇਨ੍ਹਾਂ ਬੰਬ ਧਮਾਕਿਆਂ ਵਿਚ ਆਪਣੀ ਭੂਮਿਕਾ ਦਾ ਇਕਬਾਲ ਕੀਤਾ ਸੀ। ਬਾਅਦ ਵਿਚ ਉਹ ਇਸ ਬਿਆਨ ਤੋਂ ਮੁੱਕਰ ਗਿਆ।

ਅਦਾਲਤ ਵਲੋਂ ਅਸੀਮਾਨੰਦ ਨੂੰ ਬਰੀ ਕੀਤੇ ਜਾਣ ਦਾ ਮੁਕੰਮਲ ਫੈਸਲਾ ਐਲਾਨੇ ਜਾਣ ਤੋਂ ਪਹਿਲਾਂ ਹੀ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸਾਫ ਕਹਿ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਇਸ ਫੈਸਲੇ ਵਿਰੁਧ ਉਚ ਅਦਾਲਤ ਵਿਚ ਨਹੀਂ ਜਾਵੇਗੀ। ਇਸ ਤੋਂ ਪਹਿਲਾਂ, ਐਨ.ਆਈ.ਏ ਵਲੋਂ ਅਜਮੇਰ ਸ਼ਰੀਫ ਦਰਗਾਹ ਅਤੇ ਮੱਕਾ ਮਸਜਿਦ (ਹੈਦਰਾਬਾਦ) ਕਾਂਡਾਂ ਵਿਚ ਮੁਲਜ਼ਮਾਂ ਨੂੰ ਬਰੀ ਕੀਤੇ ਜਾਣ ਦੇ ਫੈਸਲਿਆਂ ਨੂੰ ਵੀ ਚੁਣੌਤੀ ਨਹੀਂ ਦਿੱਤੀ ਗਈ। ਗ੍ਰਹਿ ਮੰਤਰੀ ਦਾ ਬਿਆਨ ਨਾ ਸਿਰਫ ਸੱਤਾਧਾਰੀ ਹੋਣ ਦੀ ਹੈਸੀਅਤ ਵਿਚ ਉਨ੍ਹਾਂ 68 ਬੇਕਸੂਰ ਲੋਕਾਂ ਨੂੰ ਨਿਆਂ ਦਿਵਾਉਣ ਤੋਂ ਸਾਫ ਜਵਾਬ ਹੈ ਜੋ ਇਸ ਕਾਂਡ ਵਿਚ ਮਾਰੇ ਗਏ ਸਗੋਂ ਇਹ ਸ਼ਰੇਆਮ ਇਕਬਾਲ ਵੀ ਹੈ ਕਿ ਹਿੰਦੂਤਵ ਦਹਿਸ਼ਤੀ ਤਾਣਾਬਾਣੇ ਦਾ ਜੁਰਮ ਕਿੰਨਾ ਵੀ ਸੰਗੀਨ ਕਿਉਂ ਹੋਵੇ, ਉਨ੍ਹਾਂ ਨੂੰ ਇਸ ਰਾਜ ਵਿਚ ਸਜ਼ਾ ਤੋਂ ਮੁਕੰਮਲ ਛੋਟ ਮਿਲ ਚੁੱਕੀ ਹੈ। ਫੌਜੀ ਜਵਾਨਾਂ ਦੀ ਹੱਤਿਆ ਸਮੇਂ ਬਦਲਾ ਲੈਣ ਲਈ ਸਰਜੀਕਲ ਸਟਰਾਈਕ ਕਰਨ ਵਾਲੀ ਸਰਕਾਰ ਇਸ ਸਵਾਲ ਬਾਰੇ ਖਾਮੋਸ਼ ਹੈ ਕਿ ਜੇ ਮੁਕੱਦਮੇ ਦਾ ਸਾਹਮਣਾ ਕਰਨ ਵਾਲੇ ਅਸੀਮਾਨੰਦ ਤੇ ਉਸ ਦੇ ਨਾਲ ਦੇ ਬੇਕਸੂਰ ਸਨ ਤਾਂ ਫਿਰ ਸਮਝੌਤਾ ਐਕਸਪ੍ਰੈੱਸ ਤੇ ਹੋਰ ਬੰਬ ਕਾਂਡ ਕਿਸ ਨੇ ਕੀਤੇ। ਜਿਸ ਦਹਿਸ਼ਤੀ ਕਾਂਡ ਵਿਚ ਦੂਜੇ ਮੁਲਕ ਦੇ 58 ਨਾਗਰਿਕਾਂ ਸਮੇਤ ਪੁਲਵਾਮਾ ਕਾਂਡ ਤੋਂ ਕਿਤੇ ਜ਼ਿਆਦਾ ਮਨੁੱਖੀ ਜਾਨਾਂ ਚਲੀਆਂ ਗਈਆਂ, ਉਸ ਕਾਂਡ ਦੇ ਸਾਜ਼ਿਸ਼ਘਾੜਿਆਂ ਪ੍ਰਤੀ ਸੱਤਾਧਾਰੀ ਧਿਰ ਦੀ ਦਰਿਆਦਿਲੀ ਦਾ ਇਕੋ-ਇਕ ਮਤਲਬ ਹੋ ਸਕਦਾ ਹੈ। ਉਹ ਇਹ ਕਿ ਇਸ ਨਾਲ ਉਨ੍ਹਾਂ ਦਾ ਆਪਣਾ ਸਬੰਧ ਜੁੜਦਾ ਹੈ ਜਿਸ ਉਪਰ ਪਰਦਾ ਬਣਾਈ ਰੱਖਣ ਲਈ ਇਸ ਮਾਮਲੇ ਨੂੰ ਦਫਨਾਉਣਾ ਜ਼ਰੂਰੀ ਹੈ।

ਸਮਝੌਤਾ ਐਕਸਪ੍ਰੈਸ ਮਾਮਲੇ ਵਿਚ 12 ਸਾਲ ਬਾਅਦ ਦਿਤੇ ਆਪਣੇ ਫੈਸਲੇ ਵਿਚ ਐਨ.ਏ.ਆਈ. ਦੀ ਪੰਚਕੂਲਾ ਅਦਾਲਤ ਦੇ ਜੱਜ ਜਗਦੀਪ ਸਿੰਘ ਵਲੋਂ ਏਜੰਸੀ ਦੀ ਗ਼ੈਰਜ਼ਿੰਮੇਵਾਰਾਨਾ ਭੂਮਿਕਾ ਉਪਰ ਸਖਤ ਟਿੱਪਣੀਆਂ ਕੀਤੀਆਂ ਗਈਆਂ। ਜਦਕਿ ਸਵਾਲ ਗ਼ੈਰ ਜ਼ਿੰਮੇਵਾਰਾਨਾ ਭੂਮਿਕਾ ਦਾ ਨਹੀਂ ਬਲਕਿ ਭਗਵੀਂ ਦਹਿਸ਼ਤਗਰਦੀ ਪ੍ਰਤੀ ਸਟੇਟ ਦੇ ਰਵੱਈਏ ਦਾ ਹੈ। ਅਦਾਲਤ ਨੂੰ ਇਸ ਮਾਮਲੇ ਨੂੰ ਅਸਫਲ ਬਣਾਉਣ ਵਾਲੇ ਗ਼ੈਰ ਜ਼ਿੰਮੇਵਾਰ ਅਫਸਰਾਂ ਦੇ ਖਿਲਾਫ ਕਾਰਵਾਈ ਕਰਨ ਅਤੇ ਇੰਨੇ ਵੱਡੇ ਕਾਂਡ ਵਿਚ ਮਜ਼ਲੂਮਾਂ ਨੂੰ ਨਿਆਂ ਦਿਵਾਉਣ ਲਈ ਵਿਸ਼ੇਸ਼ ਜਾਂਚ ਕਰਾਏ ਜਾਣ ਦਾ ਆਦੇਸ਼ ਦੇਣ ਦੀ ਲੋੜ ਮਹਿਸੂਸ ਨਹੀਂ ਹੋਈ।

ਹਿੰਦੂਤਵੀ ਦਹਿਸ਼ਤਗਰਦਾਂ ਦੇ ਮਾਮਲਿਆਂ ਵਿਚ ਕੌਮੀ ਜਾਂਚ ਏਜੰਸੀ ਦੀ ਕਾਰਗੁਜ਼ਾਰੀ ਨੇ ਇਸ ਸਚਾਈ ਦੀ ਤਸਦੀਕ ਕੀਤੀ ਹੈ ਕਿ ਦਹਿਸ਼ਤਵਾਦ ਦੇ ਮਾਮਲਿਆਂ ਨਾਲ ਨਜਿੱਠਣ ਲਈ ਉਚੇਚੇ ਤੌਰ 'ਤੇ ਬਣਾਈ ਗਈ ਇਹ ਏਜੰਸੀ ਸਟੇਟ ਦੀਆਂ ਹੋਰ ਏਜੰਸੀਆਂ ਦੀ ਤਰ੍ਹਾਂ ਮਹਿਜ਼ ਸੱਤਾਧਾਰੀ ਧਿਰ ਦੀ ਹੱਥਠੋਕਾ ਹੈ। 2009 ਵਿਚ ਐਨ.ਆਈ.ਏ. ਬਣਾਏ ਜਾਣ ਵਕਤ ਇਹ ਦਲੀਲ ਦਿੱਤੀ ਗਈ ਕਿ ਦਹਿਸ਼ਤਗਰਦਾਂ ਨੂੰ ਸਜ਼ਾਵਾਂ ਦੇਣ ਲਈ ਦੂਜੀਆਂ ਜਾਂਚ ਏਜੰਸੀਆਂ ਕਾਫੀ ਨਹੀਂ, ਇਸ ਲਈ ਵਿਸ਼ੇਸ਼ ਜਾਂਚ ਏਜੰਸੀ ਦਰਕਾਰ ਹੈ। ਸਚਾਈ ਇਹ ਹੈ ਕਿ ਸ਼ੁਰੂ ਤੋਂ ਹੀ ਇਸ ਏਜੰਸੀ ਦੀ ਭੂਮਿਕਾ ਅਤੇ ਕਾਰਗੁਜ਼ਾਰੀ ਵਿਵਾਦਾਂ ਵਿਚ ਘਿਰੀ ਰਹੀ ਹੈ। ਮਾਲੇਗਾਓਂ ਬੰਬ ਕਾਂਡ ਮਾਮਲੇ ਵਿਚ ਏਜੰਸੀ ਵਲੋਂ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਵਿਰੁੱਧ ਮਕੋਕਾ (ਮਹਾਂਰਾਸ਼ਟਰ ਆਰਗੇਨਾਈਜ਼ਡ ਕ੍ਰਾਈਮ ਕੰਟਰੋਲ ਐਕਟ) ਤਹਿਤ ਦਰਜ ਧਾਰਾਵਾਂ ਹਟਾ ਦਿੱਤੀਆਂ ਗਈਆਂ।

ਕਰਨਲ ਪੁਰੋਹਿਤ ਦੇ ਮਾਮਲੇ ਦੀ ਕਾਨੂੰਨੀ ਪੈਰਵਾਈ ਲਈ ਮੋਦੀ ਸਰਕਾਰ ਵੱਲੋਂ ਸਭ ਤੋਂ ਮਹਿੰਗੇ ਵਕੀਲ ਹਰੀਸ਼ ਸਾਲਵੇ ਦੀਆਂ ਸੇਵਾਵਾਂ ਲਈਆਂ ਗਈਆਂ। ਪਿੱਛੇ ਜਿਹੇ ਪਬਲਿਕ ਪ੍ਰਾਸੀਕਿਊਟਰ ਰੋਹਿਨੀ ਸਾਲਿਆਨ ਨੇ ਸਾਰੀ ਕਹਾਣੀ ਦਾ ਭਾਂਡਾ ਭੰਨਦਿਆਂ ਦੱਸਿਆ ਕਿ ਏਜੰਸੀ ਵਲੋਂ ਉਸ ਉਪਰ ਪ੍ਰੱਗਿਆ ਸਿੰਘ ਅਤੇ ਸ੍ਰੀਕਾਂਤ ਪੁਰੋਹਿਤ ਦੇ ਮਾਮਲਿਆਂ ਪ੍ਰਤੀ ਨਰਮਾਈ ਨਾਲ ਚੱਲਣ ਲਈ ਲਗਾਤਾਰ ਦਬਾਓ ਪਾਇਆ ਗਿਆ। ਏਜੰਸੀ ਵਲੋਂ ਇਨ੍ਹਾਂ ਦੋਨਾਂ ਨੂੰ ਜ਼ਮਾਨਤ ਦੇਣ ਦਾ ਵਿਰੋਧ ਨਹੀਂ ਕੀਤਾ ਗਿਆ।



*ਪ੍ਰੋ. ਜੀ.ਐਨ. ਸਾਈਬਾਬਾ।*

ਇਉਂ, ਠੋਸ ਸਬੂਤਾਂ ਦੇ ਬਾਵਜੂਦ ਹਿੰਦੂਤਵੀ ਦਹਿਸ਼ਤਗਰਦੀ ਦੇ ਸਾਰੇ ਹੀ ਮਾਮਲਿਆਂ ਦਾ ਹਸ਼ਰ ਇਕੋ ਤਰ੍ਹਾਂ ਦਾ ਹੋਇਆ ਹੈ। ਇਨ੍ਹਾਂ ਮਾਮਲਿਆਂ ਦੀ ਜਾਂਚ ਤਸੱਲੀਬਖਸ਼ ਤਰੀਕੇ ਨਾਲ ਨਹੀਂ ਕੀਤੀ ਗਈ, ਗਵਾਹ ਆਪਣੇ ਬਿਆਨਾਂ ਤੋਂ ਮੁੱਕਰ ਗਏ ਜਾਂ ਉਨ੍ਹਾਂ ਦੀਆਂ ਗਵਾਹੀਆਂ ਹੀ ਨਹੀਂ ਕਰਾਈਆਂ ਗਈਆਂ। ਏਜੰਸੀ ਵੱਲੋਂ ਮੁਜਰਿਮਾਂ ਨੂੰ ਸਜ਼ਾ ਦਿਵਾਉਣ ਲਈ ਬਹੁਤ ਸਾਰੇ ਸਬੂਤ ਅਤੇ ਸਭ ਤੋਂ ਮਹੱਤਵਪੂਰਨ ਗਵਾਹ ਪੇਸ਼ ਕਰਨ ਪ੍ਰਤੀ ਮੁਜਰਮਾਨਾ ਲਾਪਰਵਾਹੀ ਵਰਤ ਕੇ ਹਿੰਦੂਤਵੀ ਦਹਿਸ਼ਤਗਰਦਾਂ ਨੂੰ ਬਰੀ ਹੋਣ ਦਿੱਤਾ ਗਿਆ। ਮੱਕਾ ਮਸਜਿਦ ਅਤੇ ਅਜਮੇਰ ਸ਼ਰੀਫ ਦਰਗਾਹ ਮਾਮਲਿਆਂ ਵਿਚ ਅਦਾਲਤ ਵਲੋਂ ਅਸੀਮਾਨੰਦ ਨੂੰ ਬਰੀ ਕੀਤੇ ਜਾਣ ਵਿਰੁਧ ਏਜੰਸੀ ਵਲੋਂ ਉਪਰਲੀ ਅਦਾਲਤ ਵਿਚ ਅਪੀਲ ਦਾਇਰ ਨਹੀਂ ਕੀਤੀ ਗਈ।

ਕੌਮੀ ਜਾਂਚ ਏਜੰਸੀ ਦੀ ਸੱਤਾਧਾਰੀ ਧਿਰ ਨਾਲ ਮਿਲੀਭੁਗਤ ਬਾਰੇ ਹਰਿਆਣਾ ਦੇ ਸਾਬਕਾ ਆਈ.ਪੀ.ਐਸ. ਅਧਿਕਾਰੀ ਵਿਕਾਸ ਨਰਾਇਣ ਰਾਏ ਦੀਆਂ ਟਿੱਪਣੀਆਂ ਬਹੁਤ ਹੀ ਗ਼ੌਰਤਲਬ ਹੈ ਜੋ ਸਮਝੌਤਾ ਐਕਸਪ੍ਰੈੱਸ ਕਾਂਡ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਰਹੇ ਹਨ। ਸ੍ਰੀ ਰਾਏ ਨੇ ਤੱਥਾਂ ਸਹਿਤ ਸਾਬਤ ਕੀਤਾ ਹੈ ਕਿ ਕਿਵੇਂ ਭਾਜਪਾ ਦੀ ਸਰਕਾਰ ਬਣਨ ਤੋਂ ਬਾਦ ਏਜੰਸੀ ਦੇ ਤਤਕਾਲੀ ਮੁਖੀ ਸ਼ਰਦ ਕੁਮਾਰ ਵੱਲੋਂ ਸੱਤਾਧਾਰੀ ਸੰਘ ਬ੍ਰਿਗੇਡ ਦੇ ਦਬਾਓ ਹੇਠ ਆ ਕੇ ਇਨ੍ਹਾਂ ਮਾਮਲਿਆਂ ਦੇ ਗਵਾਹਾਂ ਨੂੰ ਬਿਠਾਉਣ ਅਤੇ ਮੁਕਰਾਉਣ ਲਈ ਪੂਰੀ ਏਜੰਸੀ ਹੀ ਇਸ ਕੰਮ ਵਿਚ ਲਗਾ ਦਿੱਤੀ ਗਈ। ਇਸ ਦੇ ਬਦਲੇ ਮੋਦੀ ਸਰਕਾਰ ਵਲੋਂ ਸ਼ਰਦ ਕੁਮਾਰ ਨੂੰ ਰਿਟਾਇਰ ਹੋਣ ਤੋਂ ਬਾਅਦ ਦੋ ਸਾਲ ਦੀ ਐਕਸਟੈਂਸ਼ਨ ਦਿੱਤੀ ਗਈ ਅਤੇ ਫਿਰ ਕੇਂਦਰ ਸਰਕਾਰ ਦੇ ਵਿਜੀਲੈਂਸ ਕਮਿਸ਼ਨਰ ਦੇ ਅਹੁਦੇ ਨਾਲ ਨਵਾਜਿਆ ਗਿਆ। ਇਸੇ ਤਰ੍ਹਾਂ ਮੋਦੀ ਸਰਕਾਰ ਵਲੋਂ ਸੀ.ਬੀ.ਆਈ. ਦੇ ਸਾਬਕਾ ਡਾਇਰੈਕਟਰ ਆਰ.ਕੇ. ਰਾਘਵਨ ਨੂੰ ਮਿਸਰ ਵਿਚ ਰਾਜਦੂਤ ਬਣਾ ਕੇ ਭੇਜਿਆ ਗਿਆ ਜੋ ਲਈ ਸੁਪਰੀਮ ਕੋਰਟ ਵੱਲੋਂ 2002 ਵਿਚ ਗੁਜਰਾਤ ਦੇ ਗੁਲਬਰਗ ਸੁਸਾਇਟੀ ਕਤਲੇਆਮ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਦਾ ਮੁਖੀ ਰਹਿ ਚੁੱਕਾ ਸੀ ਉਸੇ ਨੇ ਇਹ ਰਿਪੋਰਟ ਦਿੱਤੀ ਸੀ ਕਿ ਕਤਲੇਆਮ ਵਿਚ ਮੋਦੀ ਦੀ ਭੂਮਿਕਾ ਦੇ ਕੋਈ ਸਬੂਤ ਨਹੀਂ ਮਿਲੇ।

ਕੀ ਅਜੇ ਵੀ ਕੋਈ ਸ਼ੱਕ ਹੈ ਕਿ ਜਾਂਚ ਏਜੰਸੀਆਂ ਮਹਿਜ਼ ਸਰਕਾਰੀ ਤੋਤੇ ਹਨ ਜੋ ਸੱਤਾਧਾਰੀ ਧਿਰ ਦੇ ਹੁਕਮਾਂ ਦੀ ਪਾਲਣਾ ਕਰਦੀਆਂ ਹਨ। ਅਜਿਹੀਆਂ ਏਜੰਸੀਆਂ ਦੇ ਹੁੰਦਿਆਂ ਸਾਫ-ਸੁਥਰੀ ਜਾਂਚ ਅਤੇ ਨਿਆਂ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ?

# ਸ੍ਰੀ ਚੰਦ ਸਿਧਾਂਤ ਸਾਗਰ ਗ੍ਰੰਥ ਦਾ ਮਾਮਲਾ ਭਖਿਆ

**ਕੁਰਾਲੀ:** ਪਿੰਡ ਖਿਜ਼ਰਾਬਾਦ ਦੇ ਡੇਰੇ ਵਿਚ ਕਰਵਾਏ ਸਮਾਗਮ ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਆਕਾਰ ਦਾ ਸ੍ਰੀ ਚੰਦ ਸਿਧਾਂਤ ਸਾਗਰ ਗ੍ਰੰਥ ਪ੍ਰਕਾਸ਼ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸੰਗਤ ਨੇ ਅਖੌਤੀ ਬਾਬੇ ਖਿਲਾਫ ਜ਼ਿਲ੍ਹਾ ਪ੍ਰਸ਼ਾਸਨ ਤੇ ਸਿੰਘ ਸਾਹਿਬਾਨ ਤੋਂ ਕਾਰਵਾਈ ਦੀ ਮੰਗ ਕੀਤੀ ਹੈ।

ਯੂਨਾਈਟਿਡ ਸਿੱਖ ਪਾਰਟੀ ਦੇ ਮੁੱਖ ਸੇਵਾਦਾਰ ਸੁਖਜਿੰਦਰ ਸਿੰਘ ਤੇ ਨਿਸ਼ਕਾਮ ਸੇਵਕ ਜਥਾ ਦੇ ਕਮਲਜੀਤ ਸਿੰਘ ਆਦਿ ਨੇ ਪੁਲਿਸ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਪੱਤਰ ਲਿਖ ਕੇ ਦੱਸਿਆ ਕਿ ਖਿਜ਼ਰਾਬਾਦ ਵਿਚ ਅਖੌਤੀ ਬਾਬਾ ਗੁਰ ਮਰਿਆਦਾ ਦੇ ਉਲਟ ਪੁੱਛਿਆ ਦੇਣ ਅਤੇ ਭੂਤ ਪ੍ਰੇਤ ਕੱਢਣ ਆਦਿ ਰਾਹੀਂ ਸੰਗਤ ਨੂੰ ਗੁੰਮਰਾਹ ਕਰ ਰਿਹਾ ਹੈ। ਉਕਤ ਬਾਬੇ ਨੇ 24 ਮਾਰਚ ਨੂੰ ਧਾਰਮਿਕ ਸਮਾਗਮ ਦੀ ਓਟ ਵਿਚ ਇਸ ਗ੍ਰੰਥ ਨੂੰ ਪੰਥ ਵਲੋਂ ਨਿਰਧਾਰਿਤ ਮਰਿਆਦਾ ਅਨੁਸਾਰ ਹੀ ਪ੍ਰਕਾਸ਼ ਕੀਤਾ ਗਿਆ ਅਤੇ ਸਿੱਖ ਵਿਅਕਤੀ ਨੂੰ ਚੌਰ ਲਈ ਵੀ ਬਿਠਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਗ੍ਰੰਥ ਨੂੰ ਸੰਗਤ ਗੁਰੂ ਗ੍ਰੰਥ ਸਾਹਿਬ ਸਮਝ ਕੇ ਮੱਥਾ ਟੇਕਦੀ ਰਹੀ।

ਸੁਖਜਿੰਦਰ ਸਿੰਘ ਅਤੇ ਹੋਰਨਾਂ ਨੇ ਕਿਹਾ ਕਿ ਇਹੋ ਨਹੀਂ ਸਗੋਂ ਅਖੌਤੀ ਬਾਬੇ ਨੇ ਧੋਖੇ ਵਿਚ ਰੱਖ ਕੇ ਭਾਈ ਮਨਿੰਦਰ ਸਿੰਘ ਸ੍ਰੀਨਗਰ ਵਾਲਿਆਂ ਅਤੇ ਹੋਰ ਕਈ ਜਥਿਆਂ ਨੂੰ ਸਮਾਗਮ ਵਿਚ ਸੱਦਿਆ ਅਤੇ ਕੀਰਤਨ ਕਰਵਾਇਆ। ਇਸ ਸਮਾਗਮ ਵਿਚ ਹਲਕੇ ਦੇ ਕੁਝ ਪ੍ਰਮੁੱਖ ਅਕਾਲੀ ਆਗੂ ਵੀ ਪੁੱਜੇ। ਇਸ ਗ੍ਰੰਥ ਬਾਰੇ ਲੋਕਾਂ ਨੂੰ ਉਦੋਂ ਪਤਾ ਚੱਲਿਆ ਜਦੋਂ ਸਮਾਗਮ ਦੇ ਅੰਤ ਵਿਚ ਅਰਦਾਸ ਤੋਂ ਬਾਅਦ ਹੁਕਮਨਾਮਾ ਲਿਆ ਗਿਆ। ਇਸ ਦੌਰਾਨ ਸਾਹਮਣੇ ਆਇਆ ਕਿ ਇਹ ਗੁਰੂ ਗ੍ਰੰਥ ਸਾਹਿਬ ਨਹੀਂ।

ਇਸੇ ਦੌਰਾਨ ਇਲਾਕਾ ਵਾਸੀਆਂ ਤੇ ਪੰਥਕ ਜਥੇਬੰਦੀਆਂ ਦੀ ਕਮੇਟੀ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੂੰ ਮਿਲ ਕੇ ਮਾਮਲੇ ਸਬੰਧੀ ਜਾਣਕਾਰੀ ਦਿੱਤੀ ਅਤੇ ਕਾਰਵਾਈ ਦੀ ਮੰਗ ਕੀਤੀ।

ਉਧਰ, ਕੀਰਤਨੀਏ ਭਾਈ ਮਨਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੇ ਸਮਾਗਮ ਵਿਚ ਕੀਰਤਨ ਕਰਨ ਨੂੰ ਆਪਣੀ ਵੱਡੀ ਗਲਤੀ ਮੰਨਦਿਆਂ ਸੰਗਤ ਤੋਂ ਮੁਆਫੀ ਮੰਗੀ ਹੈ।

# ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ



ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਭਾਰਤੀ ਸਿਆਸਤ ਦੇ ਧੁਰੰਧਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ, ਜੋ ਪਿਛਲੇ ਪੰਜ ਸਾਲਾਂ ਤੋਂ ਦੇਸ਼ ਦੀ ਸਰਗਰਮ ਸਿਆਸਤ ਦੇ ਹਾਸ਼ੀਏ 'ਤੇ ਚਲੇ ਆ ਰਹੇ ਸਨ, ਦਾ ਪਾਰਟੀ ਨੇ ਗਾਂਧੀਨਗਰ ਤੋਂ ਟਿਕਟ ਕੱਟ ਕੇ ਲਗਦਾ ਹੈ, ਉਨ੍ਹਾਂ ਨੂੰ ਭਾਰਤ ਦੀ ਸਿਆਸੀ ਪਿਚ ਤੋਂ ਹਮੇਸ਼ਾ ਲਈ ਆਊਟ ਕਰ ਦਿੱਤਾ ਹੈ।

ਇਹ ਉਹੀਓ ਅਡਵਾਨੀ ਹਨ, ਜਿਨ੍ਹਾਂ ਨੇ ਕਦੀ ਆਪਣੇ ਸਾਥੀਆਂ ਸਵਰਗੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਮੁਰਲੀ ਮਨੋਹਰ ਜੋਸ਼ੀ ਨਾਲ ਮਿਲ ਕੇ ਦੋ ਸੀਟਾਂ ਵਾਲੀ ਭਾਜਪਾ ਨੂੰ ਦੇਸ਼ ਦੀ ਸੱਤਾ ਦੇ ਸਿੰਘਾਸਣ 'ਤੇ ਪਹਿਲੀ ਵਾਰ ਬਿਰਾਜਮਾਨ ਕੀਤਾ ਸੀ, ਪਰ ਅੱਜ ਉਨ੍ਹਾਂ ਹੀ ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਜਿਹੇ ਸਿਰਕੱਢ ਨੇਤਾਵਾਂ ਨਾਲ ਉਨ੍ਹਾਂ ਦੀ ਆਪਣੀ ਪਾਰਟੀ ਦੀ ਮੌਜੂਦਾ ਲੀਡਰਸ਼ਿਪ ਨੇ ਜੋ ਸਲੂਕ ਕੀਤਾ ਹੈ, ਉਸ ਦੀ ਮਿਸਾਲ ਚੜ੍ਹਦੇ ਤੋਂ ਲਹਿੰਦੇ ਪਾਸੇ ਤੱਕ ਬਹੁਤ ਘੱਟ ਵੇਖਣ ਨੂੰ ਮਿਲਦੀ ਹੈ।


ਵੈਸੇ ਅੱਜ ਕਲ ਦੇ ਨਾ-ਫਰਮਾਬਰਦਾਰ ਬੱਚੇ ਆਪਣੇ ਬੁੱਢੇ ਮਾਂ-ਪਿਉ ਨਾਲ ਜੋ ਵਿਹਾਰ ਕਰਦੇ ਨੇ, ਉਸ ਤੋਂ ਅਸੀਂ ਸਾਰੇ ਹੀ ਭਲੀਭਾਂਤ ਜਾਣੂੰ ਹਾਂ ਤੇ ਉਹੀਓ ਸਲੂਕ ਅੱਜ ਅਡਵਾਨੀ ਤੇ ਜੋਸ਼ੀ ਨਾਲ ਹੋਇਆ ਜਾਪਦਾ ਹੈ। ਵੈਸੇ ਇਹ ਸੱਚ ਹੈ ਕਿ ਮਾਂ-ਪਿਉ ਨਾਲ ਮਾੜਾ ਵਿਹਾਰ ਅਕਸਰ ਉਹੀਓ ਬੱਚੇ ਕਰਦੇ ਨੇ, ਜਿਨ੍ਹਾਂ ਦੇ ਮਾਪੇ ਤਾਉਮਰ ਖੁਦ ਕੁਚੱਜੇ ਤੇ ਗਲਤ ਰਸਤਿਆਂ ਦੇ ਪਾਂਧੀ ਰਹੇ ਹੋਣ ਜਾਂ ਆਪਣੀ ਔਲਾਦ ਦੇ ਮਾੜੇ ਕਾਰਨਾਮਿਆਂ 'ਤੇ ਵੀ ਹੱਲਾਸ਼ੇਰੀ ਦਿੰਦੇ ਰਹੇ ਹੋਣ, ਉਨ੍ਹਾਂ ਦੀਆਂ ਕੁਤਾਹੀਆਂ 'ਤੇ ਪਰਦਾ ਪਾਉਂਦੇ ਰਹੇ ਹੋਣ। ਅਜਿਹੇ ਹਾਲਾਤ ਦੇ ਨਤੀਜੇ ਵਜੋਂ ਜੋ ਬੱਚੇ ਪਰਵਰਿਸ਼ ਪਾਉਂਦੇ ਹਨ, ਫੇਰ ਜੇ ਉਹ ਮਾਂ-ਬਾਪ ਨਾਲ ਮਾੜਾ ਵਿਹਾਰ ਕਰਨ ਤਾਂ ਇਸ ਵਿਚ ਕਿਸੇ ਨੂੰ ਕੋਈ ਅਸਚਰਜ ਨਹੀਂ ਹੋਣਾ ਚਾਹੀਦਾ। ਕੁਦਰਤ ਦਾ ਵੀ ਇਹੋ ਅਸੂਲ ਹੈ ਕਿ ਜਿਹਾ ਬੀਜੋਗੇ, ਉਹੋ ਜਿਹਾ ਵੱਢੋਗੇ। ਜੇ ਅਸੀਂ ਇਸ ਦੁਨੀਆਂ ਵਿਚ ਨਫਰਤ ਦਾ ਬੀਜ ਬੀਜ ਕੇ ਸੋਚੀਏ ਕਿ ਸਾਨੂੰ ਪਿਆਰ ਰੂਪੀ ਫਲਾਂ ਦੀ ਪ੍ਰਾਪਤੀ ਹੋਵੇਗੀ ਤਾਂ ਯਕੀਨਨ ਇਹ ਸਾਡੀ ਖਾਮ ਖਿਆਲੀ ਵੀ ਹੋਵੇਗੀ ਤੇ ਬੇਵਕੂਫੀ ਵੀ। ਬਾਬਾ ਫਰੀਦ ਜੀ ਨੇ ਅਜਿਹੀ ਮਾਨਸਿਕਤਾ ਨੂੰ ਇੱਕ ਸ਼ਲੋਕ ਵਿਚ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ,

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥

ਅਸੀਂ ਸਮਝਦੇ ਹਾਂ ਕਿ ਜੋ ਅੱਜ ਅਡਵਾਨੀ ਨਾਲ ਹੋਇਆ ਹੈ, ਯਕੀਨਨ ਅੱਜ ਤੋਂ ਤਿੰਨ ਦਹਾਕੇ ਪਹਿਲਾਂ, ਜੋ ਉਨ੍ਹਾਂ ਨੇ ਬੀਜਿਆ ਸੀ, ਇਹ ਸਭ ਉਸੇ ਦਾ ਫਲ ਹੈ। ਭਾਵ ਉਨ੍ਹਾਂ ਜਿਸ ਰਸਤੇ ਦੀ ਚੋਣ ਕੀਤੀ ਸੀ, ਉਸ ਦਾ ਅੰਜਾਮ ਇਹੋ ਹੋਣਾ ਸੀ।

ਅਡਵਾਨੀ-ਜੋਸ਼ੀ ਦੇ ਸਿਆਸੀ ਪਿਛੋਕੜ 'ਤੇ ਨਜ਼ਰ ਮਾਰਿਆਂ ਸਾਡੇ ਸਾਹਮਣੇ ਨੱਬੇ ਦੇ ਦਹਾਕਿਆਂ ਦੇ ਉਹ ਹੌਲਨਾਕ ਦ੍ਰਿਸ਼ ਇੱਕ-ਇੱਕ ਕਰਕੇ ਸਾਹਮਣੇ ਆ ਜਾਂਦੇ ਹਨ, ਜਦੋਂ ਇਨ੍ਹਾਂ ਨੇਤਾਵਾਂ ਨੇ ਰਾਮ ਮੰਦਿਰ ਲਈ ਰੱਥ ਯਾਤਰਾਵਾਂ ਕੱਢੀਆਂ ਤੇ ਦੇਸ਼ ਨੂੰ ਫਿਰਕਾਪ੍ਰਸਤੀ ਦੇ ਹਨੇਰੇ ਵਲ ਧੱਕਣ ਦੀਆਂ ਕੋਸ਼ਿਸ਼ਾਂ ਕੀਤੀਆਂ। ਫਿਰ ਕਾਰ ਸੇਵਕਾਂ ਰਾਹੀਂ ਬਾਬਰੀ ਮਸਜਿਦ ਢੁਹਾਈ ਗਈ ਤੇ ਉਸ ਪਿਛੋਂ ਜਿਸ ਤਰ੍ਹਾਂ ਦੇਸ਼ ਅੰਦਰ ਵੱਡੇ ਪੱਧਰ 'ਤੇ ਫਿਰਕੂ ਹਿੰਸਾਤਮਕ ਘਟਨਾਵਾਂ ਵਾਪਰੀਆਂ ਅਤੇ ਹਜਾਰਾਂ ਬੇਗੁਨਾਹ ਮਾਰੇ ਗਏ, ਕਿੰਨੇ ਘਰ ਉਜੜੇ ਤੇ ਕਿੰਨੇ ਹੀ ਮਾਂਵਾਂ ਦੇ ਧੀ-ਪੁੱਤ, ਭੈਣ-ਭਰਾ ਤੇ ਔਰਤਾਂ ਦੇ ਸੁਹਾਗ ਮੌਤ ਦੇ ਘਾਟ ਉਤਾਰ ਦਿੱਤੇ ਗਏ। ਇਸ ਦੌਰਾਨ ਦੇਸ਼ ਦਾ ਜੋ ਜਾਨੀ ਤੇ ਮਾਲੀ ਨੁਕਸਾਨ ਹੋਇਆ, ਉਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਇਸ ਪੂਰੇ ਘਟਨਾਕ੍ਰਮ ਦੌਰਾਨ ਦੇਸ਼ ਦੀ ਦੁਨੀਆਂ ਵਿਚ ਜੋ ਬਦਨਾਮੀ ਹੋਈ, ਉਹ ਵੱਖਰੀ।

ਸਮਾਂ ਆਪਣੀ ਰਫਤਾਰ ਚਲਦਾ ਰਿਹਾ ਤੇ ਇਤਿਹਾਸ ਨੂੰ ਆਪਣੀ ਬੁੱਕਲ ਹੇਠ ਸਮੇਟਦਾ ਰਿਹਾ। ਫਿਰ ਨਰਿੰਦਰ ਮੋਦੀ ਨੇ ਪਾਰਟੀ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ 'ਤੇ ਗੁਜਰਾਤ ਦੀ ਵਾਗਡੋਰ ਬਤੌਰ ਮੁੱਖ ਮੰਤਰੀ ਅਡਵਾਨੀ ਦਾ ਅਸ਼ੀਰਵਾਦ ਲੈਂਦਿਆ ਸੰਭਾਲੀ। 2002 ਵਿਚ ਗੁਜਰਾਤ ਅੰਦਰ ਵੱਡੇ ਪੱਧਰ 'ਤੇ ਫਿਰਕੂ ਹਿੰਸਾ ਦੀ ਅੱਗ ਭੜਕੀ ਅਤੇ ਘੱਟ ਗਿਣਤੀਆਂ ਦੀ ਵੱਡੀ ਗਿਣਤੀ 'ਚ ਵੱਢ-ਟੁੱਕ ਹੋਈ। ਇਸ ਹਿੰਸਾ ਦੌਰਾਨ ਗੁਜਰਾਤ ਵਿਚ ਜਿਉਂਦਿਆਂ ਸਾੜਿਆ ਗਿਆ ਤੇ ਔਰਤਾਂ ਨਾਲ ਸਮੂਹਕ ਬਲਾਤਕਾਰ ਹੋਏ, ਜਿਸ ਨੂੰ ਚੇਤੇ ਕਰਦਿਆਂ ਅੱਜ ਵੀ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਗੁਜਰਾਤ ਦੀ ਫਿਰਕੂ ਹਿੰਸਾ ਨੇ ਇਕ ਵਾਰ ਫਿਰ ਦੇਸ਼ ਦੀ ਪੂਰੀ ਦੁਨੀਆਂ ਵਿਚ ਫਜੀਹਤ ਕਰਵਾਈ। ਇਨਸਾਨੀਅਤ ਦਾ ਜਜ਼ਬਾ ਰੱਖਣ ਵਾਲੇ ਹਰ ਇਨਸਾਨ ਨੇ ਇਸ ਹਿੰਸਾ ਦੀ ਨਿੰਦਾ ਕੀਤੀ। ਇਥੋਂ ਤਕ ਕਿ ਉਸ ਵਕਤ ਦੇ ਪ੍ਰਧਾਨ ਮੰਤਰੀ ਨੇ ਵੀ ਸੂਬੇ ਦੇ ਮੁੱਖ ਮੰਤਰੀ (ਨਰਿੰਦਰ ਮੋਦੀ) ਨੂੰ ਰਾਜ ਧਰਮ ਨਿਭਾਉਣ ਦੀ ਗੁਹਾਰ ਲਾਈ। ਗੱਲ ਤਾਂ ਇਹ ਵੀ ਸੁਣਨ 'ਚ ਆਈ ਕਿ ਉਸ ਸਮੇਂ ਅਟਲ ਬਿਹਾਰੀ ਵਾਜਪਾਈ ਨੇ ਮੋਦੀ ਤੋਂ ਅਸਤੀਫਾ ਲੈਣ ਦਾ ਪੱਕਾ ਮਨ ਬਣਾ ਲਿਆ ਸੀ ਤੇ ਉਹ ਚਾਹੁੰਦੇ ਸਨ ਕਿ ਮੋਦੀ ਖੁਦ ਹੀ ਅਸਤੀਫਾ ਦੇਵੇ, ਪਰ ਉਸ ਮੌਕੇ ਅਡਵਾਨੀ, ਮੋਦੀ ਲਈ ਇਕ ਸੰਕਟ ਮੋਚਕ ਬਣ ਕੇ ਸਾਹਮਣੇ ਆਏ। ਪਾਰਟੀ ਦੇ ਗੋਆ ਸਮਾਗਮ ਵਿਚ ਤੈਅ ਹੋਇਆ ਕਿ ਮੋਦੀ ਤੋਂ ਅਸਤੀਫਾ ਨਾ ਲਿਆ ਜਾਵੇ ਤੇ ਇਸ ਪਿਛੋਂ ਵੋਟਾਂ ਦੇ ਧਰੁਵੀਕਰਨ ਜ਼ਰੀਏ ਗੁਜਰਾਤ ਵਿਚ ਮੋਦੀ ਆਪਣੀ ਸਰਕਾਰ ਬਣਾਉਣ ਵਿਚ ਇੱਕ ਵਾਰ ਫਿਰ ਕਾਮਯਾਬ ਹੋਇਆ।



ਲਾਲ ਕ੍ਰਿਸ਼ਨ ਅਡਵਾਨੀ



ਮੁਰਲੀ ਮਨੋਹਰ ਜੋਸ਼ੀ

2004 ਦੀਆਂ ਲੋਕ ਸਭਾ ਚੋਣਾਂ ਵਿਚ ਵਾਜਪਾਈ ਦੇ 'ਸ਼ਾਈਨਿੰਗ ਇੰਡੀਆ' ਦਾ ਜੋ ਹਸ਼ਰ ਹੋਇਆ, ਉਸ ਤੋਂ ਸਭ ਜਾਣੂ ਹਨ। 2009 ਦੀਆਂ ਚੋਣਾਂ ਵਿਚ ਭਾਜਪਾ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਵਜੋਂ ਐਲ. ਕੇ. ਅਡਵਾਨੀ ਨੂੰ ਉਤਾਰਿਆ। ਅਡਵਾਨੀ ਦੀ ਬਦਕਿਸਮਤੀ ਕਿ ਉਹ ਉਦੋਂ ਭਾਜਪਾ ਨੂੰ ਜਿੱਤ ਦਿਵਾਉਣ 'ਚ ਨਾਕਾਮ ਰਹੇ। ਇਸ ਦੇ ਉਲਟ ਮੋਦੀ ਗੁਜਰਾਤ ਦੀਆਂ ਸੂਬਾਈ ਚੋਣਾਂ ਵਿਚ ਲਗਾਤਾਰ ਜਿੱਤ 'ਤੇ ਜਿੱਤ ਦਰਜ ਕਰਦਿਆਂ ਭਾਜਪਾ ਤੇ ਜਨਸੰਘ 'ਚ ਆਪਣੀ ਸਥਿਤੀ ਮਜ਼ਬੂਤ ਕਰਦੇ ਰਹੇ। ਇਕ ਸਮਾਂ ਅਜਿਹਾ ਆਇਆ ਕਿ ਭਾਜਪਾ ਦੇ ਵੱਡੇ ਤੋਂ ਵੱਡੇ ਨੇਤਾ ਵੀ ਮੋਦੀ ਦੇ ਸਿਆਸੀ ਕੱਦ ਸਾਹਮਣੇ ਬੌਣੇ ਜਾਪਣ ਲੱਗੇ।

2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਜਨਸੰਘ ਅਤੇ ਭਾਜਪਾ ਦੇ ਲੀਡਰਾਂ ਵਿਚ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨੂੰ ਲੈ ਕੇ ਚਰਚਾ ਚੱਲੀ ਤੇ ਪਾਰਟੀ ਲੀਡਰਸ਼ਿਪ ਨੇ ਇਹ ਪ੍ਰਬਲ ਇੱਛਾ ਪ੍ਰਗਟਾਈ ਕਿ ਇਸ ਵਾਰ ਭਾਜਪਾ ਵਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵਜੋਂ ਨਰਿੰਦਰ ਮੋਦੀ ਨੂੰ ਉਤਾਰਿਆ ਜਾਏ, ਪਰ ਜਦੋਂ ਅਡਵਾਨੀ ਨੇ ਆਪਣੀ ਜ਼ਿੰਦਗੀ ਭਰ ਦੇ ਕਮਾਏ ਸਰਮਾਏ ਨੂੰ ਆਪਣੇ ਅੱਖੀਂ ਲੁਟਦਿਆਂ ਵੇਖਿਆ ਤਾਂ ਉਨ੍ਹਾਂ ਮੋਦੀ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਾਏ ਜਾਣ ਦਾ ਅੰਦਰਖਾਤੇ ਖਾਸਾ ਵਿਰੋਧ ਕੀਤਾ। ਅਡਵਾਨੀ ਸ਼ਾਇਦ ਇਹ ਭੁੱਲ ਗਏ ਕਿ ਹਰ ਕੋਈ ਆਪਣਾ ਦਾਅ ਹਮੇਸ਼ਾ ਜਿੱਤਣ ਵਾਲੇ ਘੋੜੇ 'ਤੇ ਹੀ ਲਾਉਂਦਾ ਹੈ। ਜਿਵੇਂ ਕਿਵੇਂ ਮਨ-ਮਨੌਤੀ ਹੋਈ ਤੇ ਭਾਜਪਾ ਨੇ ਨਰਿੰਦਰ ਮੋਦੀ ਨੂੰ 2014 ਵਿਚ ਬਤੌਰ ਪ੍ਰਧਾਨ ਮੰਤਰੀ ਵਜੋਂ ਪੇਸ਼ ਕੀਤਾ। ਲੋਕ ਸਭਾ ਚੋਣਾਂ ਵਿਚ ਨਾ ਸਿਰਫ ਮੋਦੀ ਕਾਮਯਾਬ ਹੋਏ ਸਗੋਂ ਭਾਜਪਾ ਪਹਿਲੀ ਵਾਰ ਬਹੁਮਤ ਲੈ ਕੇ ਆਪਣੇ ਬਲਬੂਤੇ 'ਤੇ ਕੇਂਦਰੀ ਸੱਤਾ 'ਤੇ ਕਾਬਜ਼ ਹੋਈ।

ਮੋਦੀ ਸਰਕਾਰ ਦੇ ਸਹੁੰ ਚੁੱਕ ਸਮਾਗਮ ਸਮੇਂ ਅਟਲ ਬਿਹਾਰੀ ਵਾਜਪਾਈ ਦੇ ਦੋਹਾਂ ਪਰਮ ਮਿੱਤਰਾਂ-ਅਡਵਾਨੀ ਤੇ ਜੋਸ਼ੀ ਨੂੰ ਕੋਈ ਮਾਣ ਨਾ ਦਿੱਤਾ ਗਿਆ ਤਾਂ ਲੋਕਾਂ ਨੇ ਹੈਰਾਨੀ ਪ੍ਰਗਟਾਈ। ਉਦੋਂ ਤਰਕ ਇਹ ਦਿੱਤਾ ਗਿਆ ਕਿ 75 ਸਾਲ ਤੋਂ ਵੱਧ ਉਮਰ ਦੇ ਆਗੂਆਂ ਨੂੰ ਮੰਤਰੀ ਪਦ ਦੀ ਕੋਈ ਜਿੰਮੇਵਾਰੀ ਨਹੀਂ ਦਿੱਤੀ ਜਾਵੇਗੀ। ਇਸ ਬਹਾਨੇ ਅਡਵਾਨੀ ਤੇ ਜੋਸ਼ੀ ਵਰਗੇ ਪਾਰਟੀ ਦੇ ਪੁਰਾਣੇ ਲੀਡਰਾਂ ਨੂੰ ਮੰਤਰੀ ਮੰਡਲ ਤੋਂ ਬਾਹਰ ਰੱਖਿਆ ਗਿਆ।

ਸਰਕਾਰ ਬਣਦਿਆਂ ਹੀ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਸਭ ਤੋਂ ਵੱਧ ਵਿਸ਼ਵਾਸ ਪਾਤਰ ਅਮਿਤ ਸ਼ਾਹ ਨੂੰ ਭਾਜਪਾ ਦਾ ਪ੍ਰਧਾਨ ਥਾਪ ਕੇ ਪਾਰਟੀ ਦੀ ਵਾਗਡੋਰ ਉਸ ਦੇ ਹੱਥ ਦੇ ਦਿੱਤੀ ਅਤੇ ਇਕ ਹੋਰ ਸ਼ੋਸ਼ੇ ਰਾਹੀਂ ਅਡਵਾਨੀ ਤੇ ਜੋਸ਼ੀ ਨੂੰ ਪਾਰਟੀ ਦੇ ਮਾਰਗ ਦਰਸ਼ਕ ਦਾ ਰੁਤਬਾ ਦੇ ਕੇ ਬਹੁਤ ਹੀ ਚਤੁਰਾਈ ਨਾਲ ਹੌਲੀ ਹੌਲੀ ਸਰਗਰਮ ਸਿਆਸਤ ਤੋਂ ਹਾਸ਼ੀਏ 'ਤੇ ਲੈ ਆਂਦਾ।

ਮੋਦੀ-ਅਮਿਤ ਜੋੜੀ ਦੇ ਕੇਂਦਰੀ ਰਾਜਨੀਤੀ ਵਿਚ ਆਉਣ ਪਿਛੋਂ ਲੋਕਾਂ ਨੂੰ ਇੰਜ ਲੱਗਾ, ਜਿਵੇਂ ਹੁਣ ਅਟਲ-ਅਡਵਾਨੀ ਯੁੱਗ ਆਪਣੇ ਆਖਰੀ ਪੜਾਅ ਵਲ ਵਧ ਰਿਹਾ ਹੈ। ਫਿਰ ਵੀ ਅਡਵਾਨੀ ਦੇ ਸੰਦਰਭ ਵਿਚ ਲੋਕਾਂ ਨੇ ਅਕਸਰ ਕਿਆਸਅਰਾਈਆਂ ਲਾਈਆਂ ਕਿ ਸ਼ਾਇਦ ਉਨ੍ਹਾਂ ਨੂੰ ਦੇਸ਼ ਦਾ ਰਾਸ਼ਟਰਪਤੀ ਬਣਾ ਕੇ ਸਰਗਰਮ ਸਿਆਸਤ 'ਚੋਂ ਇਕ ਖੂਬਸੂਰਤ ਵਿਦਾਇਗੀ ਦਿੱਤੀ ਜਾਵੇ, ਪਰ ਇਸ ਅਹੁਦੇ ਲਈ ਵੀ ਜਦੋਂ ਮੌਜੂਦਾ ਰਾਸ਼ਟਰਪਤੀ (ਰਾਮਨਾਥ ਕੋਵਿੰਦ) ਦਾ ਨਾਂ ਸਾਹਮਣੇ ਆਇਆ ਤਾਂ ਅਡਵਾਨੀ ਦੇ ਰਾਸ਼ਟਰਪਤੀ ਬਣਾਏ ਜਾਣ ਦੀ ਉਮੀਦ ਵੀ ਦਮ ਤੋੜ ਗਈ।

ਹੁਣ ਆਉਂਦੀਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਅਡਵਾਨੀ ਦਾ ਗਾਂਧੀਨਗਰ ਤੋਂ ਤੇ ਜੋਸ਼ੀ ਦਾ ਕਾਨਪੁਰ ਤੋਂ ਟਿਕਟ ਕੱਟਿਆ ਜਾਣਾ ਅਤੇ ਗਾਂਧੀਨਗਰ ਤੋਂ ਪਾਰਟੀ ਪ੍ਰਧਾਨ ਅਮਿਤ ਸ਼ਾਹ ਦਾ ਲੋਕ ਸਭਾ ਲਈ ਚੋਣ ਲੜਨਾ, ਸਿਆਸੀ ਮਾਹਿਰਾਂ ਅਨੁਸਾਰ ਅਮਿਤ ਸ਼ਾਹ ਵਲੋਂ ਅਡਵਾਨੀ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਮਾਤ ਹੀ ਨਹੀਂ ਸਗੋਂ ਸਿਆਸਤ ਤੋਂ ਅਡਵਾਨੀ ਦੀ ਜਬਰਨ ਰਿਟਾਇਰਮੈਂਟ ਦਾ ਫੁਰਮਾਨ ਹੈ।

ਅਡਵਾਨੀ ਦੀ ਮੌਜੂਦਾ ਸਥਿਤੀ ਦੇ ਸੰਦਰਭ ਵਿਚ ਬਹੁਤ ਸਮਾਂ ਪਹਿਲਾਂ ਪੜ੍ਹੀ ਇਕ ਕਹਾਣੀ ਯਾਦ ਆ ਗਈ। ਕਹਿੰਦੇ ਹਨ, ਇਕ ਸ਼ਹਿਰ ਵਿਚ ਇਕ ਸਪੇਰਾ ਸੀ, ਉਸ ਨੇ ਆਪਣੇ ਘਰ ਇਕ ਪਾਲਤੂ ਅਜਦਹਾ (ਸੁਰਾਲ) ਪਾਲਣਾ ਸ਼ੁਰੂ ਕਰ ਦਿੱਤਾ। ਉਸ ਸੁਰਾਲ ਤੋਂ ਜਦ ਨੇੜੇ-ਤੇੜੇ ਦੇ ਇਲਾਕਾ ਨਿਵਾਸੀਆਂ ਨੇ ਖਤਰਾ ਜਤਾਇਆ ਤਾਂ ਸਪੇਰਾ ਉਨ੍ਹਾਂ ਨੂੰ ਯਕੀਨ ਦਿਵਾਉਂਦਾ ਰਿਹਾ ਕਿ ਮੇਰਾ ਅਜਦਹਾ ਸ਼ਾਕਾਹਾਰੀ ਹੈ, ਇਸ ਲਈ ਕਿਸੇ ਨੂੰ ਕੋਈ ਖਤਰਾ ਨਹੀਂ। ਲੋਕ ਸਪੇਰੇ ਦੀ ਗੱਲ 'ਤੇ ਯਕੀਨ ਕਰਦਿਆਂ ਆਪਣੇ ਆਪਣੇ ਘਰਾਂ ਨੂੰ ਪਰਤ ਗਏ, ਪਰ ਕੁਝ ਦਿਨਾਂ ਬਾਅਦ ਅਜਦਹਾ (ਸੁਰਾਲ) ਨੇ ਚੁੱਪ ਚਪੀਤੇ ਭੁੱਲੇ-ਭਟਕੇ ਰਾਹੀਆਂ ਨੂੰ ਖਾਣਾ ਫਿਰ ਤੋਂ ਸ਼ੁਰੂ ਕਰ ਦਿੱਤਾ ਤਾਂ ਲੋਕਾਂ ਨੇ ਸਪੇਰੇ ਨੂੰ ਫੇਰ ਸ਼ਿਕਾਇਤ ਕੀਤੀ। ਇਸ ਉਪਰੰਤ ਸਪੇਰੇ ਨੇ ਢੰਡੋਰਾ ਪਿਟਵਾਇਆ ਕਿ ਉਹ ਸ਼ਹਿਰ ਦੇ ਫਲਾਣੇ ਚੌਂਕ ਵਿਚ ਆਪਣਾ ਸਿਰ ਅਜਦਹਾ ਦੇ ਮੂੰਹ ਵਿਚ ਦੇਵੇਗਾ ਤੇ ਅਜਦਹਾ ਉਸ ਨੂੰ ਨਹੀਂ ਖਾਵੇਗਾ। ਅਜਿਹਾ ਹੀ ਹੋਇਆ, ਲੋਕ ਸਪੇਰੇ ਨੂੰ ਸਹੀ ਸਲਾਮਤ ਵੇਖ ਕੇ ਉਸ ਦੀਆਂ ਗੱਲਾਂ 'ਤੇ ਯਕੀਨ ਕਰ ਕੇ ਇਕ ਵਾਰ ਫਿਰ ਆਪਣੇ ਘਰੀਂ ਪਰਤ ਗਏ।

ਹੁਣ ਜਿਵੇਂ ਅਜਦਹਾ ਨੂੰ ਇਕ ਤਰ੍ਹਾਂ ਲਾਇਸੈਂਸ ਮਿਲ ਗਿਆ ਤੇ ਉਸ ਨੇ ਲੋਕਾਂ ਨੂੰ ਦਿਨ ਦਿਹਾੜੇ ਸ਼ੱਰੇਆਮ ਨਿਗਲਣਾ ਸ਼ੁਰੂ ਕਰ ਦਿੱਤਾ। ਲੋਕਾਂ ਨੇ ਸਪੇਰੇ ਨੂੰ ਫਿਰ ਸ਼ਿਕਾਇਤ ਲਾਈ ਤਾਂ ਸਪੇਰੇ ਨੇ ਲੋਕਾਂ ਨੂੰ ਫਿਰ ਤੋਂ ਚੌਂਕ ਵਿਚ ਬੁਲਾਇਆ ਤੇ ਇਸ ਵਾਰ ਜਦੋਂ ਸਪੇਰੇ ਨੇ ਅਜਦਹਾ ਦੇ ਮੂੰਹ ਵਿਚ ਆਪਣਾ ਸਿਰ ਪਾਇਆ ਤਾਂ ਲੋਕ ਇਹ ਵੇਖ ਕੇ ਹੈਰਾਨ ਰਹਿ ਗਏ ਕਿ ਅਜਦਹਾ ਸਪੇਰੇ ਨੂੰ ਇਕ ਦਮ ਪੂਰਾ ਨਿਗਲ ਗਿਆ ਤੇ ਇਹਦੇ ਨਾਲ ਈ ਸਪੇਰੇ ਦੀ ਲੀਲਾ ਮੁੱਕ ਗਈ।

# ਵਿਰਾਸਤੀ ਯਾਦਗਾਰਾਂ ਦੀ ਸੰਭਾਲ ਬਨਾਮ ਪੰਥ ਦੀ ਅਪਰਾਧਿਕ ਲਾਪ੍ਰਵਾਹੀ

ਹਰਪਾਲ ਸਿੰਘ ਪੰਨੂ
ਫੋਨ: 91-94642-51454

ਕਿਹੜੀ ਇਮਾਰਤ ਵਿਰਾਸਤੀ ਯਾਦਗਾਰ ਹੋ ਸਕਦੀ ਹੈ, ਇਸ ਨੂੰ ਕਿਵੇਂ ਪਰਿਭਾਸ਼ਿਤ ਕਰੀਏ? ਸੰਭਾਲਣ ਦੀ ਕੀ ਲੋੜ ਹੋ ਸਕਦੀ ਹੈ? ਕਿਸ ਵਿਰਾਸਤੀ ਖਜਾਨੇ ਨੂੰ ਕੌਣ ਸੰਭਾਲੇ, ਇਹ ਜਿੰਮੇਵਾਰੀ ਕਿਸ ਦੀ ਹੈ? ਇਸ ਸਾਰੇ ਮਸਲੇ ਬਾਰੇ ਯੂ. ਐਨ. ਓ. ਨੇ ਦੁਨੀਆਂ ਦੀ ਸਲਾਹ ਨਾਲ ਕੁਝ ਨਿਯਮ ਤੈਅ ਕੀਤੇ ਹਨ।

ਹਰ ਉਹ ਦਰਖਤ, ਵਸਤ ਜਾਂ ਇਮਾਰਤ, ਜਿਸ ਦੀ ਉਮਰ ਇਕ ਸਦੀ ਤੋਂ ਵੱਧ ਹੈ, ਉਸ ਨੂੰ ਜਾਣ-ਬੁੱਝ ਕੇ ਨਸ਼ਟ ਕਰਨਾ ਮਨ੍ਹਾਂ ਹੈ, ਉਲੰਘਣਾ ਕਰਨੀ ਅਪਰਾਧ ਹੈ। ਆਸਟਰੇਲੀਆ ਵਿਚ ਇਸ ਕਾਨੂੰਨ ਦੀ ਸਖਤੀ ਨਾਲ ਪਾਲਣਾ ਹੁੰਦੀ ਮੈਂ ਦੇਖ ਆਇਆ ਹਾਂ। ਸਵਾਲ ਹੈ ਕਿ ਹਰੇਕ ਪੁਰਾਣੀ ਇਮਾਰਤ ਖੜ੍ਹੀ ਰਹਿਣ ਦਿੱਤੀ ਤਾਂ ਫਿਰ ਧਰਤੀ ਉਤੇ ਖੰਡਰਾਤ ਹੀ ਖੰਡਰਾਤ ਦਿੱਸਣਗੇ, ਨਵੀਆਂ ਉਸਾਰੀਆਂ ਲਈ ਥਾਂ ਬਚੇਗੀ ਹੀ ਨਹੀਂ। ਅਜਿਹੀ ਗੱਲ ਨਹੀਂ। ਜੋ ਮਕਾਨ-ਹਵੇਲੀ ਮੇਰੇ ਬਾਬਾ ਨੇ ਸੌ ਸਾਲ ਪਹਿਲਾਂ ਬਣਾਈ ਸੀ, ਜੇ ਮੈਂ ਉਹ ਗਿਰਾ ਕੇ ਉਸ ਦੀ ਥਾਂ ਕੁਝ ਹੋਰ ਕਰਨਾ ਚਾਹਾਂ ਤਾਂ ਮੈਨੂੰ ਸਰਕਾਰ ਨੂੰ ਅਰਜ਼ੀ ਦੇਣੀ ਪਵੇਗੀ ਕਿ ਡੇਗਣ ਦੀ ਆਗਿਆ ਦਿੱਤੀ ਜਾਵੇ। ਪੁਰਾਤੱਤਵ ਵਿਭਾਗ ਮੁਆਇਨਾ ਕਰੇਗਾ ਕਿ ਇਮਾਰਤ ਵਿਚ ਕੋਈ ਸੰਭਾਲਣ ਯੋਗ ਮਿਨੀਏਚਰ, ਹੁਨਰੀ ਡਿਜ਼ਾਇਨ, ਕੋਈ ਕੀਮਤੀ ਨਿਸ਼ਾਨੀ ਤਾਂ ਨਹੀਂ, ਜੋ ਢਾਹੁਣ ਨਾਲ ਭਵਿੱਖ ਦੀਆਂ ਪੀੜ੍ਹੀਆਂ ਵੰਚਿਤ ਹੋ ਜਾਣਗੀਆਂ? ਜੇ ਅਜਿਹੀਆਂ ਕੀਮਤੀ ਨਿਸ਼ਾਨੀਆਂ ਹਨ ਤਾਂ ਸਰਕਾਰ ਉਸ ਨੂੰ ਵਿਰਾਸਤੀ ਜਾਇਦਾਦ ਐਲਾਨ ਕੇ ਮਾਲਕ ਨੂੰ ਮੁਆਵਜ਼ਾ ਦੇਏਗੀ ਅਤੇ ਇਮਾਰਤ ਵਿਰਾਸਤੀ ਜਾਇਦਾਦ ਬਣ ਜਾਏਗੀ, ਮਾਲਕੀ ਅਤੇ ਸਾਂਭ ਸੰਭਾਲ ਸਰਕਾਰ ਦੀ ਹੋਵੇਗੀ।

ਹੋ ਸਕਦਾ ਹੈ, ਸਰਕਾਰ ਨੂੰ ਪਤਾ ਨਾ ਹੋਵੇ, ਕੁਝ ਸਿਆਣੇ ਲੋਕ ਜੋ ਪੈਸੇ ਵੱਲੋਂ ਤੰਗ ਹਨ, ਆਪ ਸੰਭਾਲਣ ਯੋਗ ਨਹੀਂ, ਜਾਂ ਮਾਲਕ ਮਰ ਗਿਆ ਹੈ, ਉਸ ਦਾ ਵਾਰਸ ਕੋਈ ਨਹੀਂ, ਉਸ ਦੀ ਦੁਰਲੱਭ ਇਮਾਰਤ ਦੀ ਸੰਭਾਲ ਬਾਰੇ ਵੀ ਸਰਕਾਰ ਪਾਸ ਪਹੁੰਚ ਕੀਤੀ ਜਾ ਸਕਦੀ ਹੈ। ਪਾਠਕਾਂ ਨੂੰ ਯਾਦ ਹੋਵੇਗਾ, 15 ਕੁ ਸਾਲ ਪਹਿਲਾਂ ਇਕ ਵਾਰ ਦਰਬਾਰ ਸਾਹਿਬ, ਅੰਮ੍ਰਿਤਸਰ ਨੂੰ ਸੰਭਾਲਣ ਵਾਸਤੇ ਵਿਸ਼ਵ ਵਿਰਾਸਤ ਸੰਸਥਾ ਆ ਗਈ ਸੀ, ਜਿਸ ਦਾ ਇਨ੍ਹਾਂ ਸਤਰਾਂ ਦੇ ਲੇਖਕ ਨੇ ਡਟ ਕੇ ਵਿਰੋਧ ਕਰਦਿਆਂ ਕਿਹਾ ਸੀ ਕਿ ਦਰਬਾਰ ਸਾਹਿਬ ਲਾਵਾਰਸਾਂ ਦੀ ਜਾਇਦਾਦ ਨਹੀਂ ਹੈ ਕਿ ਪੰਥ ਸੰਭਾਲ ਨਹੀਂ ਸਕਦਾ। ਉਹ ਮਸਲਾ ਠੁੱਸ ਹੋ ਗਿਆ ਸੀ। ਹੁਣ ਤਰਨਤਾਰਨ ਸਾਹਿਬ ਦੀ ਦਰਸ਼ਨੀ ਡਿਉਢੀ ਕਾਰ ਸੇਵਾ ਵਾਲਿਆਂ ਵਲੋਂ ਅੱਧੀ ਰਾਤ ਢਾਹ ਦੇਣ ਦੀ ਖਬਰ ਮਿਲੀ ਤਾਂ ਮਹਿਸੂਸ ਹੋਣ ਲੱਗਾ ਕਿ ਸਾਰੇ ਇਤਿਹਾਸਕ ਗੁਰਦੁਆਰੇ ਵਿਸ਼ਵ ਵਿਰਾਸਤ ਸੰਸਥਾ ਨੂੰ ਸੌਂਪ ਦੇਣੇ ਚਾਹੀਦੇ ਹਨ, ਕਿਉਂਕਿ ਪੰਥ ਉਨ੍ਹਾਂ ਦੀ ਸੰਭਾਲ ਕਰਨ ਦੇ ਸਮਰੱਥ ਨਹੀਂ।

ਮੈਂ ਸਮਝਦਾ ਸਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਹੁਤ ਸਾਰੇ ਪੈਸੇ ਦੇ ਕੇ ਕਾਰ ਸੇਵਾ ਵਾਲੇ ਬਾਬਿਆਂ ਨੂੰ ਮਨਾਉਂਦੀ ਹੋਏਗੀ ਕਿ ਉਸਾਰੀ ਦਾ ਸਾਮਾਨ ਅਤੇ ਮਜ਼ਦੂਰੀ ਕਮੇਟੀ ਦਏਗੀ ਤੇ ਬਾਬਿਆਂ ਦੀ ਕੇਵਲ ਨਿਗਰਾਨੀ ਹੋਏਗੀ, ਜਿਸ ਦੇ ਵੱਖਰੇ ਪੈਸੇ ਦੇਣੇ ਪੈਂਦੇ ਹੋਣਗੇ। ਇਹ ਤਾਂ ਬੜੀ ਦੇਰ ਪਿਛੋਂ ਪਤਾ ਲੱਗਾ ਕਿ ਅਜਿਹਾ ਕੁਝ ਨਹੀਂ, ਬਾਬੇ ਭਾਰੀ ਰਕਮਾਂ ਕਮੇਟੀ ਦੇ ਪ੍ਰਬੰਧਕਾਂ ਨੂੰ ਤਾਰ ਕੇ ਇਹ 'ਸੇਵਾ' ਲੈਂਦੇ ਹਨ। ਅਜਿਹਾ ਕਿਉਂ? ਕਿਉਂਕਿ ਸੰਗਤਾਂ ਕਾਰ ਸੇਵਾ ਦੇ ਨਾਂ 'ਤੇ ਸਾਲਾਂ ਬੱਧੀ ਦਾਨ ਭੇਟਾ ਤਾਰਦੀਆਂ ਰਹਿੰਦੀਆਂ ਹਨ। ਇਸ ਦਾਨ ਵਿਚੋਂ ਕੁਝ ਹਿੱਸਾ ਉਸਾਰੀ ਉਪਰ ਖਰਚ, ਕੁਝ ਸੇਵਾ ਕਰਨ ਵਾਲੀਆਂ ਸੰਸਥਾਵਾਂ ਦੀ ਜੇਬ ਵਿਚ ਚਲਾ ਜਾਂਦਾ ਹੈ। ਅਜਿਹਾ ਮਾਫੀਆ ਪੈਦਾ ਹੋ ਗਿਆ ਹੈ ਕਿ ਕਾਰ ਸੇਵਾ ਦੇ ਨਾਂ ਹੇਠ ਫਸਲਾਂ ਦੀ ਵਾਢੀ ਵਕਤ ਕਿਸਾਨਾਂ ਪਾਸੋਂ ਜਬਰੀ ਅੰਨ ਉਗਰਾਹੁਣ ਦੀਆਂ ਖਬਰਾਂ ਵੀ ਆਈਆਂ ਹਨ।

ਦੋ ਸੌ ਸਾਲ ਪੁਰਾਣੀ ਤਰਨਤਾਰਨ ਸਾਹਿਬ ਦੀ ਦਰਸ਼ਨੀ ਡਿਉਢੀ ਢਾਹੁਣ ਲਈ ਅੱਧੀ ਰਾਤ ਚਾਰ ਸੌ ਕਾਰ ਸੇਵਕ ਗੈਂਤੀਆਂ ਲੈ ਕੇ ਟੁੱਟ ਪਏ। ਸਿਲਸਿਲਾ ਖਤਮ। ਸਵਾਲ, ਅੱਧੀ ਰਾਤ ਨੂੰ ਕਿਉਂ? ਕਿਉਂਕਿ ਸ਼੍ਰੋਮਣੀ ਕਮੇਟੀ ਨੇ ਕਿਹਾ ਸੀ, ਨਹੀਂ ਢਾਹੁਣੀ, ਕਮੇਟੀ ਮੁਲਾਜ਼ਮ ਜਾਂ ਸੰਗਤ ਸ਼ਾਇਦ ਰੋਕ ਦਿੰਦੀ। ਅੱਧੀ ਅੱਧੀ ਰਾਤ ਜਦੋਂ ਪੁਲਿਸ ਸੌਂ ਜਾਂਦੀ ਹੈ, ਸਮੱਗਲਰ ਜੀਪਾਂ ਵਿਚ ਮਾਲ ਲੱਦ ਕੇ ਪ੍ਰਾਂਤਾਂ ਦੇ, ਦੇਸ਼ਾਂ ਦੇ ਬਾਰਡਰ ਪਾਰ ਕਰਦੇ ਸੁਣੇ ਹਨ, ਅੱਧੀ ਰਾਤ ਇਤਿਹਾਸਕ ਇਮਾਰਤ ਕਿਉਂ ਢਾਹੀ? ਇਸ ਸਵਾਲ ਦਾ ਜਵਾਬ ਕਾਰ ਸੇਵਾ ਵਾਲੇ ਬਾਬੇ ਦੇਣ ਜਾਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਦਏ। ਮੈਨੇਜਰ ਨੂੰ ਮੁਅੱਤਲ ਕਰਨਾ ਕੋਈ ਇਲਾਜ ਨਹੀਂ, ਜੇ ਗੱਲ ਕੇਵਲ ਇਥੇ ਮੁੱਕ ਗਈ, ਫਿਰ ਖਤਰੇ ਦੀ ਘੰਟੀ ਵੱਜ ਗਈ ਸਮਝੋ।

ਅੱਜ ਤੋਂ ਸੌ ਸਾਲ ਪਹਿਲਾਂ ਤਰਨਤਾਰਨ ਤਹਿਸੀਲ ਵਿਚ ਪਿੰਡ ਝੱਬਰ ਦੇ ਕਰਤਾਰ ਸਿੰਘ ਨਾਂ ਦੇ ਇਕ ਅਨਪੜ੍ਹ ਜੁਆਨ ਨੂੰ ਪਤਾ ਲੱਗਾ ਕਿ ਮਹੰਤ ਗੁਰੂਘਰਾਂ ਦੀ ਬੇਅਦਬੀ ਕਰ ਰਹੇ ਹਨ। ਉਸ ਨੇ ਸੁਣੀ ਸੁਣਾਈ ਗੱਲ ਮੰਨਣ ਦੀ ਥਾਂ ਘੋੜੀ 'ਤੇ ਸਵਾਰ ਹੋ ਕੇ ਸਰਵੇਖਣ ਸ਼ੁਰੂ ਕੀਤਾ, ਸਨਸਨੀਖੇਜ਼ ਤੱਥ/ਅੰਕੜੇ ਸਾਹਮਣੇ ਆਏ। ਇਹ ਵੀ ਇਤਫਾਕ ਸਮਝੋ ਕਿ ਤਰਨਤਾਰਨ ਦੇ ਗੁਰਦੁਆਰੇ ਲੰਗਰ ਵਿਚ ਉਸ ਨੇ ਦੇਖਿਆ ਲੰਗਰ ਦਾ ਠੇਕੇਦਾਰ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰ ਰਿਹਾ ਸੀ, ਉਸ ਦੇ ਇਕ ਹੱਥ ਵਿਚ ਬੀੜੀ ਸੀ, ਦੂਜੇ ਹੱਥ ਨਾਲ ਕੜਾਹੇ ਵਿਚ ਖੁਰਚਣਾ ਫੇਰ ਰਿਹਾ ਸੀ। ਲੰਗਰ ਠੇਕੇ 'ਤੇ ਚੜ੍ਹਦੇ ਸਨ। ਇਹ ਦ੍ਰਿਸ਼ ਜਥੇਦਾਰ ਕਰਤਾਰ ਸਿੰਘ ਝੱਬਰ ਲਈ ਇਤਿਹਾਸਕ ਹੋ ਗਿਆ। ਉਸ ਨੇ ਅਖਬਾਰਾਂ ਵਿਚ ਬਿਆਨ ਅਤੇ ਇਸ਼ਤਿਹਾਰ ਦੇ ਕੇ ਕਿਹਾ, "ਹੁਣ ਹੋਰ ਨਹੀਂ, ਪੁਰਾਣਾ ਸਿਲਸਿਲਾ ਖਤਮ, ਮੈਂ ਨਵੀਂ ਜਥੇਬੰਦੀ ਬਣਾਉਣ ਲਈ ਫਲਾਂ ਤਰੀਕ ਪੰਥ ਦਰਦੀਆਂ ਨੂੰ ਸੱਦਦਾ ਹਾਂ, ਸ਼ਾਇਦ ਕੋਈ ਆ ਜਾਏ।"

ਉਸ ਦੇ ਸੱਦੇ 'ਤੇ ਨਾਮਵਰ ਹਸਤੀਆਂ ਪੁੱਜੀਆਂ, ਜਿਨ੍ਹਾਂ ਵਿਚ ਪ੍ਰਿੰ. ਤੇਜਾ ਸਿੰਘ ਅਤੇ ਪ੍ਰੋ. ਜੋਧ ਸਿੰਘ ਤੋਂ ਇਲਾਵਾ ਤੇਜਾ ਸਿੰਘ ਸਮੁੰਦਰੀ ਜਿਹੇ ਦਾਨਸ਼ਵਰ ਤੇ ਰਈਸ ਪੁੱਜੇ। ਸ਼੍ਰੋਮਣੀ ਅਕਾਲੀ ਦਲ ਪ੍ਰਗਟ ਹੋਇਆ, ਜਿਸ ਨੇ ਇਤਿਹਾਸ ਵਿਚ ਆਪਣੀ ਹਾਜ਼ਰੀ ਲਵਾਈ, ਮਹੰਤ ਲੋਪ ਹੋ ਗਏ। ਅੱਜ ਉਸੇ ਅਕਾਲੀ ਦਲ ਦੇ ਵਾਰਸਾਂ ਨੇ ਕਾਰ ਸੇਵਾ ਵਾਲਿਆਂ ਪਾਸੋਂ ਵਿਰਾਸਤੀ ਇਮਾਰਤਾਂ ਢੁਹਾਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਜਦੋਂ ਪੱਤਰਕਾਰ ਕਾਰ ਸੇਵਾ ਵਾਲੇ ਬਾਬੇ ਕੋਲ ਗਏ, ਬਾਬੇ ਨੇ ਸ਼੍ਰੋਮਣੀ ਕਮੇਟੀ ਦਾ ਪੱਤਰ ਪੇਸ਼ ਕਰ ਦਿੱਤਾ, ਜਿਸ ਵਿਚ ਕਮੇਟੀ ਨੇ ਇਮਾਰਤ ਢਾਹੁਣ ਦਾ ਹੁਕਮ ਦਿੱਤਾ ਲਿਖਿਆ ਹੈ। ਦੋਹਾਂ ਧਿਰਾਂ ਵਿਚੋਂ ਕੌਣ ਝੂਠਾ ਹੈ, ਕੌਣ ਸੱਚਾ? ਜਾਂ ਦੋਵੇਂ ਝੂਠ ਮਾਰ ਰਹੇ ਹਨ, ਜਲਦੀ ਪਤਾ ਲੱਗ ਜਾਏਗਾ। ਇੰਨਾ ਪੱਕਾ ਪਤਾ ਹੈ ਕਿ ਦੋਵੇਂ ਸੱਚੇ ਨਹੀਂ ਹੋ ਸਕਦੇ।

ਕਰਤਾਰ ਸਿੰਘ ਝੱਬਰ ਦੀ ਰਹਿਨੁਮਾਈ ਹੇਠ 1920 ਵਿਚ ਅਕਾਲੀ ਦਲ ਦਾ ਜਨਮ ਹੋਇਆ, ਜੋ ਇਕ ਸਦੀ ਬਾਅਦ ਮਹੰਤਾਂ ਦਾ ਗਰੋਹ ਹੋ ਗਿਆ। ਜਥੇਦਾਰ ਝੱਬਰ ਦੀ ਭੂਮਿਕਾ 2020 ਵਿਚ ਕੌਣ ਨਿਭਾਏਗਾ? ਕੁੰਜੀਆਂ ਦਾ ਮੋਰਚਾ ਜਿੱਤ ਕੇ ਸ਼ੁਕਰਾਨੇ ਦੀ ਅਰਦਾਸ ਕਰਵਾਉਣ ਉਸ ਵੇਲੇ ਦਾ ਅਕਾਲੀ ਦਲ ਸੰਤ ਅਤਰ ਸਿੰਘ ਪਾਸ ਮਸਤੂਆਣੇ ਆਇਆ। ਸੰਤ ਜੀ ਨੇ ਪੁਛਿਆ, "ਕਿਸ ਗੱਲ ਦਾ ਸ਼ੁਕਰਾਨਾ?" ਦੱਸਿਆ, "ਮਹੰਤ ਗੁਰਦੁਆਰਿਆਂ ਵਿਚੋਂ ਨਿਕਲ ਗਏ ਹਨ।"

ਸੰਤ ਜੀ ਬੋਲੇ, "ਮਾੜੀ ਮੋਟੀ ਨੇਕੀ ਬਚੀ ਰਹੀ ਹੋਏਗੀ ਮਹੰਤਾਂ ਵਿਚ, ਜੋ ਗੁਰੂ ਘਰ ਖਾਲੀ ਕਰ ਗਏ, ਤੁਹਾਨੂੰ ਕੱਢਣ ਵਿਚ ਬੜੀ ਮੁਸ਼ਕਿਲ ਆਏਗੀ।"

# ਵਿਸਾਖੀ ਨਗਰ ਕੀਰਤਨ

ਅੱਜ ਖਾਲਸਾ ਸਾਜਨਾ ਦਿਵਸ, ਵਿਸਾਖੀ ਸਾਰੇ ਸੰਸਾਰ 'ਚ, ਜਿੱਥੇ ਵੀ ਸਿੱਖ ਵਸਦੇ ਹਨ, ਇਕ ਪ੍ਰਮੁੱਖ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਵੱਖ ਵੱਖ ਦੇਸ਼ਾਂ 'ਚ ਇਸ ਨੇ ਪਿਛਲੇ ਚਾਲੀ ਕੁ ਸਾਲਾਂ ਤੋਂ ਆਪਣਾ ਸਥਾਨ ਤੇ ਪਕੜ ਬਣਾ ਲਈ ਹੈ। ਪੱਛਮੀ ਮੁਲਕਾਂ 'ਚ ਇਹ 'ਵਿਸਾਖੀ ਨਗਰ ਕੀਰਤਨ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦੀ ਪਛਾਣ ਇਕੱਲੇ ਸਿੱਖਾਂ ਤੱਕ ਹੀ ਮਹਿਦੂਦ ਨਹੀਂ, ਸਗੋਂ ਸਮੁੱਚੇ ਭਾਈਚਾਰੇ 'ਚ ਇਸ ਦੀ ਮਕਬੂਲੀਅਤ ਬਣ ਗਈ ਹੈ।

1699 ਈਸਵੀ ਵਿਚ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜਿਆ। ਉਸ ਵੇਲੇ ਇਹ ਵੱਡਾ ਇਨਕਲਾਬੀ ਕਦਮ ਸੀ। ਹਕੂਮਤ ਨੂੰ ਸਿੱਧੀ ਚੁਣੌਤੀ ਸੀ ਗੁਰੂ ਸਾਹਿਬ ਵਲੋਂ ਕਿ ਜਿਨ੍ਹਾਂ ਦੱਬੇ-ਕੁਚਲੇ ਲੋਕਾਂ ਨੂੰ ਤੁਸੀਂ ਟਿੱਚ ਤੇ ਨਿਗੂਣੇ

ਕਲਵੰਤ ਸਿੰਘ ਸਹੋਤਾ
ਫੋਨ: 604-589-5919

ਸਮਝਦੇ ਹੋ, ਮੈਂ ਉਨ੍ਹਾਂ ਨੂੰ ਬਰਾਬਰੀ ਦਾ ਦਰਜਾ ਦਿੰਦਾ ਹਾਂ। ਸਾਜੇ ਪੰਜ ਪਿਆਰਿਆਂ ਵਲ ਨਿਗ੍ਹਾ ਮਾਰੀਏ ਤਾਂ ਉਹ ਪੰਜੇ ਹੀ-ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਕਥਿਤ ਨੀਵੀਂਆਂ ਸਮਝੀਆਂ ਜਾਂਦੀਆਂ ਜਾਤਾਂ ਵਿਚੋਂ ਸਨ। ਗੁਰੂ ਜੀ ਨੇ ਉਨ੍ਹਾਂ ਦੇ ਨਾਂਵਾਂ ਨਾਲ 'ਸਿੰਘ' ਲਾ ਕੇ ਉਨ੍ਹਾਂ ਨੂੰ ਸ਼ੇਰਾਂ, ਸੂਰਮਿਆਂ ਦਾ ਦਰਜਾ ਦਿੱਤਾ। ਉਨ੍ਹਾਂ ਦੇ ਦਸਤਾਰਾਂ ਸਜਾ ਕੇ ਨਾ ਸਿਰਫ ਔਰੰਗਜ਼ੇਬ ਦੀ ਜ਼ਾਲਮ ਸਰਕਾਰ ਨੂੰ ਸਿੱਧੀ ਚੁਣੌਤੀ ਦਿੱਤੀ, ਸਗੋਂ ਜਿਨ੍ਹਾਂ ਜਾਤਾਂ ਦੇ ਲੋਕਾਂ ਨੂੰ ਪੱਗ ਬੰਨਣ ਦੀ ਮਨਾਹੀ ਸੀ, ਉਨ੍ਹਾਂ ਸਭ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਸਾਜ ਕੇ, ਬਰਾਬਰੀ ਦੀ ਨਵੀਂ ਪਿਰਤ ਪਾਈ ਅਤੇ ਸਮੇਂ ਦੀ ਸਰਕਾਰ ਦੇ ਵਿਤਕਰੇ ਭਰੇ ਤੇ ਜ਼ਾਲਮ ਵਤੀਰੇ ਨੂੰ ਸ਼ਰੇਆਮ ਵੰਗਾਰਿਆ।

ਖਾਲਸਾ ਸਾਜ ਕੇ ਗੁਰੂ ਜੀ ਨੇ ਮਰ ਚੁਕੀ ਜ਼ਮੀਰ ਤੇ ਦੱਬੀਆਂ ਕੁਚਲੀਆਂ ਜਾ ਚੁਕੀਆਂ ਮਨੁੱਖਤਾ ਦੀਆਂ ਭਾਵਨਾਵਾਂ ਨੂੰ ਖਾਲਸੇ ਦੇ ਰੂਪ 'ਚ ਸੁਰਜੀਤ ਕੀਤਾ। ਖਾਸ ਕਿਸਮ ਦਾ ਪਹਿਰਾਵਾ ਪੁਆ ਕੇ ਖਾਲਸੇ ਨੂੰ ਵਿਲੱਖਣ ਰੂਪ ਦਿੱਤਾ। ਖਾਲਸੇ ਦੀ ਮਰਿਆਦਾ ਵੀ ਉਲੀਕੀ ਤੇ ਖਾਲਸੇ ਨੂੰ ਉਸ ਦੀ ਪਾਲਣਾ ਕਰਨ ਦਾ ਹੁਕਮ ਵੀ ਦਿੱਤਾ। ਪੰਜ ਕੱਕਾਰਾਂ-ਕਛਹਿਰਾ, ਕੰਘਾ, ਕੜਾ, ਕੇਸ ਤੇ ਕਿਰਪਾਨ ਸਿੱਖ ਦੀ ਪਛਾਣ ਬਣਾਏ। ਗੁਰੂ ਜੀ ਦੀ ਲੜਾਈ ਕਿਸੇ ਦਾ ਰਾਜ ਭਾਗ ਖੋਹ ਕੇ ਉਸ 'ਤੇ ਕਬਜਾ ਕਰਨਾ ਬਿਲਕੁਲ ਨਹੀਂ ਸੀ, ਸਗੋਂ ਸਮਾਜ 'ਚ ਹੋ ਰਹੇ ਜ਼ੁਲਮ ਤੇ ਧੱਕੇ ਦੇ ਖਿਲਾਫ ਖਾਲਸੇ ਦੇ ਰੂਪ 'ਚ ਇਕ ਐਸਾ ਵਿਲੱਖਣ ਬਦਲ ਖੜਾ ਕਰ ਕੇ ਜ਼ਾਲਮ ਮੁਗਲ ਹਾਕਮਾਂ ਨੂੰ ਵੰਗਾਰਨਾ ਤੇ ਜੜ੍ਹਾਂ ਤੋਂ ਝੰਜੋੜ ਦੇਣਾ ਸੀ। ਸਿੱਖ ਮਰਦਾਂ ਨੂੰ 'ਸਿੰਘ' ਅਤੇ ਔਰਤਾਂ ਨੂੰ 'ਕੌਰ' ਦਾ ਨਾਂ ਦੇ ਕੇ ਉਨ੍ਹਾਂ ਨੂੰ ਜਾਤਾਂ-ਪਾਤਾਂ ਤੋਂ ਉਚਾ ਚੁੱਕ ਕੇ ਨਾ ਸਿਰਫ ਮੁਗਲ ਸ਼ਾਸਕਾਂ ਨੂੰ ਹੀ ਕੰਬਣੀ ਛੇੜੀ, ਸਗੋਂ ਸਦੀਆਂ ਤੋਂ ਚਲੀਆਂ ਆ ਰਹੀਆਂ ਹਿੰਦੂ ਰਹੁ-ਰੀਤਾਂ ਤੇ ਜਾਤਾਂ-ਪਾਤਾਂ ਦੇ ਆਧਾਰ ਨੂੰ ਵੀ ਨਕਾਰ ਦਿੱਤਾ।

ਗੁਰੂ ਜੀ ਨੇ ਚਾਲੀ ਸਾਲ ਦੀ ਉਮਰ ਦੇ



ਅਰਸੇ 'ਚ ਜਿਨ੍ਹਾਂ ਪ੍ਰਾਪਤੀਆਂ ਅਤੇ ਸਿਖਰਾਂ 'ਤੇ ਖਾਲਸੇ ਨੂੰ ਪਹੁੰਚਾ ਕੇ ਅਜਿਹੀਆਂ ਰੂਹਾਨੀ, ਸਾਹਿਤਕ, ਧਾਰਮਕ ਤੇ ਸਮਾਜਕ ਤਬਦੀਲੀਆਂ ਲਿਆਂਦੀਆਂ, ਉਨ੍ਹਾਂ ਦੀ ਮਿਸਾਲ ਦੁਨੀਆਂ 'ਚ ਕਿਧਰੇ ਨਹੀਂ ਮਿਲਦੀ। ਸੀਮਤ ਸਾਧਨਾਂ, ਚਾਰ-ਚੁਫੇਰੇ ਵੈਰੀ ਦਾ ਬੋਲਬਾਲਾ ਤੇ ਪੱਤਾ ਪੱਤਾ ਖਾਲਸੇ ਦਾ ਵੈਰੀ ਵਾਲੀ ਸਥਿਤੀ 'ਚ ਵੀ ਗੁਰੂ ਗੋਬਿੰਦ ਸਿੰਘ ਇਕ ਅਕਾਲ ਪੁਰਖ 'ਤੇ ਟੇਕ ਰੱਖ ਕੇ ਅਡੋਲ ਤੇ ਅਟੱਲ ਰਹੇ, ਕਿਸੇ ਦੀ ਈਨ ਨਾ ਮੰਨੀ।

ਅੱਜ ਸਿੱਖਾਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਦਰਸਾਏ ਰਾਹ 'ਤੇ ਤੁਰ ਕੇ ਉਸ ਮਾਰਗ ਨੂੰ ਅਮਲੀ ਜਾਮਾ ਪਹਿਨਾਉਣ ਦੀ ਲੋੜ ਹੈ। ਖਾਲਸਾ ਸਾਜੇ ਜਾਣ ਨੂੰ ਤਿੰਨ ਸੌ ਸਾਲ ਤੋਂ ਉਪਰ ਹੋ ਚੱਲੇ ਹਨ; ਗੁਰੂ ਜੀ ਦੀਆਂ ਸਿਖਿਆਵਾਂ ਅਤੇ ਸੇਧਾਂ 'ਤੇ ਅਸੀਂ ਕਿੰਨਾਂ ਕੁ ਪੂਰਾ ਉਤਰੇ ਹਾਂ? ਜਾਤਾਂ-ਪਾਤਾਂ ਤੋਂ ਕਿੰਨਾ ਕੁ ਉਪਰ ਉਠੇ ਹਾਂ? ਕਿੰਨਾ ਕੁ ਜ਼ੁਲਮ ਦੇ ਖਿਲਾਫ ਖੜ੍ਹਦੇ ਹਾਂ? ਸਰਬ ਸਾਂਝੀਵਾਲਤਾ ਤੇ ਬਰਾਬਰੀ 'ਤੇ ਪਹਿਰਾ ਦੇਣ ਦੇ ਅਸੂਲ 'ਤੇ ਕਿੰਨਾ ਕੁ ਪੂਰਾ ਉਤਰੇ ਹਾਂ? ਇਹ ਖਾਲਸਾ ਤੇ ਸਮੁੱਚੇ ਸਿੱਖਾਂ ਲਈ ਸਵੈ ਪੜਚੋਲ ਦਾ ਵਿਸ਼ਾ ਹੈ, ਇਸ ਬਾਰੇ ਆਪਣੀ ਪੜਚੋਲ ਕਰ, ਕਿੱਥੇ ਕਮੀਆਂ ਰਹਿ ਗਈਆਂ ਹਨ, ਕਿਥੇ ਗੁਰੂ ਜੀ ਦੀ ਸਿੱਖਿਆ ਤੋਂ ਭਟਕ ਗਏ ਹਾਂ? ਇਨ੍ਹਾਂ ਵਿਚਾਰਾਂ 'ਤੇ ਗੰਭੀਰਤਾ ਨਾਲ ਗੌਰ ਕਰਨਾ ਚਾਹੀਦਾ ਹੈ।

ਗੁਰੂ ਸਾਹਿਬ ਨੇ ਜਿੰਨੀਆਂ ਵੀ ਲੜਾਈਆਂ ਲੜੀਆਂ, ਕਿਸੇ 'ਤੇ ਪਹਿਲਾਂ ਹਮਲਾ ਨਹੀਂ ਕੀਤਾ ਸਗੋਂ ਆਪਣੇ ਬਚਾਓ ਲਈ ਲੜਾਈ ਲੜੀ, ਜ਼ਾਲਮ ਦੁਸ਼ਮਣ ਨੂੰ ਵਿਤੋਂ ਵਾਧੂ ਟੱਕਰ ਦਿੱਤੀ। ਖਾਲਸਾ ਸਾਜਨਾ ਦਿਵਸ 'ਤੇ ਵਿਸ਼ਾਲ ਨਗਰ ਕੀਰਤਨ ਕੱਢ ਕੇ ਸਿੱਖਾਂ ਦੀ ਪਛਾਣ ਬਣਾਉਣੀ ਆਪਣੇ ਆਪ 'ਚ ਬਹੁਤ ਵੱਡੀ ਗੱਲ ਹੈ। ਇੰਜ ਸਾਰੇ ਦੇਸ਼ਾਂ 'ਚ, ਜਿੱਥੇ ਕਿਤੇ ਵੀ ਅਸੀਂ ਵਿਸਾਖੀ ਮਨਾਉਂਦੇ ਹਾਂ, ਉਥੇ ਸਿੱਖਾਂ ਬਾਰੇ ਪਛਾਣ ਬਣਦੀ ਹੈ। ਵਿਸਾਖੀ ਨਗਰ ਕੀਰਤਨਾਂ 'ਚ ਹਜਾਰਾਂ ਦੀ ਤਾਦਾਦ 'ਚ ਸੰਗਤਾਂ ਇਕੱਤਰ ਹੁੰਦੀਆਂ ਹਨ। ਹਰ ਇੱਕ ਲਈ ਲੰਗਰ ਦੀ ਮਰਿਆਦਾ ਅਨੁਸਾਰ ਖਾਣ ਪੀਣ ਲਈ ਬੇਅੰਤ ਕਿਸਮ ਦੇ ਪੰਡਾਲ ਸੰਗਤਾਂ ਸ਼ਰਧਾ ਨਾਲ ਲਾਉਂਦੀਆਂ ਹਨ। ਇੰਨੇ ਵੱਡੇ ਵੱਡੇ ਇਕੱਠਾਂ 'ਚ ਕੋਈ ਭੁੱਖਾ ਨਹੀਂ ਰਹਿੰਦਾ, ਇਹ ਵੀ ਗੁਰੂ ਸਾਹਿਬ ਦੇ ਦਰਸਾਏ ਲੰਗਰ ਦੇ ਸੰਕਲਪ ਦੀ ਹੀ ਕਿਰਪਾ ਹੈ; ਅਜਿਹੀਆਂ ਮਿਸਾਲਾਂ ਹੋਰ ਧਰਮਾਂ 'ਚ ਨਹੀਂ ਮਿਲਦੀਆਂ।

ਪਰਦੇਸਾਂ 'ਚ ਬੈਠਿਆਂ ਸਿੱਖਾਂ ਕੋਲ ਬੇਅੰਤ ਸੁੱਖ-ਸਹੂਲਤਾਂ ਤੇ ਸਾਧਨ ਹਨ, ਕਿਤੇ ਇਹ ਨਾ ਹੋਵੇ ਕਿ ਇਨ੍ਹਾਂ 'ਚ ਖੁੱਭ ਵਿਸਾਖੀ ਨਗਰ ਕੀਰਤਨ ਇਕ ਮੇਲਾ ਬਣ ਕੇ ਰਹਿ ਜਾਵੇ ਤੇ ਸਾਡੀ ਸੋਚ ਸਿਰਫ ਲੰਗਰ ਛਕ ਘਰਾਂ ਨੂੰ ਪਰਤਣ ਤੱਕ ਹੀ ਸੀਮਤ ਹੋ ਜਾਵੇ। ਗੈਰਤ, ਅਣਖ, ਸੂਰਬੀਰਤਾ ਤੇ ਦੂਰਦਰਸ਼ੀ ਸਿਆਸਤਦਾਨਾਂ ਵਾਲੀ ਬੁੱਧੀ, ਜੋ ਗੁਰੂ ਸਾਹਿਬ ਨੇ ਖਾਲਸੇ ਨੂੰ ਬਖਸ਼ੀ, ਉਸ 'ਤੇ ਵੀ ਪਹਿਰਾ ਦਿੰਦੇ ਹਾਂ ਜਾਂ ਨਹੀਂ? ਕੀ ਉਨ੍ਹਾਂ ਦੀ ਦਿੱਤੀ ਸਿੱਖਿਆ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਪ੍ਰਮੁੱਖ ਨੇਮ ਸਮਝਦੇ ਹਾਂ? ਇਨ੍ਹਾਂ ਵਿਚਾਰਾਂ ਵੱਲ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ।

ਗੁਰੂ ਗੋਬਿੰਦ ਸਿੰਘ ਨੇ 1699 ਈਸਵੀ ਦੀ ਵਿਸਾਖੀ ਮੌਕੇ ਜਦੋਂ ਸੰਗਤਾਂ ਨੂੰ ਪਹੁੰਚਣ ਲਈ ਕਿਹਾ ਤਾਂ ਨਾਲ ਇਹ ਵੀ ਸੁਨੇਹਾ ਦਿੱਤਾ ਕਿ ਇਸ ਵਾਰ ਅਨੰਦਪੁਰ ਸਾਹਿਬ ਮਨਾਈ ਜਾ ਰਹੀ ਵਿਸਾਖੀ ਵਿਲੱਖਣ ਹੋਏਗੀ, ਤੇ ਸਭ ਸੰਗਤਾਂ ਨੂੰ ਦੂਰੋਂ ਨੇੜਿਓਂ ਪਹੁੰਚਣ ਲਈ ਪ੍ਰੇਰਨਾ ਕੀਤੀ। ਸੱਚੀਂ ਮੁੱਚੀਂ 1699 ਦੀ ਵਿਸਾਖੀ ਖਾਲਸਾ ਸਾਜਨਾ ਦਿਵਸ ਦੇ ਰੂਪ 'ਚ ਵਿਲੱਖਣ ਹੋ ਨਿੱਬੜੀ।

ਪੱਛਮੀ ਤੇ ਵਿਕਸਿਤ ਮੁਲਕਾਂ 'ਚ ਬੈਠੇ ਸਿੱਖਾਂ ਦੀ ਹੋਰ ਵੀ ਸ਼ਿੱਦਤ ਨਾਲ ਜਿੰਮੇਵਾਰੀ ਬਣ ਜਾਂਦੀ ਹੈ ਕਿ ਗੁਰੂ ਜੀ ਦੇ ਦਰਸਾਏ ਮਾਰਗ ਕਿਰਤ ਕਰੋ, ਵੰਡ ਛਕੋ, ਨਾਮ ਜਪੋ; ਅਣਖ ਨਾਲ ਜੀਓ, ਕਿਸੇ ਦਾ ਹੱਕ ਨਾ ਮਾਰੋ; ਗਰੀਬ ਤੇ ਮਾੜੇ 'ਤੇ ਜ਼ੁਲਮ ਨਾ ਕਰੋ, ਸਗੋਂ ਉਸ ਦੇ ਬਚਾਓ ਲਈ ਖੜ੍ਹੇ ਹੋਵੋ, ਕੁਝ ਖਾਸ ਗੱਲਾਂ ਹਨ, ਜਿਨ੍ਹਾਂ ਪ੍ਰਤੀ ਗੁਰੂ ਜੀ ਨੇ ਸਾਨੂੰ ਪ੍ਰੇਰਨਾ ਕੀਤੀ, ਤੇ ਅਜਿਹੇ ਮਹਾਨ ਦਿਹਾੜਿਆਂ ਨੂੰ ਮਨਾਉਂਦਿਆਂ ਸਾਨੂੰ ਆਪਣੇ ਮਨ ਨਾਲ ਅਹਿਦ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ 'ਤੇ ਪਹਿਰਾ ਦੇਈਏ ਤੇ ਜਿੱਥੇ ਤਰੁੱਟੀਆਂ ਹਨ, ਉਥੇ ਉਨ੍ਹਾਂ ਨੂੰ ਦੂਰ ਕਰਨ ਦੇ ਯਤਨ ਵਿੱਢੀਏ। ਨਿੱਕੀਆਂ ਗੱਲਾਂ ਤੋਂ ਉਪਰ ਉਠ ਕੇ ਗੁਰੂ ਦੇ ਸੱਚੇ ਸਿੱਖ ਬਣਨ ਵਲ ਨੂੰ ਤੁਰੀਏ, ਇਹ ਹਨ ਕੁੱਝ ਗੱਲਾਂ ਜਿਨ੍ਹਾਂ ਵਾਸਤੇ ਸਾਨੂੰ ਅਹਿਦ ਲੈਣਾ ਚਾਹੀਦਾ ਹੈ। ਜੇ ਅਸੀਂ ਸਾਰੇ ਸਿੱਖ ਇੱਧਰ ਧਿਆਨ ਦੇਈਏ ਤਾਂ ਇਹੀ ਮਹਾਨ ਨਗਰ ਕੀਰਤਨ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣ ਵਲ ਪ੍ਰੇਰਿਤ ਕਰਦੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਕ ਨਮੂਨੇ ਦੇ ਰੂਪ 'ਚ ਉਭਾਰ; ਸਭ ਸਿੱਖਾਂ ਨੂੰ ਗੁਰੂ ਜੀ ਦੇ ਪਾਏ ਪੂਰਨਿਆਂ 'ਤੇ ਚੱਲਣ ਲਈ ਰਾਹ ਪੱਧਰਾ ਕਰਨਗੇ। ਇੰਜ ਖਾਲਸਾ ਕਿਸੇ ਦਾ ਮੁਥਾਜ ਨਾ ਹੁੰਦਾ ਹੋਇਆ, ਗੁਰੂ ਜੀ ਵਲੋਂ ਸਿੱਖਾਂ ਨੂੰ ਬਖਸ਼ੀ ਵਿਲੱਖਣ ਦਿੱਖ ਅਤੇ ਕੁੱਟ ਕੁੱਟ ਭਰੀ ਆਪਾ ਕੁਰਬਾਨੀ ਦੀ ਮੰਜ਼ਿਲੇ ਤੋਰਦਾ; ਬਿਨਾ ਕਿਸੇ ਭਿੰਨ ਭੇਦ ਮਨੁੱਖਤਾ ਦੇ ਭਲੇ ਲਈ ਆਪਾ ਵਾਰਦਾ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਦਾ ਤਰੱਕੀਆਂ ਦੀਆਂ ਸਿਖਰਾਂ ਛੂੰਹਦਾ ਜਾਏਗਾ। ਨਗਰ ਕੀਰਤਨਾਂ 'ਤੇ ਹਰ ਸਿੱਖ ਨੂੰ ਆਪਾ ਪੜਚੋਲ ਕਰ, ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਤੁਰਨ ਅਤੇ ਪਹਿਰਾ ਦੇਣ ਦਾ ਅਹਿਦ ਸੱਚੇ ਦਿਲੋਂ ਕਰਨਾ ਚਾਹੀਦਾ ਹੈ, ਤਦੇ ਅਸੀਂ ਗੁਰੂ ਦੇ ਸੱਚੇ ਸਿੱਖ ਕਹਾਉਣ ਦੇ ਅਧਿਕਾਰੀ ਹੋਵਾਂਗੇ।

# ਆਈ. ਓ. ਸੀ. ਦੀ ਮੈਂਬਰਸ਼ਿਪ ਮੁਹਿੰਮ

**ਨਿਊ ਯਾਰਕ:** ਇੱਥੇ ਇੰਡੀਅਨ ਓਵਰਸੀਜ਼ ਕਾਂਗਰਸ (ਆਈ.ਓ.ਸੀ.) ਅਮਰੀਕਾ ਦੇ ਮੈਂਬਰਾਂ ਦੀ ਮੀਟਿੰਗ ਸ੍ਰੀਮਤੀ ਤੇ ਸ੍ਰੀ ਰਵੀ ਚੋਪੜਾ ਅਤੇ ਸ੍ਰੀਮਤੀ ਸ਼ਾਲੂ ਚੋਪੜਾ ਦੇ ਘਰ ਵਿਚ ਬੁਲਾਈ ਗਈ, ਜਿਸ ਵਿਚ ਵੱਡੀ ਪਧਰ 'ਤੇ ਪਰਵਾਸੀ ਭਾਰਤੀਆਂ ਨੇ ਸ਼ਿਰਕਤ ਕੀਤੀ ਅਤੇ ਪਾਰਟੀ ਦੀ ਮੈਂਬਰਸ਼ਿਪ ਮੁਹਿੰਮ ਚਲਾਉਣ ਦਾ ਅਹਿਦ ਲਿਆ।

ਇਸ ਮੀਟਿੰਗ ਵਿਚ ਆਈ.ਓ.ਸੀ. ਦੇ ਪ੍ਰਧਾਨ ਮੋਹਿੰਦਰ ਸਿੰਘ ਗਿਲਜੀਆਂ, ਸਕੱਤਰ ਜਨਰਲ ਹਰਬਚਨ ਸਿੰਘ, ਵਿੱਤ ਕਮੇਟੀ ਦੇ ਚੇਅਰਮੈਨ ਰਵੀ ਚੋਪੜਾ ਅਤੇ ਆਈ.ਓ.ਸੀ. ਦੀ ਮਹਿਲਾ ਕਮੇਟੀ ਦੀ ਚੇਅਰਪਰਸਨ ਸ਼ਾਲੂ ਮਲਹੋਤਰਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਕਾਰਕੁਨ ਉਤਸ਼ਾਹ ਵਿਚ ਹਨ ਅਤੇ ਚੋਣਾਂ ਦੌਰਾਨ ਮੋਦੀ ਸਰਕਾਰ ਨੂੰ ਸਤਾ ਤੋਂ ਲਾਂਭੇ ਕਰਨ ਲਈ ਦਿਨ-ਰਾਤ ਇਕ ਕਰ ਰਹੇ ਹਨ।

ਮੀਟਿੰਗ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਰਹੀ ਹੈ ਅਤੇ ਇਸ ਨੇ ਪਿਛਲੀਆਂ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਹਨ। ਇਸ ਦੇ ਨਾਲ ਹੀ ਬੁਲਾਰਿਆਂ ਨੇ ਕਾਂਗਰਸ ਪਾਰਟੀ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਰਾਹੁਲ ਗਾਂਧੀ ਦੀ ਅਗਵਾਈ ਵਿਚ ਪਾਰਟੀ ਸੁਚੱਜੇ ਢੰਗ ਨਾਲ ਲੋਕ ਸਭਾ ਚੋਣਾਂ ਲੜ ਰਹੀ ਹੈ।

ਸ੍ਰੀ ਗਿਲਜੀਆਂ, ਸ੍ਰੀ ਚੋਪੜਾ ਅਤੇ ਹੋਰ ਸੀਨੀਅਰ ਮੈਂਬਰਾਂ ਨੇ ਓਵਰਸੀਜ਼ ਕਾਂਗਰਸ ਨਾਲ ਜੁੜੇ ਡਾ. ਸੈਮ ਪਿਤਰੋਦਾ, ਹਿਮਾਂਸ਼ੂ ਬਿਆਸ, ਮਧੂ ਯਸ਼ਕੀ ਅਤੇ ਸਭ ਤੋਂ ਵਧ ਰਾਹੁਲ ਗਾਂਧੀ ਦੀ ਲੀਡਰਸ਼ਿਪ 'ਤੇ ਤਸੱਲੀ ਪ੍ਰਗਟ ਕੀਤੀ ਅਤੇ ਭਰੋਸਾ ਪ੍ਰਗਟਾਇਆ ਕਿ ਰਾਹੁਲ ਗਾਂਧੀ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਹੋਣਗੇ।





# ਜੱਗੀ ਜੌਹਲ ਸਣੇ ਚਾਰ ਖਿਲਾਫ ਦੋਸ਼ ਪੱਤਰ ਦਾਇਰ

**ਫਰੀਦਕੋਟ:** ਸੂਬੇ ਵਿਚ ਅਤਿਵਾਦੀ ਗਤੀਵਿਧੀਆਂ ਫੈਲਾਉਣ ਅਤੇ ਅਤਿਵਾਦੀ ਗਰੁੱਪਾਂ ਨੂੰ ਪੈਸਾ ਤੇ ਹਥਿਆਰ ਮੁਹੱਈਆ ਕਰਵਾਉਣ ਦੇ ਦੋਸ਼ਾਂ 'ਚ ਸਟੇਟ ਸਪੈਸ਼ਲ ਉਪ੍ਰੇਸ਼ਨ ਸੈੱਲ ਅੰਮ੍ਰਿਤਸਰ ਵੱਲੋਂ ਗ੍ਰਿਫਤਾਰ ਕੀਤੇ ਗਏ ਪਰਵਾਸੀ ਪੰਜਾਬੀ ਜਗਤਾਰ ਸਿੰਘ ਉਰਫ ਜੱਗੀ ਜੌਹਲ, ਤਲਜੀਤ ਸਿੰਘ ਉਰਫ ਜਿੰਮੀ, ਜਗਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਖਿਲਾਫ ਸਥਾਨਕ ਅਦਾਲਤ 'ਚ ਦੋਸ਼ ਪੱਤਰ ਦਾਇਰ ਕੀਤੇ ਗਏ ਹਨ।

ਅਦਾਲਤ ਵੱਲੋਂ ਇਸ ਮਾਮਲੇ ਦੀ ਸੁਣਵਾਈ 19 ਅਪਰੈਲ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਜੱਗੀ ਜੌਹਲ ਨੂੰ ਸਟੇਟ ਓਪ੍ਰੇਸ਼ਨ ਸੈੱਲ ਅੰਮ੍ਰਿਤਸਰ ਨੇ ਗੁਰੂ ਰਾਮ ਦਾਸ ਹਵਾਈ ਅੱਡੇ ਤੋਂ ਮਈ 2017 'ਚ ਗ੍ਰਿਫਤਾਰ ਕੀਤਾ ਸੀ। ਕੇਂਦਰ ਅਤੇ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਇਨ੍ਹਾਂ ਮੁਲਜ਼ਮਾਂ ਖਿਲਾਫ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਪੁਲਿਸ ਨੇ ਅਦਾਲਤ ਸਾਹਮਣੇ ਦੋਸ਼ ਪੱਤਰ ਪੇਸ਼ ਕਰ ਦਿੱਤੇ ਹਨ। ਜੱਗੀ ਜੌਹਲ ਖਿਲਾਫ ਪੰਜਾਬ ਭਰ 'ਚ ਕਰੀਬ ਇਕ ਦਰਜਨ ਮੁਕੱਦਮੇ ਦਰਜ ਹਨ ਅਤੇ ਉਹ ਹੁਣ ਇਨ੍ਹਾਂ ਮੁਕੱਦਮਿਆਂ 'ਚ ਜੇਲ੍ਹ 'ਚ ਨਜ਼ਰਬੰਦ ਹੈ।

# ਮੇਰੀ ਪਾਕਿਸਤਾਨ ਫੇਰੀ-2

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

**ਠਾਕਰ ਸਿੰਘ ਬਸਾਤੀ, ਸ਼ਿਕਾਗੋ**
**ਫੋਨ: 847-736-6092**

ਅਗਲੇ ਦਿਨ ਫੈਸਲਾਬਾਦ ਤੋਂ ਨਨਕਾਣਾ ਸਾਹਿਬ ਲਈ ਚਾਲੇ ਪਾ ਦਿੱਤੇ। ਰਸਤੇ ਵਿਚ ਚੂਨੇ ਦੇ ਪਹਾੜ ਨਜ਼ਰ ਆਏ। ਪਾਕਿਸਤਾਨ ਤੋਂ ਚੂਨੇ ਤੇ ਸੀਮਿੰਟ ਦੀ ਸਪਲਾਈ ਬਹੁਤ ਜ਼ਿਆਦਾ ਹੈ। ਹਿਮਾਲਿਆ ਨਮਕ ਜਾਂ ਗੁਲਾਬੀ ਲੂਣ ਵੀ ਦੂਜੇ ਮੁਲਕਾਂ ਨੂੰ ਭੇਜਿਆ ਜਾਂਦਾ ਹੈ। ਰਸਤੇ ਵਿਚ ਪਿੰਡ ਕੱਲੜ, ਕਹਾਰ ਤੇ ਚਕਵਾਲ ਆਏ। ਨੇੜੇ ਹੀ ਪਿੰਡ ਗੁਲ ਮਿਆਲ ਸੀ। ਬਹਾਦਰੀ ਲਈ ਦਿੱਤੇ ਗਏ ਕੁੱਲ 14 ਵੀਰ ਚੱਕਰਾਂ ਵਿਚੋਂ 9 ਵੀਰ ਚੱਕਰ ਇਸੇ ਪਿੰਡ ਦੇ ਫੌਜੀਆਂ ਨੇ ਪ੍ਰਾਪਤ ਕੀਤੇ ਹਨ। ਇਨਾਮ ਵਿਚ ਰਾਣੀ ਦੀ ਭੇਟ ਕੀਤੀ ਤੋਪ ਅਜੇ ਵੀ ਮੌਜੂਦ ਹੈ। ਨਨਕਾਣਾ ਸਾਹਿਬ ਦਾ ਪਹਿਲਾ ਨਾਂ ਰਾਇ ਭੋਇ ਦੀ ਤਲਵੰਡੀ ਸੀ, ਪਰ ਬਾਬੇ ਨਾਨਕ ਦੇ ਨਾਂ 'ਤੇ ਨਨਕਾਣਾ ਸਾਹਿਬ ਪੈ ਗਿਆ। ਜਿਥੇ ਸਾਰਾ ਸ਼ਹਿਰ ਵੱਸਿਆ ਹੋਇਆ ਹੈ, ਉਹ ਰਾਏ ਬੁਲਾਰ ਨੇ 1500 ਮੁਰੱਬੇ ਜਮੀਨ 'ਚੋਂ 750 ਮੁਰੱਬੇ ਬਾਬੇ ਨਾਨਕ ਦੇ ਨਾਂ ਭੇਟ ਕਰ ਦਿੱਤੀ ਸੀ। ਰਾਏ ਬੁਲਾਰ ਨੂੰ ਗੁਰੂ ਜੀ ਦਾ ਤੀਜਾ ਸਿੱਖ ਮੰਨਿਆ ਜਾਂਦਾ ਹੈ, ਜਿਨ੍ਹਾਂ ਨੇ ਉਨ੍ਹਾਂ ਦਾ ਰੱਬੀ ਰੂਪ ਪਛਾਣਿਆ।

ਰਾਏ ਬੁਲਾਰ ਹਾਜੀ ਸੀ, ਪਰ ਗੁਰੂ ਜੀ ਦੀ ਸੰਗਤ ਬਾਅਦ ਉਹਨੇ ਮੱਕੇ ਜਾਣਾ ਛੱਡ ਦਿੱਤਾ। ਜਦੋਂ ਪੁੱਛਿਆ ਗਿਆ ਤਾਂ ਜਵਾਬ ਦਿੱਤਾ, "ਮੱਕਾ ਤਾਂ ਮੇਰੇ ਘਰ ਰੋਜ਼ ਆਉਂਦਾ ਹੈ।" ਰਾਏ ਬੁਲਾਰ ਦੇ ਔਲਾਦ ਨਹੀਂ ਸੀ, ਪਰ ਗੁਰੂ ਜੀ ਦੀ ਅਸੀਸ ਸਦਕਾ ਸੰਤਾਨ ਪੈਦਾ ਹੋਈ। ਉਨ੍ਹਾਂ ਦੇ 19ਵੇਂ ਵਾਰਿਸ ਨਾਲ ਅਚਾਨਕ ਮੁਲਾਕਾਤ ਹੋ ਗਈ, ਜੋ ਉਚਾ ਲੰਮਾ ਗੱਭਰੂ ਹੈ। ਉਸ ਨੇ ਸਾਨੂੰ ਖਾਣੇ ਦਾ ਵੀ ਸੱਦਾ ਦਿੱਤਾ ਪਰ ਸਿਕਿਓਰਿਟੀ ਵਾਲੇ ਸਾਨੂੰ ਇਜਾਜ਼ਤ ਨਹੀਂ ਸੀ ਦਿੰਦੇ। ਉਥੇ ਸਾਰਾ ਸ਼ਹਿਰ ਟਰੱਸਟ ਨੂੰ ਕਿਰਾਏ ਵਜੋਂ ਇਵਜ਼ਾਨਾ ਦਿੰਦਾ ਹੈ। ਹੁਣ 750 ਮੁਰੱਬਿਆਂ ਵਿਚੋਂ 650 ਟਰੱਸਟ ਕੋਲ ਹਨ। 100 ਮੁਰੱਬੇ ਲੋਕਾਂ ਨੇ ਦੱਬੇ ਹੋਏ ਹਨ। ਗੁਰਦੁਆਰਾ ਜਨਮ ਅਸਥਾਨ ਅੰਦਰ ਦਰਖਤ ਅਜੇ ਵੀ ਮੌਜੂਦ ਹੈ, ਜਿਥੇ ਭਾਈ ਲਛਮਣ ਸਿੰਘ ਤੇ 200 ਸਿੱਖਾਂ ਨੂੰ ਮਸੰਦਾਂ ਨੇ ਪੁੱਠੇ ਲਟਕਾ ਕੇ ਸ਼ਹੀਦ ਕੀਤਾ ਸੀ।

ਗੁਰਪੁਰਬ ਹੋਣ ਕਰਕੇ ਪੂਰਾ ਸ਼ਹਿਰ ਸਜਾਇਆ ਹੋਇਆ ਸੀ। ਮੁਫਤ ਮੈਡੀਕਲ ਕੈਂਪ ਚਲ ਰਹੇ ਸਨ। ਬਾਹਰੋਂ ਵੀ ਸੰਗਤ ਨੇ ਲੰਗਰ ਲਾਏ ਹੋਏ ਸਨ। ਸਰੋਵਰ ਵਿਚ ਜੂਸ ਦੇ ਖਾਲੀ ਡੱਬੇ, ਖਾਲੀ ਸੋਡੇ ਦੀਆਂ ਬੋਤਲਾਂ, ਚਿਪਸ ਦੇ ਲਿਫਾਫੇ ਤੈਰ ਰਹੇ ਸਨ। ਥਾਂ-ਥਾਂ ਤੰਬੂ ਲੱਗੇ ਸਨ।


*ਭਗਤ ਸਿੰਘ ਦੀ ਹਵੇਲੀ*

ਨੇੜੇ ਹੀ ਗੁਰਦੁਆਰਾ ਪੱਟੀ ਸਾਹਿਬ ਹੈ, ਜਿਥੇ ਗੁਰੂ ਜੀ ਨੇ ਪਾਂਧੇ ਨੂੰ ਪੱਟੀ ਪੜ੍ਹਾਈ ਸੀ। ਗੁਰਦੁਆਰਾ ਬਾਲ ਲੀਲ੍ਹਾ ਵੀ ਨੇੜੇ ਹੀ ਹੈ, ਜਿਥੇ ਬਾਬਾ ਨਾਨਕ ਬਾਲਕਾਂ ਨਾਲ ਖੇਡਿਆ ਕਰਦੇ ਸਨ। ਗੁਰਦੁਆਰਾ ਕਿਆਰਾ ਸਾਹਿਬ ਹੈ, ਜਿਥੇ ਜਿਮੀਂਦਾਰ ਦੀ ਫਸਲਾਂ ਵਿਚ ਪਸ਼ੂ ਜਾ ਵੜੇ ਸਨ। ਜਿਸ ਦਰਖਤ ਹੇਠ ਬਾਬਾ ਜੀ ਸੌਂ ਗਏ ਸਨ, ਉਹ ਦਰਖਤ ਅਜੇ ਵੀ ਮੌਜੂਦ ਹੈ। ਲੋਕ ਟਾਹਣੀਆਂ 'ਤੇ ਧਾਗੇ ਬੰਨ੍ਹ ਬੰਨ੍ਹ ਮੰਨਤਾਂ ਮੰਗਦੇ ਹਨ।

ਨੇੜੇ ਹੀ ਇਕ ਹੋਰ ਗੁਰਦੁਆਰਾ ਹੈ, ਜਿਥੇ ਪੰਜਵੇਂ ਪਾਤਿਸ਼ਾਹ ਠਹਿਰੇ ਸਨ ਤੇ ਛੇਵੇਂ ਪਾਤਿਸ਼ਾਹ ਨੇ ਦਰਖਤ ਨਾਲ ਘੋੜਾ ਬੰਨ੍ਹਿਆ ਸੀ। ਉਪਰਲੀ ਮੰਜ਼ਿਲ 'ਤੇ ਸੁੱਕੇ ਦਰਖਤ ਦਾ ਇਕ ਹਿੱਸਾ ਰੱਖਿਆ ਹੋਇਆ ਹੈ। ਇਕ ਹੋਰ ਗੁਰਦੁਆਰਾ ਮਾਲ ਜੀ ਸਾਹਿਬ ਹੈ, ਜਿਥੇ ਗੁਰੂ ਸਾਹਿਬ ਦੇ ਨਾਂ 'ਤੇ ਜਮੀਨ ਭੇਟ ਕੀਤੀ ਗਈ ਸੀ, ਜਿਸ ਕਰਕੇ ਅੱਜ ਵੀ ਰਾਏ ਬੁਲਾਰ ਦਾ ਨਾਂ ਜ਼ਿੰਦਾ ਹੈ। ਥੋੜ੍ਹੀ ਵਿੱਥ 'ਤੇ ਗੁਰਦੁਆਰਾ ਤੰਬੂ ਸਾਹਿਬ ਹੈ, ਜਿਥੇ ਤੰਬੂ ਦੀ ਸ਼ਕਲ ਦਾ ਵਣ ਦਰਖਤ ਅਜੇ ਵੀ ਹਰਿਆ-ਭਰਿਆ ਖੜ੍ਹਾ ਹੈ। ਨਵੇਂ ਗੁਰੂਘਰ ਦੀ ਉਸਾਰੀ ਚਲ ਰਹੀ ਹੈ। ਨੇੜੇ ਦੋ-ਤਿੰਨ ਸਰਾਵਾਂ ਹਨ। ਕਈ ਲੋਕ ਟੈਂਟ ਲਾ ਕੇ ਰਾਤਾਂ ਕਟਦੇ ਹਨ। ਤੰਬੂ ਸਾਹਿਬ ਉਹ ਗੁਰਦੁਆਰਾ ਹੈ, ਜਿਥੇ ਬਾਬਾ ਜੀ ਸੱਚਾ ਸੌਦਾ ਕਰਨ ਤੋਂ ਬਾਅਦ ਆ ਕੇ ਠਹਿਰੇ ਸਨ ਤੇ ਘਰੇ ਜਾਣ 'ਤੇ ਪਿਤਾ ਕਾਲੂ ਜੀ ਨੇ ਚਪੇੜ ਮਾਰੀ ਸੀ। ਲੋਕ ਅਕਸਰ ਵਣ ਥੱਲੇ ਤਸਵੀਰਾਂ ਖਿਚਵਾਉਂਦੇ ਹਨ। ਸਰਾਵਾਂ 'ਤੇ ਖਾਲਿਸਤਾਨ ਅਤੇ 2020 ਰੈਫਰੈਂਡਮ ਦੇ ਸਾਈਨ ਲਟਕ ਰਹੇ ਸਨ। ਇਨ੍ਹਾਂ ਬਾਰੇ ਪਾਕਿਸਤਾਨੀ ਸਰਕਾਰ ਦਾ ਕਹਿਣਾ ਹੈ ਕਿ ਸਿੱਖਾਂ ਦਾ ਆਪਣਾ ਫੈਸਲਾ ਹੈ ਕਿ ਉਹ ਗੁਰਦੁਆਰਿਆਂ ਅੰਦਰ ਕੀ ਕਰਦੇ ਹਨ, ਸਰਕਾਰ ਦਖਲ ਨਹੀਂ ਦੇਵੇਗੀ।

ਤੰਬੂ ਸਾਹਿਬ ਥੋੜ੍ਹੀ ਵਿੱਥ 'ਤੇ ਹੀ ਸੀ, ਇਸ ਕਰਕੇ ਆਟੋ ਕਰ ਲਏ। ਉਥੇ ਆਟੋ ਬੜੇ ਰੰਗੀਨ ਅਤੇ ਮਨਮੋਹਣੇ ਹਨ। ਮੋਟਰ ਸਾਈਕਲ ਦਾ ਪਿਛਲਾ ਪਾਸਾ ਕੱਟ ਕੇ ਆਟੋ ਬਣਾਏ ਹੋਏ ਹਨ। ਇਕ ਆਟੋ ਵਾਲਾ ਸਾਥੋਂ ਵਿਛੜ ਕੇ ਸ਼ਾਰਟਕੱਟ ਰਸਤਾ ਲੈ ਗਿਆ। ਅੱਗਿਓਂ ਸਿਕਿਓਰਿਟੀ ਵਾਲਿਆਂ ਰੋਕ ਕੇ ਖੂਬ ਝਾੜਝੰਬ ਕੀਤੀ। ਵਾਪਸੀ ਵੇਲੇ ਸਾਡੇ ਵਾਲੇ ਆਟੋਆਂ ਨੇ ਵੀ ਸ਼ਾਰਟਕੱਟ ਲੈ ਲਿਆ। ਫਿਰ ਤਾਂ ਪੰਜਾਬੀ ਕਮਾਂਡਰ ਨੇ ਸਾਰੇ ਚਾਲਕਾਂ ਨੂੰ ਲਾਈਨ 'ਚ ਲਾ ਲਿਆ ਤੇ ਕਿਹਾ, "ਤੁਸੀਂ ਆਪਣੇ ਪੈਸੇ ਖਾਤਰ ਇਨ੍ਹਾਂ ਨੂੰ ਜੋਖਮ ਵਿਚ ਪਾਉਂਦੇ ਹੋ। ਕੋਈ ਵਾਰਦਾਤ ਹੋ ਗਈ ਤਾਂ ਇਨ੍ਹਾਂ ਦੀ ਹਿਫਾਜ਼ਤ ਲਈ ਕੌਣ ਜਿੰਮੇਵਾਰ ਹੋਵੇਗਾ?"

ਅਗਲੇ ਦਿਨ ਗੁਰਪੁਰਬ ਸੀ। ਅਸੀਂ ਫਿਰ ਪਰਤ ਕੇ ਨਨਕਾਣਾ ਸਾਹਿਬ ਪਹੁੰਚੇ। ਭਾਰੀ ਗਿਣਤੀ ਵਿਚ ਜਲੂਸ ਸਜਾਇਆ ਗਿਆ। ਜਿਥੋਂ-ਜਿਥੋਂ ਜਲੂਸ ਲੰਘਿਆ, ਹੇਠਾਂ ਲਾਲ ਦਰੀ ਵਿਛਾਈ ਹੋਈ ਸੀ, ਉਤੇ ਝੰਡੀਆਂ ਲਾਈਆਂ ਹੋਈਆਂ ਸਨ। ਬਾਜ਼ਾਰ ਮੁਕੰਮਲ ਬੰਦ ਸੀ। ਲੋਕ ਕਹਿ ਰਹੇ ਸਨ, "ਤੁਹਾਡੇ ਗੁਰਪੁਰਬ ਕਰਕੇ ਅਸੀਂ ਈਦ ਵੀ ਘੱਟ ਮਨਾਈ।" ਜਲੂਸ ਵਿਚ ਖਾਲਿਸਤਾਨ ਅਤੇ 2020 ਰੈਫਰੈਂਡਮ ਦੇ ਝੰਡੇ ਵੀ ਨਜ਼ਰ ਆਏ। ਸ਼ਰਧਾ ਵਾਲੇ ਘੱਟ ਸਨ ਪਰ ਭੀੜ ਬਹੁਤ ਸੀ। ਨੰਗੇ ਸਿਰ ਲੋਕ ਬਥੇਰੇ ਸਨ। ਢੋਲ ਵੱਜ ਰਿਹਾ ਸੀ ਅਤੇ ਭੰਗੜਾ ਪੈ ਰਿਹਾ ਸੀ। ਮਠਿਆਈਆਂ, ਜੂਸ ਵਰਤਾਇਆ ਜਾ ਰਿਹਾ ਸੀ। ਕੁਝ ਲੋਕ ਤਾਂ ਗੁਰਦੁਆਰੇ ਅੰਦਰ ਵੀ ਨੰਗੇ ਸਿਰ ਤੁਰੇ ਫਿਰਦੇ ਹਨ। ਨੌਜਵਾਨ ਜ਼ਰੂਰ ਪੂਰੀ ਸ਼ਰਧਾ ਨਾਲ ਸੇਵਾ ਕਰ ਰਹੇ ਸਨ। ਗੁਰੂਘਰਾਂ ਦੇ ਅੰਦਰ ਵੀ ਤੇ ਬਾਹਰ ਵੀ, ਖਾਸ ਤੌਰ 'ਤੇ ਸਿੰਧੀ ਅਤੇ ਪੋਠੋਹਾਰੀ ਦਿੱਖ ਵੀ ਦੇਖਿਆਂ ਹੀ ਬਣਦੀ ਸੀ। ਬਜੁਰਗ 6-6 ਫੁੱਟ ਉਚੇ ਲੰਮੇ ਅਤੇ ਜਵਾਨ ਤੇ ਬੱਚੇ ਇਕਹਿਰੀ ਹੱਡੀ ਦੇ ਪਟਿਆਲਾ ਸ਼ਾਹੀ ਪੱਗ ਤੇ ਕਰੀਬ ਹਰ ਇਕ ਦੇ ਬਾਜ (ਪੱਗ ਸੰਵਾਰਨ ਲਈ) ਟੰਗਿਆ ਹੋਇਆ ਸੀ। ਰੰਗ-ਬਰੰਗੇ ਸਲਵਾਰ-ਕਮੀਜ਼ ਪਹਿਨੇ ਹੋਏ ਸਨ।

ਇਥੋਂ ਸਾਡੀ ਵਾਪਸੀ ਫੈਸਲਾਬਾਦ ਹੋਈ ਅਤੇ ਅਗਲੇ ਦਿਨ ਲਾਹੌਰ ਰਵਾਨਾ ਹੋ ਗਏ। ਸਲਾਹ ਬਣੀ ਕਿ ਥੋੜ੍ਹਾ ਵਲ ਪਾ ਕੇ ਭਗਤ ਸਿੰਘ ਦਾ ਜੱਦੀ ਪਿੰਡ ਬੰਗਾ ਵੀ ਦੇਖਿਆ ਜਾਵੇ। ਰਸਤੇ ਵਿਚ ਖੇਤਾਂ ਦਾ ਨਜ਼ਾਰਾ ਦੇਖਣ ਹੀ ਵਾਲਾ ਸੀ। ਲਗਦਾ ਸੀ ਕਿ ਸੰਗਰੂਰ, ਹੁਸ਼ਿਆਰਪੁਰ ਵਿਚ ਘੁੰਮ ਰਹੇ ਹਾਂ। ਖੇਤਾਂ ਵਿਚ ਸੁੱਕੀ ਪਾਈ ਮੱਕੀ, ਸਰੋਂ ਦੀਆਂ ਲਹਿਰਾਉਂਦੀਆਂ ਗੰਦਲਾਂ, ਗੰਨੇ ਦੇ ਹਰੇ-ਭਰੇ ਖੇਤ, ਖਤਾਨਾਂ ਵਿਚ ਕਿੱਕਰਾਂ ਹੀ ਕਿੱਕਰਾਂ। ਅਖੀਰ ਭਗਤ ਸਿੰਘ ਦੀ ਹਵੇਲੀ ਪਹੁੰਚ ਗਏ। ਸਾਡੇ ਮਗਰ ਕੈਨੇਡਾ ਤੋਂ ਆਈ ਸੰਗਤ ਦੀ ਬੱਸ ਵੀ ਸੀ। ਉਥੇ ਹਵੇਲੀ ਦੇ ਨਵੇਂ ਮਾਲਕ ਚੌਧਰੀ ਸਾਕਿਬ ਇਕਬਾਲ ਵਿਰਕ ਵੀ ਪਹੁੰਚੇ ਹੋਏ ਸਨ। ਗੇਟ 'ਤੇ ਵੱਡਾ ਬੋਰਡ ਲੱਗਾ ਹੈ, ਸ. ਭਗਤ ਸਿੰਘ ਸੰਧੂ ਦੀ ਹਵੇਲੀ। ਅੰਦਰ ਦੋ ਬੈਠਕਾਂ ਹਨ, ਜਿਨ੍ਹਾਂ ਵਿਚ ਕ੍ਰਾਂਤੀਕਾਰੀਆਂ ਦੀਆਂ ਫੋਟੋਆਂ ਲੱਗੀਆਂ ਹੋਈਆਂ ਹਨ। ਮੰਜੇ 'ਤੇ ਬੈਠੇ ਹਥਕੜੀਆਂ ਵਿਚ ਜੜੇ ਭਗਤ ਸਿੰਘ ਦੀ ਤਸਵੀਰ ਦੇਖੀ। ਭਗਤ ਸਿੰਘ ਦੇ ਹੱਥਾਂ ਦੀ ਲਾਈ ਬੇਰੀ ਬਾਕਾਇਦਾ ਮੌਜੂਦ ਹੈ। ਵਿਰਕ ਸਾਹਿਬ ਦਾ ਕਹਿਣਾ ਸੀ ਕਿ ਬੇਰੀ ਇਵੇਂ ਹੀ ਰਹੇਗੀ। ਨਾਲ ਚੁਲ੍ਹੇ ਦੀ ਚਾਹ ਲਈ ਵੱਖਰੀ ਥਾਂ ਹੈ। ਜਦੋਂ ਸਾਰੇ ਜਾਣ ਲੱਗੇ ਤਾਂ ਸਭ ਨੂੰ ਚੁਲ੍ਹੇ 'ਤੇ ਬਣਾਈ ਚਾਹ ਪਿਲਾਈ ਗਈ। ਵਿਰਕ ਸਾਹਿਬ ਪਾਸੇ ਰਹਿੰਦੇ ਹਨ ਤੇ ਕਹਿੰਦੇ ਹਨ ਕਿ ਜਦੋਂ ਉਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਯਾਤਰੀ ਹਵੇਲੀ ਦੇਖਣ ਆ ਰਹੇ ਹਨ ਤਾਂ ਉਹ ਆਪ ਸਵਾਗਤ ਲਈ ਪਹੁੰਚਦੇ ਹਨ, ਕਈ ਵਾਰ ਦਿਨ ਵਿਚ ਚਾਰ-ਚਾਰ ਵਾਰੀ। ਪਿੰਡ ਵਾਲਿਆਂ ਨੇ ਸ਼ਿਕਵਾ ਕੀਤਾ ਕਿ ਭਾਵੇਂ ਇੰਨੇ ਲੋਕ ਇਥੇ ਆਉਂਦੇ ਹਨ ਤਾਂ ਵੀ ਸੜਕ ਦੀ ਹਾਲਤ ਖਸਤਾ ਹੈ ਅਤੇ ਰਾਤ ਨੂੰ 10 ਵਜੇ ਤੋਂ ਬਾਅਦ ਲੁੱਟਾਂ-ਖੋਹਾਂ ਹੁੰਦੀਆਂ ਹਨ। ਪੁਲਿਸ ਤੋਂ ਬਿਨਾ ਪਿੰਡ ਨਹੀਂ ਪਹੁੰਚਿਆ ਜਾ ਸਕਦਾ।


*ਗੁਰਦੁਆਰਾ ਸੱਚਾ ਸੌਦਾ*

ਸਾਡਾ ਅਗਲਾ ਪੜਾਅ ਪਾਕਪਟਨ ਦਾ ਸੀ ਜਿਥੇ ਬਾਬਾ ਸ਼ੇਖ ਫਰੀਦ ਦੀ ਮਜ਼ਾਰ 'ਤੇ ਅਸੀਂ ਚਾਦਰ ਚੜ੍ਹਾਈ। ਉਹ ਦਰਵਾਜਾ ਦੇਖਣ ਨੂੰ ਮਿਲਿਆ, ਜਿਥੇ ਪਾਕ ਨਬੀ ਆਪ ਬਾਬਾ ਸ਼ੇਖ ਫਰੀਦ ਨੂੰ ਲੈ ਕੇ ਆਏ। ਔਰਤਾਂ ਉਸ ਦਰਵਾਜੇ ਤੋਂ ਆ ਸਕਦੀਆਂ ਹਨ। ਇਥੇ ਪ੍ਰਸ਼ਾਦ ਲੂਣ ਦਾ ਵੰਡਿਆ ਜਾਂਦਾ ਹੈ। ਇਥੇ ਇਕ ਬਜੁਰਗ ਆਇਆ, ਜੋ ਪੁੱਛ ਰਿਹਾ ਸੀ ਕਿ ਕੋਈ ਫਿਰੋਜ਼ਪੁਰ ਤੋਂ ਹੈ? ਰਸਤੇ ਵਿਚ ਇਕ ਥਾਂ ਰੁਕੇ ਤਾਂ ਕੁਝ ਜਿਮੀਂਦਾਰ ਮੁੰਡੇ ਆ ਗਏ। 'ਸਤਿ ਸ੍ਰੀ ਅਕਾਲ' ਪਿਛੋਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲ ਸਿੱਖ ਆ ਕੇ ਰਹਿੰਦੇ ਹਨ। ਉਨ੍ਹਾਂ ਖੇਤਾਂ 'ਚੋਂ ਗੁੜ ਮੰਗਵਾ ਕੇ ਸਭ ਨੂੰ ਦਿੱਤਾ।

ਲਾਹੌਰ ਸਵੇਰੇ ਨਾਸ਼ਤਾ ਕੀਤਾ। ਨਾਸ਼ਤਾ ਕਮਾਲ ਦਾ ਸੀ। ਵੱਖ-ਵੱਖ ਤਰ੍ਹਾਂ ਦੇ ਖਾਣੇ। ਚਾਟੀ ਦੀ ਲੱਸੀ, ਨਮਕੀਨ ਤੇ ਮਿੱਠੀ ਵੀ। ਫਿਰ ਭਾਵੇਂ ਸਾਰਾ ਦਿਨ ਖਾਣਾ ਨਾ ਖਾਉ ਤਾਂ ਵੀ ਚਲ ਜਾਊ। ਗੁਰਦੁਆਰਾ ਸ਼ਹੀਦਗੰਜ ਨਤਮਸਤਕ ਹੋਏ, ਜਿਥੇ ਹਰ ਅੱਖ ਆਪ ਮੁਹਾਰੇ ਨਮ ਹੋ ਜਾਂਦੀ ਹੈ। ਇਹ ਉਹ ਸਥਾਨ ਹੈ, ਜਿਥੇ ਬੱਚਿਆਂ ਦੇ ਟੋਟੇ ਕਰ ਕੇ ਗਲਾਂ ਵਿਚ ਹਾਰ ਪਾਏ ਗਏ। ਨੇੜੇ ਖੂਹ ਹੈ, ਜਿਸ ਵਿਚ ਔਰਤਾਂ ਛਾਲਾਂ ਮਾਰ ਕੇ ਸ਼ਹੀਦ ਹੋਈਆਂ। ਸਿੰਘਾਂ ਦੇ ਸਿਰਾਂ ਦੇ ਮੁੱਲ ਪਾਏ ਜਾਂਦੇ ਸਨ ਤੇ ਬਾਅਦ ਵਿਚ ਖੂਹ ਵਿਚ ਸੁੱਟ ਦਿੰਦੇ ਸਨ। ਥੱਲੇ ਇਕ ਤੰਗ ਕਮਰੇ ਵਿਚ ਚੱਕੀ ਹੈ, ਜਿੱਥੇ ਸਿੰਘਣੀਆਂ ਚੱਪਾ ਰੋਟੀ ਦੇ ਟੁਕੜੇ ਬਦਲੇ ਸਵਾ ਸਵਾ ਮਣ ਪੀਹਣਾ ਪੀਂਹਦੀਆਂ ਸਨ। ਉਹ ਛੋਟੇ-ਛੋਟੇ ਕਮਰੇ ਹਨ, ਜਿੱਥੇ ਕੈਦੀਆਂ ਨੂੰ ਰੱਖਿਆ ਜਾਂਦਾ ਸੀ। ਨੇੜੇ ਹੀ ਉਹ ਥਾਂ ਹੈ, ਜਿਥੇ ਭਾਈ ਤਾਰੂ ਜੀ ਦੀ ਖੋਪਰੀ ਲਾਹੀ ਗਈ ਸੀ। ਸਾਹਮਣੇ ਵਜੀਦ ਖਾਨ ਦੀ ਮਜ਼ਾਰ ਹੈ, ਜੋ ਬਾਬਾ ਸ਼ੇਖ ਫਰੀਦ ਦਾ ਉਸਤਾਦ ਸੀ।

ਫਿਰ ਤੰਗ ਗਲੀਆਂ ਵਿਚੋਂ ਹੋ ਕੇ ਚੂਨਾ ਮੰਡੀ ਵਿਚ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਦੇਖਿਆ, ਜਿਥੇ ਕਾਰ ਸੇਵਾ ਚਲ ਰਹੀ ਸੀ। ਇਥੇ ਗੁਰੂ ਸਾਹਿਬ ਦੇ ਘਰ ਦੀਆਂ ਕੁਝ ਇੱਟਾਂ ਸਾਂਭ ਕੇ ਰੱਖੀਆਂ ਗਈਆਂ ਹਨ। ਜਿਥੇ ਗੁਰੂ ਸਾਹਿਬ ਨੂੰ ਪਹਿਲਾਂ ਇਸ਼ਨਾਨ ਕਰਵਾਇਆ ਗਿਆ ਸੀ, ਉਹ ਚੁਬੱਚਾ ਮੌਜੂਦ ਹੈ, ਭਾਵੇਂ ਹੁਣ ਸੰਗਮਰਮਰ 'ਚ ਲਪੇਟਿਆ ਹੋਇਆ ਹੈ। ਇਹ ਥਾਂ ਚੂਨਾ ਮੰਡੀ ਵਿਚ ਹੈ, ਜਿਸ ਦਾ ਅਸਲੀ ਨਾਂ ਚੂੰਨੀ ਮੰਡੀ ਸੀ, ਕਿਉਂਕਿ ਇਹ ਸ਼ਾਹੀ ਇਲਾਕਾ ਸੀ, ਜਿਥੇ ਹੀਰੇ-ਮੋਤੀਆਂ ਦੀ ਮੀਨਾਕਾਰੀ ਕੀਤੀ ਜਾਂਦੀ ਸੀ। ਇਥੇ ਬਹੁਤੇ ਲੋਕ ਸ਼ਾਪਿੰਗ ਕਰਨ ਵੀ ਜਾਂਦੇ ਹਨ। ਪਾਕਿਸਤਾਨ ਦਾ ਕੱਪੜਾ, ਖਾਸ ਤੌਰ 'ਤੇ ਸੂਟ-ਦੁਪੱਟੇ, ਸਲਵਾਰ-ਕਮੀਜ਼ ਬਹੁਤ ਆਲ੍ਹਾ ਕਿਸਮ ਦੇ ਹਨ।

ਉਥੋਂ ਮਸ਼ਹੂਰ ਮੰਡੀ ਅਨਾਰਕਲੀ ਗਏ। ਦੁਕਾਨਦਾਰਾਂ ਦਾ ਪਿਆਰ ਸਤਿਕਾਰ ਦੇਖਿਆਂ ਹੀ ਬਣਦਾ ਸੀ। ਸਿੱਖਾਂ ਦਾ ਬੜਾ ਮਾਣ ਸਤਿਕਾਰ ਹੁੰਦਾ ਹੈ। ਦੁਕਾਨਾਂ 'ਤੇ ਭਾਅ ਵੀ ਸਸਤਾ ਹੈ। ਅਸੀਂ ਏ. ਟੀ. ਐਮ. ਤੋਂ ਪੈਸੇ ਕਢਵਾਉਣ ਗਏ ਪਰ ਏ. ਟੀ. ਐਮ. ਚਲੇ ਨਾ। ਸ਼ਾਇਦ ਕੋਈ ਸਾਈਬਰ ਘਟਨਾ ਹੋ ਗਈ ਸੀ ਅਤੇ ਏ. ਟੀ. ਐਮ. ਜਾਮ ਕਰ ਦਿੱਤੇ ਗਏ ਸਨ। ਵਾਪਸ ਆ ਰਹੇ ਸਾਂ ਤਾਂ ਜੂਸ ਵਾਲੇ ਕੋਲ ਕਾਰ ਵਿਚ ਬੈਠੇ ਪਰਿਵਾਰ ਕੋਲੋਂ ਮੈਂ ਤੇ ਮੇਰੀ ਪਤਨੀ ਕੋਲੋਂ ਲੰਘਣ ਲੱਗੇ ਤਾਂ ਉਹ ਜੂਸ ਵਾਲੇ ਨੂੰ ਕਹਿੰਦੇ, "ਇਹ ਜੂਸ ਸਰਦਾਰ ਹੋਰਾਂ ਨੂੰ ਦਿਉ।" ਨਾਂਹ ਕਰਨ 'ਤੇ ਵੀ ਪੀਣਾ ਪਿਆ। ਸਤਿ ਸ੍ਰੀ ਅਕਾਲ, ਸਲਾਮਾਂ ਹੋਈਆਂ, ਜੱਫੀਆਂ ਪਈਆਂ। ਸਾਡਾ ਇਕ ਲਿਫਾਫਾ ਦੁਕਾਨ 'ਤੇ ਰਹਿ ਗਿਆ ਸੀ। ਪਿੱਛੇ ਪਿੱਛੇ ਆ ਕੇ ਦੁਕਾਨਦਾਰ ਨੇ ਲਿਫਾਫਾ ਸਾਡੇ ਸਾਥੀਆਂ ਨੂੰ ਫੜਾਉਂਦਿਆਂ ਤਾਕੀਦ ਕੀਤੀ ਕਿ ਜ਼ਰੂਰ ਪਹੁੰਚਾ ਦੇਣਾ।

ਲਿਬਰਟੀ ਮਾਲ ਸਾਡੇ ਹੋਟਲ ਦੇ ਸਾਹਮਣੇ ਸੀ। ਬੀਬੀਆਂ ਸ਼ਾਪਿੰਗ ਕਰਨ ਚਲੀਆਂ ਗਈਆਂ।


*ਵਣ ਦਾ ਰੁੱਖ, ਜਿੱਥੇ ਬਾਬਾ ਨਾਨਕ ਸੱਚਾ ਸੌਦਾ ਕਰਨ ਪਿਛੋਂ ਅਰਾਮ ਕਰਨ ਲਈ ਬੈਠੇ*

ਅੱਗੇ ਜਾ ਕੇ ਦੁਪੱਟਾ ਬਾਜ਼ਾਰ ਹੈ। ਲਿਬਰਟੀ ਚੰਡੀਗੜ੍ਹ ਦੇ ਸੈਕਟਰ 17 ਵਾਂਗ ਹੈ। ਇਕੱਲਾ ਸੀ, ਮੈਂ ਵੀ ਸੋਚਿਆ ਕਿ ਲਿਬਰਟੀ ਦੇਖ ਆਵਾਂ। ਉਥੇ ਰਾਤ ਦੇ 11-12 ਵਜੇ ਤਕ ਔਰਤਾਂ ਇਕੱਲੀਆਂ ਸ਼ਾਪਿੰਗ ਕਰਦੀਆਂ ਰਹਿੰਦੀਆਂ ਹਨ। ਫਿਰ ਮਨ ਵਿਚ ਆਇਆ, ਵੱਡੇ ਹੋਟਲਾਂ 'ਚ ਤਾਂ ਖਾਣੇ ਬਹੁਤ ਖਾਧੇ, ਰੇਹੜੀ ਦਾ ਰੰਗ ਵੀ ਦੇਖੀਏ। ਘੁੰਮਦਾ ਘੁੰਮਦਾ ਇਕ ਰੇਹੜੀ 'ਤੇ ਗਿਆ, ਜਿਥੇ ਬੰਦਾ ਕੁਝ ਤਲ ਰਿਹਾ ਸੀ। ਪੁਛਿਆ ਤਾਂ ਕਹਿੰਦਾ, "ਜੀ ਪਿੱਠੀ ਟਿੱਕੀ ਹੈ। ਛੋਲਿਆਂ ਦੀ ਦਾਲ ਨੂੰ ਤਲ ਕੇ ਬਣਦੀ ਹੈ, ਆਲੂ ਦੀ ਟਿੱਕੀ ਵਾਂਗ।"

ਮੈਂ ਪਲੇਟ ਆਰਡਰ ਕੀਤੀ ਅਤੇ ਨਾਲ ਇਕ ਪਲੇਟ ਲਿਜਾਣ ਲਈ ਕਹਿ ਦਿੱਤਾ। ਇੰਨੇ ਨੂੰ ਇਕ ਭਾਈ ਸਾਹਿਬ ਨੇ ਆ ਕੇ ਅੱਠ ਪਲੇਟਾਂ ਆਰਡਰ ਕਰ ਦਿੱਤੀਆਂ ਤੇ ਨਾਲ ਕਹਿ ਦਿੱਤਾ ਕਿ ਸਰਦਾਰ ਸਾਹਿਬ ਤੋਂ ਪੈਸੇ ਨਹੀਂ ਲੈਣੇ। ਇਕ ਪਲੇਟ ਇਨ੍ਹਾਂ ਨੂੰ ਲਿਜਾਣ ਲਈ ਦੇ ਦੇਣਾ। ਜੱਫੀ ਪਾਈ, ਸ਼ੁਕਰੀਆ ਕੀਤਾ। ਥੋੜ੍ਹਾ ਅੱਗੇ ਗਿਆ ਤਾਂ ਇਕ ਜਨਾਬ ਨੇ 'ਸਤਿ ਸ੍ਰੀ ਅਕਾਲ' ਕੀਤੀ। ਕਹਿੰਦਾ, "ਇਸ ਮੁੰਡੇ ਦੀ ਚਾਹ ਜ਼ਰੂਰ ਪੀ ਕੇ ਜਾਇਉ, ਸਪੈਸ਼ਲ ਹੈ।" ਉਹ ਅਮਰੀਕਾ ਵਿਚ ਇੰਡੀਅਨ-ਪਾਕਿਸਤਾਨੀ ਪੰਜਾਬੀਆਂ ਦਾ ਪਿਆਰ ਦੇਖ ਚੁਕਾ ਸੀ। ਚਾਹ ਪੀਤੀ ਤਾਂ ਕਸ਼ਮੀਰ ਦੀ ਚਾਹ ਵਰਗੀ ਸੀ। ਬਦਾਮ ਜਾਫਰਾਨ ਦਾ ਸੁਆਦ ਸੀ। ਪੈਸੇ ਦੇਣ ਲੱਗਾ ਤਾਂ ਕਹਿੰਦਾ, "ਨਹੀਂ ਜੀ, ਪੈਸੇ ਤਾਂ ਉਹ ਦੇ ਗਏ।"

ਟ੍ਰਿਪ ਦੀ ਆਖਰੀ ਰਾਤ ਹੋਣ ਕਰਕੇ ਸ਼ਾਮ ਦਾ ਖਾਣਾ ਸਪੈਸ਼ਲ ਸੀ। ਇਹ ਸਦੀ ਪੁਰਾਣੀ ਹਵੇਲੀ ਵਿਚ ਸੀ, ਜੋ ਚਾਰ ਮੰਜ਼ਿਲੀ ਹੈ ਤੇ ਜੈਪੁਰ ਦੀ ਯਾਦ ਦਿਵਾਉਂਦੀ ਹੈ। ਰੰਗ-ਬਰੰਗੀਆਂ ਰੌਸ਼ਨੀਆਂ, ਹੇਠਲੀ ਮੰਜ਼ਿਲ 'ਤੇ ਛੋਟੇ ਛੋਟੇ ਬੂਥ। ਕਿਤੇ ਖਾਣਾ, ਕਿਤੇ ਵੰਗਾਂ, ਕਿਤੇ ਤਸਵੀਰਾਂ। ਉਥੇ ਜਾਣ ਲਈ ਪੁਰਾਣੀ ਲਿਫਟ ਸੀ, ਜਿਸ ਵਿਚ ਸਿਰਫ 4-5 ਬੰਦੇ ਹੀ ਜਾ ਸਕਦੇ ਸਨ। ਪੱਥਰ ਦੀਆਂ ਭੀੜੀਆਂ ਪੌੜੀਆਂ ਸਨ। ਸਾਡੇ ਖਾਣੇ ਦਾ ਇੰਤਜ਼ਾਮ ਉਥੇ ਖੁੱਲ੍ਹੇ ਟੈਰੇਸ 'ਤੇ ਸੀ, ਜਿਥੇ ਮੱਧਮ ਰੰਗ-ਬਰੰਗੀਆਂ ਲਾਈਟਾਂ ਵਿਚ ਖਾਣਾ ਵਰਤਾਇਆ ਜਾ ਰਿਹਾ ਸੀ। ਗਾਉਣ ਵਾਲਾ ਆਪਣੀ ਪਸੰਦ ਦੇ ਗੀਤ ਵੀ ਗਾ ਰਿਹਾ ਸੀ ਅਤੇ ਫਰਮਾਇਸ਼ਾਂ ਵੀ ਭੁਗਤਾ ਰਿਹਾ ਸੀ। ਆਲੇ-ਦੁਆਲੇ ਦਾ ਅਲੌਕਿਕ ਨਜ਼ਾਰਾ ਸੀ। ਇਕ ਪਾਸੇ ਸ਼ਾਹੀ ਮਸਜਿਦ ਦੀਆਂ ਦਿਲ ਖਿਚਵੀਂਆਂ ਰੋਸ਼ਨੀਆਂ ਸਨ ਅਤੇ ਸਾਹਮਣੇ ਗੁਰਦੁਆਰਾ ਡੇਰਾ ਸਾਹਿਬ ਦੀ ਸੀਨੇ ਠੰਢ ਪਾਉਂਦੀ ਰੋਸ਼ਨੀ ਸੀ। ਮਹਾਰਾਜਾ ਰਣਜੀਤ ਸਿੰਘ ਦਾ ਸ਼ਾਹੀ ਕਿਲ੍ਹਾ। ਮਾਹੌਲ ਚੜ੍ਹਦੇ ਪੰਜਾਬ ਦੀਆਂ ਸਾਰੀਆਂ ਹਵੇਲੀਆਂ ਨੂੰ ਮਾਤ ਪਾਉਂਦਾ ਸੀ। ਇਸ ਹਵੇਲੀ ਨੂੰ ਵਰਲਡ ਹੈਰੀਟੇਜ ਦਾ ਰੁਤਬਾ ਮਿਲ ਚੁਕਾ ਹੈ। ਪੰਜਾਬੀਅਤ ਦਾ ਮਾਣ ਸਾਂਭਿਆ ਹੋਇਆ ਹੈ।

ਸਵੇਰੇ ਜ਼ਬਰਦਸਤ ਨਾਸ਼ਤੇ ਤੋਂ ਬਾਅਦ ਵਿਦਾਇਗੀ ਸੀ। ਜੁਦਾ ਹੋਣ ਨੂੰ ਦਿਲ ਤਾਂ ਨਹੀਂ ਸੀ ਕਰਦਾ ਪਰ ਅਗਲੀ ਮੰਜ਼ਿਲ ਨਜ਼ਰ ਆਉਂਦੀ ਸੀ। ਕੁਝ ਲੋਕ ਵੱਖ-ਵੱਖ ਸਮੇਂ ਫਲਾਈਟਾਂ ਲੈ ਕੇ ਚਲੇ ਗਏ। ਕੁਝ ਵਾਹਗਾ ਬਾਰਡਰ ਲਈ ਵੈਨਾਂ 'ਚ ਬੈਠ ਗਏ। ਵੱਖ ਹੋਣ ਲੱਗਿਆਂ ਵਾਰ-ਵਾਰ 'ਸਤਿ ਸ੍ਰੀ ਅਕਾਲ', 'ਸਲਾਮ', 'ਧੰਨਵਾਦ', 'ਫਿਰ ਆਇਓ' ਦੁਹਰਾਇਆ ਜਾ ਰਿਹਾ ਸੀ। ਹਰ ਇਕ ਦੇ ਮੂੰਹੋਂ ਇਹੀ ਨਿਕਲ ਰਿਹਾ ਸੀ, "ਜ਼ਰੂਰ ਆਵਾਂਗੇ।" ਵੈਸੇ ਵੀ ਅਸੀਂ ਸ਼ਿਕਾਗੋ 10 ਕੁ ਸਾਲ ਪਹਿਲਾਂ ਪਾਕਿਸਤਾਨ ਦੇ ਇਕ ਐਮ. ਪੀ. ਨੂੰ ਡਿਨਰ ਦਿਤਾ ਸੀ, ਉਦੋਂ ਉਸ ਨੇ ਕਿਹਾ ਸੀ, "ਸਰਦਾਰਾਂ ਨੂੰ ਪਾਕਿਸਤਾਨ ਆਉਣ ਤੋਂ ਕੌਣ ਰੋਕ ਸਕਦਾ ਹੈ!" ਤੇ ਇਹ ਅਹਿਸਾਸ ਉਥੇ ਜਾ ਕੇ ਦੁਹਰਾਇਆ ਗਿਆ।

ਵਾਹਗਾ ਬਾਰਡਰ 'ਤੇ ਵੈਨਾਂ ਅਤੇ ਬੱਘੀ ਰਾਹੀਂ ਪੁੱਜੇ। ਉਥੇ ਪਹਿਲਾਂ ਪਾਕਿਸਤਾਨੀ ਕਸਟਮ ਵਾਲਿਆਂ ਬਿਨਾ ਰੋਕ ਟੋਕ ਲੰਘਣ ਦਿੱਤਾ, ਪਰ ਜੋ ਕੁਝ ਇਮੀਗਰੇਸ਼ਨ 'ਤੇ ਹੋਇਆ, ਬਹੁਤ ਸ਼ਰਮਨਾਕ ਸੀ। ਪਾਕਿਸਤਾਨੀਆਂ ਨੇ ਗਲਤੀ ਕੀਤੀ ਕਿ ਯਾਤਰੂਆਂ ਦੀ ਲਾਈਨ ਨਹੀਂ ਬਣਵਾਈ। ਸੋ ਜਥੇ ਨੇ ਇਮੀਗਰੇਸ਼ਨ ਕਾਊਂਟਰ 'ਤੇ ਧਾਵਾ ਬੋਲ ਦਿੱਤਾ। ਉਥੇ ਦੋ ਲੜਕੀਆਂ ਡਿਊਟੀ 'ਤੇ ਸਨ ਤੇ

*(ਅਗਲੇ ਸਫੇ 'ਤੇ ਜਾਰੀ)*

# ਗੁਰੂ ਨਾਨਕ ਦੇਵ ਜੀ ਅਤੇ ਸੁਲਤਾਨਪੁਰ ਲੋਧੀ

ਪੰਜਾਬ ਦੇ ਰਿਆਸਤੀ ਸ਼ਹਿਰ ਕਪੂਰਥਲਾ ਤੋਂ ਦੱਖਣ ਵੱਲ ਜਲੰਧਰ-ਫਿਰੋਜ਼ਪੁਰ ਰੇਲ ਮਾਰਗ 'ਤੇ ਸਥਿਤ ਕਰੀਬ 17000 ਦੀ ਆਬਾਦੀ ਵਾਲਾ, ਕਾਲੀ ਵੇਈਂ ਦੇ ਕੰਢੇ 'ਤੇ ਵੱਸਿਆ ਕਸਬਾ ਸੁਲਤਾਨਪੁਰ ਲੋਧੀ ਸਿੱਖ ਜਗਤ ਵਿਚ ਭਾਵੇਂ ਗੁਰੂ ਨਾਨਕ ਦੇਵ ਜੀ ਕਰਕੇ ਹੀ ਜਾਣਿਆ ਜਾਂਦਾ ਹੈ, ਪਰ ਇਹ ਕਸਬਾ ਆਪਣੀ ਬੁੱਕਲ 'ਚ ਕਈ ਸਦੀਆਂ ਦਾ ਇਤਿਹਾਸ ਸਮੋਈ ਬੈਠਾ ਹੈ। ਇਸ ਦੀ ਮੌਜੂਦਾ ਖਸਤਾ ਹਾਲਤ ਦੇ ਮੁਕਾਬਲੇ ਇਸ ਦਾ ਇਤਿਹਾਸਕ ਅਤੀਤ ਬੜਾ ਮਾਣਮੱਤਾ ਤੇ ਸਭਿਆਚਾਰਕ ਵੰਨ-ਸੁਵੰਨਤਾ ਭਰਪੂਰ ਰਿਹਾ ਹੈ। ਇਸ ਨੇ ਖਾਕਸਾਰੀ ਵੀ ਭੋਗੀ ਹੈ ਤੇ ਨਵਾਬਪ੍ਰਸਤੀ ਵੀ। ਇਹ ਪੀਰਾਂ ਪੁਰੀ ਵੀ ਅਖਵਾਇਆ ਹੈ ਤੇ ਇਸ ਦੀ ਅਪਸ਼ਗਨੀ ਬਾਰੇ ਇਹ ਵੀ ਕਿਹਾ ਜਾਂਦਾ ਰਿਹਾ ਹੈ,

ਫਜ਼ਰੇ ਨਾਂ ਸੁਲਤਾਨਪੁਰ, ਢਾਵੇਂ ਕਈ ਕਹਿਰ।
ਚੰਗਾ ਇਸ ਨੂੰ ਆਖਣਾ, ਛੀਟਾਂ ਵਾਲਾ ਸ਼ਹਿਰ।

ਇਹ ਕਈ ਵਾਰ ਢਾਹਿਆ ਤੇ ਕਈ ਵਾਰ ਬਣਾਇਆ ਗਿਆ, ਕਈ ਵਾਰ ਸਾੜਿਆ-ਫੂਕਿਆ ਗਿਆ, ਪਰ ਇਹ ਮੁੜ ਮੁੜ ਕੁਕਨੂਸ ਵਾਂਗ ਆਪਣੀ ਰਾਖ ਵਿਚੋਂ ਜੁੰਬਸ਼ ਵਿਚ ਆਉਂਦਾ ਰਿਹਾ।

ਡਾ. ਆਸਾ ਸਿੰਘ ਘੁੰਮਣ*
ਨਡਾਲਾ, ਕਪੂਰਥਲਾ।
ਫੋਨ: 91-98152-53245

ਕੋਈ ਜ਼ਮਾਨਾ ਸੀ, ਉਸਤਾਦ ਮੁੱਲਾ ਅਬਦੁਲ ਲਤੀਫ ਦੇ ਮੁਸਲਿਮ ਮਦਰੱਸੇ ਵਿਚ ਦਾਰਾ ਸ਼ਿਕੋਹ ਜਿਹੇ ਸ਼ਹਿਜ਼ਾਦੇ ਵਿਦਿਆ ਪ੍ਰਾਪਤੀ ਲਈ ਦਿੱਲੀ ਤੋਂ ਸੁਲਤਾਨਪੁਰ ਲੋਧੀ ਜਾਂਦੇ ਸਨ। ਇਹ ਲਾਹੌਰ-ਆਗਰਾ ਸ਼ਾਹ ਮਾਰਗ 'ਤੇ ਮੁਗਲਾਂ ਦੀ ਅਹਿਮ ਆਰਾਮਗਾਹ ਸੀ। ਅਲੈਗਜ਼ੈਂਡਰ ਕਨਿੰਘਮ ਦੇ 1878-79 ਵਿਚ ਕੀਤੇ ਸਰਵੇ ਮੁਤਾਬਕ ਇਸ ਦੀ ਹੋਂਦ ਦੀ ਸੰਭਾਵਨਾ ਪਹਿਲੀ ਈਸਵੀ ਤੋਂ ਪਹਿਲਾਂ ਦੀ ਬਣਦੀ ਹੈ।

ਗੁਰੂ ਨਾਨਕ ਦੇਵ ਜੀ, ਜਦੋਂ ਲੋੜ ਤੋਂ ਵੱਧ ਦੁਨਿਆਵੀ ਸੁਭਾਅ ਦੇ ਮਾਲਕ ਆਪਣੇ ਪਿਤਾ ਕਲਿਆਣ ਦਾਸ ਚੰਦ ਬੇਦੀ (ਮਹਿਤਾ ਕਾਲੂ) ਤੋਂ ਉਕਤਾ ਕੇ ਸੁਲਤਾਨਪੁਰ ਲੋਧੀ ਆਪਣੀ ਭੈਣ ਨਾਨਕੀ ਕੋਲ ਆਏ, ਜਿੱਥੇ ਉਨ੍ਹਾਂ ਦਾ ਭਣਵੱਈਆ ਦੀਵਾਨ ਜੈ ਰਾਮ ਉਪਲ, ਨਵਾਬ ਦੌਲਤ ਖਾਨ ਲੋਧੀ ਕੋਲ ਬਤੌਰ ਜਾਇਦਾਦ-ਮੁਖਤਾਰ ਕੰਮ ਕਰਦਾ ਸੀ। ਉਸ ਸਮੇਂ ਗੁਰੂ ਜੀ ਦੀ ਉਮਰ 15 ਸਾਲ ਸੀ ਜਾਂ 25 ਸਾਲ, ਉਹ ਗ੍ਰਹਿਸਥ-ਪਰਵੇਸ਼ ਪਿਛੋਂ ਪਰਿਵਾਰ ਸਮੇਤ ਇੱਥੇ ਆਏ ਜਾਂ ਸ਼ਾਦੀ ਤੋਂ ਪਹਿਲਾਂ, ਯਕੀਨੀ ਤੌਰ 'ਤੇ ਜਾਣਨਾ ਬਹੁਤ ਔਖਾ ਹੈ, ਪਰ ਇਹ ਗੱਲ ਨਿਸ਼ਚਿਤ ਹੈ ਕਿ ਉਸ ਵੇਲੇ ਦਾ ਸੁਲਤਾਨਪੁਰ ਲੋਧੀ ਆਪਣੇ ਜਾਹੋ-ਜਲੌ ਦੀ ਸਿਖਰ 'ਤੇ ਸੀ। ਨਵਾਬ ਦੌਲਤ ਖਾਨ, ਜੋ ਉਸ ਵੇਲੇ ਇਸ ਰਿਆਸਤ ਦਾ ਪ੍ਰਸ਼ਾਸਕ ਸੀ, ਚੰਗੇ ਸੁਹਜ ਸੁਆਦ ਦਾ ਮਾਲਕ ਸੀ। ਉਸ ਨੇ ਆਪਣੀ ਰਿਆਸਤ ਦੇ ਇਸ ਮਰਕਜ਼ੀ ਸ਼ਹਿਰ ਨੂੰ ਸੁੰਦਰਤਾ ਅਤੇ ਰਮਣੀਕਤਾ ਪ੍ਰਦਾਨ ਕਰਨ ਵਾਸਤੇ ਇਸ ਦੇ ਇਰਦ-ਗਿਰਦ ਵਿਉਂਤਬੱਧ ਤਰੀਕੇ ਨਾਲ ਹਰਿਆਵਲ ਭਰੇ ਮੈਦਾਨ ਵਿਕਸਿਤ ਕੀਤੇ ਅਤੇ ਆਪਣੇ ਹਿਫਾਜ਼ਤੀ ਤੰਤਰ ਨੂੰ ਵੀ ਮਜ਼ਬੂਤ ਕੀਤਾ। ਇਸ ਦੇ ਕੋਲ ਵਗਦੀ ਕਾਲੀ ਵੇਈਂ ਵੀ ਉਸ ਸਮੇਂ ਜ਼ਰੂਰ ਹੀ ਕਾਫੀ ਵਿਸ਼ਾਲ ਹੋਵੇਗੀ, ਕਿਉਂਕਿ ਸਾਰੇ ਹੀ ਸਾਖੀਕਾਰ ਇਸ ਨੂੰ ਦਰਿਆ ਸੱਦਦੇ ਹਨ।

ਇਕ ਪਰੰਪਰਾ ਅਨੁਸਾਰ ਦੌਲਤ ਖਾਨ ਲੋਧੀ ਨੇ ਹੀ ਇਸ ਦਾ ਨਾਮਕਰਣ ਸੁਲਤਾਨ ਇਬਰਾਹੀਮ ਲੋਧੀ ਦੇ ਨਾਂ 'ਤੇ ਕੀਤਾ। ਹਾਲਾਂਕਿ ਕਪੂਰਥਲਾ ਸਟੇਟ ਗਜ਼ਟੀਅਰ (1904) ਅਨੁਸਾਰ ਇਹ ਕਸਬਾ ਮਹਿਮੂਦ ਗਜ਼ਨਵੀ ਦੇ ਜਰਨੈਲ ਸੁਲਤਾਨ ਖਾਨ ਲੋਧੀ ਨੇ ਵਸਾਇਆ ਸੀ। ਉਂਜ 19ਵੀਂ ਸਦੀ ਦਾ ਇਤਿਹਾਸਕਾਰ ਰਾਮ ਜੱਸ ਸਮਝਦਾ ਹੈ ਕਿ ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਇਸ ਥਾਂ 'ਤੇ ਸਰਬਮਾਨਪੁਰ ਨਾਂ ਦਾ ਸ਼ਹਿਰ ਆਬਾਦ ਸੀ।


ਉਸ ਵੇਲੇ ਦੇ ਸੁਲਤਾਨਪੁਰ ਲੋਧੀ ਨੇ ਗੁਰੂ ਨਾਨਕ ਦੇਵ ਜੀ ਨੂੰ ਉਹ ਮਾਹੌਲ ਦਿੱਤਾ, ਜੋ ਉਨ੍ਹਾਂ ਦੀ ਫਿਤਰਤ ਦੇ ਅਨੁਕੂਲ ਸੀ। ਸੁਲਤਾਨਪੁਰ ਲੋਧੀ ਬਾਰੇ ਇਹ ਅਖਾਣ ਸੱਚ ਸੀ, "ਸੁਲਤਾਨਪੁਰ ਤੇ ਮੁਲਤਾਨ, ਜਿਥੇ ਪੀਰਾਂ ਨੂੰ ਵਰਦਾਨ।" ਵੇਈਂ ਦੇ ਕੰਢੇ 'ਤੇ ਰੱਬੀ ਰਮਜ਼ਾਂ ਦੀਆਂ ਬਾਤਾਂ ਪਾਉਣ ਵਾਲੇ ਕਈ ਪੀਰ-ਫਕੀਰ ਇਥੇ ਡੇਰੇ ਲਾਈ ਬੈਠੇ ਸਨ। ਖਰਬੂਜ਼ੇ ਸ਼ਾਹ ਅਤੇ ਗੈਬੀ ਗਾਜ਼ੀ ਦੀਆਂ ਸਮਾਧਾਂ ਅਜੋਕੇ ਗੁਰਦੁਆਰਾ ਬੇਰ ਸਾਹਿਬ ਦੇ ਨਜ਼ਦੀਕ ਅੱਜ ਵੀ ਮੌਜੂਦ ਹਨ। ਗੁਰਦੁਆਰਾ ਬੇਰ ਸਾਹਿਬ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਅਤੇ ਮੌਜੂਦਾ ਇਮਾਰਤ 1937 ਵਿਚ ਕਪੂਰਥਲਾ ਰਿਆਸਤ ਦੇ ਮਹਾਰਾਜਾ ਜਗਤਜੀਤ ਸਿੰਘ ਨੇ ਉਸ ਅਸਥਾਨ 'ਤੇ ਬਣਵਾਈ, ਜਿੱਥੇ ਸਮਝਿਆ ਜਾਂਦਾ ਹੈ, ਗੁਰੂ ਜੀ ਰੋਜ਼ ਸਵੇਰੇ ਇਸ਼ਨਾਨ ਕਰਨ ਪਹੁੰਚਦੇ ਸਨ ਤੇ ਰੁੱਖ ਥੱਲੇ ਬੈਠ ਅੰਤਰ-ਧਿਆਨ ਹੁੰਦੇ ਸਨ। ਇਹ ਗੱਲ ਕਾਫੀ ਵਾਜਬ ਲੱਗਦੀ ਹੈ, ਕਿਉਂਕਿ ਬੇਰ ਸਾਹਿਬ ਵਾਲੀ ਇਹ ਥਾਂ ਉਸ ਸਮੇਂ ਬੜੀ ਸ਼ਾਂਤਮਈ ਤੇ ਇਕਾਂਤਨੁਮਾ ਸੀ। ਇੱਥੇ 'ਚਿੜੀ ਚੌਂਕੀ ਪਹੁ ਫੁਟੀ ਵਗਣ ਬਹੁ ਤਰੰਗ' ਵਾਲਾ ਪੂਰਾ ਮਾਹੌਲ ਸਿਰਜਿਆ ਜਾਂਦਾ ਹੋਵੇਗਾ।

ਜ਼ਿਕਰਯੋਗ ਹੈ ਕਿ ਇਸ ਅਸਥਾਨ ਦੇ ਵੇਈਂ ਪਾਰ ਦੂਜੇ ਪਾਸੇ ਸੌ ਕੁ ਗਜ 'ਤੇ ਸਥਿਤ ਹਦੀਰਾ, ਜੋ ਨਵਾਬਾਂ ਦੀ ਐਸ਼ਗਾਹ ਜਾਂ ਨਾਚ ਘਰ ਸੀ, ਗੁਰੂ ਜੀ ਦੇ ਸਮੇਂ ਨਹੀਂ ਸੀ ਹੁੰਦਾ। ਮਾਹਿਰ ਮੰਨਦੇ ਹਨ ਕਿ ਹਦੀਰੇ ਦੀ ਉਸਾਰੀ 1555 ਤੋਂ ਬਾਅਦ ਹੀ ਸੰਭਵ ਹੋ ਸਕਦੀ ਹੈ, ਕਿਉਂਕਿ ਇਸ ਸ਼ੈਲੀ ਵਿਚ ਬਣਨ ਵਾਲੀਆਂ ਇਮਾਰਤਾਂ ਵਿਚੋਂ ਸਭ ਤੋਂ ਪਹਿਲੀ ਇਮਾਰਤ ਦਿੱਲੀ ਦੇ ਪੁਰਾਣੇ ਕਿਲੇ ਵਿਚ ਸਥਿਤ ਸ਼ੇਰ-ਮੰਡਲ (ਸ਼ੌਰ-ਮੰਡਲ) ਨਾਂ ਦੀ ਇਮਾਰਤ ਹੈ, ਜਿਸ ਦੀ ਉਸਾਰੀ ਬਾਦਸ਼ਾਹ ਹਮਾਯੂੰ ਨੇ 1555 ਵਿਚ ਕਰਵਾਈ ਸੀ। ਇਸ ਦੇ ਨਜ਼ਦੀਕ ਹੀ ਕਹੇ ਜਾਂਦੇ ਕੰਜਰੀ ਪੁਲ ਦੇ ਬਣਨ ਦੀ ਸੰਭਾਵਨਾ ਵੀ ਗੁਰੂ ਜੀ ਤੋਂ ਬਹੁਤ ਦੇਰ ਬਾਅਦ ਦੀ ਬਣਦੀ ਹੈ।

ਆਪਣੇ ਪਿਤਾ ਦੇ ਮਾਇਆਵਾਦੀ ਸਾਏ ਤੋਂ ਦੂਰ ਗੁਰੂ ਜੀ ਮੋਦੀਖਾਨੇ ਦੀਆਂ ਸੇਵਾਵਾਂ ਵੀ ਨਿਭਾ ਰਹੇ ਸਨ, ਗਰੀਬ ਗੁਰਬੇ ਦੀ ਮਦਦ ਵੀ ਕਰ ਰਹੇ ਸਨ ਅਤੇ ਆਪਣੇ ਵੱਖਰੇ ਘਰ ਵਿਚ ਰਹਿੰਦਿਆਂ ਆਪਣੇ ਪਰਿਵਾਰ ਪ੍ਰਤੀ ਆਪਣੇ ਫਰਜ਼ ਵੀ ਪੂਰੇ ਕਰ ਰਹੇ ਸਨ। ਉਨ੍ਹਾਂ ਦਾ ਗਰਾਈਂ ਅਤੇ ਕਰੀਬੀ ਦੋਸਤ ਭਾਈ ਮਰਦਾਨਾ, ਜੋ ਤਲਵੰਡੀ ਵਿਖੇ ਭਗਤ ਨਾਮਦੇਵ ਜੀ ਦੇ ਦੋਹੜੇ ਗਾਉਂਦਾ ਰਹਿੰਦਾ ਸੀ, ਵੀ ਹੁਣ ਇਥੇ ਪਹੁੰਚ ਚੁਕਾ ਸੀ। ਭਾਵੇਂ ਦੋਖੀਆਂ ਨੇ ਮੋਦੀਖਾਨੇ ਬਾਰੇ ਦੂਸ਼ਣਬਾਜ਼ੀਆਂ ਵੀ ਲਾਈਆਂ ਅਤੇ ਪੜਤਾਲਾਂ ਵੀ ਕਰਵਾਈਆਂ ਪਰ ਇਥੇ ਵੀ ਰਾਏ ਬੁਲਾਰ ਵਰਗੇ ਕਦਰਦਾਨ ਨਵਾਬ ਦੌਲਤ ਖਾਨ ਨੇ ਉਨ੍ਹਾਂ ਦੀ ਅਜ਼ਮਤ ਦੀ ਪਛਾਣ ਕਰ ਲਈ ਸੀ। ਆਪਣਾ ਕਾਰੋਬਾਰ ਪੂਰੀ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਨਿਭਾਉਣ ਦੇ ਨਾਲ ਨਾਲ ਉਨ੍ਹਾਂ ਦੀ ਇਸ ਸੰਸਾਰ ਦਾ ਅੰਤਰੀਵ ਸੱਚ ਜਾਣਨ ਦੀ ਜਿਗਿਆਸਾ ਵੀ ਬਾਕਾਇਦਾ ਕਾਇਮ ਰਹੀ। ਸ਼ਾਮ ਨੂੰ ਸਿਮਰਨ ਤੇ ਕੀਰਤਨ ਕਰਦੇ ਅਤੇ ਦੇਰ ਰਾਤ ਤੱਕ ਜਾਂ ਸਵੇਰੇ ਉਠ ਕੇ ਗਹਿਰਾ ਚਿੰਤਨ ਕਰਦੇ, ਜਿਸ ਲਈ ਸੁਲਤਾਨਪੁਰ ਦਾ ਆਲਾ ਦੁਆਲਾ 'ਬਲਿਹਾਰੀ ਕੁਦਰਤ ਵਸਿਆ' ਦੀ ਵਧੀਆ ਮਿਸਾਲ ਸੀ।

ਸਾਖੀਕਾਰਾਂ ਦੀ ਇਹ ਹਾਇਓਗ੍ਰਾਫਿਕ ਵਰਣਨ (hagiographic description) ਕਿ ਇਕ ਦਿਨ ਗੁਰੂ ਜੀ ਇਸ਼ਨਾਨ ਕਰਨ ਗਿਆਂ ਵੇਈਂ ਵਿਚ ਤਿੰਨ ਦਿਨ ਲਈ ਅਲੋਪ ਹੋ ਗਏ ਤੇ ਇਸ ਦੌਰਾਨ ਉਨ੍ਹਾਂ ਦਾ ਪਰਮਾਤਮਾ ਨਾਲ ਮਿਲਾਪ ਹੋਇਆ, ਨੂੰ ਜੇ ਪਾਸੇ ਰੱਖ ਕੇ ਵੀ ਵੇਖਿਆ ਜਾਵੇ ਤਾਂ ਵੀ ਲੱਗਦਾ ਹੈ ਕਿ ਸੁਲਤਾਨਪੁਰ ਲੋਧੀ ਰਹਿੰਦਿਆਂ ਕਿਸੇ ਇਕ ਵਿਸ਼ੇਸ਼ ਦਿਨ ਗੁਰੂ ਨਾਨਕ ਦੇਵ ਜੀ ਨੂੰ ਕੋਈ ਚਮਤਕਾਰੀ ਜਾਂ ਅਲੌਕਿਕ ਅਨੁਭਵ ਜ਼ਰੂਰ ਹੋਇਆ ਹੋਵੇਗਾ। ਇਸ ਬਾਰੇ ਐਫ. ਐਚ. ਮੈਕਲੌਡ, ਜਿਸ ਨੇ ਸਾਖੀਆਂ ਦਾ ਬੜਾ ਭਾਵਪੂਰਤ ਵਿਸ਼ਲੇਸ਼ਣ ਕੀਤਾ ਹੈ, ਬੜੇ ਭਾਵਪੂਰਤ ਅਤੇ ਪ੍ਰਭਾਵਸ਼ਾਲੀ ਲਫਜ਼ਾਂ ਵਿਚ ਵਿਖਿਆਨ ਕਰਦਾ ਹੈ:

"It would be entirely reasonable to regard the Janamsakhi accounts as the descendents of an authentic tradition concerning a personally decisive and perhaps ecstatic experience, a climactic culmination of years of searching, issuing in illumination and in the conviction that he had been called to proclaim divine truth to the world."


ਗੁਰਦੁਆਰਾ ਬੇਰ ਸਾਹਿਬ

ਇਹ ਅਲੌਕਿਕ ਅਨੁਭਵ ਕਈ ਸਾਲਾਂ ਦੀ ਭਗਤੀ, ਚਿੰਤਨ ਅਤੇ ਨਿਰੰਤਰ ਜਿਗਿਆਸਾ ਦਾ ਫਲ ਸੀ, ਜਿਸ ਦੀ ਸ਼ੁਰੂਆਤ ਤਲਵੰਡੀ ਵਿਚ ਉਸਤਾਦਾਂ ਤੋਂ ਵਿਦਿਆ ਪ੍ਰਾਪਤੀ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ। ਇਸ ਨੂੰ ਪ੍ਰਕਾਸ਼ (Illumination) ਦਾ ਜਾਂ ਗਿਆਨ (Enlightenment) ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਉਵੇਂ ਹੀ ਜਿਵੇਂ ਮਹਾਤਮਾ ਬੁੱਧ ਨੂੰ ਲੰਬੀ ਤਪੱਸਿਆ ਪਿਛੋਂ ਬੋ-ਬਿਰਖ ਦੇ ਥੱਲੇ ਬੈਠਿਆਂ ਅਹਿਸਾਸ ਹੋਇਆ ਸੀ।

ਇਥੇ ਇਹ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਸੁਲਤਾਨਪੁਰ ਲੋਧੀ ਕਿਸੇ ਜ਼ਮਾਨੇ ਵਿਚ ਬੁੱਧ ਮਤ ਦਾ ਵੀ ਅਧਿਐਨ ਕੇਂਦਰ ਰਿਹਾ ਹੈ। ਚੀਨੀ ਯਾਤਰੀ ਹਿਊਨ ਸਾਂਗ 629 ਵਿਚ ਪੰਜਾਬ ਦੇ ਯਾਤਰਾ ਬਿਰਤਾਂਤ ਵਿਚ ਜਲੰਧਰ ਤੋਂ 25 ਕੁ ਮੀਲ ਦੂਰ ਦੱਖਣ-ਪੱਛਮ ਵਿਚ ਇਕ ਬੋਧ ਮੱਠ "ਤਾ-ਮੇ-ਸੁ-ਫਾ-ਨਾ" (ਤਾਮਸਵਨ ਭਾਵ ਕਾਲਾ ਜੰਗਲ) ਦਾ ਜ਼ਿਕਰ ਕਰਦਾ ਹੈ, ਜਿਸ ਵਿਚ ਉਸ ਸਮੇਂ ਕਰੀਬ 300 ਭਿਕਸ਼ੂ ਬੁੱਧ ਧਰਮ ਦੇ ਸਿਧਾਂਤਾਂ ਦਾ ਅਧਿਐਨ ਕਰ ਰਹੇ ਸਨ। ਹਿਊਨ ਸਾਂਗ ਅਨੁਸਾਰ ਅਸ਼ੋਕ ਨੇ ਆਪਣੇ ਰਾਜ ਕਾਲ ਵਿਚ ਇਥੇ ਇੱਕ ਸਤੂਪ ਦੀ ਉਸਾਰੀ ਵੀ ਕਰਵਾਈ ਸੀ, ਜੋ ਲਗਭਗ 200 ਫੁੱਟ ਉਚਾ ਸੀ।

ਅਲੈਗਜ਼ੈਂਡਰ ਕਨਿੰਘਮ ਦਾ ਯਕੀਨ ਹੈ ਕਿ ਇਹ ਤਾਮਸਵਨ ਸੁਲਤਾਨਪੁਰ ਲੋਧੀ ਹੀ ਹੋ ਸਕਦਾ ਹੈ, ਹੋਰ ਕੋਈ ਨਹੀਂ। ਉਸੇ ਧਰਤੀ ਤੋਂ 'ਏਕੋ ਸਿਮਰੋ ਨਾਨਕਾ, ਦੂਜਾ ਨਾਹੀ ਕੋਇ' ਦਾ ਨਾਅਰਾ ਗੂੰਜਿਆ। ਦੁਜਿਆਂ ਦਾ ਧਰਮ ਬਦਲਣ ਦਾ ਸੋਚਣ ਤੋਂ ਪਹਿਲਾਂ ਆਪ ਸੱਚੇ ਧਰਮੀ ਹੋਣ ਦਾ ਹੋਕਾ ਬੁਲੰਦ ਹੋਇਆ। 'ਚੜਿਆ ਸੋਧਿਣ ਧਰਤ ਲੋਕਾਈ' ਦਾ ਮੁੱਢ ਬੱਝਾ।

'ਇੱਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ' ਦਾ ਸਬੱਬ ਵੀ ਸੁਲਤਾਨਪੁਰ ਲੋਧੀ ਤੋਂ ਹੀ ਬਣਦਾ ਹੈ। ਉਹ ਰਬਾਬ, ਜਿਸ ਬਾਰੇ ਗੁਰੂ ਜੀ ਕਹਿੰਦੇ ਹਨ, "ਰਬਾਬ ਪਖਾਵਜ ਤਾਲ ਘੁੰਘਰੂ ਅਨਹਦ ਸਬਦ ਵਜਾਵੈ।" ਅਤੇ 1534 ਵਿਚ ਮਰਦਾਨੇ ਦੀ ਮੌਤ 'ਤੇ ਉਚਾਰਦੇ ਹਨ, "ਤੂਟੀ ਤੰਤ ਰਬਾਬ ਕੀ ਵਾਜੈ ਨਹੀ ਵਿਜੋਗਿ॥ ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰ ਸੰਜੋਗਿ॥" ਦਾ ਸਬੰਧ ਸੁਲਤਾਨਪੁਰ ਦੇ ਲਾਗੇ ਪੈਂਦੇ ਪਿੰਡ ਭਰੋਆਣਾ ਨਾਲ ਜੁੜਦਾ ਹੈ। ਇੱਕ ਵਿਸ਼ੇਸ਼ ਰਬਾਬ ਇਥੇ ਰਹਿੰਦੇ ਭਾਈ ਫਰਿੰਦੇ ਨੇ ਵਿਸ਼ੇਸ਼ ਤੌਰ 'ਤੇ ਭਾਈ ਮਰਦਾਨੇ ਲਈ ਬਣਾਈ ਸੀ। (ਇਸੇ ਖਾਨਦਾਨ ਵਿਚੋਂ ਬਾਅਦ ਵਿਚ ਪ੍ਰਸਿੱਧ ਰਬਾਬੀ ਭਾਈ ਅਮੀਰ ਬਖਸ਼ ਹੋਏ ਅਤੇ ਅੱਗੋਂ ਉਨ੍ਹਾਂ ਦੇ ਪੁੱਤਰ ਭਾਈ ਮਹਿਬੂਬ ਅਲੀ 19ਵੀਂ ਸਦੀ ਦੇ ਪ੍ਰਸਿੱਧ ਸਿਤਾਰਵਾਦਕ ਹੋਏ)

ਗੁਰੂ ਜੀ ਦੀ ਨਵ-ਪ੍ਰਾਪਤ ਪ੍ਰਬੁੱਧਤਾ, ਅਲੌਕਿਕ ਅਨੁਭਵ ਅਤੇ ਰੱਬੀ ਅਹਿਸਾਸ ਵਾਲਾ ਵਾਕਿਆ 1499-1500 ਦੇ ਕਰੀਬ ਵਾਪਰੇ ਹੋਣ ਦੀ ਸੰਭਾਵਨਾ ਹੈ, ਕਿਉਂਕਿ ਉਸ ਸਮੇਂ ਨਵਾਬ ਦੌਲਤ ਖਾਨ ਸੁਲਤਾਨਪੁਰ ਵਿਚ ਹੀ ਸੀ। 1501-02 ਦੇ ਕਰੀਬ ਉਹ ਗਵਰਨਰ ਬਣ ਕੇ ਲਾਹੌਰ ਚਲਾ ਗਿਆ।

ਗੁਰੂ ਜੀ ਸੁਲਤਾਨਪੁਰ ਲੋਧੀ ਤੋਂ ਕਿਸ ਸਾਲ ਉਦਾਸੀਆਂ 'ਤੇ ਤੁਰੇ, ਕੁਝ ਪੱਕਾ ਨਹੀਂ ਕਿਹਾ ਜਾ ਸਕਦਾ, ਪਰ ਇਹ ਸੱਚ ਹੈ ਕਿ ਉਹ ਹਰ ਉਦਾਸੀ ਪਿਛੋਂ ਭੈਣ ਨਾਨਕੀ ਨੂੰ ਮਿਲਣ ਸੁਲਤਾਨਪੁਰ ਲੋਧੀ ਆਉਂਦੇ ਰਹੇ। ਹਾਲਾਂਕਿ ਇਹ ਵੀ ਸੱਚ ਹੈ ਕਿ ਨਵਾਬ ਦੌਲਤ ਖਾਨ ਦੇ ਲਾਹੌਰ ਚਲੇ ਜਾਣ ਪਿਛੋਂ ਭਾਈਏ ਜੈ ਰਾਮ ਦੇ ਪਰਿਵਾਰ ਨੂੰ ਵੀ ਜ਼ਰੂਰ ਮੁਸ਼ਕਿਲਾਂ ਆਈਆਂ ਹੋਣਗੀਆਂ। ਸੰਨ 1515 ਵਿਚ ਰਾਏ ਬੁਲਾਰ ਦੇ ਫੌਤ ਹੋ ਜਾਣ ਪਿਛੋਂ ਗੁਰੂ ਜੀ ਦਾ ਤਲਵੰਡੀ ਨਾਲ ਮੋਹ ਹੋਰ ਵੀ ਘਟ ਗਿਆ ਹੋਵੇਗਾ। ਉਨ੍ਹਾਂ ਦਾ ਸਹੁਰਾ ਮੂਲ ਚੰਦ ਚੋਨਾ ਰਹਿੰਦਾ ਭਾਵੇਂ ਬਟਾਲੇ ਸੀ, ਪਰ ਉਹ ਪੱਖੋਕੇ ਰੰਧਾਵੇ ਪਟਵਾਰੀ ਸਨ ਜਾਂ ਸ਼ਾਇਦ ਉਨ੍ਹਾਂ ਦਾ ਪਿਛੋਕੜ ਇਸ ਇਲਾਕੇ ਨਾਲ ਸੀ। ਉਮਰ ਦੇ ਆਖਰੀ ਸਾਲਾਂ ਵਿਚ ਅਜਿੱਤੇ ਰੰਧਾਵੇ, ਸ਼ੇਖ ਕਰੋੜੀ ਮੱਲ ਅਤੇ ਬਾਬਾ ਬੁੱਢਾ ਰੰਧਾਵਾ ਵਰਗਿਆਂ ਦੇ ਪਿਆਰ ਸਦਕਾ ਉਨ੍ਹਾਂ ਕਰਤਾਰਪੁਰ ਵਸਾਇਆ ਜਾਂ ਇਨ੍ਹਾਂ ਗੁਰਮੁਖਾਂ ਲਈ ਇਹ ਨਗਰ ਵਸਾਇਆ ਗਿਆ, ਨਿਸ਼ਚੈ ਨਾਲ ਕਹਿਣਾ ਔਖਾ ਹੈ। 'ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ' ਵਾਲਾ ਵਾਕਿਆ 1516 ਵਿਚ ਵਾਪਰਦਾ ਹੈ ਜਾਂ ਮਰਦਾਨੇ ਦੀ ਮੌਤ ਪਿਛੋਂ 1534 ਵਿਚ, ਕੁਝ ਵੀ ਕਹਿਣਾ ਔਖਾ ਹੈ।

ਜੋ ਵੀ ਹੋਵੇ ਗੁਰੂ ਜੀ ਦੀ ਜ਼ਿੰਦਗੀ ਦਾ ਸਭ ਤੋਂ ਵੱਧ ਅਹਿਮ ਸਥਾਨ ਸੁਲਤਾਨਪੁਰ ਲੋਧੀ ਹੀ ਕਿਹਾ ਜਾ ਸਕਦਾ ਹੈ, ਜਿਸ ਨੂੰ ਭਾਈ ਗੁਰਦਾਸ ਜੀ 'ਸੁਲਤਾਨਪੁਰਿ ਭਗਤਿ ਭੰਡਾਰਾ' ਕਹਿ ਕੇ ਵਡਿਆਉਂਦੇ ਹਨ।

---

**ਸਹਾਇਕ ਸਰੋਤ:**

1. ਸੁਭਾਸ਼ ਪਰਿਹਾਰ, "ਕਸਬੇ ਸੁਲਤਾਨਪੁਰ ਲੋਧੀ ਦਾ ਇਤਿਹਾਸਕ ਪਿਛੋਕੜ" ('ਹੁਣ', ਮਈ-ਅਗਸਤ, 2008)
2. ਡਾ. ਸਰਬਜਿੰਦਰ ਸਿੰਘ (ਸੰਪਾਦਕ); ਨਾਨਕ-ਪ੍ਰਕਾਸ਼ ਪੱਤ੍ਰਿਕਾ; ਪੰਜਾਬੀ ਯੂਨਿਵਰਸਿਟੀ, ਪਟਿਆਲਾ; ਦਸੰਬਰ 2012
3. ਪ੍ਰੋ. ਸਾਹਿਬ ਸਿੰਘ (ਜੀਵਨ-ਬਿਰਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ; ਸਿੰਘ ਬ੍ਰਦਰਜ਼, ਅੰਮ੍ਰਿਤਸਰ; 1969)
4. ਕਿਰਪਾਲ ਸਿੰਘ (ਜਨਮ-ਸਾਖੀ ਪਰੰਪਰਾ; ਪੰਜਾਬੀ ਯੂਨੀਵਰਸਿਟੀ, ਪਟਿਆਲਾ; 2009)
5. ਭਾਈ ਕਾਹਨ ਸਿੰਘ ਨਾਭਾ (ਮਹਾਨ ਕੋਸ਼; ਨੈਸ਼ਨਲ ਬੁੱਕ ਸ਼ਾੱਪ, ਦਿੱਲੀ; ਰਿਪ੍ਰਿੰਟ 1990)
6. ਜੱਗੀ, ਡਾ. ਗੁਰਸ਼ਰਨ ਕੌਰ, ਸੰਪਾਦਕ (ਵਾਰਾਂ ਭਾਈ ਗੁਰਦਾਸ; ਪੰਜਾਬੀ ਯੂਨੀਵਰਸਿਟੀ, ਪਟਿਆਲਾ; 1999)
7. ਜੱਗੀ, ਰਤਨ ਸਿੰਘ, ਸੰਪਾਦਕ (ਸਿੱਖ ਪੰਥ ਵਿਸ਼ਵ ਕੋਸ਼; ਗੁਰ ਰਤਨ ਪਬਲਿਸ਼ਰਜ਼, ਪਟਿਆਲਾ; 2005)
8. ਪੰਜਾਬ ਦਾ ਗੌਰਵ: ਸੁਲਤਾਨਪੁਰ ਲੋਧੀ; ਅਕਾਦਮੀ ਆਫ ਫੋਕ-ਲੋਰ (ਰਜਿ:); ਅਣਡੇਟਿਡ।
9. Harbans Singh; The Encyclopedia of Sikhism; Punjabi University, Patiala; 1998
10. MacAullize; The Sikh Religion, Vol.I; Low Price Publication, Delhi;1909; rpt (1998)
11. F. H. Mcleod (Sikhs and Sikhism; Oxford University Press; 1999)

---

*ਰਿਟਾਇਰਡ ਪ੍ਰਿੰਸੀਪਲ, ਜੀ. ਟੀ. ਬੀ. ਨੈਸ਼ਨਲ ਕਾਲਜ ਦਾਖਾ (ਲੁਧਿਆਣਾ)।

# ਮੇਰੀ ਪਾਕਿਸਤਾਨ ਫੇਰੀ-2

(ਪਿਛਲੇ ਸਫੇ ਦੀ ਬਾਕੀ)

15-20 ਯਾਤਰੂ ਇਕ ਦੂਜੇ ਤੋਂ ਅੱਗੇ ਹੋ ਕੇ ਮੋਹਰ ਲਵਾਉਣੀ ਚਾਹੁੰਦੇ ਸਨ। ਫਿਰ ਕੀ ਸੀ- ਧੱਕਾ ਮੁੱਕੀ, ਗਾਲੀ-ਗਲੋਚ, ਤੂੰ-ਤੂੰ, ਮੈਂ-ਮੈਂ ਸ਼ੁਰੂ ਹੋ ਗਈ। ਅਸੀਂ ਹੱਕੇ ਬੱਕੇ ਰਹਿ ਗਏ।

ਜਥੇ ਵਿਚ ਸਾਰੇ ਅਮਰੀਕਨ-ਕੈਨੇਡੀਅਨ ਸਨ। ਇਕ ਕੈਨੇਡੀਅਨ ਕੁੜੀ ਨੇ ਬਹੁਤ ਅਰਜੋਈ ਕੀਤੀ ਕਿ ਸਿੱਖੀ ਦਾ ਜਲੂਸ ਨਾ ਕੱਢੋ, ਲਾਈਨਾਂ ਬਣਾ ਲਓ, ਸਭ ਦੀ ਵਾਰੀ ਆਏਗੀ, ਪਰ ਕਿੱਥੇ! ਲਗਦਾ ਸੀ, ਇਹ ਲੋਕ ਕਬਜ਼ਾ ਲੈਣ ਆਏ ਹਨ। ਥੋੜ੍ਹੀ ਵਾਲ-ਪੁਟਾਈ ਤੇ ਕੂਹਣੀ-ਖਹਿਬੜਬਾਜ਼ੀ ਵੀ ਹੋਈ। ਇਕ ਅਫਸਰ ਨੂੰ ਤਾਂ ਕੁਰਸੀ ਛੱਡ ਕੇ ਆਉਣਾ ਪਿਆ। ਫਿਰ ਪਾਕਿਸਤਾਨੀ ਪੁਲਿਸ ਵੀ ਹਰਕਤ ਵਿਚ ਆ ਗਈ।

ਜਾਹਰ ਸੀ, ਇਹ ਸਾਰੇ ਲੋਕ ਬਾਬੇ ਨਾਨਕ ਨੂੰ ਤਾਂ ਮੱਥਾ ਹੀ ਟੇਕ ਕੇ ਆਏ ਸਨ ਪਰ ਉਸ ਦੇ ਦੱਸੇ ਰਸਤੇ ਤੋਂ ਕੋਹਾਂ ਦੂਰ ਸਨ। ਉਧਰ, ਪਾਕਿਸਤਾਨੀ ਅਫਸਰ ਕਹਿ ਰਹੇ ਸਨ ਕਿ ਅਸੀਂ ਤਾਂ ਤੁਹਾਡੇ ਲਈ ਕੋਈ ਅੜਿੱਕਾ ਨਹੀਂ ਖੜ੍ਹਾ ਕਰਨਾ ਚਾਹੁੰਦੇ। ਇਹ ਤੁਹਾਡੇ ਹੀ ਲੋਕ ਹਨ ਜੋ ਖਹਿਬੜ ਰਹੇ ਹਨ।

ਅੱਗੇ ਭਾਰਤੀ ਬੀ. ਐਸ. ਐਫ. ਵਾਲੇ ਪਾਸਪੋਰਟ ਚੈਕ ਕਰਕੇ ਬੱਸਾਂ ਵਿਚ ਬੈਠਣ ਲਈ ਲਾਈਨਾਂ ਬਣਾ ਰਹੇ ਸਨ। ਫਿਰ ਉਹੀ ਧੱਕਾ-ਮੁੱਕੀ। ਬੱਸ ਇਕ ਸੀ ਅਤੇ ਲਾਈਨਾਂ ਦੋ। ਕੁਝ ਤਾਂ ਧੱਕੇ-ਧੁੱਕੇ ਖਾ ਕੇ ਜਾ ਚੜ੍ਹੇ, ਕੁਝ ਇਕ ਦੂਜੀ ਬੱਸ ਦੀ ਉਡੀਕ ਕਰਨ ਲੱਗੇ। ਹਾਲਾਤ ਬਿਹਤਰ ਨਾ ਹੁੰਦੇ ਦੇਖ ਕੇ ਕੁਝ ਨੇ ਫੈਸਲਾ ਕੀਤਾ ਕਿ ਪੈਦਲ ਹੀ ਚਲਦੇ ਹਾਂ। ਅੱਧਾ ਮੀਲ ਹੀ ਤਾਂ ਹੈ। ਸੋ ਅਟੈਚੀ, ਸੂਟਕੇਸ ਘਸੀਟ ਕੇ ਡਿਗਦੇ-ਢਹਿੰਦੇ ਬਿਲਡਿੰਗ ਤਕ ਪਹੁੰਚ ਗਏ। ਇਮੀਗਰੇਸ਼ਨ ਤੋਂ ਬਾਅਦ ਸਮਾਨ ਐਕਸਰੇ ਮਸ਼ੀਨ 'ਤੇ ਸਕੈਨ ਹੋਇਆ। ਲੇਡੀ ਪੁਲਿਸ ਮੁਲਾਜ਼ਮ ਆ ਕੇ ਕਹਿਣ ਲੱਗੀ, "ਦੋ ਲਾਈਨਾਂ ਬਣਾ ਲਉ।" ਸਭ ਕਸਟਮ ਦੀ ਵਾਰੀ ਉਡੀਕਣ ਲੱਗੇ। ਉਥੇ ਇਕ ਹੀ ਅਫਸਰ ਸੀ। ਦੋ ਲਾਈਨਾਂ ਅਤੇ ਅਫਸਰ ਇਕ। ਫਿਰ ਜ਼ੋਰ-ਅਜ਼ਮਾਈ ਸ਼ੁਰੂ ਹੋ ਗਈ। ਉਸ ਅਫਸਰ ਨੇ ਕਿਹਾ, "ਏਕ ਲਾਈਨ ਮੇਂ ਆਓ।" ਪੰਜਾਬੀਆਂ ਦੀਆਂ ਦੋ ਲਾਈਨਾਂ ਦੀ ਇਕ ਬਣਾਉਣੀ ਸੌਖੀ ਨਹੀਂ ਸੀ। ਫਿਰ ਤੂੰ-ਤੂੰ, ਮੈਂ-ਮੈਂ।

ਟੈਕਸੀਆਂ ਲੈ ਕੇ ਦਰਬਾਰ ਸਾਹਿਬ ਪਹੁੰਚੇ ਤਾਂ ਸਲਾਹ ਹੋਈ ਕਿ ਸਾਰਾਗੜ੍ਹੀ ਸਰਾਂ ਵਿਚ ਕਮਰੇ ਲੈਂਦੇ ਹਾਂ। ਸਾਡੇ ਨਾਲ ਕੁਝ ਹੋਰ ਮੁਸਾਫਰ ਵੀ ਸਨ। ਜਾਂਦੇ ਵਕਤ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਭਵਨ ਵਿਚ ਠਹਿਰੇ ਸਾਂ। ਹੈ ਤਾਂ ਉਹ ਵੀ ਐਨ. ਆਰ. ਆਈ. ਸਰਾਂ, ਪਰ ਨਾ ਸਾਬਣ, ਨਾ ਤੌਲੀਆ, ਨਾ ਪਾਣੀ ਲਈ ਗਲਾਸ, ਉਤੋਂ 800 ਰੁਪਏ ਕਿਰਾਇਆ। ਸੋਚਿਆ ਸਾਰਾਗੜ੍ਹੀ ਸਰਾਂ ਦੀ ਦਿੱਖ ਬਾਹਰੋਂ ਬਹੁਤ ਅੱਛੀ ਹੈ। ਸਾਹਮਣੇ ਵੱਡਾ ਟੀ. ਵੀ. ਸਕਰੀਨ ਹੈ, ਜਿਸ 'ਤੇ ਗਾਹੇ-ਬਗਾਹੇ ਕੀਰਤਨ ਚਲਦਾ ਹੈ। ਨੇੜੇ-ਤੇੜੇ ਅੱਛੇ ਅੱਛੇ ਰੈਸਟੋਰੈਂਟ ਹਨ। ਅੰਦਰ ਵੀ ਹਵੇਲੀ ਰੈਸਟੋਰੈਂਟ ਹੈ। ਕਾਊਂਟਰ 'ਤੇ ਮੁਲਾਜ਼ਮ ਫਾਰਮ ਦੇ ਕੇ ਇੰਨਾ ਹੀ ਪੁਛਦੇ ਹਨ, ਕਿੰਨੇ ਲੋਕ? ਫਿਰ ਪੈਸੇ ਦੱਸ ਕੇ ਚਾਬੀ ਫੜਾ ਦਿੰਦੇ ਹਨ। ਆਉ ਭਗਤ ਵਾਲੀ ਕੋਈ ਗੱਲ ਨਹੀਂ।

ਸਾਡੇ ਅਮਰੀਕਾ ਵਾਲਿਆਂ ਦੇ ਨਾਲੋ-ਨਾਲ ਤਿੰਨ ਕਮਰੇ ਸਨ ਪਰ ਕਮਰੇ ਦੇ ਨੰਬਰ ਦਾ ਵਿਚਾਲਾ ਨੰਬਰ ਗਾਇਬ ਸੀ: ਭਾਵ 504 ਤੇ 506 ਸਿਰਫ 54 ਤੇ 56 ਸੀ। ਠੀਕ ਕਮਰਾ ਨੰਬਰ ਕਿਹੜਾ ਹੈ, ਅੱਗੇ ਪਿੱਛੇ ਤੁਰ ਕੇ ਅੰਦਾਜ਼ਾ ਹੀ ਲਗਦਾ ਸੀ। ਯੂਨੀਵਰਸਿਟੀ ਤੋਂ ਸਾਡਾ ਇਕ ਪ੍ਰੋਫੈਸਰ ਸਾਨੂੰ ਮਿਲਣ ਆਇਆ। ਉਹ 504 ਦੀ ਥਾਂ 514 ਨੰਬਰ 'ਤੇ ਕਾਫੀ ਦੇਰ ਦਰਵਾਜ਼ਾ ਖੜਕਾ ਕੇ ਮੁੜ ਗਿਆ। ਉਸ ਨੇ ਸਾਨੂੰ ਕੁਝ ਸਮਾਨ ਦੇਣਾ ਸੀ। ਅਸੀਂ ਆਪਣੇ ਕਮਰੇ ਵਿਚ ਇੰਤਜ਼ਾਰ ਕਰਦੇ ਰਹੇ। ਹੋਰ ਕਿੰਨੇ ਕੁ ਲੋਕ ਇਉਂ ਖੱਜਲ ਹੁੰਦੇ ਹੋਣਗੇ, ਅੰਦਾਜ਼ਾ ਲਾਇਆ ਜਾ ਸਕਦਾ ਹੈ।

ਇਸ ਯਾਤਰਾ ਦੌਰਾਨ ਉਮੀਦ ਤੋਂ ਵੱਧ ਦੇਖਣ ਨੂੰ ਮਿਲਿਆ। ਇੰਤਜ਼ਾਮ ਕਮਾਲ ਸੀ। ਫਿਰ ਵੀ ਵਾਪਸ ਆ ਕੇ ਮਹਿਸੂਸ ਹੋਇਆ, ਜੋ ਸੁੱਖ ਛੱਜੂ ਦੇ ਚੁਬਾਰੇ, ਨਾ ਬਲਖ ਨਾ ਬੁਖਾਰੇ। ਉਥੋਂ ਦੋ ਕਿਤਾਬਾਂ ਲੈ ਕੇ ਆਇਆ ਹਾਂ। ਇਕ ਹੈ ਇਸ਼ਤਿਆਕ ਅਹਿਮਦ ਦੀ 'Punjab Bloodied, Partitioned & Cleansed' ਜੋ 1947 ਦੇ ਸਾਕੇ ਬਾਰੇ ਹੈ। ਦੂਜੀ ਕਿਤਾਬ ਹੈ, 'Lahore Under Raj' ਕੁਲ ਮਿਲਾ ਕੇ ਸਾਡੀ ਇਹ ਯਾਤਰਾ ਵਧੀਆ ਰਹੀ।

(ਸਮਾਪਤ)

# ਵੱਖਰੇ ਅੰਦਾਜ਼ ਵਾਲਾ ਰੰਗਕਰਮੀ ਆਤਮਜੀਤ

ਕਲਾ ਪਰਿਕਰਮਾ

ਆਤਮਜੀਤ ਦੀ ਨਾਟਕਕਾਰੀ ਦਾ ਅੰਦਾਜ਼ ਵੱਖਰਾ ਹੈ, ਮਿਜ਼ਾਜ ਵੀ। ਉਹ ਰਿੜਕੇ ਹੋਏ ਨੂੰ ਦੁਬਾਰਾ ਰਿੜਕਣਾ ਜਾਣਦਾ ਹੈ ਪਰ ਉਸ ਦੀ ਮਧਾਣੀ ਵੱਖਰੀ ਹੁੰਦੀ ਹੈ ਤੇ ਨਤੀਜ ਵਜੋਂ ਮੱਖਣ ਵੀ ਨਿਵੇਕਲਾ ਉਪਜਦਾ ਹੈ। ਇਹ ਕੌੜਾ ਹੋ ਸਕਦਾ ਹੈ ਪਰ ਗੁਣਕਾਰੀ ਹੋਣ ਦਾ ਆਪਣਾ ਧਰਮ ਨਹੀਂ ਭੁੱਲਦਾ। ਉਹ ਕਾਦਰਯਾਰ ਤੇ ਸ਼ਿਵ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਆਪਣਾ ਦ੍ਰਿਸ਼ਟੀਕੋਣ ਸਾਹਮਣੇ ਰੱਖਦਾ ਹੈ ਤੇ ਪੂਰਨ ਨੂੰ ਤਾਣ ਬਖ਼ਸ਼ਦਾ ਹੈ। ਸਾਹਮਣੇ ਪਈ ਤਸਵੀਰ ਨੂੰ ਨਿਹਾਰਨ ਦੇ ਆਨੰਦ ਤੋਂ ਮੁਨਕਰ ਨਹੀਂ ਹੁੰਦਾ



ਪਰ ਉਸ ਦਾ ਧਿਆਨ ਤਸਵੀਰ ਦੇ ਦੂਜੇ ਪਾਸੇ ਲੱਗੇ ਜਾਲੇ ਉਤਾਰਨ ਵੱਲ ਕੇਂਦਰਿਤ ਰਹਿੰਦਾ ਹੈ। ਉਸ ਦੀ ਪ੍ਰਿਜ਼ਮੀ ਅੱਖ ਤਾਂ

**ਸਾਹਿਬ ਸਿੰਘ**
ਫੋਨ: +91-98880-11096

ਇਸ ਤੋਂ ਵੀ ਅੱਗੇ ਉਹ ਪਾਸਾ ਦੇਖਣਾ, ਸਮਝਣਾ, ਦਿਖਾਉਣਾ, ਸਮਝਾਉਣਾ ਲੋਚਦੀ ਹੈ ਜਿਸ ਦੀ ਹੋਂਦ ਬਾਰੇ ਵੀ ਅਸੀਂ ਸਪਸ਼ਟ ਨਹੀਂ- ਤਸਵੀਰ ਦਾ ਤੀਜਾ ਪਾਸਾ। ਉਸ ਨੂੰ ਫਰਸ਼ 'ਚ ਉਗਿਆ ਰੁੱਖ ਦੇਖਣ ਦਾ ਵੱਲ ਆਉਂਦਾ ਹੈ।

ਉਸ ਦੇ ਅੰਦਰ ਬੈਠੇ ਦਰਦਮੰਦ ਰਚਣਹਾਰੇ ਨੂੰ ਮੇਜ਼ ਦੀਆਂ ਚਾਰ ਲੱਤਾਂ ਦੇ ਬਾਹਰੀ ਅਕਸ ਦੇ ਪਿੱਛੇ ਕਿਤੇ, ਫੋਕਸ ਤੋਂ ਬਾਹਰ ਰਹਿ ਗਈ ਟੁੱਟੀ ਹੋਈ ਅੱਧੀ ਲੱਤ ਦਾ ਧੁੰਦਲਾ ਅਕਸ ਪੀੜ ਦਿੰਦਾ ਹੈ ਤੇ ਉਹ ਸਾਢੇ ਤਿੰਨ ਲੱਤਾਂ ਵਾਲੇ ਮੇਜ਼ ਦੀ ਕਹਾਣੀ ਛੋਹ ਲੈਂਦਾ ਹੈ। ਸਾਹਿਤ ਅਕੈਡਮੀ, ਸੰਗੀਤ ਨਾਟਕ ਅਕੈਡਮੀ ਦੇ ਵੱਕਾਰੀ ਸਨਮਾਨ ਹਾਸਲ ਕਰ ਚੁੱਕਾ ਇਹ ਨਾਟਕਕਾਰ ਆਪਣੇ ਬਾਲਪਣ, ਜਵਾਨੀ ਵੇਲੇ ਦੇ ਅਥਾਹ ਦਰਦਾਂ ਨੂੰ ਯਾਦ ਕਰਕੇ ਅੱਜ ਵੀ ਭੁੱਬ ਮਾਰਨ ਤੋਂ ਝਿਜਕਦਾ



ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਦੀ ਝਲਕ।

ਨਹੀਂ। ਜੋ ਤੀਰ ਉਸ ਦੀ ਹਿੱਕ ਨੂੰ ਵਿੰਨ੍ਹਦੇ ਰਹੇ, ਇਹ ਚੇਤੇ ਕਰ ਹਾਲੇ ਵੀ ਉਸ ਦਾ ਗੱਚ ਭਰਦਾ ਹੈ ਪਰ ਉਹ ਨੇ ਅੱਜ ਤਕ ਇਨ੍ਹਾਂ ਜ਼ਖ਼ਮਾਂ ਨੂੰ ਆਪਣੀ ਰਚਨਾਕਾਰੀ ਦੇ ਸਿਰ 'ਤੇ ਨਹੀਂ ਬੈਠਣ ਦਿੱਤਾ। ਉਹ ਸਾਡਾ ਮਾਣ ਹੈ। ਉਹ ਸਾਡੀ ਕੌਮੀ, ਕੌਮਾਂਤਰੀ ਪ੍ਰੀਭਾਸ਼ਾ ਹੈ। ਉਹ ਪੰਜਾਬੀਆਂ ਦੀ ਬੱਲੇ-ਬੱਲੇ ਤੋਂ ਉਪਰ ਉਠ ਸਾਡੀ ਹਿੱਕ 'ਤੇ ਜ਼ਹੀਨ, ਸੂਝਵਾਨ ਹੋਣ ਦਾ ਤਮਗਾ ਟੰਗਦਾ ਹੈ। ਉਸ ਦੀਆਂ ਪ੍ਰਾਪਤੀਆਂ ਗਿਣਨ ਵਾਲੀਆਂ ਨਹੀਂ, ਮਾਣਨ ਵਾਲੀਆਂ ਹਨ। ਅੱਜ ਇਕ ਹੋਰ ਪ੍ਰਾਪਤੀ ਦਾ ਜ਼ਿਕਰ!

ਉਸ ਦੇ ਛੇ ਨਾਟਕ ਹਿੰਦੀ ਵਿਚ ਅਨੁਵਾਦ ਹੋ ਕੇ ਕਿਤਾਬਾਂ ਦੇ ਰੂਪ 'ਚ ਸਾਡੇ ਸਨਮੁੱਖ ਹਨ। ਅਭਿਸ਼ੇਕ ਪਬਲੀਕੇਸ਼ਨਜ਼ ਵਲੋਂ ਪ੍ਰਕਾਸ਼ਿਤ ਇਹ ਛੇ ਨਾਟਕ 'ਰਿਸ਼ਤੋਂ ਕਾ ਕਿਆ ਰੱਖੇਂ ਨਾਮ', 'ਕੈਮਲੂਪਸ ਕੀ ਮਛਲੀਆਂ', 'ਮੈਂ ਤੋ ਏਕ ਸਾਰੰਗੀ ਹੂੰ', 'ਪੰਚਨਦ ਕਾ ਪਾਨੀ', 'ਲਾਲ ਮਸੀਹਾ' ਅਤੇ 'ਤੁਮ ਕਬ ਲੌਟ ਕੇ ਆਓਗੇ' ਪੰਜਾਬੀ ਨਾਟਕ ਦਾ ਘੇਰਾ ਵਿਸ਼ਾਲ ਕਰਨਗੇ।

'ਰਿਸ਼ਤੋਂ ਕਾ ਕਿਆ ਰੱਖੇਂ ਨਾਮ' ਸਆਦਤ ਹਸਨ ਮੰਟੋ ਦੀ ਕਹਾਣੀ ਟੋਭਾ ਟੇਕ ਸਿੰਘ 'ਤੇ ਆਧਾਰਿਤ ਹੈ। ਵੰਡ ਦੇ ਉਜਾੜੇ ਦੌਰਾਨ ਪਾਗਲਖਾਨੇ ਅੰਦਰ ਰਹਿੰਦੇ ਪਾਤਰਾਂ ਰਾਹੀਂ ਨਾਟਕਕਾਰ ਇਸ ਦਰਦ ਨੂੰ ਸਮੇਂ, ਸਥਾਨ ਦੀ ਸੀਮਾ ਤੋਂ ਬਾਹਰ ਕੱਢ ਕੇ ਪਾਠਕ/ਦਰਸ਼ਕ ਦੇ ਸਾਹਮਣੇ ਜਵਾਬਹੀਨ ਸਵਾਲ ਪੇਸ਼ ਕਰਦਾ ਹੈ ਕਿ ਕੀ ਇਨ੍ਹਾਂ ਰਿਸ਼ਤਿਆਂ ਦਾ ਕੋਈ ਨਾਮ ਰੱਖਿਆ ਜਾ ਸਕਦਾ ਹੈ ਪਰ ਆਤਮਜੀਤ ਸਾਰੇ ਨਾਟਕ ਵਿਚ ਇਸ ਘੁੰਡੀ ਨੂੰ ਪਰਤ-ਦਰ-ਪਰਤ ਖੋਲ੍ਹਦਾ ਹੈ ਅਤੇ ਆਪੂੰ ਸਿਰਜੇ ਸਵਾਲ ਦਾ ਕਤਰਾ-ਕਤਰਾ ਜਵਾਬ ਦਿੰਦਿਆਂ ਪਾਠਕ/ਦਰਸ਼ਕ ਦੇ ਮਨ ਅੰਦਰ ਇਹ ਅਹਿਸਾਸ ਪੈਦਾ ਕਰਦਾ ਹੈ ਕਿ ਦਿਲਾਂ ਦੇ ਬੂਹੇ ਖੋਲ੍ਹ ਕੇ, ਸੰਕੀਰਨਤਾ ਤਿਆਗ ਕੇ, ਰਾਜਨੀਤੀ



ਆਤਮਜੀਤ

ਤੋਂ ਉਪਰ ਉਠ ਕੇ ਜਵਾਬ ਤਲਾਸ਼ਣ ਦੇ ਰਾਹ ਪਵਾਂਗੇ ਤਾਂ ਇਸ ਮਾਨਵੀ ਰਿਸ਼ਤੇ ਤੋਂ ਉਪਰ ਕੋਈ ਰਿਸ਼ਤਾ ਨਜ਼ਰ ਨਹੀਂ ਆਏਗਾ।

'ਕੈਮਲੂਪਸ ਕੀ ਮਛਲੀਆਂ' ਪਰਵਾਸ ਹੰਢਾਉਂਦੇ ਪੰਜਾਬੀਆਂ ਦੀ ਆਪਣੀ ਜੰਮਣ-ਭੌਂ ਵੱਲ ਤਾਂਘ ਨੂੰ ਵੀ ਪੇਸ਼ ਕਰਦਾ ਹੈ ਤੇ ਪਰਵਾਸੀ ਪੰਜਾਬੀਆਂ ਦੀਆਂ ਚਾਰ ਪੀੜ੍ਹੀਆਂ ਦੇ ਆਪਸੀ ਦਵੰਦ ਦੀ ਵੀ ਬਾਤ ਪਾਉਂਦਾ ਹੈ। ਜਿਥੇ ਇਕ ਪੀੜ੍ਹੀ ਲਈ ਹਰ ਹੀਲਾ ਵਰਤ ਕੇ ਖ਼ੁਦ ਨੂੰ ਅਤੇ ਆਪਣੇ ਰਿਸ਼ਤੇਦਾਰਾਂ ਨੂੰ ਵਿਦੇਸ਼ ਪਹੁੰਚਾਉਣਾ ਹੀ ਜ਼ਿੰਦਗੀ ਦਾ ਮਕਸਦ ਬਣਿਆ ਹੋਇਆ ਹੈ, ਉਥੇ ਅਗਲੀ ਪੀੜ੍ਹੀ ਕੈਨੇਡਾ ਦੀ ਮੁੱਖ ਧਾਰਾ ਦਾ ਅੰਗ ਬਣ ਕੇ ਉਥੋਂ ਦੀਆਂ ਪ੍ਰਾਪਤੀਆਂ ਅਤੇ ਮੁਸ਼ਕਿਲਾਂ ਦਾ ਹਿੱਸਾ ਬਣਨਾ ਚਾਹੁੰਦੀ ਹੈ। ਮਰਨ ਤੋਂ ਪਹਿਲਾਂ ਮੱਛੀਆਂ ਪਾਣੀ ਦੇ ਵਹਾਅ ਦੇ ਉਲਟ ਲੰਮਾ ਸਫ਼ਰ ਤੈਅ ਕਰਕੇ ਆਪਣੇ ਜਨਮ ਸਥਾਨ ਤਕ ਪਹੁੰਚਦੀਆਂ ਹਨ। ਇਸ ਪ੍ਰਤੀਕ ਨੂੰ ਆਤਮਜੀਤ ਨੇ ਬਾਖ਼ੂਬੀ ਆਪਣੇ ਨਾਟਕ ਦਾ ਹਿੱਸਾ ਬਣਾਇਆ ਹੈ ਤੇ ਪਰਵਾਸ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਹੈ।

'ਮੈਂ ਤੋ ਏਕ ਸਾਰੰਗੀ ਹੂੰ' ਤਿੰਨ ਔਰਤਾਂ ਦੀ ਜ਼ਿੰਦਗੀ ਦਾ ਬਾਰਾਂ ਸਾਲ ਤੋਂ ਲੈ ਕੇ ਪੰਜਾਹ ਸਾਲ ਤਕ ਦਾ ਸਫ਼ਰ ਬਿਆਨ ਕਰਦਾ ਨਾਟਕ ਹੈ। ਤਕਨੀਕ ਪੱਖੋਂ ਵਿਲੱਖਣ ਤਜਰਬਾ ਕਰਦਿਆਂ ਨਾਟਕ ਪਿੱਛੇ ਵੱਲ ਚੱਲਦਾ ਹੈ। ਸ਼ੁਰੂਆਤੀ ਸੀਨ ਵਿਚ ਇਨ੍ਹਾਂ ਔਰਤਾਂ ਦੀ ਉਮਰ 50 ਸਾਲ ਹੈ ਤੇ ਆਖ਼ਰੀ ਸੀਨ ਵਿਚ 12 ਸਾਲ। ਇਹ ਤਿੰਨ ਔਰਤਾਂ ਨਾ ਦੇਵੀਆਂ ਹਨ, ਨਾ ਡੈਣਾਂ, ਨਾ ਨਾਇਕਾ ਤੇ ਨਾ ਖਲਨਾਇਕਾ। ਆਤਮਜੀਤ ਇਨ੍ਹਾਂ ਰਾਹੀਂ ਕੋਈ ਆਦਰਸ਼ਕ ਪਾਤਰ ਨਹੀਂ ਸਿਰਜਦਾ ਜਿਨ੍ਹਾਂ ਦਾ ਤੁਸੀਂ ਅਨੁਸਰਨ ਕਰ ਸਕੋ। ਅਜਿਹਾ ਉਹ ਚਾਹੁੰਦਾ ਹੀ ਨਹੀਂ। ਉਹ ਤਾਂ ਇਹ ਤਿੰਨ ਔਰਤਾਂ ਪੇਸ਼ ਕਰਕੇ ਆਪਣੇ ਪਾਠਕ/ਦਰਸ਼ਨ ਅੱਗੇ ਚੁਣੌਤੀ ਪੇਸ਼ ਕਰਨਾ ਚਾਹੁੰਦਾ ਹੈ ਕਿ ਪੁਰਾਤਨ ਕਾਲ ਤੋਂ ਹੁਣ ਤਕ ਜੇ ਔਰਤ ਪ੍ਰਤੀ ਸਾਡੀ ਪਹੁੰਚ ਇਵੇਂ ਹੀ ਪੱਖਪਾਤੀ ਰਹੀ ਤਾਂ ਅਜਿਹੀਆਂ ਔਰਤਾਂ ਦਾ ਸਾਹਮਣਾ ਕਰੋਗੇ। ਕਬੂਲ ਹੈ ਤਾਂ ਨਾ ਬਦਲੋ, ਨਹੀਂ ਤਾਂ ਸੋਚੋ।

'ਪੰਚਨਦ ਕਾ ਪਾਨੀ' ਪ੍ਰਸਿਧ ਕਹਾਣੀਕਾਰ ਮਨਮੋਹਨ ਬਾਵਾ ਦੀਆਂ ਦੋ ਕਹਾਣੀਆਂ 'ਤੇ ਆਧਾਰਿਤ ਨਾਟਕ ਹੈ। ਇਹ ਨਾਟਕ ਚੌਦਵੀਂ ਸਦੀ ਦੇ ਪੰਜਾਬ ਦੀ ਬਾਤ ਪਾਉਂਦਾ ਹੈ, ਜਦੋਂ ਅਤਿ ਮਹੱਤਵਪੂਰਨ ਰਾਜਨੀਤਕ, ਸਮਾਜਿਕ ਤਬਦੀਲੀਆਂ ਵਾਪਰ ਰਹੀਆਂ ਸਨ। ਰਾਜਪੂਤ ਆਪਣੀ ਸ਼ਾਨ ਗੁਆ ਚੁੱਕੇ ਹਨ, ਤੁਰਕਾਂ ਦਾ ਕਬਜ਼ਾ ਹੈ ਤੇ ਮੰਗੋਲ ਲੁੱਟ-ਖਸੁੱਟ ਕਰ ਰਹੇ ਹਨ। ਨਾਟਕ ਦੀਆਂ ਦੋ ਮੁੱਖ ਪਾਤਰ ਦੁਲਾਰੀ ਅਤੇ ਨੈਲਾ ਪੰਜਾਬੀ ਨਾਟਕਕਾਰੀ ਅੰਦਰ ਮਿਸਾਲੀ ਕਿਰਦਾਰ ਬਣ ਕੇ ਸਾਹਮਣੇ ਆਉਂਦੀਆਂ ਹਨ। ਨਾਟਕ ਸਬੰਧਾਂ ਦੀ ਜਟਿਲਤਾ ਬਾਰੇ ਬੇਬਾਕ ਰਾਇ ਪੇਸ਼ ਕਰਦਾ ਹੈ। ਧਰਮ, ਰਾਜਨੀਤੀ, ਜਾਤ-ਪਾਤ ਬਾਰੇ ਮਹੱਤਵਪੂਰਨ ਟਿੱਪਣੀਆਂ ਦਿੰਦਾ ਹੈ ਅਤੇ ਸਮਕਾਲੀ ਸਥਿਤੀਆਂ ਨਾਲ ਜੋੜ ਕੇ ਮੁੱਲਵਾਨ ਸਵਾਲ ਖੜ੍ਹੇ ਕਰਦਾ ਹੈ।

'ਲਾਲ ਮਸੀਹਾ' ਕੀਨੀਆ ਦੇ ਆਜ਼ਾਦੀ ਸੰਗਰਾਮ ਅੰਦਰ ਪੰਜਾਬੀ ਮੱਖਣ ਸਿੰਘ ਦੇ ਲਾਸਾਨੀ ਯੋਗਦਾਨ ਦੀ ਕਹਾਣੀ ਪੇਸ਼ ਕਰਦਾ ਹੈ। ਇਕ ਅਜਿਹੇ ਪਾਤਰ ਦੀ ਕਹਾਣੀ ਜੋ ਧਰਮ, ਨਸਲ, ਦੇਸ਼ ਤੋਂ ਉਪਰ ਉਠ ਕੇ ਪੂਰਨ ਆਜ਼ਾਦੀ ਦਾ ਝੰਡਾ ਬੁਲੰਦ ਕਰਦਾ ਹੈ। ਪੰਜਾਬੀ ਵਿਚ ਇਸ ਨਾਟਕ ਦਾ ਨਾਮ 'ਮੁੰਗੂ ਕਾਮਰੇਡ' ਹੈ। 'ਤੁਮ ਕਬ ਲੌਟ ਕੇ ਆਓਗੇ' ਨਾਟਕ ਪਹਿਲੇ ਵਿਸ਼ਵ ਯੁੱਧ ਦੌਰਾਨ ਰੁਜ਼ਗਾਰ ਪ੍ਰਾਪਤੀ ਦੀ ਲਾਚਾਰੀ ਦੇ ਭੰਨੇ ਭਾਰਤੀ ਫ਼ੌਜੀਆਂ ਵੱਲੋਂ ਆਪਣੇ ਪਰਿਵਾਰਾਂ ਤੋਂ ਦੂਰ ਰਹਿ ਕੇ ਦਰਦ ਭੋਗਣ ਦਾ ਕਿੱਸਾ ਪੇਸ਼ ਕਰਦਾ ਹੈ। ਇਹ ਨਾਟਕ ਅਜੋਕੇ ਸਮਿਆਂ ਅੰਦਰ ਭਿਆਨਕ ਸ਼ਕਲ ਅਖ਼ਤਿਆਰ ਕਰ ਰਹੇ 'ਰਾਸ਼ਟਰਵਾਦ' ਦੇ ਸ਼ੋਰ ਦਾ ਜਵਾਬ ਦਿੰਦਾ ਹੈ। ਉਹ ਔਰਤਾਂ, ਜੋ ਫ਼ੌਜੀ ਪਤੀਆਂ, ਭਰਾਵਾਂ, ਪੁੱਤਰਾਂ ਦੀ ਉਡੀਕ ਵਿਚ ਤੜਪਦੀਆਂ ਰਹੀਆਂ, ਕੁਰਬਾਨੀ ਕਰਦੀਆਂ ਰਹੀਆਂ, ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੈ। ਆਤਮਜੀਤ ਦੇ ਇਹ ਛੇ ਹਿੰਦੀ ਨਾਟਕ ਨਾਟ-ਜਗਤ ਦੇ ਖ਼ਜ਼ਾਨੇ ਵਿਚ ਕੀਮਤੀ ਵਾਧਾ ਕਰਦੇ ਹਨ ਅਤੇ ਇਸ ਵਿਲੱਖਣ ਨਾਟਕਕਾਰ ਤੋਂ ਹੋਰ ਉਮੀਦਾਂ ਜਗਾਉਂਦੇ ਹਨ।



ਨਾਟਕ 'ਪੰਚਨਦ ਦਾ ਪਾਣੀ' ਦਾ ਦ੍ਰਿਸ਼।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਅਪਰੈਲ 2019 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-372



*ਫਲ ਫਰੂਟ ਦਾ ਗੱਡੀ ਉਤੇ ਦੇਖ ਕੇ ਲੱਗਾ ਗੰਜ।*
*ਦਿਲ ਲਲਚਾਵੇ ਖਾਈਏ ਕਿੱਦਾਂ ਏਸੇ ਗੱਲ ਦਾ ਰੰਜ!*

## ਕੈਪਸ਼ਨ ਮੁਕਾਬਲਾ-370



ਰੀਝਾਂ ਲਾ ਕੇ ਖਾਲ ਹੈ ਘੜਿਆ
ਤਿੜ੍ਹ ਖੱਬਲ ਦੀ ਕਿਤੇ ਨਾ ਥਿਆਵੇ।
ਨਿੱਕੇ ਕਦਮੀਂ ਨਾਲ ਮੜ੍ਹਕ ਦੇ
ਚਾਹ ਲੈ ਨਿੱਕੂ ਤੁਰਿਆ ਆਵੇ।
**-ਜਗਮੀਤ ਸਿੰਘ ਪੰਧੇਰ**
**ਪਿੰਡ ਕਲਾਹੜ (ਲੁਧਿਆਣਾ)**
**ਫੋਨ: 91-98783-37222**

---

ਪੜ੍ਹਾਕੂ ਗੱਭਰੂ ਜੀਅ ਚੁਰਾਉਂਦੇ
ਤੇ ਬਾਪੂ ਸਿਰੜ ਪੁਗਾਵੇ।
ਰੰਬੇ ਨਾਲ ਕੱਖ ਵੱਢਦਾ ਜਾਣੋ
ਆਡੀ ਦੀ ਨਹਿਰ ਬਣਾਵੇ।
ਪੋਤੇ ਦੇ ਹੱਥੀਂ ਚਾਹ ਦਾ ਡੋਲੂ
ਘਰੋਂ ਨੂੰਹ ਰਾਣੀ ਭਿਜਵਾਵੇ।
ਬਿਜਲੀ-ਪਾਣੀ ਦੋਵੇਂ ਬੱਚਤ
ਪਾਣੀ ਛਾਲਾਂ ਮਾਰਦਾ ਜਾਵੇ।
**-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ**

---

ਫਸਲ ਖੇਤ ਵਿਚ ਸੁਕਦੀ ਜਾਦੀ
ਖਾਲ 'ਚ ਉਗਿਆ ਘਾਹ।
ਰਲ ਮਿਲ ਸਾਰੇ ਕਰਨ ਸਫਾਈ
ਸਭ ਨੂੰ ਚੜ੍ਹਿਆ ਚਾਅ।
ਇੱਕ ਹੱਥ ਫੜਿਆ ਡੋਲੂ
ਦੂਜੇ ਹੱਥ ਗਿਲਾਸ।
ਬਾਬੇ ਨੇ ਜਦ ਪਿੰਡ ਵੱਲ ਤਕਿਆ
ਪੋਤਾ ਆਉਂਦਾ ਦਿਸਿਆ ਪਾਸ।
ਤੱਤੀ-ਤੱਤੀ ਚਾਹ ਡੋਲੂ ਦੀ
ਲਾਹੂ ਥਕੇਵਾਂ ਸਾਰਾ।
ਬਾਬੇ ਦੀ ਚਾਹ ਲੈ ਕੇ ਆ ਗਿਆ
ਉਸ ਦਾ ਪੋਤਾ ਪਿਆਰਾ।
**-ਮਾਸਟਰ ਪ੍ਰੀਤਮ ਸਿੰਘ ਲੰਮੇ**
**ਫੋਨ: 925-325-2486**

---

ਸਿਆਣਿਆਂ ਵਾਂਗੂੰ ਲਾਡੋ ਰਾਣੀ
ਤੁਰ ਪਈ ਲੈ ਕੇ ਬਾਬੇ ਲਈ ਚਾਹ।
ਤਾਜ਼ੇ ਛਿੱਲੇ ਖਾਲ 'ਚ ਪੁਲਾਂਘਾਂ ਪੁੱਟਦੀ
ਆਤਮ ਵਿਸ਼ਵਾਸ, ਬੇਅਥਾਹ।
ਭਰ ਗਲਾਸ ਕਰੇਗੀ ਮੂਹਰੇ
ਥਕੇਵਾਂ ਦੇਵੇਗੀ ਸਾਰਾ ਲਾਹ।
**-ਦਵਿੰਦਰ ਕੌਰ**

---

ਦੋ ਗੁੱਟੀਆਂ ਕੀਤੀਆਂ ਮਾਂ ਨੇ
ਸੋਹਣਾ ਸੂਟ ਹੈ ਪਾਇਆ।
ਸੋਹਣਾ ਰੂਪ ਵੇਖ ਬੱਚੇ ਦਾ
ਜਾਪੇ ਕਰਮਾਂ ਵਾਲੀ ਦਾ ਜਾਇਆ।
ਹੱਥ ਖੱਬੇ ਡੋਲੂ ਚਾਹ ਵਾਲਾ
ਮਾਂ ਨੇ ਗਲਾਸ ਸੱਜੇ ਹੱਥ ਫੜਾਇਆ।
ਲੈ ਤੁਰਿਆ ਚਾਹ ਦਾਦੇ ਦੀ
ਮਾਂ ਹੋਣਾ ਬਹੁਤ ਸਮਝਾਇਆ।
ਰੱਬ ਅੱਗੇ ਅਰਦਾਸ ਮੈਂ ਕਰਦਾ
ਹਰ ਘਰ ਹੋਵੇ ਇਹੋ ਜਿਹਾ ਜਾਇਆ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

---

ਖੜ ਖਾਲੇ ਆੜਾਂ ਸੁਵੱਖਤੇ ਹੀ
ਝਾਕਦਿਆਂ ਦੀਆਂ ਅੱਖਾਂ ਪੱਕ ਗਈਆਂ
ਗੋਡੇ ਗੋਡੇ ਦਿਨ ਚੜ੍ਹ ਆਇਆ
ਮਾਰਿਆਂ ਨਜ਼ਰ ਦੂਰ ਤੀਕ
ਕਿਤੇ ਵੀ ਬੱਚੜਾ ਨਜ਼ਰ ਨਾ ਆਵੇ।
ਉਡੀਕ ਦੀ ਘੜੀ ਲੰਮੀ ਹੋਈ
ਤੱਕ ਤੱਕ ਸੁੰਨੇ ਰਾਹਾਂ ਨੂੰ।
ਲੰਮੀਆਂ ਵਾਟਾਂ ਕੀ ਪੁਆੜਾ ਪੈ ਗਿਆ
ਆਖਿਰ ਬਹਿ ਗਿਆ
ਚਿਲ ਦਾ ਸਰਹਾਣਾ ਲੈ।
ਕੁੱਤਾ ਸੀ ਹੱਡਾ ਰੋੜੀ ਦਾ ਰਾਹ ਰੋਕੀ ਖੜ੍ਹਾ।
ਲੈ ਝਕਾਨੀ ਕਮਾਦਾਂ ਵਿਚੀਂ
ਵੱਟੋ ਵੱਟੀ ਆੜ ਦੇ ਤੁਰਿਆ
ਮਾਰੀ ਆਵਾਜ਼ ਤੋਤਲੀ,
"ਹੇ ਬਾਬਾ ਜੀ, ਹੇ ਬਾਬਾ ਜੀ,
ਚਾਹ ਪੀਓ ਤੱਤੀ ਤੱਤੀ।
ਜਾਣਾ ਮੈਂ ਸਕੂਲੇ ਛੇਤੀ
ਚੁੱਕ ਘਰੋਂ ਬਸਤਾ ਫੱਟੀ।"
**-ਦਰਸ਼ਨਪਾਲ ਦੋਸਾਂਝ**

Visit us on the web:www.punjabtimesusa.com

# ਪੁਲਿਸ ਵੱਲੋਂ ਬੱਬਰ ਖਾਲਸਾ ਨਾਲ ਜੁੜੇ ਪੰਜ ਨੌਜਵਾਨ ਫੜਨ ਦਾ ਦਾਅਵਾ

**ਮੁਹਾਲੀ:** ਪੁਲਿਸ ਦੇ ਸਟੇਟ ਸਪੈਸ਼ਲ ਅਪਰੇਸ਼ਨਜ਼ ਸੈੱਲ ਨੇ ਪੰਜ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਵੱਡੇ ਅਤਿਵਾਦੀ ਗਰੋਹ ਦੇ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਉਨ੍ਹਾਂ ਦੇ ਕਬਜ਼ੇ



'ਚੋਂ 32 ਬੋਰ ਦੀ ਇਕ ਪਿਸਤੌਲ (ਮੈਗਜ਼ੀਨ ਤੇ ਚਾਰ ਕਾਰਤੂਸ) ਅਤੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ 15 ਲੈਟਰ ਪੈਡ ਵੀ ਬਰਾਮਦ ਹੋਏ ਹਨ।

ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਗਰੋਹ ਦੇ ਮੈਂਬਰ ਰਾਜ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਵਿਅਕਤੀਆਂ ਅਤੇ ਹਿੰਦੂ ਆਗੂਆਂ ਦੇ ਕਤਲ ਦੀ ਯੋਜਨਾ ਬਣਾ ਰਹੇ ਸਨ। ਮੁਹਾਲੀ ਵਿਖੇ ਬਣਾਏ ਗਏ ਵਿਸ਼ੇਸ਼ ਸੈੱਲ ਦੇ ਏ.ਆਈ.ਜੀ. ਵਰਿੰਦਰਪਾਲ ਸਿੰਘ ਨੇ ਦੱਸਿਆ ਕਿ ਸਪੈਸ਼ਲ ਸੈੱਲ ਨੇ ਹਰਵਿੰਦਰ ਸਿੰਘ ਵਾਸੀ ਪਿੰਡ ਰੈਲੀ, ਸੈਕਟਰ 12 ਪੰਚਕੂਲਾ, ਸੁਲਤਾਨ ਸਿੰਘ ਵਾਸੀ ਪਿੰਡ ਸੈਦਪੁਰਾ ਜ਼ਿਲ੍ਹਾ ਕੁਰੂਕਸ਼ੇਤਰ (ਹਰਿਆਣਾ), ਕਰਮਜੀਤ ਸਿੰਘ ਵਾਸੀ ਪਿੰਡ ਰਾਓਕੇ ਕਲਾਂ ਜ਼ਿਲ੍ਹਾ ਮੋਗਾ, ਲਵਪ੍ਰੀਤ ਸਿੰਘ ਵਾਸੀ ਬਾਲੀਆਂ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਅਤੇ ਗੁਰਪ੍ਰੀਤ ਸਿੰਘ ਵਾਸੀ ਮਕਾਨ ਨੰਬਰ 2510 ਸੈਕਟਰ 20 ਸੀ ਚੰਡੀਗੜ੍ਹ ਨੂੰ ਮੁਹਾਲੀ ਤੋਂ ਗ੍ਰਿਫ਼ਤਾਰ ਕੀਤਾ। ਏ.ਆਈ.ਜੀ ਨੇ ਦੱਸਿਆ ਕਿ ਇਹ ਵਿਅਕਤੀ ਕੁਝ ਖਾਸ ਹਿੰਦੂ ਆਗੂਆਂ ਤੇ ਡੇਰਾ ਸਿਰਸਾ ਦੇ ਮੈਂਬਰਾਂ ਦੇ ਕਤਲ ਦੀ ਯੋਜਨਾ ਬਣਾ ਰਹੇ ਸਨ, ਜਿਹੜੇ ਬੇਅਦਬੀ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਸਨ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਵਿਅਕਤੀਆਂ ਨੂੰ ਯੂਰਪ ਵਿਚ ਬੈਠੇ ਸ਼ੱਕੀਆਂ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਵਰਗਲਾ ਕੇ ਪੰਜਾਬ ਵਿਚ ਫਿਰਕੂ ਸਦਭਾਵਨਾ ਅਤੇ ਸ਼ਾਂਤੀ ਨੂੰ ਭੰਗ ਕਰਨ ਦੀਆਂ ਹਦਾਇਤਾਂ ਦਿੱਤੀਆਂ ਸਨ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਖਿਲਾਫ ਸਪੈਸ਼ਲ ਸੈੱਲ ਦੇ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਵਿਅਕਤੀ ਇਸ ਸਮੇਂ ਆਪਣੀਆਂ ਕਾਰਵਾਈਆਂ ਲਈ ਫੰਡ ਜੁਟਾ ਰਹੇ ਸਨ ਅਤੇ ਉਨ੍ਹਾਂ ਹਥਿਆਰ ਵੀ ਹਾਸਲ ਕਰ ਲਏ ਸਨ। ਹੁਣ ਉਹ ਜੰਮੂ ਕਸ਼ਮੀਰ ਵਿਚ ਹਥਿਆਰਾਂ ਦੀ ਸਿਖਲਾਈ ਦੀ ਯੋਜਨਾ ਬਣਾ ਰਹੇ ਸਨ। ਉਨ੍ਹਾਂ ਦਾਅਵਾ ਕੀਤਾ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀ ਜੇਲ੍ਹ ਵਿਚ ਬੰਦ ਬੱਬਰ ਖਾਲਸਾ ਦੇ ਖਾੜਕੂ ਜਗਤਾਰ ਸਿੰਘ ਹਵਾਰਾ ਅਤੇ ਜਰਮਨੀ ਵਿਚ ਖਾਲਿਸਤਾਨ ਟਾਈਗਰ ਫੋਰਸ ਦੇ ਸਰਗਰਮ ਮੈਂਬਰ ਰਣਜੀਤ ਸਿੰਘ ਪੱਖੋਕੇ ਦੇ ਵੀ ਸੰਪਰਕ ਵਿਚ ਸਨ।

# ਹਥਿਆਰ ਜਮ੍ਹਾਂ ਕਰਵਾਉਣ ਤੋਂ ਸਿਆਸੀ ਆਗੂਆਂ ਨੂੰ 'ਮੁਆਫੀ'

**ਚੰਡੀਗੜ੍ਹ:** ਆਮ ਚੋਣਾਂ ਦੌਰਾਨ ਲਾਇਸੈਂਸੀ ਹਥਿਆਰ ਜਮ੍ਹਾਂ ਕਰਵਾਉਣ ਲਈ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਆੜ 'ਚ ਆਮ ਲੋਕਾਂ ਉਤੇ ਸ਼ਿਕੰਜਾ ਕੱਸਿਆ ਜਾਂਦਾ ਹੈ ਪਰ ਹਥਿਆਰ ਜਮ੍ਹਾਂ ਕਰਵਾਉਣ ਲਈ ਕਿਸੇ ਸਿਆਸੀ ਆਗੂ ਦੇ ਬੂਹੇ ਵੱਲ ਪੁਲਿਸ ਮੂੰਹ ਨਹੀਂ ਕਰਦੀ।

ਭਾਰਤੀ ਚੋਣ ਕਮਿਸ਼ਨ ਨੇ ਸੂਚਨਾ ਦੇ ਅਧਿਕਾਰ ਤਹਿਤ ਦਿੱਤੀ ਜਾਣਕਾਰੀ 'ਚ ਸਿਰਫ ਖਾਸ ਕਿਸਮ ਦੇ ਅਪਰਾਧੀਆਂ ਦਾ ਹੀ ਅਸਲਾ ਜਮ੍ਹਾਂ ਕਰਵਾਉਣ ਦੀਆਂ ਹਦਾਇਤਾਂ ਦਿੱਤੀਆਂ ਹੋਈਆਂ ਹਨ। ਜ਼ਿਲ੍ਹਾ ਪੁਲਿਸ ਮੁਖੀ ਅਮਰਜੀਤ ਸਿੰਘ ਬਾਜਵਾ ਨੇ ਕਿਹਾ ਕਿ ਚੋਣ ਕਮਿਸ਼ਨ ਦੀਆਂ ਚੋਣਾਂ ਅਮਨ ਸ਼ਾਂਤੀ ਨਾਲ ਕਰਵਾਉਣ ਦੇ ਮਕਸਦ ਨਾਲ ਸਾਰੇ ਲੋਕਾਂ ਤੋਂ ਹਥਿਆਰ ਜਮ੍ਹਾਂ ਕਰਵਾਉਣ ਦੀਆਂ ਹਦਾਇਤਾਂ ਦਿੱਤੀਆਂ ਹਨ। ਭਾਰਤੀ ਚੋਣ ਕਮਿਸ਼ਨ ਤੋਂ 29 ਮਾਰਚ ਨੂੰ ਸੂਚਨਾ ਦਾ ਅਧਿਕਾਰ ਤਹਿਤ ਪ੍ਰਾਪਤ ਜਾਣਕਾਰੀ 'ਚ ਚੋਣਾਂ ਦੌਰਾਨ ਆਮ ਲੋਕਾਂ ਦਾ ਲਾਇਸੈਂਸੀ ਹਥਿਆਰ ਜਮ੍ਹਾਂ ਕਰਵਾਉਣ ਦੀ ਕੋਈ ਹਦਾਇਤ ਨਹੀਂ ਹੈ। ਚੋਣਾਂ ਦੌਰਾਨ ਨਵੇਂ ਲਾਇਸੈਂਸ ਜਾਰੀ ਨਾ ਕਰਨ, ਹਥਿਆਰ ਲੈ ਕੇ ਚੱਲਣ ਦੀ ਮਨਾਹੀ ਤੇ ਤਿੰਨ ਸੀਨੀਅਰ ਅਫਸਰਾਂ ਦੀ ਟੀਮ ਵੱਲੋਂ ਫੌਜਦਾਰੀ ਕੇਸਾਂ 'ਚੋਂ ਜ਼ਮਾਨਤ 'ਤੇ ਆਏ ਮੁਲਜ਼ਮਾਂ, ਅਪਰਾਧਿਕ ਰਿਕਾਰਡ ਵਾਲੇ ਅਨਸਰਾਂ (ਹਿਸਟਰੀ ਸ਼ੀਟਰ) ਤੇ ਚੋਣਾਂ ਦੌਰਾਨ ਦੰਗਿਆਂ 'ਚ ਸ਼ਮੂਲੀਅਤ ਵਾਲੇ ਅਨਸਰਾਂ ਦੀ ਪਛਾਣ ਕਰ ਕੇ ਉਨ੍ਹਾਂ ਤੋਂ ਹਥਿਆਰ ਜਮ੍ਹਾਂ ਕਰਵਾਉਣ ਦੀਆਂ ਹਦਾਇਤਾਂ ਹਨ।

ਸਿਆਸੀ ਆਗੂਆਂ ਤੇ ਸਾਬਕਾ ਪੁਲਿਸ ਅਫ਼ਸਰਾਂ ਕੋਲ ਲਾਇਸੈਂਸੀ ਆਧੁਨਿਕ ਹਥਿਆਰ ਅਤੇ ਸੁਰੱਖਿਆ ਗਾਰਡ ਹੁੰਦੇ ਹਨ ਪਰ ਉਨ੍ਹਾਂ ਦਾ



ਅਸਲਾ ਜਮ੍ਹਾਂ ਕਰਵਾਉਣ ਦੀ ਲੋੜ ਨਹੀਂ ਸਮਝੀ ਜਾਂਦੀ। ਪੁਲੀਸ ਦੀ ਅਸਲਾ ਲਾਇਸੈਂਸ ਮਾਲਕਾਂ ਦੀ ਸ਼ਨਾਖ਼ਤੀ ਮੁਹਿੰਮ ਨੇ ਸੈਂਕੜੇ ਮੁਲਾਜ਼ਮਾਂ ਨੂੰ ਸੁੱਕਣੇ ਪਾਇਆ ਹੋਇਆ ਹੈ ਅਤੇ ਸੌ ਫੀਸਦ ਹਥਿਆਰ ਜਮ੍ਹਾਂ ਕਰਵਾਉਣ ਲਈ ਪੁਲੀਸ ਆਮ ਲੋਕਾਂ ਉੱਤੇ ਦਬਾਅ ਪਾ ਰਹੀ ਹੈ। ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਆਗੂ ਨਿਰਮਲ ਸਿੰਘ ਮਾਣੂੰਕੇ ਤੇ ਗੁਲਜ਼ਾਰ ਸਿੰਘ ਘੱਲ ਕਲਾਂ ਨੇ ਦੱਸਿਆ ਕਿ ਉਨ੍ਹਾਂ ਵੋਟਾਂ ਦੌਰਾਨ ਆਮ ਲੋਕਾਂ ਦਾ ਅਸਲਾ ਜਮ੍ਹਾਂ ਕਰਾਉਣ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦਿਆਂ ਮੁੱਖ ਚੋਣ ਕਮਿਸ਼ਨਰ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਨੇ ਆਪਣੇ ਪੱਤਰ 'ਚ ਸਵਾਲ ਉਠਾਇਆ ਹੈ ਕਿ ਇਸ ਫੈਸਲੇ ਦਾ ਚੋਣ ਦੀ ਨਿਰਪੱਖਤਾ ਤੇ ਪਾਰਦਰਸ਼ਤਾ ਨਾਲ ਕੋਈ ਸਬੰਧ ਨਹੀਂ ਹੈ। ਸਗੋਂ ਲੋਕਾਂ ਦੇ ਆਪਣੀ ਰਾਖੀ ਕਰਨ ਦਾ ਮੌਲਿਕ ਅਧਿਕਾਰ ਖੋਹਣ ਅਤੇ ਅਫਰਾ-ਤਫਰੀ ਪੈਦਾ ਕਰਨ ਵਾਲਾ ਹੈ। ਉਨ੍ਹਾਂ ਕਮਿਸ਼ਨ ਲਿਖੇ ਪੱਤਰ 'ਚ ਕਿਹਾ ਕਿ ਲਈਸੈਂਸੀ ਅਸਲਾ ਤਾਂ ਜਮ੍ਹਾਂ ਕਰ ਲਵੋਗੇ ਪਰ ਜਿਨ੍ਹਾਂ ਲੋਕਾਂ ਕੋਲ ਨਾਜਾਇਜ਼ ਅਸਲਾ ਉਸ ਨੂੰ ਕਿਵੇਂ ਜਮ੍ਹਾਂ ਕਰੋਗੇ? ਉਨ੍ਹਾਂ ਹਥਿਆਰ ਜਮ੍ਹਾਂ ਕਰਵਾਉਣ ਦੀ ਕਾਰਵਾਈ ਨੂੰ ਗੈਰ ਜ਼ਰੂਰੀ ਦੱਸਦੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਅਤੇ ਮੌਲਿਕ ਅਧਿਕਾਰਾਂ ਦੀ ਰਾਖੀ ਲਈ ਇਹ ਫੈਸਲਾ ਵਾਪਸ ਲੈਣਾ ਚਾਹੀਦਾ ਹੈ।

# ਜਾਇਦਾਦ ਰਜਿਸਟਰੇਸ਼ਨ 'ਤੇ ਸਟੈਂਪ ਡਿਊਟੀ ਵਸੂਲਣ ਤੋਂ ਸਰਕਾਰ ਪਲਟੀ

**ਪਟਿਆਲਾ:** ਪੰਜਾਬ ਸਰਕਾਰ ਨੇ ਸ਼ਹਿਰੀ ਇਲਾਕਿਆਂ ਵਿਚ ਜਾਇਦਾਦ ਰਜਿਸਟਰੇਸ਼ਨ ਉਤੇ ਤਿੰਨ ਫੀਸਦੀ ਸਮਾਜਿਕ ਸੁਰੱਖਿਆ ਫੰਡ (ਸਟੈਂਪ ਡਿਊਟੀ) ਇਕੱਤਰ ਕਰਨ ਦੇ ਮਾਮਲੇ 'ਤੇ ਪਲਟੀ ਮਾਰ ਲਈ ਹੈ। ਪਹਿਲੀ ਅਪਰੈਲ ਤੋਂ ਵਸੂਲੇ ਜਾਣ ਵਾਲੇ ਇਸ ਫੰਡ ਨੂੰ ਵਾਪਸ ਲੈਣ ਦਾ ਫੈਸਲਾ ਲੋਕ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਲਿਆ ਗਿਆ ਹੈ।

ਸੂਬਾ ਸਰਕਾਰ ਨੇ ਸਾਰੇ ਡਿਵੀਜ਼ਨਲ ਤੇ ਡਿਪਟੀ ਕਮਿਸ਼ਨਰਾਂ, ਤਹਿਸੀਲਦਾਰਾਂ ਨੂੰ ਪੱਤਰ ਲਿਖ ਕੇ ਸਟੈਂਪ ਡਿਊਟੀ ਨਾ ਵਸੂਲਣ ਲਈ ਕਿਹਾ ਹੈ। ਚੋਣ ਕਮਿਸ਼ਨ ਦੀ ਪ੍ਰਵਾਨਗੀ ਦੀ ਉਡੀਕ ਨਾ ਕਰਦਿਆਂ ਸੂਬਾ ਸਰਕਾਰ ਨੇ 30 ਮਾਰਚ ਨੂੰ ਹੀ ਪੱਤਰ ਜਾਰੀ ਕਰ ਕੇ ਇਸ ਸਬੰਧੀ ਫੈਸਲਾ ਲੈ ਲਿਆ। ਇਸ ਤੋਂ ਪਹਿਲਾਂ ਸਰਕਾਰ ਨੇ ਜੁਲਾਈ 2017 ਵਿਚ ਇਹ ਡਿਊਟੀ ਦੋ ਸਾਲ ਲਈ ਹਟਾ ਲਈ ਸੀ ਤੇ ਇਸੇ ਸਾਲ ਫਰਵਰੀ ਮਹੀਨੇ ਵਿਧਾਨ ਸਭਾ ਵਿਚ ਪ੍ਰਸ਼ਨ ਕਾਲ ਦੌਰਾਨ ਸੂਬੇ ਦੇ ਮਾਲ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਨੇ ਸਮਾਜਿਕ ਸੁਰੱਖਿਆ ਫੰਡ ਲਈ ਵਸੂਲੀ ਜਾਣ ਵਾਲੀ ਸਟੈਂਪ ਡਿਊਟੀ ਹਟਾਉਣ ਦਾ ਕਾਰਨ ਮਿਥੇ ਟੀਚੇ ਨਾਲ ਹਾਸਲ ਕਰ ਸਕਣਾ ਦੱਸਿਆ ਸੀ।

ਪੰਜਾਬ ਦੇ ਮੁੱਖ ਸਕੱਤਰ ਦੀ ਅਗਵਾਈ ਵਾਲੀ ਸਕਰੀਨਿੰਗ ਕਮੇਟੀ ਵਿਚ ਵੀ ਇਸ ਮੁੱਦੇ 'ਤੇ ਵਿਚਾਰ ਕੀਤਾ ਗਿਆ ਸੀ।

ਸਕਰੀਨਿੰਗ ਕਮੇਟੀ ਨੇ ਡਿਊਟੀ ਨਾ ਵਧਾਉਣ ਦਾ ਫੈਸਲਾ ਲਿਆ ਹੈ ਤੇ ਮਾਮਲਾ ਹੁਣ ਚੋਣ ਕਮਿਸ਼ਨ ਦੇ ਅਧਿਕਾਰ ਖੇਤਰ ਵਿਚ ਹੈ। ਅੰਕੜਿਆਂ ਮੁਤਾਬਕ 2016-17 ਲਈ 2109.68 ਕਰੋੜ, 2017-18 ਲਈ 2153.95 ਕਰੋੜ ਤੇ 2018-19 ਲਈ 1891 ਕਰੋੜ ਮਾਲੀਆ ਇਕੱਤਰ ਹੋਇਆ ਸੀ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਐੱਸ. ਕਰੁਣਾ ਰਾਜੂ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਫਾਈਲ ਉਨ੍ਹਾਂ ਅਜੇ ਵਾਚਣੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਜ਼ਾਬਤੇ ਦੌਰਾਨ ਕੋਈ ਵੀ ਨੀਤੀ ਨਿਰਧਾਰਨ ਸਬੰਧੀ ਫੈਸਲਾ ਕਮਿਸ਼ਨ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਲੈ ਸਕਦੀ। ਅਧਿਕਾਰੀ ਨੇ ਕਿਹਾ ਕਿ ਮਾਮਲੇ ਦੇ ਅਧਿਐਨ ਤੋਂ ਬਾਅਦ ਹੀ ਉਹ ਕੋਈ ਟਿੱਪਣੀ ਕਰਨਗੇ।

## ਵਿਰੋਧੀ ਧਿਰਾਂ ਨੇ ਕਾਂਗਰਸ ਨੂੰ ਘੇਰਿਆ

ਸਾਬਕਾ ਮਾਲ ਮੰਤਰੀ ਬਿਕਰਮ ਮਜੀਠੀਆ ਨੇ ਦੋਸ਼ ਲਾਇਆ ਕਿ ਕਾਂਗਰਸ ਵਿਕਾਸ ਦੇ ਪੱਖ ਤੋਂ ਨਾਕਾਮ ਰਹੀ ਹੈ। ਜਦਕਿ ਹੁਣ ਸਿਆਸੀ ਲਾਹਾ ਲੈਣ ਲਈ ਸਟੈਂਪ ਡਿਊਟੀ ਵਸੂਲਣ ਨੂੰ ਅੱਗੇ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸ਼ਹਿਰੀ ਵੋਟਰਾਂ ਨੂੰ ਭਰਮਾਉਣ ਦੀ ਚਾਲ ਹੈ ਤੇ ਇਸ ਲਈ ਚੋਣ ਕਮਿਸ਼ਨ ਦੀ ਪ੍ਰਵਾਨਗੀ ਵੀ ਨਹੀਂ ਲਈ ਗਈ। ਉਨ੍ਹਾਂ ਕਿਹਾ ਕਿ ਚੋਣਾਂ ਮਗਰੋਂ ਇਸ ਨੂੰ ਫਿਰ ਲਾ ਦਿੱਤਾ ਜਾਵੇਗਾ। ਉਧਰ, ਮਾਲ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਨੇ ਕਿਹਾ ਕਿ ਸਰਕਾਰ ਨੇ ਚੋਣ ਜ਼ਾਬਤੇ ਕਾਰਨ ਪਹਿਲੀ ਅਪਰੈਲ ਤੋਂ ਫੈਸਲਾ ਲਾਗੂ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਬਾਅਦ ਕੈਬਨਿਟ ਮੀਟਿੰਗ ਕਰ ਕੇ ਇਸ ਨੂੰ ਫਿਰ ਤੋਂ ਲਾਗੂ ਕੀਤਾ ਜਾਵੇਗਾ।

# ਮਹਿਲਾ ਡਰੱਗ ਇੰਸਪੈਕਟਰ ਦੀ ਗੋਲੀਆਂ ਮਾਰ ਕੇ ਹੱਤਿਆ

**ਖਰੜ:** ਖੁਰਾਕ ਤੇ ਡਰੱਗਜ਼ ਪ੍ਰਬੰਧਨ (ਫੂਡ ਤੇ ਡਰੱਗਜ਼ ਐਡਮਿਨਿਸਟ੍ਰੇਸ਼ਨ) ਅਧੀਨ ਜ਼ਿਲ੍ਹਾ ਲਾਇਸੈਂਸਿੰਗ ਅਥਾਰਿਟੀ ਦੇ ਦਫ਼ਤਰ 'ਚ ਡਰੱਗ ਇੰਸਪੈਕਟਰ ਡਾ. ਨੇਹੀ ਸ਼ੋਰੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮੁਲਜ਼ਮ ਨੇ ਅਧਿਕਾਰੀ ਨੂੰ ਗੋਲੀ ਮਾਰਨ ਤੋਂ ਬਾਅਦ ਖੁਦ ਨੂੰ ਵੀ ਗੋਲੀ ਮਾਰ ਲਈ। ਮੁਲਜ਼ਮ ਦੀ ਸ਼ਨਾਖਤ ਬਲਵਿੰਦਰ ਸਿੰਘ ਵਾਸੀ ਮੋਰਿੰਡਾ ਵਜੋਂ ਹੋਈ ਹੈ।

ਦਫਤਰ ਵਿਚ ਬਤੌਰ ਕੰਪਿਊਟਰ ਅਪਰੇਟਰ ਕੰਮ ਕਰਦੇ ਗੁਰਜੀਤ ਸਿੰਘ ਨੇ ਪੁਲਿਸ ਨੂੰ ਦਿੱਤੇ ਬਿਆਨ ਵਿਚ ਦੱਸਿਆ ਕਿ ਮੁਲਜ਼ਮ ਕਰੀਬ ਸਵੇਰੇ ਸਾਢੇ 11 ਵਜੇ ਦਫਤਰ ਵਿਚ ਦਾਖਲ ਹੋਇਆ ਤਾਂ ਉਸ ਵੇਲੇ ਸਾਰੇ ਕੰਮ ਵਿਚ ਰੁੱਝੇ ਹੋਏ ਸਨ। ਅੰਦਰ ਦਾਖਲ ਹੁੰਦਿਆਂ ਹੀ ਉਸ ਨੇ ਅਧਿਕਾਰੀ ਦੇ ਕਮਰੇ ਵਿਚ ਜਾ ਕੇ ਰਿਵਾਲਵਰ ਨਾਲ ਗੋਲੀਆਂ ਚਲਾ ਦਿੱਤੀਆਂ ਤੇ ਆਪ ਉੱਥੋਂ ਫਰਾਰ ਹੋ ਗਿਆ। ਜਦ ਘਟਨਾ ਵਾਪਰੀ ਤਾਂ ਅਧਿਕਾਰੀ ਆਪਣੇ ਦੋ ਸਾਲ ਦੇ ਭਤੀਜੇ ਨਾਲ ਬੈਠੀ ਇਮਾਰਤ ਦੇ ਕਮਰਾ ਨੰਬਰ 211 ਵਿਚ ਫਲ ਖਾ ਰਹੀ ਸੀ। ਇਸ ਤੋਂ ਬਾਅਦ ਜਦ ਉਹ ਇਮਾਰਤ ਦੇ ਹੇਠਾਂ ਖੜ੍ਹੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਭੱਜਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਦਫਤਰ ਦੇ ਮੁਲਾਜ਼ਮਾਂ

ਨੇ ਉਸ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ। ਲੈਬ ਸਹਾਇਕ ਸੁਰੇਸ਼ ਕੁਮਾਰ ਨੇ ਦੱਸਿਆ ਕਿ ਉਸ ਨੇ ਮੁਲਜ਼ਮ ਨੂੰ ਜੱਫਾ ਪਾ ਕੇ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੁਲਜ਼ਮ ਨੇ ਉਸ ਨੂੰ ਵੀ ਗੋਲੀ ਮਾਰਨ ਦੀ ਕੋਸ਼ਿਸ਼ ਕੀਤੀ। ਪਰ ਇਸੇ ਦੌਰਾਨ ਉਹ ਮੋਟਰਸਾਈਕਲ ਤੋਂ ਡਿੱਗ ਗਿਆ ਤੇ ਖੁਦ ਨੂੰ ਦੋ ਗੋਲੀਆਂ ਮਾਰ ਲਈਆਂ। ਜ਼ਿਲ੍ਹਾ ਪੁਲਿਸ ਮੁਖੀ ਹਰਚਰਨ ਸਿੰਘ ਭੁੱਲਰ ਨੇ ਦੱਸਿਆ ਕਿ ਕਤਲ ਰੰਜਿਸ਼ ਤਹਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ



ਕਿ ਮੁਲਜ਼ਮ ਬਲਵਿੰਦਰ ਸਿੰਘ 2009 ਵਿਚ ਮੋਰਿੰਡਾ 'ਚ ਦਵਾਈਆਂ ਦੀ ਦੁਕਾਨ ਚਲਾਉਂਦਾ ਸੀ। ਡਾ. ਸ਼ੋਰੀ ਉਸ ਵੇਲੇ ਰੋਪੜ ਵਿਚ ਡਰੱਗ ਇੰਸਪੈਕਟਰ ਵਜੋਂ ਤਾਇਨਾਤ ਸਨ। ਡਾ. ਸ਼ੋਰੀ ਨੇ ਬਲਵਿੰਦਰ ਦੇ ਜਸਪ੍ਰੀਤ ਮੈਡੀਕਲ ਸਟੋਰ ਉੱਤੇ ਛਾਪਾ ਮਾਰਿਆ ਸੀ। ਇਸ ਦੌਰਾਨ ਉੱਥੋਂ ਬਿਨਾਂ ਦਸਤਾਵੇਜ਼ਾਂ ਤੋਂ ਅਜਿਹੀਆਂ 35 ਤਰ੍ਹਾਂ ਦੀਆਂ ਦਵਾਈਆਂ ਬਰਾਮਦ ਹੋਈਆਂ ਸਨ, ਜਿਨ੍ਹਾਂ ਦੀ ਵਰਤੋਂ ਨਸ਼ੇ ਲਈ ਕੀਤੀ ਜਾ ਸਕਦੀ ਸੀ। ਮੈਡੀਕਲ ਸਟੋਰ ਦਾ ਲਾਇਸੈਂਸ ਤਤਕਾਲੀ ਡਰੱਗ ਇੰਸਪੈਕਟਰ ਡਾ. ਸ਼ੋਰੀ ਨੇ ਰੱਦ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਡਾ. ਸ਼ੋਰੀ ਤੇ ਮੁਲਜ਼ਮ ਬਲਵਿੰਦਰ ਸਿੰਘ ਨੂੰ ਗੰਭੀਰ ਹਾਲਤ ਵਿੱਚ ਪੀਜੀਆਈ ਲਿਜਾਇਆ ਗਿਆ, ਪਰ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਦਿੱਤਾ।

# ਐਨ.ਆਰ.ਆਈ. 'ਤੇ ਪ੍ਰੇਮਿਕਾ ਨਾਲ ਰਲ ਕੇ ਗਰਭਵਤੀ ਪਤਨੀ ਮਰਵਾਉਣ ਦਾ ਦੋਸ਼

**ਫਿਰੋਜ਼ਪੁਰ:** ਆਪਣੇ ਪੇਕੇ ਘਰੋਂ ਅਗਵਾ ਹੋਈ ਪਰਵਾਸੀ ਭਾਰਤੀ ਮੁਟਿਆਰ ਰਵਨੀਤ ਕੌਰ ਦੀ ਲਾਸ਼ ਜ਼ਿਲ੍ਹੇ ਵਿਚੋਂ ਵਗਦੀ ਭਾਖੜਾ ਨਹਿਰ 'ਚੋਂ ਮਿਲੀ। ਪੁਲਿਸ ਨੇ ਕਤਲ ਦੇ ਦੋਸ਼ ਵਿਚ ਮ੍ਰਿਤਕਾ ਦੇ ਐਨ.ਆਰ.ਆਈ. ਪਤੀ ਸਮੇਤ ਚਾਰ ਜਣਿਆਂ ਖਿਲਾਫ ਕੇਸ ਦਰਜ ਕਰ ਲਿਆ ਹੈ।

ਪੁਲਿਸ ਮੁਤਾਬਕ ਮੁਲਜ਼ਮਾਂ ਵਿਚ ਰਵਨੀਤ ਦਾ ਪਤੀ ਜਸਪ੍ਰੀਤ ਸਿੰਘ (ਆਸਟਰੇਲੀਆ), ਕਿਰਨਜੀਤ ਕੌਰ (ਆਸਟਰੇਲੀਆ), ਤਰਨਜੀਤ ਕੌਰ ਵਾਸੀ ਸਮਾਣਾ ਤੇ ਸੰਦੀਪ ਸਿੰਘ ਵਾਸੀ ਸਮਾਣਾ ਸ਼ਾਮਲ ਹਨ। ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਗੋਇਲ ਨੇ ਦੱਸਿਆ ਕਿ ਮ੍ਰਿਤਕਾ ਰਵਨੀਤ ਕੌਰ ਦੇ ਪਿਤਾ ਹਰਜਿੰਦਰ ਸਿੰਘ ਦੇ ਬਿਆਨਾਂ 'ਤੇ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ। ਮ੍ਰਿਤਕਾ ਆਪਣੇ ਪਿੱਛੇ ਚਾਰ ਸਾਲ ਦੀ ਧੀ ਛੱਡ ਗਈ ਹੈ, ਜੋ ਆਪਣੇ ਦਾਦਾ-ਦਾਦੀ ਕੋਲ ਰਹਿੰਦੀ ਹੈ। ਕਤਲ



ਸਮੇਂ ਵੀ ਰਵਨੀਤ ਕੌਰ ਗਰਭਵਤੀ ਸੀ ਅਤੇ ਪੰਜ ਕੁ ਮਹੀਨਿਆਂ ਵਿਚ ਉਹ ਫਿਰ ਤੋਂ ਮਾਂ ਬਣਨ ਵਾਲੀ ਸੀ। ਆਸਟਰੇਲੀਆ ਤੋਂ ਆਪਣੇ ਪੇਕੇ ਘਰ ਆਈ ਰਵਨੀਤ ਕੌਰ ਨੂੰ 14 ਮਾਰਚ ਨੂੰ ਉਸ ਦੇ ਪਿੰਡ ਬੱਗੇ ਕੇ ਪਿੱਪਲ ਸਥਿਤ ਘਰੋਂ ਕੁਝ ਅਣਪਛਾਤਿਆਂ ਨੇ ਅਗਵਾ ਕਰ ਲਿਆ ਸੀ। ਮ੍ਰਿਤਕਾ ਦੇ ਪਿਤਾ ਹਰਜਿੰਦਰ ਸਿੰਘ ਨੇ ਦੱਸਿਆ ਕਿ ਰਵਨੀਤ ਨੂੰ ਉਸ ਦੇ ਪਤੀ ਦਾ ਫੋਨ ਆਇਆ ਤੇ ਗੱਲ ਕਰਦੀ ਉਹ ਘਰ ਤੋਂ ਕੁਝ ਦੂਰ ਚਲੀ ਗਈ। ਉਦੋਂ ਹੀ ਅਣਪਛਾਤੇ ਮੁਲਜ਼ਮਾਂ ਨੇ ਉਸ ਨੂੰ ਅਗਵਾ ਕਰ ਲਿਆ। ਉਸੇ ਦਿਨ ਥਾਣਾ ਆਰਿਫ ਕੇ ਵਿਚ ਕੇਸ ਦਰਜ ਕਰਕੇ ਪੜਤਾਲ ਸ਼ੁਰੂ ਕਰ ਦਿੱਤੀ ਗਈ ਸੀ।

ਇਸ ਕਤਲ ਕੇਸ ਵਿਚ ਨਾਮਜ਼ਦ ਮੁਲਜ਼ਮ ਕਿਰਨਜੋਤ ਕੌਰ (ਆਸਟਰੇਲੀਆ) ਦੀ ਭੈਣ ਤਰਨਜੀਤ ਕੌਰ ਤੇ ਸੰਦੀਪ ਸਿੰਘ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਮੁਢਲੀ ਪੁੱਛਗਿੱਛ ਦੌਰਾਨ ਤਰਨਜੀਤ ਨੇ ਮੰਨਿਆ ਕਿ ਇਹ ਕਤਲ ਚਾਰਾਂ ਰਵਨੀਤ ਦੇ ਪਤੀ ਜਸਪ੍ਰੀਤ ਤੇ ਕਿਰਨਜੀਤ ਦੀ ਮਿਲੀਭੁਗਤ ਨਾਲ ਹੋਇਆ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕਾ ਰਵਨੀਤ ਦੇ ਪਤੀ ਜਸਪ੍ਰੀਤ ਸਿੰਘ ਨੇ ਆਪਣੀ ਪਤਨੀ ਦੀ ਹੱਤਿਆ ਦੀ ਸਾਜ਼ਿਸ਼ ਆਸਟਰੇਲੀਆ ਵਿਚ ਹੀ ਘੜੀ ਸੀ। ਉਸ ਨੇ ਸਾਜ਼ਿਸ਼ ਤਹਿਤ ਆਪਣੀ ਪ੍ਰੇਮਿਕਾ ਕਿਰਨਜੋਤ ਕੌਰ ਨੂੰ ਵੀ ਭਾਰਤ ਭੇਜਿਆ ਪਰ ਕਤਲ ਮਗਰੋਂ ਉਹ ਵਾਪਸ ਆਸਟਰੇਲੀਆ ਭੱਜ ਗਈ।

## ਬਰਫ ਦੇ ਤੋਦੇ ਹੇਠ ਦਬਣ ਨਾਲ ਜਵਾਨ ਦੀ ਮੌਤ

**ਸ੍ਰੀਨਗਰ:** ਜੰਮੂ-ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ 'ਚ ਸੈਨਾ ਦੇ ਇਕ ਜਵਾਨ ਦੀ ਬਰਫ ਦੇ ਤੋਦੇ ਹੇਠ ਦੱਬ ਜਾਣ ਕਾਰਨ ਮੌਤ ਹੋ ਗਈ। ਉਤਰੀ ਕਸ਼ਮੀਰ ਦੇ ਕੁਪਵਾੜਾ 'ਚ ਬਰਫ ਦੇ ਤੋਦੇ ਹੇਠ ਦੱਬੇ ਜਾਣ ਨਾਲ ਹਵਾਲਦਾਰ ਸਤਵੀਰ ਸਿੰਘ ਦੀ ਮੌਤ ਹੋ ਗਈ ਹੈ।

# ਹਵਾਲਾ ਰਾਸ਼ੀ 'ਗੋਲਮੋਲ' ਕਰਨ ਦੇ ਮਾਮਲੇ ਵਿਚ ਘਿਰੀ ਪੰਜਾਬ ਪੁਲਿਸ

**ਜਲੰਧਰ:** ਹਵਾਲਾ ਰਾਸ਼ੀ ਮਾਮਲੇ ਵਿਚ ਘਿਰੇ ਪਾਦਰੀ ਐਂਥਨੀ ਮੈਡਾਸਰੀ ਨੇ ਖੰਨਾ ਪੁਲਿਸ 'ਤੇ ਗੰਭੀਰ ਦੋਸ਼ ਲਾਉਂਦਿਆਂ ਆਖ ਦਿੱਤਾ ਹੈ ਕਿ ਪੁਲਿਸ ਉਨ੍ਹਾਂ ਦੇ ਫਾਰਮ ਹਾਊਸ 'ਚੋਂ 16 ਕਰੋੜ 55 ਲੱਖ ਦੀ ਰਕਮ ਆਪਣੇ ਨਾਲ ਲੈ ਕੇ ਗਈ ਸੀ ਪਰ ਸਿਰਫ 9 ਕਰੋੜ 66 ਲੱਖ 61 ਹਜ਼ਾਰ 700 ਰੁਪਏ ਦੀ ਰਕਮ ਹੀ ਦਿਖਾਈ ਗਈ ਹੈ। ਉਨ੍ਹਾਂ ਸਵਾਲ ਕੀਤਾ ਕਿ 6 ਕਰੋੜ 65 ਲੱਖ ਦੀ ਰਕਮ ਕਿਥੇ ਗਈ? ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਰਕਮ ਹਵਾਲਾ ਰਾਸ਼ੀ ਨਹੀਂ ਸੀ।

ਇਹ ਪੈਸੇ ਸਕੂਲਾਂ ਨੂੰ ਵੇਚੀਆਂ ਕਿਤਾਬਾਂ ਅਤੇ ਸਟੇਸ਼ਨਰੀ ਦੇ ਸਨ। ਪਾਦਰੀ ਐਂਥਨੀ ਨੇ ਕਿਹਾ ਕਿ ਪੰਜਾਬ 'ਚ ਕਰੀਬ 45 ਕਾਨਵੈਂਟ ਸਕੂਲ ਹਨ, ਜਿਨ੍ਹਾਂ ਨੂੰ ਇਹ ਕਿਤਾਬਾਂ ਸਪਲਾਈ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸਾਲ ਦੇ 40 ਕਰੋੜ ਰੁਪਏ ਕਿਤਾਬਾਂ ਤੋਂ ਹੀ ਇਕੱਠੇ ਹੁੰਦੇ ਹਨ। ਐਂਥਨੀ ਨੇ ਦਾਅਵਾ ਕੀਤਾ ਕਿ ਕਿਤਾਬਾਂ ਸਹੋਦਿਆ ਨਾਂ ਦੀ ਫਰਮ ਵੱਲੋਂ ਛਾਪੀਆਂ ਜਾਂਦੀਆਂ ਹਨ ਤੇ ਇਸ 'ਚ ਉਨ੍ਹਾਂ ਸਮੇਤ ਚਾਰ ਹੋਰ ਭਾਈਵਾਲ ਹਨ। ਉਨ੍ਹਾਂ ਕਿਹਾ ਕਿ 29 ਮਾਰਚ ਨੂੰ 14 ਕਰੋੜ ਰੁਪਏ ਦੀ ਰਕਮ ਸਾਊਥ ਇੰਡੀਅਨ ਬੈਂਕ ਵਿਚ ਜਮ੍ਹਾਂ ਕਰਵਾ ਦਿੱਤੀ ਗਈ ਸੀ ਤੇ ਬਾਕੀ ਦੀ ਰਕਮ ਗਿਣੀ ਜਾ ਰਹੀ ਸੀ। ਪਾਦਰੀ ਐਂਥਨੀ ਨੇ ਕਿਹਾ ਕਿ ਪੁਲਿਸ ਨੇ ਉਨ੍ਹਾਂ ਕੋਲੋਂ ਜਿਹੜੀ ਪੁੱਛਗਿੱਛ ਕੀਤੀ ਹੈ ਉਨ੍ਹਾਂ ਸਾਰੀਆਂ ਗੱਲਾਂ ਦੇ ਜਵਾਬ ਦੇ ਦਿੱਤੇ ਹਨ ਤੇ ਫੜੀ ਗਈ ਸਾਰੀ ਰਕਮ ਦਾ ਹਿਸਾਬ ਉਨ੍ਹਾਂ ਕੋਲ ਹੈ। ਉਨ੍ਹਾਂ ਦਾਅਵਾ ਕੀਤਾ ਕਿ 29 ਮਾਰਚ ਸ਼ਾਮ ਨੂੰ ਹਥਿਆਰਾਂ ਨਾਲ ਲੈਸ 40-50 ਵਿਅਕਤੀ ਆਏ।

ਉਨ੍ਹਾਂ ਕੋਲ ਏ.ਕੇ. 47 ਰਾਈਫਲਾਂ ਤੇ ਪਿਸਤੌਲ ਸਨ। ਉਨ੍ਹਾਂ ਦੋਸ਼ ਲਾਇਆ ਕਿ ਬਿਨਾਂ ਵਾਰੰਟ ਤੋਂ ਤਲਾਸ਼ੀ ਲਈ ਗਈ ਤੇ 16 ਕਰੋੜ 65 ਲੱਖ ਦੇ ਕਰੀਬ ਰਕਮ ਅਤੇ ਉਨ੍ਹਾਂ ਦਾ ਮੋਬਾਈਲ ਉਹ ਨਾਲ ਲੈ ਗਏ। ਉਨ੍ਹਾਂ ਕਿਹਾ ਕਿ ਪੁਲਿਸ ਨੇ ਜਿਹੜੀ ਰਕਮ ਕਥਿਤ ਤੌਰ 'ਤੇ ਖੁਰਦ-ਬੁਰਦ ਕੀਤੀ ਹੈ, ਉਸ ਦੀ ਸ਼ਿਕਾਇਤ ਪੁਲਿਸ ਕਮਿਸ਼ਨਰ ਜਲੰਧਰ ਨੂੰ ਕਰ ਦਿੱਤੀ ਗਈ ਹੈ ਤੇ ਖੰਨਾ ਪੁਲਿਸ ਵਿਰੁਧ ਐਫ.ਆਈ.ਆਰ. ਦਰਜ ਕਰਨ ਦੀ ਮੰਗ ਕੀਤੀ ਗਈ ਹੈ। ਆਮਦਨ ਕਰ ਵਿਭਾਗ ਦੇ ਅਧਿਕਾਰੀ ਵੀ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੇ ਹਨ। ਸ਼ਿਕਾਇਤ ਦਾ ਉਤਾਰਾ ਹਾਈ ਕੋਰਟ ਦੇ ਚੀਫ ਜਸਟਿਸ, ਮੁੱਖ ਮੰਤਰੀ ਪੰਜਾਬ, ਡੀ.ਜੀ.ਪੀ. ਅਤੇ ਡੀ.ਆਈ.ਜੀ. ਲੁਧਿਆਣਾ ਨੂੰ ਵੀ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਇਨਸਾਫ਼ ਲਈ ਹਾਈ ਕੋਰਟ ਪਹੁੰਚ ਕਰਨਗੇ ਤੇ ਸੀ.ਬੀ.ਆਈ. ਜਾਂਚ ਦੀ ਵੀ ਮੰਗ ਕਰਨਗੇ।



# ਦਰਬਾਰ ਸਾਹਿਬ 'ਚ ਗੈਰ-ਸਿੱਖਾਂ ਬਾਰੇ ਇਤਰਾਜ ਕਰਨ ਵਾਲੀ ਬੀਬੀ ਨੇ ਮੁਆਫੀ ਮੰਗੀ

**ਅੰਮ੍ਰਿਤਸਰ:** ਦਰਬਾਰ ਸਾਹਿਬ ਵਿਚ ਗੈਰ ਸਿੱਖ ਸ਼ਰਧਾਲੂਆਂ ਦੀ ਆਮਦ 'ਤੇ ਇਤਰਾਜ ਪ੍ਰਗਟਾਉਣ ਵਾਲੀ ਸਿੱਖ ਔਰਤ ਨੇ ਸ਼੍ਰੋਮਣੀ ਕਮੇਟੀ ਨੂੰ ਪੱਤਰ ਭੇਜ ਕੇ ਹੋਈ ਗਲਤੀ ਦੀ ਮੁਆਫੀ ਮੰਗ ਲਈ ਹੈ। ਇਸ ਸਬੰਧ ਵਿਚ ਉਸ ਨੇ ਇਕ ਪੱਤਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਨਾਂ 'ਤੇ ਭੇਜਿਆ ਹੈ।

ਬੀਤੇ ਦਿਨ ਕੇਸਕੀ ਸਜਾਈ ਇਸ ਸਿੱਖ ਔਰਤ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਵੀਡੀਓ ਵਾਇਰਲ ਕੀਤੀ ਸੀ, ਜਿਸ ਵਿਚ ਉਸ ਨੇ ਦਰਬਾਰ ਸਾਹਿਬ ਵਿਚ ਗੈਰ-ਸਿੱਖ ਸ਼ਰਧਾਲੂਆਂ ਦੀ ਵਧ ਰਹੀ ਆਮਦ 'ਤੇ ਇਤਰਾਜ ਪ੍ਰਗਟਾਇਆ ਸੀ। ਉਸ ਦੀ ਇਸ ਕਾਰਵਾਈ ਦਾ ਸ਼੍ਰੋਮਣੀ ਕਮੇਟੀ ਨੇ ਸਖਤ ਨੋਟਿਸ ਲਿਆ ਸੀ ਅਤੇ ਉਸ ਖਿਲਾਫ ਪੁਲਿਸ ਕੋਲ ਸ਼ਿਕਾਇਤ ਕੀਤੀ ਸੀ। ਇਸ ਵਿਚ ਸਿੱਖ ਭਾਵਨਾਵਾਂ ਭੜਕਾਉਣ ਦਾ ਦੋਸ਼ ਲਾਇਆ ਸੀ। ਇਸ ਔਰਤ ਦੀ ਵਾਇਰਲ ਵੀਡੀਓ 'ਤੇ ਸਿੱਖ ਭਾਈਚਾਰੇ ਵਲੋਂ ਵੀ ਸਖ਼ਤ ਇਤਰਾਜ ਕੀਤਾ ਗਿਆ ਸੀ। ਪਰਮਵੀਰ ਕੌਰ ਨਾਂ ਦੀ ਇਸ ਔਰਤ ਨੇ ਸਿੱਖ ਭਾਈਚਾਰੇ ਵਲੋਂ ਹੋਏ ਇਤਰਾਜ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਮੁਆਫੀ ਪੱਤਰ ਭੇਜਿਆ। ਦਰਬਾਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਇਸ ਪੱਤਰ ਦੇ ਪ੍ਰਾਪਤ ਹੋਣ ਦੀ ਪੁਸ਼ਟੀ ਕੀਤੀ ਹੈ।

ਇਸ ਪੱਤਰ ਵਿਚ ਔਰਤ ਨੇ ਆਪਣਾ ਪੱਖ ਸਪੱਸ਼ਟ ਕਰਦਿਆਂ ਆਖਿਆ ਕਿ ਉਹ ਸਭ ਧਰਮਾਂ ਦਾ ਸਤਿਕਾਰ ਕਰਦੀ ਹੈ। ਉਸ ਦੀ ਵੀਡੀਓ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਉਸ ਦਾ ਮੰਤਵ ਸਿਰਫ਼ ਸਿੱਖ ਭਾਈਚਾਰੇ ਨੂੰ ਗੁਰਦੁਆਰੇ ਆਉਣ ਵਾਸਤੇ ਉਤਸ਼ਾਹਿਤ ਕਰਨਾ ਸੀ। ਉਸ ਨੇ ਲਿਖਿਆ ਕਿ ਜੇ ਉਸ ਦੀਆਂ ਗੱਲਾਂ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤਾਂ ਉਹ ਇਸ ਸਬੰਧੀ ਮੁਆਫੀ ਮੰਗਦੀ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਸਿੱਖ ਔਰਤ ਦਾ ਗੁਨਾਹ ਮੁਆਫੀਯੋਗ ਨਹੀਂ ਹੈ। ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਉਸ ਦੀ ਇਸ ਕਾਰਵਾਈ ਨਾਲ ਸਿੱਖ ਭਾਈਚਾਰੇ ਦੀ ਸਾਖ ਨੂੰ ਢਾਹ ਲੱਗੀ ਹੈ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ਸਮੁੱਚੀ ਮਨੁੱਖਤਾ ਲਈ ਹੈ।

ਇਸ ਦੌਰਾਨ ਦਰਬਾਰ ਸਾਹਿਬ ਵਿਚ ਵਾਪਸੀ ਰਸਤੇ ਮੱਥਾ ਟੇਕਣ ਲਈ ਸ਼ਰਧਾਲੂਆਂ ਨੂੰ ਭੇਜੇ ਜਾਣ 'ਤੇ ਰੋਕ ਲਾ ਦਿੱਤੀ ਗਈ ਹੈ। ਪਹਿਲਾਂ ਇਸ ਰਸਤੇ ਬਜ਼ੁਰਗਾਂ, ਬੱਚਿਆਂ ਤੇ ਵੀ.ਆਈ.ਪੀ. ਆਦਿ ਨੂੰ ਨਤਮਸਤਕ ਹੋਣ ਲਈ ਭੇਜ ਦਿੱਤਾ ਜਾਂਦਾ ਸੀ, ਜਿਸ ਦਾ ਸਿੱਖ ਸੰਗਤ ਵਲੋਂ ਵਿਰੋਧ ਕੀਤਾ ਜਾਂਦਾ ਸੀ। ਹੁਣ ਵਾਪਸੀ ਰਸਤੇ ਰਾਹੀਂ ਸਿਰਫ ਦਰਬਾਰ ਸਾਹਿਬ ਵਿਚ ਡਿਊਟੀ ਦੇਣ ਵਾਲੇ ਪਾਠੀ, ਰਾਗੀ ਅਤੇ ਸਿੰਘ ਸਾਹਿਬਾਨ ਹੀ ਜਾ ਸਕਣਗੇ। ਬਜ਼ੁਰਗਾਂ ਅਤੇ ਹੋਰ ਲੋੜਵੰਦਾਂ ਨੂੰ ਜਲਦੀ ਨਤਮਸਤਕ ਹੋਣ ਵਾਸਤੇ ਭੇਜਣ ਲਈ ਦਰਸ਼ਨੀ ਡਿਓਢੀ ਵਿਚ ਬਣੇ ਛੋਟੇ ਰਸਤੇ ਦੀ ਵਰਤੋਂ ਸ਼ੁਰੂ ਕੀਤੀ ਗਈ ਹੈ। ਦਰਬਾਰ ਸਾਹਿਬ ਦੇ ਪ੍ਰਬੰਧਕਾਂ ਵਲੋਂ ਲਏ ਇਸ ਫੈਸਲੇ 'ਤੇ ਸੰਗਤ ਨੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ।

# ਪੰਜਾਬ ਦੇ 19,240.91 ਕਰੋੜ ਦੇ ਨਗਦ ਹੱਦ ਕਰਜ਼ੇ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ) ਨੇ ਹਾੜੀ ਦੇ ਆਗਾਮੀ ਮੰਡੀਕਰਨ ਸੀਜ਼ਨ ਲਈ ਕਣਕ ਦੀ ਖ਼ਰੀਦ ਵਾਸਤੇ ਪੰਜਾਬ ਨੂੰ 19, 240.91 ਕਰੋੜ ਰੁਪਏ ਦੇ ਨਗਦ ਹੱਦ ਕਰਜ਼ੇ (ਸੀ.ਸੀ.ਐਲ.) ਦੀ ਪ੍ਰਵਾਨਗੀ ਦੇ ਦਿੱਤੀ ਹੈ। ਸੂਬਾ ਸਰਕਾਰ ਵਲੋਂ ਇਸ ਸੀਜ਼ਨ ਦੌਰਾਨ 130 ਲੱਖ ਟਨ ਕਣਕ ਦੀ ਖਰੀਦ ਕਰਨ ਵਾਸਤੇ ਮੰਗੀ ਗਈ ਸੀ.ਸੀ.ਐਲ. ਰਾਸ਼ੀ 'ਚੋਂ ਕੇਂਦਰੀ ਬੈਂਕ ਦੁਆਰਾ ਇਹ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ।

ਸਰਕਾਰੀ ਬੁਲਾਰੇ ਅਨੁਸਾਰ ਸੀ.ਸੀ.ਐਲ. ਜਾਰੀ ਕਰਨ ਨਾਲ ਸੂਬਾ ਸਰਕਾਰ ਨੂੰ ਕਣਕ ਦੀ ਖਰੀਦ ਲਈ ਕਿਸਾਨਾਂ ਨੂੰ ਸਮੇਂ ਸਿਰ ਭੁਗਤਾਨ ਕਰਨ 'ਚ ਮਦਦ ਮਿਲੇਗੀ। ਹਾੜੀ ਦਾ ਸੀਜ਼ਨ 1 ਅਪ੍ਰੈਲ ਤੋਂ ਸ਼ੁਰੂ ਹੋਵੇਗਾ ਜੋ 25 ਮਈ ਤੱਕ ਚੱਲੇਗਾ। ਕੇਂਦਰ ਸਰਕਾਰ ਨੇ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 1840 ਰੁਪਏ ਪ੍ਰਤੀ ਕੁਇੰਟਲ ਨਿਰਧਾਰਤ ਕੀਤਾ ਜੋ ਕਿ ਪਿਛਲੇ ਸਾਲ ਦੇ 1735 ਰੁਪਏ ਪ੍ਰਤੀ ਕੁਇੰਟਲ ਦੇ ਮੁਕਾਬਲੇ 105 ਰੁਪਏ ਪ੍ਰਤੀ ਕੁਇੰਟਲ ਵੱਧ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਣਕ ਦੀ ਨਿਰਵਿਘਨ ਖਰੀਦ ਲਈ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਨੂੰ ਸਖਤ ਹਦਾਇਤਾਂ ਜਾਰੀ ਕਰਦਿਆਂ ਕਿਸਾਨਾਂ ਨੂੰ ਆਪਣੀ ਫਸਲ ਵੇਚਣ 'ਚ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਉਣ ਨੂੰ ਯਕੀਨੀ ਬਣਾਉਣ ਦੀ ਹਦਾਇਤ ਕੀਤੀ।

# ਬਦਲਵੀਂ ਖੇਤੀ ਦੇ ਰਾਹ ਪਏ ਕਿਸਾਨਾਂ 'ਤੇ ਮੰਦੀ ਦੀ ਮਾਰ

**ਅਮਰਗੜ੍ਹ:** ਪੰਜਾਬ ਦੀ ਕਿਸਾਨੀ ਦਾ ਆਰਥਕ ਸੰਕਟ ਅਤੇ ਜਿਨਸਾਂ ਨੂੰ ਕੀਮਤ ਸੂਚਕ ਅੰਕ ਨਾਲ ਜੋੜਨ ਦਾ ਮਸਲਾ ਖਤਮ ਹੋਣ ਦਾ ਨਾਂ ਹੀ ਨਹੀਂ ਲੈ ਰਿਹਾ। ਬਾਜ਼ਾਰ 'ਚ ਆਲੂਆਂ ਦਾ ਭਾਅ ਚਾਰ ਰੁਪਏ ਅਤੇ ਖੀਰੇ ਦਾ ਰੇਟ ਦੋ ਰੁਪਏ ਪ੍ਰਤੀ ਕਿੱਲੋ ਰਿਹਾ। ਆਲੂ ਉਗਾਉਣ ਵਾਲੀ ਕਿਸਾਨੀ ਵੀ ਭਾਰੀ ਸੰਕਟ ਗ੍ਰਸਤ ਹੈ।

ਇਲਾਕੇ ਦੇ ਇਕ ਅਗਾਂਹਵਧੂ ਕਿਸਾਨ ਨੇ ਦੱਸਿਆ ਕਿ ਇਕ ਕੁਇੰਟਲ ਆਲੂ ਉਗਾਉਣ ਵਾਲੀ ਗੱਲ ਨੂੰ ਛੱਡ ਕੇ ਸਿਰਫ ਇਸ ਦੇ ਪੁੱਟਣ ਤੋਂ ਲੈ ਕੇ ਲੋਡ ਕਰਨ ਤੱਕ ਲਗਭਗ 32 ਰੁਪਏ ਮਜ਼ਦੂਰੀ ਖਰਚਾ ਆਉਂਦਾ ਹੈ ਤੇ ਇਸ 'ਚ 16 ਰੁਪਏ ਦੀ ਖਾਲੀ ਬੋਰੀ ਦੀ ਕੀਮਤ ਜੋੜ ਕੇ 48 ਰੁਪਏ ਪ੍ਰਤੀ 50 ਕਿੱਲੋ ਆਲੂ ਤੇ ਖਰਚ ਆਉਂਦਾ ਹੈ। ਇਸੇ ਤਰ੍ਹਾਂ ਦਸ ਕਿਲੋ ਖੀਰੇ ਦੇ ਬੈਗ ਦੀ ਕੀਮਤ ਵੀ ਮੰਡੀ 'ਚ 20 ਰੁਪਏ ਹੈ। ਇਸ ਤੋਂ ਇਹ ਅੰਦਾਜਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਦੋਵੇਂ ਵਸਤਾਂ ਦਾ ਮੰਡੀ 'ਚ ਕਿਸਾਨਾਂ ਨੂੰ ਕਿਨ੍ਹਾਂ ਕੁ ਮੁੱਲ ਦਿੱਤਾ ਜਾਂਦਾ ਹੋਵੇਗਾ। ਇਲਾਕੇ ਦੇ ਇਕ ਹੋਰ ਸਬਜ਼ੀ ਉਤਪਾਦਕ ਕਿਸਾਨ ਨੇ ਵੀ ਦੱਸਿਆ ਕਿ ਕਈ ਵਾਰ ਸਬਜ਼ੀ ਉਗਾਉਣ ਵਾਲੇ ਸਿਰਫ਼ ਜੂਆ ਹੀ ਖੇਡਦੇ ਹਨ ਕਿਉਂਕਿ ਉਨ੍ਹਾਂ ਵਲੋਂ ਉਗਾਈ ਗਈ ਸਬਜ਼ੀ ਕਈ ਵਾਰ ਤਾਂ ਮਜ਼ਦੂਰੀ ਦੇ ਖਰਚੇ ਵੀ ਨਹੀਂ ਮੋੜਦੀ ਜਦ ਕਿ ਠੇਕੇ 'ਤੇ ਲਈ ਪ੍ਰਤੀ ਏਕੜ ਜ਼ਮੀਨ ਦਾ ਸੱਠ ਹਜ਼ਾਰ ਰੁਪਏ ਸਾਲਾਨਾ ਚਕੋਤਾ ਅਦਾ ਕਰਨਾ ਹੀ ਪੈਂਦਾ ਹੈ। ਇਨ੍ਹਾਂ ਕਿਸਾਨਾਂ ਵਲੋਂ ਸੂਬਾਈ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਸਬਜ਼ੀ ਉਤਪਾਦਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਵਿਚਾਰ ਕੇ ਕੋਈ ਢੁਕਵਾਂ ਹੱਲ ਤਲਾਸ਼ ਕੀਤਾ ਜਾਵੇ।

# ਪਰਿਵਾਰ ਦੇ ਚਾਰ ਜੀਆਂ ਦੀ ਜ਼ਹਿਰੀਲੀ ਚੀਜ਼ ਖਾਣ ਨਾਲ ਮੌਤ

**ਆਦਮਪੁਰ ਦੋਆਬਾ:** ਨੇੜਲੇ ਪਿੰਡ ਮਾਣਕੋ 'ਚ ਇਕੋ ਪਰਿਵਾਰ ਦੇ ਚਾਰ ਜੀਆਂ ਦੀ ਕੋਈ ਜ਼ਹਿਰੀਲੀ ਚੀਜ਼ ਖਾਣ ਨਾਲ ਮੌਤ ਹੋ ਗਈ। ਮ੍ਰਿਤਕਾਂ ਵਿਚ ਬਖਸ਼ਿੰਦਰ ਕੌਰ (46) ਉਸ ਦਾ ਲੜਕਾ ਜਸਪ੍ਰੀਤ ਸਿੰਘ (18), ਬੇਟੀ ਬਲਪ੍ਰੀਤ ਕੌਰ, ਛੋਟਾ ਲੜਕਾ ਹਰਮਨਪ੍ਰੀਤ ਸਿੰਘ (11) ਸ਼ਾਮਲ ਹਨ। ਬਖਸ਼ਿੰਦਰ ਦਾ ਪਤੀ ਹਰਜੀਤ ਸਿੰਘ ਦੁਬਈ ਵਿਚ ਹੈ।

ਜਸਪ੍ਰੀਤ ਨੇ ਆਪਣੇ ਗੁਆਂਢੀ ਨੂੰ ਫੋਨ ਕੀਤਾ ਕਿ ਸਾਰੇ ਪਰਿਵਾਰ ਨੂੰ ਉਲਟੀਆਂ ਆ ਰਹੀਆਂ ਹਨ। ਉਨ੍ਹਾਂ ਦੇ ਗੁਆਂਢੀ ਨੇ ਇਸ ਦੀ ਸੂਚਨਾ ਪਰਿਵਾਰ ਦੇ ਰਿਸ਼ਤੇਦਾਰ ਸਰੂਪ ਸਿੰਘ ਨੂੰ ਦਿੱਤੀ। ਸਰੂਪ ਜਦ ਘਰ ਪੁੱਜਾ ਤਾਂ ਪਰਿਵਾਰ ਦਾ ਹਾਲਤ ਕਾਫੀ ਪਤਲੀ ਸੀ ਤੇ ਉਨ੍ਹਾਂ ਤੁਰਤ ਸਾਰਿਆਂ ਨੂੰ ਕਠਾਰ ਦੇ ਹਸਪਤਾਲ ਪਹੁੰਚਾਇਆ। ਡਾਕਟਰਾਂ ਨੇ ਛੋਟੇ ਲੜਕੇ ਹਰਮਨਪ੍ਰੀਤ ਨੂੰ ਮ੍ਰਿਤਕ ਐਲਾਨ ਦਿੱਤਾ ਅਤੇ ਬਾਕੀਆਂ ਨੂੰ ਆਦਮਪੁਰ ਦੇ ਨਿੱਜੀ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੇ ਤਿੰਨਾਂ ਦੀ ਇਲਾਜ ਦੌਰਾਨ ਮੌਤ ਹੋ ਗਈ। ਮਾਮਲੇ ਨੂੰ ਖੁਦਕੁਸ਼ੀ ਦੇ ਨੁਕਤੇ ਤੋਂ ਵੀ ਦੇਖਿਆ ਜਾ ਰਿਹਾ ਹੈ। ਪਿੰਡ ਵਾਸੀਆਂ ਮੁਤਾਬਕ ਪਰਿਵਾਰ ਦਾ ਮੁਖੀ ਹਰਜੀਤ ਸਿੰਘ ਪਿਛਲੇ ਲੰਮੇ ਸਮੇਂ ਤੋਂ ਦੁਬਈ ਵਿਚ ਕੰਮ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਰਜੀਤ ਕਿਸੇ ਬਿਮਾਰੀ ਤੋਂ ਪੀੜਤ ਸੀ ਜਿਸ ਕਾਰਨ ਬਖਸ਼ਿੰਦਰ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿੰਦੀ ਸੀ। ਬੀਤੇ ਕੁੱਝ ਮਹੀਨਿਆਂ ਤੋਂ ਬਖਸ਼ਿੰਦਰ ਦਾ ਗੁਆਂਢੀਆਂ ਨਾਲ ਵੀ ਮਿਲਵਰਤਣ ਘੱਟ ਸੀ ਤੇ ਉਹ ਚੁੱਪ ਰਹਿੰਦੀ ਸੀ।

# ਅਕਾਲੀ ਦਲ ਨੇ ਡੇਰਾ ਮੁਖੀ ਨੂੰ ਮੁਆਫੀ ਦੇਣ ਦੀ ਗਲਤੀ ਮੰਨੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਅਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ



ਪਾਰਟੀ ਮਹਿਸੂਸ ਕਰਦੀ ਹੈ ਕਿ ਡੇਰਾ ਮੁਖੀ ਨੂੰ ਮੁਆਫੀ ਦੇਣਾ ਗਲਤੀ ਸੀ। ਉਨ੍ਹਾਂ ਕਿਹਾ ਕਿ ਇਹ ਗੱਲ ਮੰਨਣ ਵਿਚ ਕੋਈ ਹਰਜ ਨਹੀਂ ਕਿ ਸਰਕਾਰਾਂ ਕਈ ਵਾਰ ਗਲਤ ਫੈਸਲੇ ਵੀ ਲੈ ਲੈਂਦੀਆਂ ਹਨ।

ਪਰਮਿੰਦਰ ਢੀਂਡਸਾ ਨੇ ਕਿਹਾ ਕਿ ਹੁਣ ਇਸ ਮਸਲੇ 'ਤੇ ਬਹਿਸ ਦੀ ਲੋੜ ਨਹੀਂ। ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਮਗਰੋਂ ਸ੍ਰੀ ਢੀਂਡਸਾ ਨੇ ਕਿਹਾ ਕਿ ਬਹਿਬਲ ਕਲਾਂ ਤੇ ਬਰਗਾੜੀ ਕਾਂਡ ਬਾਰੇ ਸੱਚਾਈ ਹੌਲੀ-ਹੌਲੀ ਲੋਕਾਂ ਦੇ ਸਾਹਮਣੇ ਆ ਰਹੀ ਹੈ। ਕੋਈ ਵੀ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਹੀਂ ਕਰ ਸਕਦਾ। ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਨੇ ਅਕਾਲੀਆਂ ਖਿਲਾਫ ਕੂੜ ਪ੍ਰਚਾਰ ਕੀਤਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਐਸ.ਆਈ.ਟੀ. ਸਾਹਮਣੇ ਸੁਖਬੀਰ ਸਿੰਘ ਬਾਦਲ ਪੇਸ਼ ਹੋ ਕੇ ਆਪਣਾ ਪੱਖ ਰੱਖ ਚੁੱਕੇ ਹਨ ਤੇ ਸ਼੍ਰੋਮਣੀ ਅਕਾਲੀ ਦਲ ਨੇ ਇਹ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਉਹ ਕੋਈ ਮਾਨਤਾ ਨਹੀਂ ਦਿੰਦੇ। ਲੋਕ ਸਭਾ ਚੋਣ ਲੜਨ ਸਬੰਧੀ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਜੇ ਪਾਰਟੀ ਚੋਣ ਲੜਨ ਲਈ ਕਹੇਗੀ ਤਾਂ ਉਹ ਜ਼ਰੂਰ ਲੜਨਗੇ। ਢੀਂਡਸਾ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਉਹ ਹਰ ਧਰਮ ਨੂੰ ਮੰਨਣ ਵਾਲੇ ਵਿਅਕਤੀਆਂ ਕੋਲ ਵੋਟ ਮੰਗਣ ਜਾਣਗੇ ਪਰ ਕਿਸੇ ਡੇਰੇ 'ਤੇ ਬਿਲਕੁਲ ਨਹੀਂ।

# ਖਾਲਿਸਤਾਨੀਆਂ ਨੂੰ 'ਅਤਿਵਾਦੀ' ਐਲਾਨ ਕਸੂਤੀ ਘਿਰੀ ਕੈਨੇਡਾ ਸਰਕਾਰ

**ਓਟਾਵਾ:** ਕੈਨੇਡਾ ਵਿਚ ਵੱਸਦੇ ਕੁਝ ਖਾਲਿਸਤਾਨ ਹਮਾਇਤੀਆਂ ਕਰਕੇ ਟਰੂਡੋ ਸਰਕਾਰ ਨੇ ਸਾਰੇ ਸਿੱਖਾਂ ਨੂੰ ਇਹ ਕਹਿੰਦਿਆਂ ਖਤਰੇ ਵਿਚ



ਪਾ ਦਿੱਤਾ ਸੀ ਕਿ ਇਹ ਉਨ੍ਹਾਂ ਦੇ ਦੇਸ਼ ਨੂੰ ਪੰਜ ਵੱਡੇ ਖਤਰਿਆਂ ਵਿਚੋਂ ਇਕ ਹਨ। ਕੈਨੇਡਾ ਸਰਕਾਰ ਦੇ ਰੱਖਿਆ ਮੰਤਰੀ ਰਾਲਫ ਗੂਡੇਲ ਨੇ ਲੰਘੇ ਵਰ੍ਹੇ ਦੇ ਅੰਤ ਵਿਚ ਕੌਮੀ ਸੁਰੱਖਿਆ ਰਿਪੋਰਟ ਵਿਚ ਸਿੱਖਾਂ ਪ੍ਰਤੀ ਇਹ ਸਖਤ ਟਿੱਪਣੀ ਕੀਤੀ ਸੀ। ਹਾਲਾਂਕਿ, ਬਾਅਦ ਵਿਚ ਇਸ ਨੂੰ ਹਟਾ ਲਿਆ ਸੀ। ਹੁਣ ਖੁਲਾਸਾ ਹੋਇਆ ਹੈ ਕਿ ਗੂਡੇਲ ਸਮੇਤ ਟਰੂਡੋ ਦੇ ਕਈ ਐਮਪੀਜ਼ 'ਤੇ ਰਿਪੋਰਟ ਦਰੁਸਤ ਕਰਨ ਲਈ ਕਾਫੀ ਦਬਾਅ ਬਣਾਇਆ ਗਿਆ। ਸਿੱਖਸ ਫਾਰ ਜਸਟਿਸ ਸੰਸਥਾ ਨੇ ਇਸ ਸਬੰਧੀ ਵੱਡੇ ਪੱਧਰ 'ਤੇ ਚਿੱਠੀ ਪੱਤਰ ਭੇਜਣ ਦੀ ਮੁਹਿੰਮ ਸ਼ੁਰੂ ਕੀਤੀ ਸੀ, ਜਿਸ ਕਾਰਨ ਸਰਕਾਰ 'ਤੇ ਕਾਫੀ ਦਬਾਅ ਪਿਆ।

ਐਸ.ਐਫ.ਜੇ. ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਕੈਨੇਡਾ ਸਰਕਾਰ ਕੋਲ 1985 ਏਅਰ ਇੰਡੀਆ ਦੀ ਫਲਾਈਟ ਨੂੰ ਤਬਾਹ ਕਰਨ ਤੋਂ ਇਲਾਵਾ ਸਿੱਖ ਕੱਟੜਵਾਦ ਦਾ ਕੋਈ ਵੀ ਸਬੂਤ ਮੌਜੂਦ ਨਹੀਂ। ਪੰਨੂੰ ਨੇ ਕਿਹਾ ਕਿ ਸਰਕਾਰ ਦੀ ਇਸ ਅਣਗਹਿਲੀ ਕਰਕੇ ਹਰ ਖਾਲਿਸਤਾਨੀ ਕਾਰਕੁਨ ਨੂੰ ਅਤਿਵਾਦੀ ਕਰਾਰ ਦੇ ਦਿੱਤਾ ਗਿਆ ਹੈ। ਵਿਵਾਦ ਖੜ੍ਹਾ ਹੋਣ ਮਗਰੋਂ ਗੂਡੇਲ ਨੇ ਵੀ ਕਿਹਾ ਸੀ ਕਿ ਰਿਪੋਰਟ ਵਿਚ ਧਰਮ ਦੇ ਸਾਰੇ ਪੈਰੋਕਾਰਾਂ ਨੂੰ ਕੱਟੜ ਨਹੀਂ ਸੀ ਦਰਸਾਇਆ ਗਿਆ।

# ਚੰਡੀਗੜ੍ਹ ਤੋਂ ਮੁੰਬਈ ਤੱਕ ਸਾਈਕਲ ਚਲਾ ਕੇ ਦਿੱਤਾ ਵਾਤਾਵਰਨ ਬਚਾਉਣ ਦਾ ਸੁਨੇਹਾ

**ਚੰਡੀਗੜ੍ਹ:** ਇਕ 40 ਸਾਲਾ ਸਾਈਕਲ ਚਾਲਕ ਨੇ ਵਾਤਾਵਰਨ ਬਚਾਉਣ ਸਬੰਧੀ ਲੋਕਾਂ ਵਿਚ ਜਾਗਰੂਕਤਾ ਲਿਆਉਣ ਦੇ ਮੰਤਵ ਨਾਲ ਚੰਡੀਗੜ੍ਹ ਤੋਂ ਮੁੰਬਈ ਤੱਕ ਲਗਭਗ 50 ਦਿਨਾਂ ਦੀ ਯਾਤਰਾ ਕੀਤੀ। ਚੰਡੀਗੜ੍ਹ ਦੇ ਰਾਜੀਵ ਕੁਮਾਰ ਦੇ ਇਸ ਅਭਿਆਨ ਨੂੰ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ ਨੇ ਬੀਤੀ ਪਹਿਲੀ ਫਰਵਰੀ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ ਸੀ।

ਆਪਣੇ ਇਸ ਅਭਿਆਨ ਤੋਂ ਚੰਡੀਗੜ੍ਹ ਵਾਪਸ ਪੁੱਜਣ 'ਤੇ ਰਾਜੀਵ ਕੁਮਾਰ ਨੇ ਦੱਸਿਆ ਕਿ ਇਸ ਅਭਿਆਨ ਦਾ ਮੁੱਖ ਉਦੇਸ਼ ਵਾਤਾਵਰਨ ਨੂੰ ਬਚਾਉਣ ਬਾਰੇ ਲੋਕਾਂ ਵਿਚ ਜਾਗਰੂਕਤਾ ਲੈ ਕੇ ਆਉਣਾ ਸੀ। ਆਪਣੀ ਯਾਤਰਾ ਦੇ ਦੌਰਾਨ ਮੈਂ ਲੋਕਾਂ ਨੂੰ ਘੱਟ ਦੂਰੀ ਤੈਅ ਕਰਨ ਅਤੇ ਆਪਣੇ ਦਫਤਰਾਂ ਨੂੰ ਜਾਣ ਲਈ ਸਾਈਕਲ ਚਲਾਉਣ ਲਈ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਕਿਉਂਕਿ ਇਹ ਹਵਾ ਪ੍ਰਦੂਸ਼ਣ ਨੂੰ ਘੱਟ ਕਰਨ 'ਚ ਮਦਦ ਕਰੇਗਾ। ਰਾਜੀਵ ਆਪਣੀ ਕਸਟਮ ਡਿਜ਼ਾਈਨ 9 ਫੁੱਟ ਉਚੀ ਹਰੇ ਰੰਗ ਦੀ ਸਾਈਕਲ 'ਤੇ ਜਿਥੇ ਵੀ ਗਏ ਲੋਕਾਂ ਦਾ ਧਿਆਨ ਅਕਰਸ਼ਿਤ ਕੀਤਾ।

ਰਾਜੀਵ ਮੁਤਾਬਕ ਇਸ ਸਾਈਕਲ ਉਤੇ, ਜਿਸ ਦਾ ਡਿਜ਼ਾਇਨ ਮੈਂ ਖੁਦ ਤਿਆਰ ਕੀਤਾ ਹੈ ਅਤੇ ਇਸ ਦਾ ਵਜ਼ਨ 67 ਕਿੱਲੋ ਗਰਾਮ ਹੈ, ਮੈਂ ਓਪਨ ਹਾਡ ਮੋਨੂਮੈਂਟ ਦੀ ਨਿਸ਼ਾਨੀ ਵੀ ਰੱਖਦਾਂ ਹਾਂ ਜੋ ਕਿ ਚੰਡੀਗੜ੍ਹ ਦਾ ਪ੍ਰਤੀਕ ਹੈ।

# ਬੇਹੱਦ ਘਾਤਕ ਹੈ ਫੌਜ ਦਾ ਸਿਆਸੀਕਰਨ

ਇੰਡੀਅਨ ਨੇਵੀ ਦੇ ਇਕ ਪਹਿਲੇ ਮੁਖੀ ਐਡਮਿਰਲ ਐਲ ਰਾਮਦਾਸ ਨੇ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੂੰ ਖਤ ਲਿਖ ਕੇ ਮੰਗ ਕੀਤੀ ਕਿ ਮਿਲਟਰੀ ਨਾਲ ਸਬੰਧਤ ਹਾਲ ਵਿਚ ਵਾਪਰੀਆਂ ਘਟਨਾਵਾਂ ਦਾ ਕਿਸੇ ਵੀ ਸਿਆਸੀ ਪਾਰਟੀ ਵੱਲੋਂ 'ਵਿਜੈ-ਉਲਾਸ' ਵਾਲੇ ਨੁਕਤੇ ਨੂੰ ਉਭਾਰ ਕੇ ਵੋਟਰਾਂ ਨੂੰ ਭਰਮਾਉਣ ਵਾਲੇ ਰੁਝਾਨ ਉਪਰ ਰੋਕ ਲਗਾਈ ਜਾਵੇ। ਐਡਮਿਰਲ ਨੇ ਆਪਣੇ ਖਤ 'ਚ ਪੁਲਵਾਮਾ, ਬਾਲਾਕੋਟ ਅਤੇ ਹਵਾਈ ਸੈਨਾ ਦੇ ਚਰਚਿਤ ਵਿੰਗ ਕਮਾਂਡਰ ਅਭਿਨੰਦਨ ਵਰਤਮਾਨ ਨਾਲ ਜੁੜੀਆਂ ਵਾਰਦਾਤਾਂ ਦਾ ਸਿਆਸੀ ਲਾਹਾ ਲੈਣ ਬਾਰੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਲਿਖਿਆ- "ਹਥਿਆਰਬੰਦ ਸੈਨਾਵਾਂ ਨੂੰ ਇਸ ਗਲ ਦਾ ਮਾਣ ਪ੍ਰਾਪਤ ਹੈ ਕਿ ਉਹ ਗੈਰ ਸਿਆਸੀ ਧਰਮ

**ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ**

ਨਿਰਪੱਖਤਾ, ਅਸੰਪ੍ਰਦਾਇਕ ਲੋਕਾਚਾਰ ਵਾਲੀ ਸੰਸਥਾ ਨਾਲ ਜੁੜੀਆਂ ਹਨ।"

ਅੱਗੇ ਜਾ ਕੇ ਉਨ੍ਹਾਂ ਸਖਤ ਸ਼ਬਦਾਂ 'ਚ ਲਿਖਿਆ- "ਕੁਝ ਸਿਆਸੀ ਪਾਰਟੀਆਂ ਆਪਣੇ ਏਜੰਡੇ ਨੂੰ ਬੜੀ ਬੇਸਬਰੀ ਨਾਲ ਅੱਗੇ ਵਧਾਉਂਦਿਆਂ ਹਥਿਆਰਬੰਦ ਸੈਨਾਵਾਂ ਦੀਆਂ ਸਿਆਸੀ ਨੇਤਾਵਾਂ ਨਾਲ ਫੋਟੋਆਂ ਅਤੇ ਪ੍ਰਤੀਬਿੰਬ ਜਨਤਕ ਸਥਾਨਾਂ, ਰੈਲੀਆਂ ਆਦਿ ਦੌਰਾਨ ਲਗਾ ਕੇ ਫੌਜ ਦੇ ਅਕਸ ਨੂੰ ਢਾਹ ਲਾ ਰਹੀਆਂ ਹਨ। ਐਸਾ ਕਰਨਾ ਬਿਲਕੁਲ ਮਨਜ਼ੂਰ ਨਹੀਂ ਕਿਉਂਕਿ ਫੌਜ ਨਾਲ ਇਸ ਕਿਸਮ ਦਾ ਖਿਲਵਾੜ ਕਰਨ ਨਾਲ ਸੰਭਾਵੀ ਰੂਪ 'ਚ ਫੌਜ ਦੀਆਂ ਮੁਢਲੀਆਂ ਕਦਰਾਂ-ਕੀਮਤਾਂ ਜਿਸ ਦੀ ਬੁਨਿਆਦ ਭਾਰਤ ਦੇ ਸੰਵਿਧਾਨ 'ਤੇ ਆਧਾਰਿਤ ਹੈ, ਨੂੰ ਗਹਿਰੀ ਚੋਟ ਪਹੁੰਚੇਗੀ।"

ਭਾਰਤੀ ਚੋਣ ਕਮਿਸ਼ਨ ਨੇ ਐਡਮਿਰਲ ਦੇ ਖਤ ਉਤੇ ਤੁਰੰਤ ਕਾਰਵਾਈ ਕਰਦਿਆਂ ਮੁਲਕ ਦੀਆਂ ਸਾਰੀਆਂ ਕੌਮੀ ਅਤੇ ਖੇਤਰੀ ਪਾਰਟੀਆਂ ਨੂੰ ਐਡਵਾਇਜ਼ਰੀ ਜਾਰੀ ਕੀਤੀ ਅਤੇ ਆਖਿਆ ਕਿ ਆਪਣੇ ਚੋਣ ਪ੍ਰਚਾਰ ਜਾਂ ਮੁਹਿੰਮ ਦੌਰਾਨ ਇਸ਼ਤਿਹਾਰਾਂ ਜਾਂ ਹੋਰ ਕਿਸੇ ਵੀ ਤਰ੍ਹਾਂ ਰੱਖਿਆ ਸੈਨਾਵਾਂ ਦੀਆਂ ਤਸਵੀਰਾਂ ਜਾਂ ਰੱਖਿਆ ਸੈਨਾਵਾਂ ਦੀ ਸ਼ਮੂਲੀਅਤ ਵਾਲੇ ਸਮਾਗਮਾਂ ਵਾਲੀਆਂ ਤਸਵੀਰਾਂ ਛਾਪਣ ਤੋਂ ਸੰਕੋਚ ਵਰਤਿਆ ਜਾਵੇ। ਹੁਣ ਦੇਖਣਾ ਇਹ ਹੋਵੇਗਾ ਕਿ ਸੈਨਾ ਦੇ ਸਿਆਸੀਕਰਨ ਰਾਹੀਂ ਸ਼ੁਹਰਤ ਖੱਟਣ ਵਾਲੇ ਆਗੂ ਇਨ੍ਹਾਂ ਹੁਕਮਾਂ ਦੀ ਪਾਲਣਾ ਕਿਵੇਂ ਕਰਨਗੇ?

ਰੱਖਿਆ ਸੈਨਾਵਾਂ ਦੇ ਸਿਆਸੀਕਰਨ ਰਾਹੀਂ ਵੋਟਾਂ ਬਟੋਰਨ ਦੇ ਮੁੱਦੇ ਨੂੰ ਲੈ ਕੇ ਐਡਮਿਰਲ ਰਾਮਦਾਸ ਨੇ ਮੁੱਖ ਚੋਣ ਕਮਿਸ਼ਨਰ ਨੂੰ ਲਿਖ ਕੇ ਜੋ ਖਦਸ਼ਾ ਜ਼ਾਹਰ ਕਰਕੇ ਦੂਰਅੰਦੇਸ਼ੀ ਵਾਲੀ ਸੋਚ ਦਾ ਪ੍ਰਗਟਾਵਾ ਕੀਤਾ ਹੈ, ਉਹ ਮੁਲਕ ਦੀ ਸੁਰੱਖਿਆ ਤੇ ਭਵਿਖੀ ਕਾਰਗੁਜ਼ਾਰੀ ਨਾਲ ਜੁੜਿਆ ਹੋਇਆ ਹੈ। ਇਹ ਕੋਈ ਪਹਿਲੀ ਵਾਰ ਨਹੀਂ, ਜਦੋਂ ਮਿਲਟਰੀ ਐਕਸ਼ਨ ਵਾਲੀਆਂ ਕਾਰਵਾਈਆਂ ਦਾ ਜਨਤਕ ਤੌਰ 'ਤੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਗਈ ਹੋਵੇ। ਦਰਅਸਲ ਹਥਿਆਰਬੰਦ ਸੈਨਾਵਾਂ ਦੇ ਕਈ ਉਚ ਅਧਿਕਾਰੀ ਅੰਦਰ ਖਾਤੇ ਦਬੇ-ਘੁਟੇ ਅਤੇ ਸਾਬਕਾ ਜਰਨੈਲ ਸਿੱਧੇ ਤੌਰ 'ਤੇ ਇਸ ਕਿਸਮ ਦੀਆਂ ਗਤੀਵਿਧੀਆਂ ਤੋਂ ਕਾਫੀ ਚਿੰਤਤ ਹਨ। ਇਸ ਵਾਸਤੇ ਇਸ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ।

ਬੀਤੇ ਦਸੰਬਰ ਚੰਡੀਗੜ੍ਹ ਵਿਖੇ ਪੰਜਾਬ ਦੇ ਗਵਰਨਰ ਵੀ.ਪੀ. ਸਿੰਘ ਬਦਨੌਰ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਦੇਖ ਰੇਖ ਹੇਠ ਮਿਲਟਰੀ ਲਿਟਰੇਚਰ ਫੈਸਟੀਵਲ ਕਰਵਾਇਆ ਗਿਆ ਜਿਸ ਵਿਚ ਦੇਸ਼-ਵਿਦੇਸ਼ ਤੋਂ ਪ੍ਰਸਿਧ ਵਿਅਕਤੀਆਂ ਨੇ ਸ਼ਿਰਕਤ ਕੀਤੀ। ਉਤਰੀ ਕਮਾਂਡ ਦੇ ਸਾਬਕਾ ਮੁਖੀ ਲੈਫਟੀਨੈਂਟ ਜਨਰਲ ਡੀ. ਐਸ. ਹੁੱਡਾ ਨੇ ਸਰਜੀਕਲ ਸਟ੍ਰਾਈਕ ਵਾਲੀ ਬਹਿਸ 'ਚ ਹਿੱਸਾ ਲੈਂਦਿਆ ਮੰਨਿਆ ਕਿ ਅਪ੍ਰੇਸ਼ਨ ਬਾਰੇ ਵੀਡੀਓ ਕਲਿਪਿੰਗ, ਫੋਟੋਆਂ ਆਦਿ ਲੀਕ ਕਰਕੇ ਇਸ ਨੂੰ ਸਿਆਸੀ ਲਾਹਾ ਲੈਣ ਖਾਤਰ ਉਛਾਲਿਆ ਗਿਆ। ਕੁਝ ਹੋਰ ਉਘੇ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਮਿਲਟਰੀ ਅਪ੍ਰੇਸ਼ਨ ਵਾਲੇ ਮੁੱਦੇ ਨੂੰ ਜਨਤਕ ਤੌਰ 'ਤੇ ਉਜਾਗਰ ਕਰਨ ਦੇ ਬਾਵਜੂਦ ਪਾਕਿਸਤਾਨ ਵੱਲੋਂ ਘੁਸਪੈਠ ਤੇ ਅਤਿਵਾਦੀ ਹਮਲੇ ਜਾਰੀ ਰਹੇ।

ਬੀਤੀ ਫਰਵਰੀ ਦੇ ਹਵਾਈ ਹਮਲੇ ਉਪਰੰਤ, ਪਹਿਲਾਂ ਤਾਂ ਸਾਰੀਆਂ ਸਿਆਸੀ ਪਾਰਟੀਆਂ ਨੇ ਸਰਕਾਰ ਵਲੋਂ ਕੀਤੀ ਇਸ ਕਾਰਵਾਈ ਦਾ ਸਮਰਥਨ ਕਰਦਿਆਂ ਰਾਸ਼ਟਰੀ ਏਕਤਾ ਦਾ ਸਬੂਤ ਦਿੱਤਾ; ਫਿਰ ਹਮਲੇ 'ਚ ਮਾਰੇ ਗਏ ਪਾਕਿਸਤਾਨੀਆਂ ਦੀ ਗਿਣਤੀ ਦੇ ਮਸਲੇ ਉਤੇ ਸਿਆਸਤ ਭਖ ਗਈ। ਹਵਾਈ ਸੈਨਾ ਦੇ ਮੁਖੀ ਏਅਰ ਮਾਰਸ਼ਲ ਵੀ.ਐਸ. ਧਨੋਆ ਨੇ ਬਿਲਕੁਲ ਸਹੀ ਕਿਹਾ ਕਿ ਏਅਰ ਫੋਰਸ ਨੇ ਦੁਸ਼ਮਣ ਦੇ ਠਿਕਾਣਿਆਂ ਉਪਰ ਸਹੀ ਨਿਸ਼ਾਨਾ ਦਾਗਿਆ ਹੈ ਪਰ ਹਵਾਈ ਸੈਨਾ ਮਾਰੇ ਗਏ ਦੁਸ਼ਮਣ ਦੀ ਗਿਣਤੀ-ਮਿਣਤੀ ਨਹੀਂ ਕਰਦੀ ਹੁੰਦੀ।

ਬੀ.ਜੇ.ਪੀ. ਦੇ ਕਰਨਾਟਕਾ ਦੇ ਨੇਤਾ ਬੀਐਸ ਯੇਡੀਯੂਰੱਪਾ ਨੇ ਕਿਹਾ ਕਿ ਏਅਰ ਸਟ੍ਰਾਈਕ ਕਾਰਨ ਪਾਰਟੀ ਸੂਬੇ ਦੀਆਂ 28 'ਚੋਂ 22 ਸੀਟਾਂ ਜਿੱਤ ਲਵੇਗੀ। ਤਾਮਿਲਨਾਡੂ ਦੇ ਮੁੱਖ ਮੰਤਰੀ ਈ.ਕੇ. ਪਲਾਨੀਸਵਾਮੀ ਨੇ ਜਨਤਕ ਤੌਰ 'ਤੇ ਵਕਾਲਤ ਕੀਤੀ ਕਿ ਵਿੰਗ ਕਮਾਂਡਰ ਅਭਿਨੰਦਨ ਦਾ ਮੁਲਕ ਦੇ ਸਰਵਉਚ ਬਹਾਦਰੀ ਇਨਾਮ ਪਰਮਵੀਰ ਚੱਕਰ ਨਾਲ ਸਨਮਾਨ ਕੀਤਾ ਜਾਵੇ। ਇਨ੍ਹਾਂ ਸਿਆਸਤਦਾਨਾਂ ਨੂੰ ਕੀ ਇਲਮ ਕਿ ਫੌਜ ਕਿਵੇਂ ਰੈਗੂਲੇਸ਼ਨ, ਫੌਜੀ ਹਦਾਇਤਾਂ ਦੀ ਪਾਲਣਾ ਕਰਦੀ ਹੈ।

ਜਾਤ, ਮੱਤ ਤੇ ਵੱਖ-ਵੱਖ ਇਲਾਕਿਆਂ ਦੀ ਸ਼ਮੂਲੀਅਤ ਕੀਤੀ ਜੋ ਅਨੇਕਤਾ 'ਚ ਕੌਮੀ ਏਕਤਾ ਦਾ ਪ੍ਰਤੀਕ ਹੈ। ਜਦੋਂ ਫੌਜ ਦੇ ਇਨ੍ਹਾਂ ਸੁਨਹਿਰੀ ਅਸੂਲਾਂ ਤੇ ਮਾਣ ਮਰਿਯਾਦਾ 'ਚ ਤਰੇੜਾਂ ਆਉਂਦੀਆਂ ਦਿਸੀਆਂ ਤਾਂ ਫਿਰ ਕੇਵਲ ਐਡਮਿਰਲ ਦਾ ਗੁੱਸਾ ਹੀ ਜਾਇਜ਼ ਨਹੀਂ ਬਲਕਿ ਕਈ ਹੋਰ ਜਨਰਲ ਵੀ ਦੁਖੀ ਹਨ ਪਰ ਉਹ ਆਪਣਾ ਮੂੰਹ ਨਹੀਂ ਖੋਲ੍ਹ ਸਕਦੇ।

ਮੁਲਕ ਦੀ ਵੰਡ ਸਮੇਂ ਪਾਕਿਸਤਾਨ ਦੇ ਹਿੱਸੇ ਆਈ ਤਕਰੀਬਨ 1,50,000 ਫੌਜ ਦੀ ਵਾਗਡੋਰ



1971 ਦੀ ਭਾਰਤ-ਪਾਕਿਸਤਾਨ ਦੀ ਜੰਗ ਸਮੇਂ ਜਦੋਂ ਪਾਕਿਸਤਾਨ ਦੇ 6 ਸੇਬਰ ਫਾਈਟਰ ਜਹਾਜ਼ਾਂ ਨੇ ਸ੍ਰੀਨਗਰ ਹਵਾਈ ਅੱਡੇ ਉਤੇ ਬੰਬ ਦਾਗੇ ਤਾਂ ਫਲਾਇੰਗ ਅਫਸਰ ਨਿਰਮਲ ਸਿੰਘ ਸੇਖੋਂ ਨੇ ਆਪਣੇ 'ਨੈਟ' (ਜੀ.ਐਨ.ਏ.ਟੀ.) ਨਾਲ ਤੁਰੰਤ ਉਡਾਣ ਭਰੀ ਅਤੇ ਦੁਸ਼ਮਣ ਦੇ 2 ਹਵਾਈ ਜਹਾਜ਼ਾਂ ਨੂੰ ਬਰਬਾਦੀ ਤੱਕ ਪਹੁੰਚਾਇਆ, ਤੇ ਬਾਕੀਆਂ ਨਾਲ ਜੂਝਦਿਆਂ ਸ਼ਹਾਦਤ ਦਾ ਜਾਮ ਪੀ ਗਿਆ। ਉਸ ਨੂੰ ਮਰਨ ਉਪਰੰਤ ਪਰਮਵੀਰ ਚੱਕਰ ਨਾਲ ਨਿਵਾਜਿਆ ਗਿਆ। ਉਹ ਏਅਰ ਫੋਰਸ ਦਾ ਕੇਵਲ ਇਕੋ-ਇਕ ਪਰਮਵੀਰ ਚੱਕਰ ਵਿਜੇਤਾ ਹੋਇਆ ਹੈ।

15 ਜਨਵਰੀ 1949 ਨੂੰ ਜਨਰਲ (ਬਾਅਦ 'ਚ ਫੀਲਡ ਮਾਰਸ਼ਲ) ਕੇ.ਐਮ. ਕਰਿਅੱਪਾ ਭਾਰਤੀ ਮੂਲ ਦੇ ਪਹਿਲੇ ਸੈਨਾ ਮੁਖੀ ਬਣੇ ਅਤੇ ਉਨ੍ਹਾਂ ਨੇ ਫੌਜ ਦੀ ਧਰਮ ਨਿਰਪੱਖ, ਗੈਰ ਫਿਰਕੂ ਤੇ ਗੈਰ ਸਿਆਸੀ ਸਿਧਾਂਤ ਦੀ ਮਜ਼ਬੂਤ ਬੁਨਿਆਦ ਰੱਖੀ। ਇਸ ਵਿਚ ਮੁਲਕ ਦੇ ਹਰ ਵਰਗ, ਧਰਮ,

ਜਨਰਲ ਆਯੂਬ ਖਾਨ ਨੇ ਸੰਭਾਲੀ ਤਾਂ ਸੈਨਾ ਦੀ ਹਾਲਤ ਬਹੁਤ ਡਾਵਾਂਡੋਲ ਸੀ। ਆਯੂਬ ਖਾਨ ਨੇ ਮੁਢਲੇ ਢਾਂਚੇ 'ਚ ਕਈ ਸੁਧਾਰ ਲਿਆ ਕੇ ਹਮੇਸ਼ਾਂ ਇਸ ਗੱਲ ਦੀ ਵਕਾਲਤ ਕੀਤੀ ਕਿ ਫੌਜ ਨੂੰ ਸਿਆਸਤ ਤੋਂ ਦੂਰ ਰੱਖਿਆ ਜਾਵੇ ਪਰ ਜਦੋਂ 25 ਅਕਤੂਬਰ 1954 ਨੂੰ ਮੁਲਕ ਦੀ ਕੌਮੀ ਅਸੈਂਬਲੀ ਨੂੰ ਭੰਗ ਕਰ ਦਿੱਤਾ ਗਿਆ ਤਾਂ ਉਸ ਸਮੇਂ ਦੇ ਗਵਰਨਰ ਜਨਰਲ ਗੁਲਾਮ ਮੁਹੰਮਦ ਦੇ ਸੱਦੇ ਉਤੇ ਆਯੂਬ ਖਾਨ ਨੇ ਰੱਖਿਆ ਮੰਤਰੀ ਦਾ ਅਹੁਦਾ ਸਵੀਕਾਰ ਕਰ ਲਿਆ। ਫਿਰ ਉਹ ਰਾਸ਼ਟਰਪਤੀ ਵੀ ਬਣੇ ਪਰ ਫੌਜ ਦੇ ਮੁਖੀ ਵਾਲੀ ਨਿਯੁਕਤੀ ਨਹੀਂ ਤਿਆਗੀ। ਜਨਰਲ ਪਰਵੇਜ਼ ਮੁਸ਼ੱਰਫ ਤੱਕ ਇਹ ਸਿਧਾਂਤ ਲਾਗੂ ਰਿਹਾ।

ਪਾਕਿਸਤਾਨ ਦੇ ਹਾਕਮਾਂ ਨੇ ਆਪਣੇ ਮੁਲਕ ਦੀ ਫੌਜ (ਜੋ ਭਾਰਤੀ ਫੌਜ ਦੇ ਮੁਕਾਬਲੇ ਇਕ ਤਿਹਾਈ ਹੈ) ਦਾ ਸਿਆਸੀਕਰਨ ਖੂਬ ਕੀਤਾ ਹੈ ਪਰ ਉਹ ਭਾਰਤ ਦੀ ਸ਼ਕਤੀਸ਼ਾਲੀ ਗੈਰ ਸਿਆਸੀ ਫੌਜ ਪਾਸੋਂ ਜੰਗਾਂ ਹਾਰਦੇ ਗਏ। ਉਂਜ, ਉਨ੍ਹਾਂ ਰੁਤਬਾ ਤੇ ਦਰਜਾ ਵਧਦਾ ਗਿਆ ਅਤੇ ਅੱਜ ਵੀ ਪਾਕਿਸਤਾਨ ਦੀ ਅਸਲੀ ਵਾਗਡੋਰ ਉਨ੍ਹਾਂ ਦੀ ਫੌਜ ਦੇ ਹੱਥ ਵਿਚ ਹੀ ਹੈ। ਇਸ ਦੇ ਉਲਟ ਭਾਰਤੀ ਫੌਜ (ਜੋ ਪਾਕਿਸਤਾਨੀ ਫੌਜ ਦੇ ਮੁਕਾਬਲੇ ਦੋ ਤਿਹਾਈ ਹੈ) ਪਾਕਿਸਤਾਨ ਪਾਸੋਂ ਜੰਗਾਂ ਤਾਂ ਜਿੱਤਦੀ ਗਈ ਪਰ ਸਿਆਸੀ ਨੇਤਾਵਾਂ ਨੇ ਚਾਪਲੂਸ ਅਫਸਰਸ਼ਾਹੀ ਦੀ ਮਿਲੀਭੁਗਤ ਨਾਲ ਆਪਣੀ ਜੇਤੂ ਫੌਜ ਦਾ ਦਰਜਾ ਹੇਠਾਂ ਵੱਲ ਖਿਸਕਾ ਦਿੱਤਾ। ਹੁਣ ਫੌਜ ਦੇ ਸਿਆਸੀਕਰਨ ਸਦਕਾ ਜੰਗਜੂਆਂ ਦੇ ਗੌਰਵ, ਪ੍ਰਤਿਭਾ, ਇਜ਼ਤ ਤੇ ਇਕਬਾਲ ਨੂੰ ਵੀ ਸੇਕ ਪਹੁੰਚਣਾ ਸ਼ੁਰੂ ਹੋ ਗਿਆ ਹੈ। ਮੁਲਕ ਦੀ ਖੁਸ਼ਕਿਸਮਤੀ ਹੈ ਕਿ ਸਾਡੀਆਂ ਸੈਨਾਵਾਂ ਅਜੇ ਤੱਕ ਗੈਰ ਸਿਆਸੀ ਹੀ ਹਨ ਅਤੇ ਇਨ੍ਹਾਂ ਨੂੰ ਸਿਆਸਤ 'ਚ ਨਾ ਘੜੀਸਿਆ ਜਾਵੇ।

ਮਸਲਨ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਕਰੀਬਨ 2 ਸਾਲ ਪਹਿਲਾਂ ਚੰਡੀਗੜ੍ਹ ਵਿਚ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਸੀ- "ਸਾਨੂੰ ਗਰੀਬਾਂ ਦਾ ਬਜਟ ਕੱਟ ਕੇ ਫੌਜੀਆਂ ਨੂੰ ਓ.ਆਰ.ਓ.ਪੀ. (ਇਕ ਰੈਂਕ ਇਕ ਪੈਨਸ਼ਨ) ਦੇਣੀ ਪਈ।" ਕੀ ਫੌਜੀ ਭਿਖਾਰੀ ਹਨ? ਕੀ ਸਾਬਕਾ ਫੌਜੀਆਂ ਵਲੋਂ ਲੋਕਸ਼ਾਹੀ ਵਾਲੇ ਮੁਲਕ ਅੰਦਰ ਆਪਣੀ ਆਵਾਜ਼ ਬੁਲੰਦ ਕਰਨਾ ਜ਼ੁਲਮ ਹੈ? ਕੀ ਉਹ ਆਪਣੇ ਹੱਕ-ਹਕੂਕ ਵਾਸਤੇ ਜੱਦੋ-ਜਹਿਦ ਨਹੀਂ ਕਰ ਸਕਦੇ? ਫਿਰ ਕਸ਼ਮੀਰ ਵਾਦੀ 'ਚ ਚੋਣਾਂ ਦੌਰਾਨ ਮਛਲੀ ਕਾਂਡ 'ਚ ਜਵਾਨਾਂ ਦੇ ਕੋਰਟ ਮਾਰਸ਼ਲ ਕੀਤੇ ਗਏ ਅਤੇ ਆਰਮੀ ਕਮਾਂਡਰ ਜਨਰਲ ਹੁੱਡਾ ਪਾਸੋਂ ਮੁਆਫੀ ਮੰਗਣ ਦੇ ਪ੍ਰਸੰਗ 'ਚ ਕੁਝ ਇੰਜ ਕਿਹਾ ਗਿਆ ਕਿ 'ਦੇਖਿਆ ਮੋਦੀ ਸਰਕਾਰ ਦਾ ਕਮਾਲ, ਹੁਣ ਫੌਜ ਨੇ ਵੀ ਆਪਣੇ ਆਪ ਗੁਨਾਹਗਾਰਾਂ ਨੂੰ ਸਜ਼ਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ'; ਜਿਵੇਂ ਪਹਿਲਾਂ ਫੌਜ ਅਨੁਸ਼ਾਸਨਿਕ ਕਾਰਵਾਈ ਨਾ ਕਰਦੀ ਰਹੀ ਹੋਵੇ। ਸਿਆਸੀ ਨੇਤਾਵਾਂ ਦਾ ਇਸ ਕਿਸਮ ਦਾ ਵਿਅੰਗ ਵਾਲਾ ਲਹਿਜਾ ਜਿਥੇ ਫੌਜ ਦੇ ਵੱਕਾਰ ਅਤੇ ਅਕਸ ਨੂੰ ਢਾਹ ਲਾਉਂਦਾ ਹੈ, ਉਥੇ ਮੁਲਕ ਦੀ ਸੁਰੱਖਿਆ ਵੀ ਪ੍ਰਭਾਵਿਤ ਹੁੰਦੀ ਹੈ।

ਅਫਸੋਸ ਦੀ ਗੱਲ ਤਾਂ ਇਹ ਹੈ ਕਿ ਸਿਆਸੀ ਨੇਤਾ ਭਾਰਤੀ ਫੌਜ ਵਲੋਂ ਪਾਕਿਸਤਾਨ ਪਾਸੋਂ ਜਿੱਤੀਆਂ ਗਈਆਂ ਸਾਰੀਆਂ ਜੰਗਾਂ, ਫਿਰ ਸਰਜੀਕਲ ਸਟ੍ਰਾਈਕ, ਤੇ ਹੁਣ ਏਅਰ ਸਟ੍ਰਾਈਕ ਦਾ ਸਿਆਸੀ ਲਾਹਾ ਲੈਣਾ ਤਾਂ ਖੂਬ ਜਾਣਦੇ ਹਨ ਪਰ ਜੰਗਜੂਆਂ ਦੇ ਹਿਤਾਂ ਦੀ ਰਖਵਾਲੀ ਵਾਲੇ ਪੱਖ ਨੂੰ ਵਿਸਾਰ ਦਿੰਦੇ ਹਨ। ਯਾਦ ਰਹੇ ਕਿ ਫੌਜ ਦੇ ਮੌਲਿਕ ਢਾਂਚੇ ਨਾਲ ਖਿਲਵਾੜ ਕਰਨਾ ਰਾਸ਼ਟਰਵਾਦ ਦੇ ਹਿਤ ਵਿਚ ਨਹੀਂ ਹੋਵੇਗਾ ਪਰ ਸੱਤਾ ਦੇ ਲਾਲਚੀ ਸਿਆਸੀ ਨੇਤਾਵਾਂ ਨੂੰ ਕੌਣ ਸਮਝਾਵੇ!

# ਚੋਣਾਂ ਦੌਰਾਨ ਮੁੱਖ ਮੁੱਦੇ ਗਾਇਬ?

ਭਾਰਤ ਦੀਆਂ ਸਭ ਸਿਆਸੀ ਪਾਰਟੀਆਂ ਇਸ ਵੇਲੇ ਵੱਖ-ਵੱਖ ਵਰਗਾਂ ਲਈ ਆਪਣਾ ਮੈਨੀਫੈਸਟੋ ਬਣਾ ਰਹੀਆਂ ਹਨ ਤਾਂ ਕਿ ਲੋਕਾਂ ਨੂੰ ਪ੍ਰਭਾਵਿਤ ਕਰਕੇ ਉਨ੍ਹਾਂ ਦੇ ਵੋਟ ਬਟੋਰੇ ਜਾ ਸਕਣ। ਆਮ ਤੌਰ 'ਤੇ ਹਰ ਪੰਜ ਸਾਲ ਬਾਅਦ ਸਿਆਸੀ ਧਿਰਾਂ ਆਪਣੇ ਏਜੰਡੇ ਵਿਚ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਵਿਦਿਆਰਥੀਆਂ, ਔਰਤਾਂ ਲਈ ਦਿਲ-ਖਿਚਵੇਂ ਐਲਾਨ ਕਰਦੀਆਂ ਹਨ ਪਰ ਹਾਕਮ ਬਣਨ ਪਿਛੋਂ ਸਭ ਭੁਲਾ ਦਿੰਦੀਆਂ ਹਨ। ਦੇਸ਼ ਇਸ ਵੇਲੇ ਬੇਰੁਜ਼ਗਾਰੀ ਤੇ ਕਿਸਾਨੀ ਦੇ ਵੱਡੇ ਸੰਕਟ 'ਚ ਹੈ।

ਆਮ ਲੋਕਾਂ ਦੀਆਂ ਦੀਆਂ ਮੁਢਲੀਆਂ ਲੋੜਾਂ ਆਜ਼ਾਦੀ ਦੇ 70 ਸਾਲ ਪਿਛੋਂ ਵੀ ਪੂਰੀਆਂ ਨਹੀਂ ਹੋ ਰਹੀਆਂ। ਆਬਾਦੀ ਦਾ ਕਰੀਬ ਇਕ ਤਿਹਾਈ ਹਿੱਸਾ ਰੋਟੀ-ਟੁੱਕ ਲਈ ਤਰਸ ਰਿਹਾ ਹੈ। ਸਿਰ ਉਤੇ ਛੱਤ ਤੇ ਤਨ ਢੱਕਣ ਲਈ ਕੱਪੜਾ ਨਹੀਂ। ਤਰਸ ਭਰੀ ਜ਼ਿੰਦਗੀ ਗੁਜ਼ਾਰ ਰਹੇ ਪਿੰਡਾਂ, ਸ਼ਹਿਰਾਂ

**ਗੁਰਮੀਤ ਪਲਾਹੀ**

ਦੀਆਂ ਗੰਦੀਆਂ ਬਸਤੀਆਂ 'ਚ ਵਸਦੇ ਲੋਕ ਪੰਜ ਸਾਲ ਉਨ੍ਹਾਂ ਚਿਹਰਿਆਂ ਦੇ ਦਰਸ਼ਨ ਲਈ ਤਾਂਘਦੇ ਰਹਿੰਦੇ ਹਨ, ਜਿਨ੍ਹਾਂ ਨੇ ਉਨ੍ਹਾਂ ਦੇ ਹਾਕਮ ਬਣਨਾ ਹੈ ਅਤੇ ਉਨ੍ਹਾਂ ਦੀ ਜੂਨ ਸੁਧਾਰਨੀ ਹੈ। ਕਿਸਾਨ ਜੋ ਦੇਸ਼ ਦੇ 130 ਕਰੋੜ ਲੋਕਾਂ ਦਾ ਢਿੱਡ ਭਰਨ ਲਈ ਆਪ ਭੁੱਖ ਅਤੇ ਨਿੱਤ ਦੀਆਂ ਲੋੜਾਂ ਦੀ ਥੁੜ ਦਾ ਸ਼ਿਕਾਰ ਹੈ, ਨਿਰਾਸ਼ ਹੋ ਕੇ ਖੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ; ਪਰ ਹਾਕਮ ਟੋਲਾ ਉਨ੍ਹਾਂ ਦੀ ਸਾਰ ਨਹੀਂ ਲੈ ਰਿਹਾ ਜਦਕਿ ਸਮਾਜ ਦੇ ਵੱਖ ਵੱਖ ਵਰਗਾਂ ਲਈ ਰਾਸ਼ਟਰੀ ਏਜੰਡਾ ਤੈਅ ਕਰਨ ਦੀ ਲੋੜ ਹੈ।

ਕਿਸਾਨ ਮੁਲਕ ਦੀ ਆਬਾਦੀ ਦਾ ਵੱਡਾ ਹਿੱਸਾ ਹਨ। ਅਸੀਂ ਖੁਦ ਨੂੰ ਖੇਤੀ ਉਤੇ ਨਿਰਭਰ ਸਮਾਜ ਕਹਿੰਦੇ ਹਾਂ ਪਰ ਕਿਸਾਨਾਂ ਦੀ ਨਵੀਂ ਪੀੜ੍ਹੀ ਨੂੰ ਖੇਤੀ ਵਿਚ ਕੋਈ ਦਿਲਚਸਪੀ ਨਹੀਂ ਹੈ ਕਿਉਂਕਿ ਖੇਤੀ ਘਾਟੇ ਦੀ ਖੇਤੀ ਬਣ ਰਹੀ ਹੈ ਅਤੇ ਕਿੱਤੇ ਦੇ ਤੌਰ 'ਤੇ ਆਪਣੀ ਖਿੱਚ ਗੁਆ ਰਹੀ ਹੈ। ਕਿਸਾਨ ਕਰਜ਼ੇ 'ਚ ਬੁਰੀ ਤਰ੍ਹਾਂ ਜਕੜੇ ਹੋਏ ਹਨ। ਉਨ੍ਹਾਂ ਨੂੰ ਬੱਚਿਆਂ ਦੀ ਪੜ੍ਹਾਈ ਤੱਕ ਲਈ ਕਰਜ਼ਾ ਚੁੱਕਣਾ ਪੈ ਰਿਹਾ ਹੈ। ਨੌਕਰੀ ਨਾ ਮਿਲਣ ਕਾਰਨ ਬੱਚੇ ਪ੍ਰੇਸ਼ਾਨੀ ਵਿਚੋਂ ਲੰਘ ਰਹੇ ਹਨ। ਖੇਤੀ ਦੇ ਸੰਕਟ 'ਚੋਂ ਮੁਲਕ ਨੂੰ ਉਭਾਰਨ ਲਈ ਆਉਂਦੇ ਪੰਜ ਸਾਲਾਂ ਲਈ ਮੁਲਕ ਨੂੰ ਏਜੰਡਾ ਤੈਅ ਕਰਨ ਦੀ ਲੋੜ ਹੈ।

ਪੂਰੀ ਕਰਜ਼ ਮੁਆਫੀ ਬਿਨਾ ਕਿਸਾਨ ਨੂੰ ਸੁੱਖ ਦਾ ਸਾਹ ਨਹੀਂ ਆ ਸਕਦਾ। ਸਰਕਾਰਾਂ ਤੇ ਦੇਸ਼ ਦੇ ਕੁੱਝ ਲੋਕਾਂ ਦਾ ਵਿਚਾਰ ਹੈ ਕਿ ਕਿਸਾਨ ਕਰਜ਼ੇ ਦੀ ਮੁਆਫੀ ਟੈਕਸ ਦੇਣ ਵਾਲਿਆਂ ਦੇ ਧਨ ਦੀ ਬਰਬਾਦੀ ਹੈ ਅਤੇ ਕਰਜ਼ੇ ਦੀ ਮੁਆਫੀ ਬਾਅਦ ਕਿਸਾਨ ਬੇਪਰਵਾਹ ਹੋ ਜਾਣਗੇ ਤੇ ਲਗਾਤਾਰ ਕਰਜ਼ੇ ਦੀ ਮੁਆਫੀ ਦੀ ਉਮੀਦ ਰੱਖਣਗੇ। ਅਸਲੀਅਤ ਇਹ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਵਾਜਬ ਮੁੱਲ ਨਹੀਂ ਮਿਲਦਾ। ਸਰਕਾਰ ਫਸਲ ਦਾ ਘੱਟੋ-ਘੱਟ ਮੁੱਲ ਘੱਟ ਰੱਖਦੀ ਹੈ, ਫਸਲ ਉਤੇ ਹੁੰਦੇ ਖਰਚੇ ਅਤੇ ਕਿਸਾਨ ਦੀ ਕਿਰਤ ਨੂੰ ਉਸ ਵਿਚ ਜੋੜਿਆ ਨਹੀਂ ਜਾਂਦਾ ਤਾਂ ਕਿ ਲੋਕਾਂ ਨੂੰ ਸਸਤੇ ਮੁੱਲ ਉਤੇ ਅਨਾਜ ਮਿਲ ਸਕੇ, ਜਦਕਿ ਖੇਤੀ ਦੀ ਲਾਗਤ ਹਰ ਵਰ੍ਹੇ ਵਧ ਰਹੀ ਹੈ। ਸਰਕਾਰੀ ਏਜੰਸੀਆਂ ਕਿਸਾਨਾਂ ਦੀ ਫਸਲ ਦੀ ਬਹੁਤ ਘੱਟ ਖਰੀਦਦੀਆਂ ਹਨ ਅਤੇ ਕਿਸਾਨਾਂ ਨੂੰ ਫਸਲ ਖੁੱਲ੍ਹੇ 'ਚ ਵੇਚਣੀ ਪੈਂਦੀ ਹੈ, ਜਿੱਥੇ ਪੂਰਾ ਭਾਅ ਮਿਲਦਾ ਹੀ ਨਹੀਂ ਤੇ ਸਰਕਾਰ ਵਲੋਂ ਵਧਦੇ ਮੁੱਲ ਤੇ ਸਬਸਿਡੀ ਉਸ ਦੇ ਪੱਲੇ ਨਹੀਂ ਪੈਂਦੀ। ਇਸੇ ਕਰਕੇ ਕਿਸਾਨ ਕਰਜ਼ੇ 'ਚ ਡੁੱਬਦੇ ਚਲੇ ਜਾਂਦੇ ਹਨ ਤੇ ਸਮੇਂ ਸਿਰ ਕਰਜ਼ੇ ਦੀ ਕਿਸ਼ਤ ਨਹੀਂ ਚੁਕਾ ਸਕਦੇ।

ਅਸਲ ਵਿਚ ਜੇ ਫਸਲ ਦਾ ਸਮਰਥਨ ਮੁੱਲ ਤੈਅ ਕਰਦਿਆਂ ਉਸ ਵਿਚ ਪਰਿਵਾਰ ਦੀ ਕਿਰਤ ਦਾ ਮੁੱਲ, ਜ਼ਮੀਨ ਦਾ ਕਿਰਾਇਆ ਤੇ ਫਸਲ ਲਈ ਲਏ ਕਰਜ਼ੇ ਦਾ ਵਿਆਜ ਸ਼ਾਮਲ ਕੀਤਾ ਜਾਵੇ ਤਾਂ ਕਿਸਾਨ ਨੂੰ ਕੁੱਝ ਰਾਹਤ ਮਿਲ ਸਕਦੀ ਹੈ। ਉਂਜ ਵੀ ਆਮ ਤੌਰ 'ਤੇ ਕਿਸਾਨ ਦੀ ਫਸਲ ਆੜ੍ਹਤੀਏ ਉਨ੍ਹਾਂ ਦੇ ਖੇਤਾਂ ਵਿਚੋਂ ਮਰਜ਼ੀ ਦੇ ਮੁੱਲ ਉਤੇ ਚੁੱਕ ਲੈਂਦੇ ਹਨ। ਸਰਕਾਰ ਯਕੀਨੀ ਬਣਾਵੇ ਕਿ ਫਸਲ ਘੱਟੋ-ਘੱਟ ਸਮਰਥਨ ਮੁੱਲ ਉਤੇ ਵਿਕੇ ਅਤੇ ਘੱਟ ਕੀਮਤ 'ਤੇ ਫਸਲ ਖਰੀਦਣ ਵਾਲਿਆਂ ਵਿਰੁਧ ਸਖਤ ਕਾਨੂੰਨੀ ਕਾਰਵਾਈ ਹੋਵੇ। ਫਸਲ ਆਮ ਤੌਰ 'ਤੇ ਮੌਸਮ ਦੀ ਮਾਰ ਹੇਠ ਆ ਜਾਂਦੀ ਹੈ, ਜੇ ਫਸਲ ਦਾ ਬੀਮਾ ਸਹੀ ਢੰਗ ਨਾਲ ਹੋਵੇ ਤਾਂ ਕਿਸਾਨ ਇਸ ਮਾਰ ਤੋਂ ਬਚ ਸਕਦਾ ਹੈ। ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਵਿਚ ਇਸ ਵੇਲੇ ਫਸਲ ਦੇ ਨੁਕਸਾਨ ਦਾ ਅਨੁਮਾਨ ਪਿੰਡ ਦੇ ਆਧਾਰ ਉਤੇ ਕੀਤਾ ਜਾਂਦਾ ਹੈ ਜਦਕਿ ਫੈਸਲਾ ਸਬੰਧਤ ਕਿਸਾਨ ਦੀ ਫਸਲ ਦੇ ਨੁਕਸਾਨ ਅਨੁਸਾਰ ਹੋਣਾ ਚਾਹੀਦਾ ਹੈ ਤੇ ਉਸੇ ਅਨੁਸਾਰ ਉਸ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ। ਹੁਣ ਵਾਲੀ ਫਸਲ ਬੀਮਾ ਯੋਜਨਾ ਤਾਂ ਬੀਮਾ ਕੰਪਨੀਆਂ ਦੇ ਢਿੱਡ ਭਰ ਰਹੀ ਹੈ।

ਪਿਛਲੇ ਸਾਲਾਂ ਦੌਰਾਨ ਦੇਸ਼ ਵਿਚ ਗੰਨੇ ਦੀ ਫਸਲ ਦੀ ਬਹੁਤ ਬੇਹੁਰਮਤੀ ਹੋ ਰਹੀ ਹੈ। ਮੁਲਕ ਵਿਚ ਤਿੰਨ ਕਰੋੜ ਗੰਨਾ ਕਿਸਾਨ ਹਨ। ਉਨ੍ਹਾਂ ਨੂੰ ਸਮੇਂ ਸਿਰ ਭੁਗਤਾਨ ਨਹੀਂ ਹੁੰਦਾ। ਪ੍ਰਾਈਵੇਟ ਖੰਡ ਮਿੱਲਾਂ ਉਨ੍ਹਾਂ ਦੇ ਕਰੋੜਾਂ ਰੁਪਏ ਦੱਬ ਕੇ ਬੈਠੀਆਂ ਹਨ। ਅਸਲ ਵਿਚ ਕਿਸਾਨਾਂ ਦੇ ਮਸਲੇ ਵੱਡੇ ਤੇ ਗੰਭੀਰ ਹਨ। ਮੁਲਕ ਵਿਚ ਖੇਤੀ ਖੇਤਰ ਉਤੇ ਵੱਡਾ ਖਤਰਾ ਮੰਡਰਾ ਰਿਹਾ ਹੈ, ਜਿਸ ਨੂੰ ਹੱਲ ਕਰਨਾ ਦਾ ਇਕੋ-ਇਕ ਢੰਗ ਹੈ ਕਿ ਇਸ ਨੂੰ ਰਾਸ਼ਟਰੀ ਮੁੱਦਾ ਸਮਝ ਕੇ ਸਾਰੀਆਂ ਸਿਆਸੀ ਪਾਰਟੀਆਂ ਆਪਣੇ ਏਜੰਡੇ ਵਿਚ ਸ਼ਾਮਲ ਕਰਨ।

ਮੁਲਕ 'ਚ ਦੂਸਰਾ ਵੱਡਾ ਮੁੱਦਾ ਰੁਜ਼ਗਾਰ ਦਾ ਹੈ। 2014 'ਚ ਰੁਜ਼ਗਾਰ ਦੇ ਮੁੱਦੇ ਨੂੰ ਭਾਜਪਾ ਨੇ ਪਹਿਲ ਦੇ ਆਧਾਰ ਉਤੇ ਹੱਲ ਕਰਨ ਦਾ ਹੋਕਾ ਦਿੱਤਾ ਸੀ। ਨੌਜਵਾਨਾਂ ਨੂੰ ਹਰ ਵਰ੍ਹੇ ਦੋ ਕਰੋੜ ਨੌਕਰੀਆਂ ਪੈਦਾ ਕਰਨ ਦਾ ਝਾਂਸਾ ਦਿੱਤਾ ਸੀ ਪਰ ਪਿਛਲੇ ਪੰਜ ਸਾਲਾਂ ਵਿਚ ਰੁਜ਼ਗਾਰ ਸਿਰਜਣ ਦੇ ਮਸਲੇ ਉਤੇ ਗੋਹੜੇ ਵਿਚੋਂ ਪੂਣੀ ਵੀ ਨਹੀਂ ਕੱਤੀ ਜਾ ਸਕੀ। ਨੌਜਵਾਨ ਨੌਕਰੀਆਂ ਬਿਨ੍ਹਾਂ ਬੇਹਾਲ ਹੋਏ ਪਏ ਹਨ। ਹੱਥਾਂ ਵਿਚ ਡਿਗਰੀਆਂ ਹਨ ਪਰ ਰੁਜ਼ਗਾਰ ਨਹੀਂ ਮਿਲਦਾ। ਮਨ ਵਿਚ ਕੰਮ ਕਰਨ ਦੀ ਚਾਹ ਹੈ ਪਰ ਕੰਮ ਕਿੱਥੇ ਕਰਨ ਤੇ ਕਿਥੋਂ ਢਿੱਡ ਭਰਨ, ਇਹ ਮਸਲਾ ਉਨ੍ਹਾਂ ਦੇ ਸਾਹਮਣੇ ਵਿਕਰਾਲ ਰੂਪ ਧਾਰਨ ਕਰਕੇ ਖੜ੍ਹਾ ਹੈ।

ਕਾਰਪੋਰੇਟ ਜਗਤ ਦੇ ਹੱਥ ਮੋਦੀ ਸਰਕਾਰ ਵੇਲੇ ਮੁਲਕ ਦੀ ਵਾਗਡੋਰ ਹੋਣ ਕਾਰਨ ਜੋ ਰੁਜ਼ਗਾਰ, ਸਿਰਜ ਹੋ ਰਿਹਾ ਹੈ, ਉਸ ਤੋਂ ਨੌਜਵਾਨਾਂ ਨੂੰ ਗੁਜ਼ਾਰੇ ਲਾਇਕ ਤਨਖਾਹ ਨਹੀਂ ਮਿਲਦੀ। ਨਵੇਂ ਸਰਕਾਰੀ ਉਦਯੋਗ ਲੱਗ ਨਹੀਂ ਰਹੇ। ਸਰਵਿਸ ਸੈਕਟਰ ਵਿਚ ਰੁਜ਼ਗਾਰ ਦੀ ਕਮੀ ਦਿਸਦੀ ਹੈ। ਸਵੈ ਰੁਜ਼ਗਾਰ ਹੋਣ ਲਈ ਇੰਸਪੈਕਟਰੀ ਰਾਜ ਨਿੱਤ ਰੁਕਾਵਟਾਂ ਖੜ੍ਹੀਆਂ ਕਰਦਾ ਹੈ। ਬੈਂਕ ਨੌਜਵਾਨਾਂ ਨੂੰ ਸੌਖਾ ਕਰਜ਼ਾ ਅਦਾ ਨਹੀਂ ਕਰਦੀਆਂ। ਬੇਵਸ ਨੌਜਵਾਨ ਪਰਵਾਸ ਲਈ ਮਜਬੂਰ ਹੈ। ਸਰਕਾਰੀ ਨੌਕਰੀਆਂ ਭਰੀਆਂ ਨਹੀਂ ਜਾ ਰਹੀਆਂ। ਲੱਖਾਂ ਦੀ ਗਿਣਤੀ 'ਚ ਸਰਕਾਰੀ ਸਕੂਲਾਂ 'ਚ ਅਧਿਆਪਕ, ਦਫਤਰਾਂ 'ਚ ਕੰਮ ਕਰਨ ਵਾਲੇ ਕਲਰਕ ਦੀਆਂ ਅਸਾਮੀਆਂ ਵਰ੍ਹਿਆਂ ਤੋਂ ਖਾਲੀ ਹਨ ਪਰ ਸਰਕਾਰੀ ਖਜ਼ਾਨਾ ਖਾਲੀ ਹੋਣ ਦੇ ਨਾਮ ਉਤੇ ਭਰੀਆਂ ਨਹੀਂ ਜਾ ਰਹੀਆਂ। ਜੇ ਕਿਧਰੇ ਅਸਾਮੀਆਂ ਨਿਕਲੀਆਂ ਹਨ ਤਾਂ ਸੈਂਕੜੇ ਦੀ ਗਿਣਤੀ 'ਚ ਐਲਾਨੀਆਂ ਅਸਾਮੀਆਂ ਭਰਨ ਲਈ ਲੱਖਾਂ ਦੀ ਗਿਣਤੀ 'ਚ ਪੀਐਚਡੀ, ਮਾਸਟਰਜ਼ ਡਿਗਰੀ ਧਾਰਕ ਨੌਜਵਾਨ ਅਰਜ਼ੀਆਂ ਦਿੰਦੇ ਹਨ।

ਇਸ ਸਮੱਸਿਆ ਅਤੇ ਮੁੱਦੇ ਨੂੰ ਕੌਮੀ ਏਜੰਡੇ 'ਚ ਸ਼ਾਮਲ ਕੀਤੇ ਬਿਨਾ ਮੁਲਕ ਦੀ ਆਰਥਿਕਤਾ ਨੂੰ ਨਾ ਹੁਲਾਰਾ ਮਿਲਣਾ ਹੈ ਅਤੇ ਨਾ ਹੀ ਮੁਲਕ ਦੇ ਨੌਜਵਾਨਾਂ ਦੀ ਬੇਚੈਨੀ ਦੂਰ ਹੋ ਸਕਣੀ ਹੈ। ਇਕ ਰਿਪੋਰਟ ਅਨੁਸਾਰ ਫਰਵਰੀ 2019 ਦੇ ਅੰਤ ਤੱਕ 3.12 ਕਰੋੜ ਪੜ੍ਹੇ ਲਿਖੇ ਲੋਕ ਨੌਕਰੀ ਦੀ ਤਲਾਸ਼ ਵਿਚ ਹਨ। ਦੇਸ਼ 'ਚ ਵਧ ਰਹੇ ਭ੍ਰਿਸ਼ਟਾਚਾਰ ਦੇ ਬੋਲਬਾਲੇ ਕਾਰਨ ਲੋਕਾਂ ਦਾ ਸਰਕਾਰ ਪ੍ਰਤੀ ਵਿਸ਼ਵਾਸ ਡਗਮਗਾ ਗਿਆ ਹੈ। ਨਵੇਂ ਘੁਟਾਲੇ ਨਿੱਤ ਦਿਨ ਆਮ ਆਦਮੀ ਦੀ ਨੀਂਦ ਹਰਾਮ ਕਰ ਰਹੇ ਹਨ। ਸਾਧਾਰਨ ਜੀਵਨ ਵਿਚ ਆਮ ਆਦਮੀ ਨੂੰ ਆਪਣਾ ਕੰਮ ਥਾਣੇ, ਕਚਹਿਰੀ, ਕਿਸੇ ਵੀ ਦਫਤਰ 'ਚ ਕਰਵਾਉਣ ਲਈ 'ਚਾਂਦੀ ਦੀ ਜੁੱਤੀ' ਦੀ ਵਰਤੋਂ ਕਰਨੀ ਪੈਂਦੀ ਹੈ। ਆਮ ਢੰਗ ਨਾਲ ਹੋਣ ਵਾਲੇ ਕੰਮਾਂ ਨੂੰ ਇਤਨਾ ਜਟਿਲ ਬਣਾ ਦਿੱਤਾ ਗਿਆ ਹੈ ਕਿ ਸਰਕਾਰੀ ਸਕੀਮਾਂ ਦਾ ਲਾਭ ਉਨ੍ਹਾਂ ਲੋਕਾਂ ਕੋਲ ਪੁੱਜਦਾ ਹੀ ਨਹੀਂ, ਜਿਨ੍ਹਾਂ ਲਈ ਇਹ ਸਕੀਮਾਂ ਬਣਾਈਆਂ ਜਾਂਦੀਆਂ ਹਨ। ਕੇਂਦਰ ਸਰਕਾਰ ਦੇ ਦਫਤਰਾਂ ਤੋਂ ਲੈ ਕੇ ਸੂਬਾ ਸਰਕਾਰ ਦੇ ਦਫਤਰਾਂ ਅਤੇ ਸਰਕਾਰ ਨਾਲ ਸਬੰਧਤ ਹੋਰ ਦਫਤਰਾਂ ਵਿਚ ਭ੍ਰਿਸ਼ਟਾਚਾਰ ਦਾ ਚਲਨ ਆਮ ਹੈ।

ਭਾਰਤੀ ਨਾਗਰਿਕਾਂ ਲਈ ਬੁਢਾਪੇ 'ਚ ਸਮਾਜਿਕ ਸੁਰੱਖਿਆ, ਭਾਰਤੀ ਇਸਤਰੀ ਲਈ ਸਮਾਜ 'ਚ ਬਰਾਬਰ ਦਾ ਦਰਜਾ, ਸਾਰੇ ਨਾਗਰਿਕਾਂ ਲਈ ਸਿੱਖਿਆ, ਸਿਹਤ ਸਹੂਲਤਾਂ, ਬਿਨਾ ਵਿਤਕਰੇ ਸਮਾਜਿਕ ਭੈ-ਮੁਕਤ ਜੀਵਨ, ਧਰਮ ਜਾਂ ਜਾਤੀ ਜਾਂ ਭਾਸ਼ਾ ਉਤੇ ਆਧਾਰਿਤ ਭੀੜਾਂ ਦੀ ਹਿੰਸਾ ਤੋਂ ਮੁਕਤੀ, ਔਰਤਾਂ ਨਾਲ ਵਧੀਕੀਆਂ ਜਾਂ ਛੇੜਛਾੜ ਡਰ-ਭਉ ਰਹਿਤ ਸਮਾਜਿਕ ਵਰਤਾਰਾ ਕੁਝ ਇਹੋ ਜਿਹੇ ਮੁੱਦੇ ਹਨ ਜਿਹੜੇ ਸਿਆਸੀ ਪਾਰਟੀਆਂ ਦੇ ਰਾਸ਼ਟਰੀ ਏਜੰਡੇ 'ਚ ਸ਼ਾਮਲ ਹੋਣੇ ਚਾਹੀਦੇ ਹਨ।

# ਸੁਰਤਿ-ਸ਼ਬਦ

ਅਮਰਜੀਤ ਸਿੰਘ ਗਰੇਵਾਲ

ਆਤਮ-ਵਿਸ਼ਵਾਸ ਨਾਲ ਭਰੀ, ਸੁੰਦਰ, ਸੁਚੱਜੀ, ਮਿਠ-ਬੋਲੜੀ ਅਤੇ ਬੇਹੱਦ ਬੁੱਧੀਮਾਨ ਆਮੀਲੀਆ ਯੂਰਪ ਦੀਆਂ ਕਈ ਵੱਡੀਆਂ ਕੰਪਨੀਆਂ, ਬੈਂਕਾਂ, ਸੰਸਥਾਵਾਂ ਲਈ ਕੰਮ ਕਰਦੀ ਹੈ। ਸ਼ਾਇਦ ਇਸ ਲਈ ਕਿ ਉਹ ਕਿਸੇ ਵੀ ਸੰਸਥਾ ਦਾ ਤਿੰਨ ਸੌ ਸਫੇ ਦਾ ਮੈਨੂਅਲ ਤੀਹ ਸਕਿੰਟਾਂ ਵਿਚ ਪੜ੍ਹ ਕੇ ਉਸ ਨਾਲ ਜੁੜੇ ਹਰ ਸੁਆਲ ਦਾ ਵੀਹ ਜ਼ੁਬਾਨਾਂ ਵਿਚ ਪੂਰੇ ਵਿਸ਼ਵਾਸ ਨਾਲ ਜੁਆਬ ਦੇ ਸਕਦੀ ਹੈ। ਏਨਾ ਹੀ ਨਹੀਂ, ਉਹ ਇੱਕੋ ਵੇਲੇ ਇਨ੍ਹਾਂ ਵੀਹ ਜ਼ੁਬਾਨਾਂ ਵਿਚ ਹਜ਼ਾਰਾਂ ਫੋਨ ਕਾਲਾਂ ਵੀ ਸੰਭਾਲ ਸਕਦੀ ਹੈ।

ਤੁਸੀਂ ਸਮਝ ਹੀ ਗਏ ਹੋਵੋਗੇ ਕਿ ਅਮੀਲੀਆ ਕੋਈ ਨੌਜੁਆਨ ਔਰਤ ਨਹੀਂ, ਸਮਾਰਟ ਰੋਬੋ ਹੈ। ਅਮਰੀਕਾ ਵਿਚ ਰਹਿੰਦੇ ਚੇਤਨ ਦੂਬੇ ਵਲੋਂ ਵਿਕਸਿਤ ਕੀਤੀ ਗਈ ਹਿਊਮਨ-ਇੰਟੈਲੀਜੈਂਸ (ਮਾਨਵੀ ਬੌਧਿਕਤਾ) ਨਾਲ ਲੈਸ, ਬਿਨਾ ਤਨਖਾਹ ਦੇ ਕੰਮ ਕਰਨ ਵਾਲੀ ਇਸ ਰੋਬੋ ਨੇ ਆਪੋ ਆਪਣੇ ਦਫਤਰਾਂ ਵਿਚ ਸੁਰੱਖਿਅਤ ਬੈਠੇ ਲੱਖਾਂ-ਕਰੋੜਾਂ ਵ੍ਹਾਈਟ ਕਾਲਰ ਵਰਕਰਾਂ ਦੇ ਕੰਨਾਂ ਵਿਚ ਖਤਰੇ ਦੀਆਂ ਘੰਟੀਆਂ ਵਜਾ ਦਿੱਤੀਆਂ ਹਨ। ਇਹ ਥਿੰਕਿੰਗ ਮਸ਼ੀਨਾਂ ਤਨਖਾਹਦਾਰ ਮੁਲਾਜ਼ਮਾਂ ਦੀ ਕਾਰਜਕੁਸ਼ਲਤਾ ਵਧਾਉਣ ਲਈ ਨਹੀਂ, ਉਨ੍ਹਾਂ ਦਾ ਬਦਲ ਬਣਨ ਲਈ ਆ ਰਹੀਆਂ ਹਨ।

ਹੁਣ ਤੱਕ ਅਸੀਂ ਇਹੋ ਸੋਚਦੇ ਰਹੇ ਕਿ ਆਟੋਮੇਸ਼ਨ ਤੋਂ ਕੇਵਲ ਖੇਤਾਂ ਅਤੇ ਫੈਕਟਰੀਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਹੀ ਖਤਰਾ ਹੈ। ਸਰਵਿਸ ਸੈਕਟਰ ਵਿਚ ਬੈਠੇ ਪ੍ਰੋਫੈਸ਼ਨਲ ਲੋਕ ਆਪਣੇ ਆਪ ਨੂੰ ਸੁਰੱਖਿਅਤ ਸਮਝਦੇ ਰਹੇ। ਉਨ੍ਹਾਂ ਨੂੰ ਵਹਿਮ ਸੀ ਕਿ ਸੋਚ ਵਿਚਾਰ ਵਾਲਾ ਪੜ੍ਹਨ-ਲਿਖਣ ਦਾ ਕੰਮ ਮਸ਼ੀਨਾਂ ਨਹੀਂ ਕਰ ਸਕਦੀਆਂ, ਮਨੁੱਖ ਹੀ ਕਰ ਸਕਦੇ ਹਨ। ਕੰਪਿਊਟਰ ਜਾਂ ਡੈਟਾ-ਬੇਸ ਵਾਂਗ ਇਹ ਕੇਵਲ ਮਨੁੱਖ ਦੀ ਕਾਰਜ ਕੁਸ਼ਲਤਾ ਹੀ ਵਧਾ ਸਕਦੀਆਂ ਹਨ, ਉਸ ਦੀ ਥਾਂ ਨਹੀਂ ਲੈ ਸਕਦੀਆਂ। ਮਸ਼ੀਨ ਲਰਨਿੰਗ (ਪੜ੍ਹਨ ਸਮਰੱਥਾ) ਨੇ ਇਨ੍ਹਾਂ ਮਸ਼ੀਨਾਂ ਨੂੰ ਪੜ੍ਹਨ, ਲਿਖਣ, ਬੋਲਣ, ਪਛਾਨਣ ਤੇ ਖੁਦ ਫੈਸਲੇ ਲੈਣ ਦੀ ਸਮਰੱਥਾ ਵੀ ਦੇ ਦਿੱਤੀ ਹੈ। ਮਾਨਵਜਾਤੀ ਦੀ ਕੌਗਨੇਟਿਵ ਮਨੌਪਲੀ (ਬੌਧਿਕ ਏਕਾਧਿਕਾਰ) ਟੁੱਟ ਰਹੀ ਹੈ।

ਕੇਵਲ ਵਿਕਸਿਤ ਮੁਲਕਾਂ ਵਿਚ ਹੀ ਨਹੀਂ, ਇਹ ਭਾਣਾ ਤਾਂ ਹੁਣ ਸਾਰੀ ਦੁਨੀਆਂ ਵਿਚ ਵਾਪਰੇਗਾ। ਤਨਖਾਹਦਾਰ ਮੁਲਾਜ਼ਮ ਭਲਾ ਇਨ੍ਹਾਂ ਡਿਜੀਟਲ ਕਾਮਿਆਂ ਦਾ ਕੀ ਮੁਕਾਬਲਾ ਕਰਨਗੇ! ਨਾ ਇਨ੍ਹਾਂ ਨੂੰ ਕਿਸੇ ਛੁੱਟੀ ਦੀ ਲੋੜ ਹੈ, ਨਾ ਇਨ੍ਹਾਂ ਦੇ ਕੋਈ ਕੰਮ ਦੇ ਘੰਟੇ ਹੋਣਗੇ। ਮੈਡੀਕਲ, ਹਾਊਸਿੰਗ, ਟਰਾਂਸਪੋਰਟ, ਮੈਟਰਨਿਟੀ ਲੀਵ, ਲੇਬਰ ਕਾਨੂੰਨਾਂ, ਯੂਨੀਅਨਵਾਦ ਆਦਿ ਦਾ ਵੀ ਕੋਈ ਝੰਜਟ ਨਹੀਂ।

ਵਿਸ਼ਵ ਪੱਧਰ 'ਤੇ ਵਾਪਰ ਰਹੀ ਇਹ ਡਿਸਰਪਟਿਵ (ਵਿਘਨਕਾਰੀ) ਤਬਦੀਲੀ ਸਾਡੇ ਸਾਹਮਣੇ ਕਈ ਸੁਆਲ ਖੜ੍ਹੇ ਕਰਦੀ ਹੈ, ਜਿਨ੍ਹਾਂ ਦੇ ਜੁਆਬ ਲੱਭਣੇ ਅਤਿ ਜਰੂਰੀ ਹੋ ਗਏ ਹਨ। ਉਨੀਵੀਂ ਸਦੀ ਸਨਅਤੀ ਉਤਪਾਦਨ ਦੀ ਸਦੀ ਸੀ। ਹੱਥ ਪ੍ਰਧਾਨ ਸੀ। ਕੰਪਿਊਟਰ, ਡੈਟਾ-ਬੇਸ ਅਤੇ ਗਿਆਨ ਤੇ ਸੰਚਾਰ ਤਕਨਾਲੋਜੀ ਦੇ ਆਉਣ ਨਾਲ ਸਨਅਤੀ ਉਤਪਾਦਨ ਦੀ ਥਾਂ ਸਰਵਿਸ ਸੈਕਟਰ ਪ੍ਰਧਾਨ ਹੋ ਗਿਆ। ਸਨਅਤੀ ਸੈਕਟਰ ਦੀਆਂ ਜਿੰਨੀਆਂ ਜੌਬਾਂ ਜਾ ਰਹੀਆਂ ਸਨ, ਉਸ ਤੋਂ ਕਿਤੇ ਵੱਧ ਸਰਵਿਸ ਸੈਕਟਰ ਵਿਚ ਆ ਰਹੀਆਂ ਸਨ। ਨਤੀਜੇ ਵਜੋਂ ਵੀਹਵੀਂ ਸਦੀ ਵਿਚ ਆ ਕੇ ਹੱਥ ਦੀ ਥਾਂ ਦਿਮਾਗ ਪ੍ਰਧਾਨ ਹੋ ਗਿਆ। ਕੇਵਲ ਉਹੋ ਨੌਕਰੀਆਂ ਸੁਰੱਖਿਅਤ ਰਹਿ ਗਈਆਂ, ਜੋ ਦਿਮਾਗ ਨਾਲ ਜੁੜੀਆਂ ਹੋਈਆਂ ਸਨ।

ਹੁਣ ਜਦੋਂ ਦਿਮਾਗੀ ਨੌਕਰੀਆਂ ਵੀ ਜਾ ਰਹੀਆਂ ਹਨ ਅਤੇ ਡਿਜੀਟਲ ਕਾਮੇ ਇਨ੍ਹਾਂ ਦੀ ਥਾਂ ਲੈ ਰਹੇ ਹਨ, ਤਾਂ ਕੀ ਇਹ ਸਮਝ ਲਿਆ ਜਾਵੇ ਕਿ ਹੁਣ ਇਕੀਵੀਂ ਸਦੀ ਵਿਚ ਮਨੁੱਖਾਂ ਦੀ ਥਾਂ ਮਸ਼ੀਨਾਂ ਪ੍ਰਧਾਨ ਹੋਣਗੀਆਂ? ਜਾਂ ਦਿਮਾਗੀ ਸਮਰੱਥਾ ਤੋਂ ਅਗਾਂਹ ਮਨੁੱਖ ਅੰਦਰ ਕੋਈ ਅਜਿਹੀ ਸਮਰੱਥਾ ਵੀ ਮੌਜੂਦ ਹੈ, ਜੋ ਅਮੀਲੀਆ ਦੇ ਅਤਿ ਵਿਕਸਿਤ ਰੂਪ ਵਿਚ ਆਉਣ ਵਾਲੇ ਡਿਜੀਟਲ ਕਾਮਿਆਂ ਨੂੰ ਵੀ ਆਪਣੀ ਸੇਵਾ ਵਿਚ ਲਾ ਕੇ ਆਪਣੇ ਆਪ ਨੂੰ ਵਡੇਰੇ ਕੰਮਾਂ ਲਈ ਤਿਆਰ ਕਰੇਗੀ? ਇਹ ਵੱਡਾ ਸੁਆਲ ਹੈ ਕਿ ਡਿਜੀਟਲ ਕਾਮੇ ਆ ਕੇ ਮਨੁੱਖ ਦੀ ਕਿਹੜੀ ਸਮਰੱਥਾ ਦੇ ਵਿਗਾਸ ਲਈ ਉਸ ਨੂੰ ਜਿਸਮਾਨੀ ਅਤੇ ਦਿਮਾਗੀ ਕੰਮਾਂ ਤੋਂ ਆਜ਼ਾਦ ਕਰਵਾਉਣਗੇ? ਜਿਸਮਾਨੀ ਅਤੇ ਦਿਮਾਗੀ ਸਮਰੱਥਾ ਪਿਛੋਂ ਕਿਹੜੀ ਮਨੁੱਖੀ ਸਮਰੱਥਾ ਪ੍ਰਧਾਨ ਹੋਵੇਗੀ? ਹੱਥ ਅਤੇ ਦਿਮਾਗ ਪਿਛੋਂ ਕੌਣ ਪ੍ਰਧਾਨ ਹੋਵੇਗਾ?

ਸੁਆਲ ਵੱਡਾ ਹੈ, ਜੋ ਮਨੁੱਖ ਦੀ ਹੋਂਦ ਨਾਲ ਜੁੜਿਆ ਹੋਇਆ ਹੈ। ਮਹਿਸੂਸ ਕੀਤਾ ਜਾ ਰਿਹਾ ਹੈ ਕਿ ਉਹ ਦਿਨ ਆਉਣ ਵਾਲਾ ਹੈ, ਜਦੋਂ ਮਸਨੂਈ ਬੌਧਿਕਤਾ, ਬਿਗ ਡੈਟਾ ਐਨਾਲਿਸਟਕ ਅਤੇ ਬਲੌਕ ਚੇਨ ਵਰਗੀਆਂ ਤਕਨੀਕਾਂ ਮਨੁੱਖੀ ਸਮਰੱਥਾ ਨੂੰ ਪਾਰ ਕਰ ਜਾਣਗੀਆਂ। ਰੇਅ ਕੁਰਜ਼ਵੇਲ ਨੇ ਇਸ ਨੂੰ ਸਿੰਗੂਲੈਰਿਟੀ ਦਾ ਨਾਂ ਦਿੱਤਾ ਹੈ, ਭਾਵ ਇਕ ਅਜਿਹਾ ਯੁਗ ਆਉਣ ਵਾਲਾ ਹੈ, ਜਦੋਂ ਮਸ਼ੀਨ ਇੰਟੈਲੀਜੈਂਸ, ਡੈਟਾ ਸਟੋਰੇਜ ਅਤੇ ਕੰਪਿਊਟੇਸ਼ਨਲ ਪਾਵਰ ਵਿਚ ਐਕਸਪੋਨੈਂਸ਼ੀਅਲ (ਘਾਤੇ) ਵਾਧੇ ਰਾਹੀਂ ਮਾਨਵੀ ਬੌਧਿਕਤਾ ਨੂੰ ਪਛਾੜ ਦੇਵੇਗੀ।

ਕੀ ਸੱਚਮੁੱਚ ਹੀ ਉਹ ਸਮਾਂ ਆਉਣ ਵਾਲਾ ਹੈ, ਜਦੋਂ ਮਸ਼ੀਨਾਂ ਬੰਦਿਆਂ 'ਤੇ ਰਾਜ ਕਰਨਗੀਆਂ? ਕੀ ਇਨ੍ਹਾਂ ਮਸ਼ੀਨਾਂ ਸਾਹਮਣੇ ਮਨੁੱਖ ਦਾ ਉਹੋ ਰੁਤਬਾ ਹੋਵੇਗਾ, ਜੋ ਮਨੁੱਖ ਸਾਹਮਣੇ ਪਾਲਤੂ ਜਾਨਵਰਾਂ ਦਾ ਹੈ? ਜਾਂ ਏਪਸ ਅਤੇ ਚਿੰਪੈਂਜ਼ੀ ਵਰਗੇ ਆਪਣੇ ਪੂਰਵਜਾਂ ਦਾ ਹੈ? ਇਹ ਸੁਆਲ ਅੱਜ ਸਾਨੂੰ ਸਭ ਤੋਂ ਵੱਧ ਪ੍ਰੇਸ਼ਾਨ ਕਰ ਰਿਹਾ ਹੈ।

ਸੁਪਰਇੰਟੈਲੀਜੈਂਟ (ਮਹਾਬੌਧਿਕ) ਮਸ਼ੀਨਾਂ ਦੀ ਆਮਦ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਜਿਵੇਂ ਮਨੁੱਖ ਦੀ ਤੁਰਨ ਦੀ ਸਪੀਡ ਨੂੰ ਕਾਰਾਂ, ਹਵਾਈ ਜਹਾਜ਼ਾਂ ਅਤੇ ਰਾਕਟਾਂ ਨੇ ਵਧਾਇਆ ਹੈ, ਉਵੇਂ ਮਨੁੱਖ ਦੀ ਬੌਧਿਕਤਾ ਨੂੰ ਵੀ ਇਹ ਸੁਪਰਇੰਟੈਲੀਜੈਂਟ ਮਸ਼ੀਨਾਂ ਲੱਖਾਂ-ਕਰੋੜਾਂ ਗੁਣਾ ਵਧਾ ਦੇਣਗੀਆਂ। ਇਹ ਹਕੀਕਤ ਸਾਡੇ ਸਾਹਮਣੇ ਵਾਪਰ ਰਹੀ ਹੈ।

ਸੁਆਲ ਤਾਂ ਇਹ ਹੈ ਕਿ ਕੀ ਇਹ ਮਸ਼ੀਨਾਂ ਸੁਪਰਇੰਟੈਲੀਜੈਂਟ ਹੋਣ ਦੇ ਨਾਲ ਨਾਲ ਮਹਾਂ ਸਵੈ-ਚੇਤੰਨ ਅਤੇ ਸੁਰਤਵਾਨ ਵੀ ਹੋ ਸਕਦੀਆਂ ਹਨ? ਕੀ ਆਉਣ ਵਾਲੇ ਸਮਿਆਂ ਵਿਚ ਇਹ ਮਸ਼ੀਨਾਂ ਰਾਜ ਕਰਨਗੀਆਂ ਜਾਂ ਮਾਨਵ-ਸੁਰਤੀ? ਇਹੀ ਉਹ ਸੁਆਲ ਹੈ, ਜੋ ਮਾਨਵਜਾਤੀ ਦਾ ਭਵਿਖ ਤੈਅ ਕਰੇਗਾ। ਇਸੇ ਲਈ 'ਕਾਨਸ਼ੀਅਸਨੈਸ' ਭਾਵ ਮਾਨਵ ਚੇਤਨਾ, ਜਿਸ ਨੂੰ ਗੁਰੂ ਸਾਹਿਬਾਨ ਨੇ 'ਸੁਰਤਿ' ਆਖਿਆ ਹੈ, ਅੱਜ ਦੁਨੀਆਂ ਭਰ ਦੇ ਗਿਆਨੀਆਂ, ਵਿਗਿਆਨੀਆਂ ਤੇ ਤਕਨੀਕੀ ਮਾਹਿਰਾਂ, ਖਾਸ ਕਰ ਮਸਨੂਈ ਚੇਤਨਾ ਤੇ ਨਿਊਰੋ ਸਾਇੰਸ ਦੇ ਖੇਤਰ ਵਿਚ ਕੰਮ ਕਰਦੇ ਲੋਕਾਂ ਲਈ ਵਿਚਾਰ-ਚਰਚਾ ਦਾ ਪ੍ਰਮੁਖ ਵਿਸ਼ਾ ਬਣੀ ਹੋਈ ਹੈ।

ਮਾਨਵ ਚੇਤਨਾ ਕੀ ਹੈ? ਕੀ ਇਹ ਕੋਈ ਦਿਮਾਗੀ ਪ੍ਰਕ੍ਰਿਆ ਹੈ? ਇਸ ਦੀ ਬਣਤਰ ਕਿਹੋ ਜਿਹੀ ਹੈ? ਇਹ ਜੀਵ ਮਾਨਵ ਵਿਕਾਸ ਦੀ ਪ੍ਰਕ੍ਰਿਆ ਵਿਚ ਕੀ ਰੋਲ ਅਦਾ ਕਰਦੀ ਹੈ? ਚੇਤਨਾ ਨਾਲ ਜੁੜੇ ਅਜਿਹੇ ਅਨੇਕਾਂ ਸੁਆਲ ਹਨ, ਜਿਨ੍ਹਾਂ ਦਾ ਸਾਡੇ ਦਾਰਸ਼ਨਿਕ ਚਿੰਤਕ, ਵਿਗਿਆਨੀ ਅਤੇ ਤਕਨੀਕੀ ਮਾਹਿਰ ਹਾਲੇ ਤੱਕ ਕੋਈ ਤਸੱਲੀਬਖਸ਼ ਜੁਆਬ ਨਹੀਂ ਲੱਭ ਸਕੇ। ਚੇਤਨਾ ਸਾਡੇ ਲਈ ਇਕ ਗੁੰਝਲਦਾਰ ਰਹੱਸ ਬਣੀ ਹੋਈ ਹੈ।

ਮਸਨੂਈ ਚੇਤਨਾ ਦੀਆਂ ਲਾਈਨਾਂ 'ਤੇ ਆਰਟੀਫੀਸ਼ਲ ਕਾਨਸ਼ੀਅਸਨੈਸ (ਮਸਨੂਈ) ਦਾ ਨਿਰਮਾਣ ਕਰਨ ਦੀ ਇੱਛਾ ਅਧੀਨ ਕੰਪਿਊਟਰ ਸਾਇੰਸ, ਗਣਿਤ ਵਿਗਿਆਨ, ਕੁਆਂਟਮ ਫਿਜ਼ਿਕਸ, ਨੈਨੋਤਕਨਾਲੋਜੀ, ਨਿਊਰੋ ਸਾਇੰਸ ਅਤੇ ਸਿੰਥੈਟਿਕ ਬਾਇਓਲੋਜੀ ਆਦਿ ਖੇਤਰਾਂ ਵਿਚ ਕੰਮ ਕਰਨ ਵਾਲੇ ਵਿਗਿਆਨੀ ਵੀ ਚੇਤਨਾ-ਅਧਿਐਨ ਦੇ ਵਿਸ਼ੇ 'ਤੇ ਬੜੀ ਸ਼ਿੱਦਤ ਨਾਲ ਕੰਮ ਕਰ ਰਹੇ ਹਨ।

ਦੂਜੇ ਪਾਸੇ ਮਾਨਵ ਜਾਤੀ ਆਪਣੀ ਪੱਧਰ 'ਤੇ ਇਹ ਧਾਰਨਾ ਬਣਾਈ ਬੈਠੀ ਹੈ ਕਿ ਸਮੁੱਚੇ ਜੀਵ ਸੰਸਾਰ ਵਿਚੋਂ ਕੇਵਲ ਉਸ (ਹੋਮੋਸੇਪੀਅਨ) ਕੋਲ ਹੀ ਚੇਤੰਨ ਮਨ ਹੈ। ਕੇਵਲ ਉਹ ਇਕੱਲਾ ਹੀ ਆਪਣੇ ਆਪ ਅਤੇ ਆਪਣੇ ਆਲੇ ਦੁਆਲੇ ਦੀ ਚੇਤੰਨ ਸੋਝੀ ਰੱਖਦਾ ਹੈ। ਜੇ ਇਹ ਗੱਲ ਸੱਚ ਹੈ, ਤਾਂ ਸਾਨੂੰ ਸਮਝਣਾ ਪਵੇਗਾ ਕਿ ਮਾਨਵ ਚੇਤਨਾ ਜੀਵ ਜੰਤੂਆਂ ਦੀ ਸੋਝੀ ਅਤੇ ਮਸਨੂਈ ਚੇਤਨਾ ਤੋਂ ਕਿਵੇਂ ਵੱਖਰੀ ਹੈ? ਵਿਸ਼ਵ ਅਤੇ ਬ੍ਰਹਿਮੰਡੀ ਚੇਤਨਾ ਨੂੰ ਵੀ ਧਿਆਨ ਵਿਚ ਰੱਖਣਾ ਹੋਵੇਗਾ।

ਜੇ ਜੀਵ ਵਿਗਿਆਨੀਆਂ ਦੀ ਗੱਲ ਕਰੀਏ, ਨਾ ਤਾਂ ਇਹ ਮਨ ਅਤੇ ਚੇਤਨਾ ਨੂੰ ਸਰੀਰ ਤੋਂ ਅਲਹਿਦਾ ਕੋਈ ਦੈਵੀ ਵਸਤ ਮੰਨਦੇ ਹਨ ਅਤੇ ਨਾ ਹੀ ਦਿਮਾਗ ਜਾਂ ਦਿਮਾਗ ਵਰਗਾ ਕੋਈ ਹੋਰ ਸਰੀਰਕ ਅੰਗ। ਫਿਰ ਇਹ ਹੈ ਕੀ? ਇਨ੍ਹਾਂ ਦੇ ਮੰਨਣ ਅਨੁਸਾਰ ਇਹ ਦੁੱਖ, ਸੁੱਖ, ਗੁੱਸਾ, ਮੁਹੱਬਤ ਆਦਿ ਅੰਤਰਮੁਖੀ ਅਨੁਭਵਾਂ ਅਤੇ ਚਾਹਤਾਂ ਦਾ ਵਹਾ ਹੈ, ਜੋ ਜੀਵ ਦੀਆਂ ਸਰੀਰਕ ਲੋੜਾਂ ਦੀ ਪੂਰਤੀ ਹਿਤ ਦਿਮਾਗ ਦੇ ਅੱਸੀ ਅਰਬ ਨਿਊਰੋਨ ਸੈਲਾਂ ਵਿਚ ਚੱਲਣ ਵਾਲੇ ਇਲੈਕਟਰੋਕੈਮੀਕਲ ਰੀਐਕਸ਼ਨਾਂ ਦੀ ਉਪਜ ਹੈ।

ਬਹੁਤਿਆਂ ਦਾ ਮੰਨਣਾ ਹੈ ਕਿ ਜੀਵ ਵਿਗਿਆਨੀਆਂ ਦੀ ਇਹ ਧਾਰਨਾ ਬਾਕੀ ਜੀਵਾਂ ਬਾਰੇ ਤਾਂ ਸੱਚ ਹੋ ਸਕਦੀ ਹੈ, ਪਰ ਮਾਨਵ ਚੇਤਨਾ ਬਾਰੇ ਨਹੀਂ। ਮਾਨਵ ਚੇਤਨਾ ਦੂਜੇ ਜੀਵਾਂ ਦੀ ਚੇਤਨਾ ਨਾਲੋਂ ਭਿੰਨ ਹੈ। ਦੂਜੇ ਜੀਵਾਂ ਵਿਚ ਸ਼ਾਇਦ ਚੇਤਨਾ ਤਾਂ ਹੈ, ਪਰ ਸਵੈਚੇਤਨਾ-ਸੁਰਤਿ ਬਿਲਕੁਲ ਨਹੀਂ। ਇਨ੍ਹਾਂ ਦੇ ਕਹਿਣ ਅਨੁਸਾਰ ਇਹ ਸਵੈਚੇਤਨਾ-ਸੁਰਤਿ ਹੀ ਹੈ, ਜੋ ਮਨੁੱਖ ਨੂੰ ਦੂਜੇ ਜੀਵਾਂ ਤੋਂ ਵਖਰਿਆਉਂਦੀ ਹੈ; ਪਰ ਇਹ ਜੀਵ ਚੇਤਨਾ ਮਨੁੱਖ ਵਿਚ ਪਹੁੰਚ ਕੇ ਸਵੈਚੇਤਨਾ-ਸੁਰਤਿ ਕਿਵੇਂ ਬਣ ਜਾਂਦੀ ਹੈ? ਸੋਚਣ ਵਾਲੀ ਗੱਲ ਹੈ।

ਚੇਤਨਾ, ਜਿਸ ਨੂੰ ਜੀਵ ਅੰਤਰਮੁਖੀ ਅਨੁਭਵਾਂ (ਸਬਜੈਕਟਿਵ ਐਕਸਪੀਰੀਐਂਸਿਜ਼) ਦੇ ਰੂਪ ਵਿਚ ਅਨੁਭਵ ਕਰਦੇ ਹਨ, ਉਹ ਬਾਇਓਲੋਜੀਕਲ ਐਲਗਰਿਦਮਜ਼ ਹਨ, ਜੋ ਜੀਵਾਂ ਦੀ ਹੋਂਦ ਅਤੇ ਵਾਧੇ ਵਿਚ ਅਹਿਮ ਰੋਲ ਨਿਭਾਉਂਦੇ ਹਨ। ਜੇ ਜੀਵ ਨੂੰ ਭੁੱਖ ਦੀ ਖੋਹ ਨਹੀਂ ਪਏਗੀ, ਤਾਂ ਉਹ ਭੋਜਨ ਦੀ ਤਲਾਸ਼ ਵਿਚ ਕਿਉਂ ਭਟਕੇਗਾ? ਕਾਮ ਉਤੇਜਨਾ ਨਹੀਂ ਜਾਗੇਗੀ ਤਾਂ ਨਸਲ ਅੱਗੇ ਕਿਵੇਂ ਵਧੇਗੀ? ਭਾਵ ਇਹ ਐਲਗਰਿਦਮਜ਼ ਜੀਵ ਦੀਆਂ ਸਰਵਾਈਵਲ ਅਤੇ ਰੈਪਲੀਕੇਸ਼ਨ ਲੋੜਾਂ ਦੀ ਪੂਰਤੀ ਲਈ ਜਰੂਰੀ ਸਨ।

ਕੀ ਸਵੈਚੇਤਨਾ ਵੀ ਜੀਵ ਚੇਤਨਾ ਵਾਂਗ ਬਾਇਓਕੈਮੀਕਲ ਐਲਗਰਿਦਮ ਹੀ ਹੈ? ਕੀ ਇਸ ਨੂੰ ਵੀ ਚੇਤਨਾ ਵਾਂਗ ਦਿਮਾਗ ਦਾ ਐਪੀਫਿਨਾਮਨਾ ਹੀ ਮੰਨ ਲਿਆ ਜਾਵੇ? ਜੋ ਲੋਕ ਨਿਜੀ ਤਜਰਬੇ ਨੂੰ ਬਾਇਓਕੈਮੀਕਲ ਉਤੇਜਨਾਵਾਂ ਦੇ ਰੂਪ ਵਿਚ ਦੇਖਦੇ ਹਨ, ਉਹ ਡਰੱਗ ਦੀਆਂ ਮਿਸਾਲਾਂ ਲੈ ਕੇ ਆਪਣੀ ਧਾਰਨਾ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਖੁਸ਼ੀ ਜਾਂ ਚੜ੍ਹਦੀ ਕਲਾ ਵਿਚ ਰਹਿਣ ਲਈ ਡਰੱਗ ਦੀ ਵਰਤੋਂ ਇੱਕ ਆਮ ਗੱਲ ਹੈ। ਅਨੇਕਾਂ ਡਰੱਗ ਤੇ ਡਿਵਾਈਸਿਜ਼ ਦੀ ਗੱਲ ਕੀਤੀ ਜਾ ਸਕਦੀ ਹੈ, ਜੋ ਮਨੁੱਖ ਅੰਦਰ ਅੰਤਰਮੁਖੀ ਸੰਵੇਦਨਾਵਾਂ ਪੈਦਾ ਕਰਨ ਲਈ ਵਰਤ ਹੋ ਰਹੀਆਂ ਹਨ।

1. ਜੇ ਸਾਇੰਸ ਅਤੇ ਤਕਨਾਲੋਜੀ ਸਮਝਦੇ ਹਨ ਕਿ ਮਨ ਤੇ ਚੇਤਨਾ ਦਾ ਹੋਰ ਕੋਈ ਕੰਮ ਹੀ ਨਹੀਂ, ਤਾਂ ਫੇਰ ਇਨ੍ਹਾਂ ਨੂੰ ਨਕਾਰ ਕਿਉਂ ਨਹੀਂ ਦਿੱਤਾ ਜਾਂਦਾ? ਮਨੁੱਖੀ ਸਰੀਰ ਵਿਚ ਅਜਿਹੇ ਕਈ ਅੰਗ (ਵੈਸਟੀਜੀਅਸ ਆਰਗਨ) ਹਨ, ਜਿਨ੍ਹਾਂ ਦੀ ਕੋਈ ਲੋੜ ਨਹੀਂ ਰਹੀ। ਬੱਸ ਜੀਵ ਸੰਸਾਰ ਦੀ ਰਹਿੰਦ-ਖੂੰਹਦ ਵਜੋਂ ਮਨੁੱਖੀ ਸਰੀਰ ਵਿਚ ਪਏ ਰਹਿੰਦੇ ਹਨ। ਚਿੰਤਨ ਦੇ ਇਤਿਹਾਸ ਵਿਚ ਵੀ ਅਜਿਹੇ ਅਨੇਕਾਂ ਸੰਕਲਪ ਅਤੇ ਸਿਧਾਂਤ ਮਿਲ ਜਾਣਗੇ, ਜਿਨ੍ਹਾਂ ਦੀ ਹੁਣ ਕੋਈ ਲੋੜ ਨਹੀਂ ਰਹੀ, ਜੋ ਸਾਡਾ ਕੋਈ ਮਨੋਰਥ ਹੱਲ ਨਹੀਂ ਕਰਦੇ।

2. ਸਾਇੰਸ ਕਦੇ ਵੀ ਮਨ ਅਤੇ ਚੇਤਨਾ ਦੀ ਹੋਂਦ ਤੋਂ ਮੁਨਕਰ ਨਹੀਂ ਹੋਈ। ਜੇ ਉਹ ਮੁਨਕਰ ਹੈ ਤਾਂ ਉਹ ਇਨ੍ਹਾਂ ਦੀ ਪ੍ਰਸੰਗਿਕਤਾ ਤੋਂ ਮੁਨਕਰ ਹੈ। ਬਹੁਤ ਸਾਰੇ ਵਿਗਿਆਨੀਆਂ ਦਾ ਯਕੀਨ ਹੈ ਕਿ ਅੰਤਰਮੁਖੀ ਅਨੁਭਵਾਂ ਦੇ ਦਖਲ ਤੋਂ ਬਿਨਾ ਹੀ ਦਿਮਾਗ ਉਹ ਸਾਰੇ ਕੰਮ ਕਰੀ ਜਾ ਰਿਹਾ ਹੈ, ਜੋ ਅਸੀਂ ਸਮਝਦੇ ਸਾਂ ਕਿ ਮਨ ਅਤੇ ਚੇਤਨਾ ਤੋਂ ਬਿਨਾ ਸੰਭਵ ਨਹੀਂ ਹਨ। ਸੋ, ਮਨ ਅਤੇ ਚੇਤਨਾ ਨੂੰ ਬੜੇ ਆਰਾਮ ਨਾਲ ਵਿਗਿਆਨ ਦੇ ਸ਼ਬਦ-ਕੋਸ਼ ਵਿਚੋਂ ਮਿਟਾਇਆ ਜਾ ਸਕਦਾ ਹੈ। ਇਸ ਧਾਰਨਾ 'ਤੇ ਵਿਸ਼ਵਾਸ ਕਰਨ ਵਾਲੇ ਕਈ ਲੋਕ ਤਾਂ ਚੇਤਨਾ ਦੀ ਜਹਾਜ ਦੇ ਸ਼ੋਰ ਨਾਲ ਤੁਲਨਾ ਕਰਦਿਆਂ ਇਸ ਨੂੰ ਮਾਨਸਿਕ ਪ੍ਰਦੂਸ਼ਣ ਤੱਕ ਆਖ ਦਿੰਦੇ ਹਨ। ਜਿਵੇਂ ਜਹਾਜ ਦੇ ਸ਼ੋਰ ਦਾ ਕੋਈ ਰੋਲ ਨਹੀਂ, ਬਿਲਕੁਲ ਉਸੇ ਤਰ੍ਹਾਂ ਸਵੈ-ਚੇਤਨਾ ਦਾ ਵੀ ਕੋਈ ਰੋਲ ਨਹੀਂ, ਪਰ ਇਹ ਦਲੀਲਾਂ ਦੇਣ ਵਾਲੇ ਲੋਕਾਂ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਕਈ ਵਿਗਿਆਨੀ ਸੁਆਲ ਕਰਦੇ ਹਨ ਕਿ ਜੇ ਅੰਤਰਮੁਖੀ ਅਨੁਭਵਾਂ ਦਾ ਕੋਈ ਮੁੱਲ ਨਹੀਂ ਤਾਂ ਕਤਲ, ਬਲਾਤਕਾਰ ਅਤੇ ਚੋਰੀ ਮਾੜੇ ਕਿਉਂ ਮੰਨੇ ਜਾਂਦੇ ਹਨ? ਇਸ ਸੁਆਲ ਦਾ ਕਿਸੇ ਕੋਲ ਕੋਈ ਜੁਆਬ ਨਹੀਂ। ਇਸ ਲਈ ਉਹ ਇਸ ਗੱਲ 'ਤੇ ਸਹਿਮਤ ਹੋ ਜਾਂਦੇ ਹਨ ਕਿ ਚੇਤਨਾ ਦਾ ਨਿਸ਼ਚੇ ਹੀ ਇਖਲਾਕੀ ਸਿਆਸੀ ਫੈਸਲੇ ਲੈਣ (ਐਥੀਕੋ-ਪੁਲੀਟੀਕਲ ਡਿਸਿਜ਼ਨ ਮੇਕਿੰਗ) ਵਿਚ ਤਾਂ ਬਹੁਤ ਵੱਡਾ ਰੋਲ ਹੈ, ਪਰ ਜੀਵ ਵਿਗਿਆਨਕ ਫੈਸਲੇ ਲੈਣ (ਬਾਇਆਲੋਜੀਕਲ ਡਿਸਿਜ਼ਨ ਮੇਕਿੰਗ) ਵਿਚ ਕੋਈ ਰੋਲ ਨਹੀਂ ਹੈ।

3. ਵਿਗਿਆਨੀ ਮੰਨਦੇ ਹਨ ਕਿ ਚੇਤਨਾ ਦੀ ਹੋਂਦ ਅਤੇ ਇਸ ਦੇ ਮਹੱਤਵ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ, ਕਿਉਂਕਿ ਇਹ ਇਖਲਾਕੀ ਸਿਆਸੀ ਫੈਸਲੇ ਲੈਣ ਵਿਚ ਕੇਂਦਰੀ ਰੋਲ ਅਦਾ ਕਰਦੀ ਹੈ।

4. ਮਨੁੱਖ ਵਿਚ ਪਹੁੰਚ ਕੇ ਜੈਵਿਕ ਚੇਤਨਾ ਦੇ ਬਹੁਤ ਸਾਰੇ ਬਾਇਆਲੋਜੀਕਲ ਐਲਗਰਿਦਮਜ਼ ਬਿਨਾ ਸ਼ੱਕ ਇਰਰੈਲੇਵੈਂਟ ਹੋ ਜਾਂਦੇ ਹਨ। ਇਸ ਲਈ ਕਿ ਇਨ੍ਹਾਂ ਦਾ ਕੰਮ ਚੇਤਨਾ ਸੰਭਾਲ ਲੈਂਦੀ ਹੈ। ਚੇਤਨਾ ਇਹ ਕੰਮ ਕਿਵੇਂ ਕਰਦੀ ਹੈ? ਚੇਤਨਾ ਜੀਵ ਵਿਗਿਆਨਕ ਲੋੜਾਂ ਨੂੰ ਚੇਤੰਨ ਇੱਛਾਵਾਂ ਵਿਚ ਰੁਪਾਂਤ੍ਰਿਤ ਕਰ ਦਿੰਦੀ ਹੈ। ਉਹ ਇਹ ਕੰਮ ਡਿਸਕੋਰਸ (ਸ਼ਬਦ) ਰਾਹੀਂ ਕਰਦੀ ਹੈ। ਸ਼ਬਦ ਵਿਚ ਬੱਝ ਕੇ ਜੀਵ ਵਿਗਿਆਨਕ ਲੋੜ ਅਸੀਮ ਇੱਛਾ ਵਿਚ ਰੁਪਾਂਤ੍ਰਿਤ ਹੋ ਜਾਂਦੀ ਹੈ। ਬਿਨਾ ਸ਼ੱਕ ਚੇਤਨਾ ਇਹ ਕੰਮ ਸ਼ਬਦ ਦੀ ਮਦਦ ਨਾਲ ਕਰਦੀ ਹੈ, ਪਰ ਇਸ ਸੁਆਲ ਦਾ ਜੁਆਬ ਤਾਂ ਲੱਭਣਾ ਹੀ ਹੋਵੇਗਾ ਕਿ ਇਹ ਸ਼ਬਦ ਅਚਾਨਕ ਕਿਧਰੋਂ ਅਤੇ ਕਿਵੇਂ ਪ੍ਰਗਟ ਹੋ ਗਿਆ? ਇਸ ਦਾ ਕੀ ਸਰੂਪ ਹੈ? ਇਸ ਦਾ ਕਿਥੇ ਵਾਸਾ ਹੈ? ਦਿਮਾਗ ਨਾਲ ਇਸ ਦਾ ਕੀ ਰਿਸ਼ਤਾ ਹੈ?

ਸੋ, ਆਪਾਂ ਘੁੰਮ-ਫਿਰ ਕੇ ਮੁੜ ਉਨ੍ਹਾਂ ਸੁਆਲਾਂ 'ਤੇ ਹੀ ਆ ਗਏ, ਜਿਥੋਂ ਅਸੀਂ ਸ਼ੁਰੂ ਹੋਏ ਸੀ ਅਤੇ ਜਿਨ੍ਹਾਂ ਸੁਆਲਾਂ ਦਾ ਕਿਸੇ ਵੀ ਗਿਆਨੀ-ਵਿਗਿਆਨੀ ਕੋਲ ਕੋਈ ਜੁਆਬ ਨਹੀਂ ਹੈ। ਜੇ ਕੋਈ ਜੁਆਬ ਹੈ ਤਾਂ ਉਹ ਕੇਵਲ ਗੁਰੂ ਨਾਨਕ ਕੋਲ ਹੈ, ਜੋ ਉਨ੍ਹਾਂ ਨੇ ਸਿਧ ਗੋਸ਼ਟਿ ਵਿਚ ਦਰਜ ਕਰ ਦਿੱਤਾ ਹੈ।

ਅਸਲ 'ਚ ਇਹੀ ਤਾਂ ਉਹ ਸੁਆਲ ਹਨ, ਜੋ ਅੱਜ ਤੋਂ ਸਾਢੇ ਪੰਜ ਸੌ ਸਾਲ ਪਹਿਲਾਂ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਨੂੰ ਕੀਤੇ ਸਨ, "ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸਕਾ ਤੂ ਚੇਲਾ॥ ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ॥ ਏਸ ਕਥਾ ਕਾ ਦੇਇ ਬੀਚਾਰੁ॥ ਭਵਜਲੁ ਸਬਦਿ ਲੰਘਾਵਣਹਾਰੁ॥"

ਜਦੋਂ ਸਿਧ ਗੁਰੂ ਸਾਹਿਬ ਨੂੰ ਪੁਛਦੇ ਹਨ ਕਿ ਤੇਰਾ ਗੁਰੂ ਕੌਣ ਹੈ, ਤਾਂ ਗੁਰੂ ਸਾਹਿਬ ਜੁਆਬ ਦਿੰਦੇ ਹਨ, "ਸਬਦੁ ਗੁਰੂ ਸੁਰਤਿ ਧੁਨਿ ਚੇਲਾ॥" ਇਸ ਜੁਆਬ ਨਾਲ ਕਈ ਗੱਲਾਂ ਸਪਸ਼ਟ ਹੋ ਜਾਂਦੀਆਂ ਹਨ। ਪਹਿਲੀ, ਸ਼ਬਦ ਸੁਰਤਿ ਦਾ ਕਰਤਾ ਹੈ। ਸੁਰਤਿ, ਸਰੀਰਕ ਸੰਰਚਨਾ ਦੇ ਰੂਪ ਵਿਚ, ਜੋ ਜੀਵ ਜੰਤੂਆਂ 'ਚ ਵੀ ਮੌਜੂਦ ਹੈ, ਸ਼ਬਦ ਦੀ ਕਰਤਾ ਨਹੀਂ ਹੋ ਸਕਦੀ। ਸ਼ਬਦ ਸੁਰਤਿ ਵਿਚੋਂ ਪੈਦਾ ਨਹੀਂ ਹੁੰਦਾ, ਸੁਰਤਿ ਸ਼ਬਦ ਵਿਚੋਂ ਪੈਦਾ ਹੁੰਦੀ ਹੈ। ਭਾਵ ਸ਼ਬਦ (ਡਿਸਕੋਰਸ) ਹੀ ਸੁਰਤਿ (ਕਾਂਸ਼ੀਅਸਨੈਸ) ਦਾ ਨਿਰਮਾਤਾ ਹੈ, ਸੁਰਤਿ ਸ਼ਬਦ ਦੀ ਨਹੀਂ।

ਸ਼ਤਪਥ ਬ੍ਰਹਮਣ ਵਿਚ ਸ਼ਬਦ (ਡਿਸਕੋਰਸ) ਅਤੇ ਮਨ (ਸੁਰਤਿ) ਦੇ ਜਿਸ ਝਗੜੇ ਦਾ ਕੋਈ ਨਿਪਟਾਰਾ ਨਹੀਂ ਹੁੰਦਾ ਕਿ ਸ਼ਬਦ ਸੁਰਤਿ ਵਿਚੋਂ ਜਨਮ ਲੈਂਦਾ ਹੈ ਜਾਂ ਸੁਰਤਿ ਸ਼ਬਦ ਵਿਚੋਂ? ਗੁਰੂ ਸਾਹਿਬ ਸਦੀਆਂ ਤੋਂ ਚੱਲੇ ਆ ਰਹੇ ਇਸ ਝਗੜੇ ਨੂੰ ਹਮੇਸ਼ਾ ਲਈ ਹੱਲ ਕਰ ਦਿੰਦੇ ਹਨ ਕਿ ਸ਼ਬਦ ਹੀ ਸੁਰਤਿ ਦਾ ਸਿਰਜਣਹਾਰ ਹੈ। ਅਜੋਕੇ ਸਮਿਆਂ ਵਿਚ ਆ ਕੇ ਵਿਗਿਆਨਕ ਲੱਭਤਾਂ ਵੀ ਗੁਰੂ ਸਾਹਿਬ ਦੇ ਇਸ ਨਿਰਣੇ 'ਤੇ ਮੋਹਰ ਲਾ ਦਿੰਦੀਆਂ ਹਨ।

ਸੋ, ਇਸ ਸੁਆਲ ਦਾ ਤਸੱਲੀਬਖਸ਼ ਜੁਆਬ ਮਿਲ ਜਾਂਦਾ ਹੈ ਕਿ ਅਚਾਨਕ ਹੀ ਚੇਤਨਾ ਕਿਥੋਂ ਪ੍ਰਗਟ ਹੋ ਗਈ? ਚੇਤਨਾ ਸ਼ਬਦ ਦੀ ਕਰਾਮਾਤ ਵਿਚੋਂ ਪ੍ਰਗਟ ਹੋਈ ਹੈ। ਸ਼ਾਇਦ ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਸੁਰਤਿ, ਮਾਨਵ-ਚੇਤਨਾ, ਮਾਨਵ-ਸੋਝੀ, ਮਾਨਵ-ਬੁਧਿ ਸ਼ਬਦ (ਗੁਰੂ) ਅਤੇ ਸੁਰਤਿ (ਚੇਲੇ) ਦੇ ਮਿਲਨ ਵਿਚੋਂ ਪੈਦਾ ਹੁੰਦੀ ਹੈ। ਸ਼ਾਇਦ ਇਸੇ ਲਈ ਗੁਰੂ ਸਾਹਿਬ ਸ਼ਬਦ ਦੁਆਰਾ ਸੁਰਤੀ ਅੰਦਰ ਪੈਦਾ ਕੀਤੀ ਜਾਣ ਵਾਲੀ ਸੁਰਤਿ ਭਾਵ ਸੋਝੀ ਨੂੰ ਸ਼ਬਦ ਜਾਂ ਸੁਰਤਿ ਨਹੀਂ, ਸਗੋਂ ਸੁਰਤਿ-ਸ਼ਬਦ ਆਖਦਿਆਂ ਸਪਸ਼ਟ ਕਰਦੇ ਹਨ ਕਿ ਸ਼ਬਦ-ਸੁਰਤਿ ਹੀ ਉਹ ਮਾਰਗ ਹੈ, ਜੋ ਸਾਨੂੰ ਦਿਮਾਗੀ ਸਮਰੱਥਾ ਤੋਂ ਪਾਰ ਨਵੇਂ ਦਿਸਹੱਦਿਆਂ ਵੱਲ ਲੈ ਕੇ ਜਾਵੇਗਾ।

ਸੁਰਤਿ-ਸ਼ਬਦ ਦੇ ਰਿਸ਼ਤੇ ਨੂੰ ਸੌਖੀ ਤਰ੍ਹਾਂ ਸਮਝਣਾ ਹੋਵੇ ਤਾਂ ਸਾਸੂਰ ਦੀ ਮਦਦ ਲਈ ਜਾ ਸਕਦੀ ਹੈ। ਭਾਵੇਂ ਸਾਸੂਰ ਨੇ ਗੁਰੂ ਸਾਹਿਬ ਦਾ ਨਾਂ ਤਾਂ ਨਹੀਂ ਲਿਆ, ਪਰ ਵਿਆਖਿਆ ਬਹੁਤ ਖੂਬਸੂਰਤ ਕੀਤੀ ਹੈ ਕਿ ਸ਼ਬਦ ਸਿਗਨੀਫਾਇਰ ਹੈ ਅਤੇ ਸੁਰਤਿ ਸਿਗਨੀਫਾਇਡ। ਕਿਉਂਕਿ ਸ਼ਬਦ ਸੁਰਤਿ ਨੂੰ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ, ਇਸ ਲਈ ਗੁਰੂ ਸਾਹਿਬ ਆਖਦੇ ਹਨ, "ਸੁਰਤਿ ਸਬਦੁ ਧੁਨਿ ਅੰਤਰਿ ਜਾਗੀ॥" ਸੁਰਤਿ-ਸ਼ਬਦ ਉਹ ਸੈਂਸ (ਅਰਥ) ਹੈ, ਜੋ ਸ਼ਬਦ ਮਨੁੱਖ ਦੀ ਸੁਰਤਿ ਅੰਦਰ ਸਵੈ-ਚੇਤਨਾ ਦੇ ਰੂਪ ਵਿਚ ਜਗਾਉਂਦਾ ਹੈ।

ਮਸਲਾ ਸੁਰਤਿ-ਸ਼ਬਦ ਦੇ ਅਮਲ ਨੂੰ ਸਮਝਣ ਦਾ ਵੀ ਹੈ। ਸਿਧ ਗੁਰੂ ਸਾਹਿਬ ਨੂੰ ਸੁਆਲ ਕਰਦੇ ਹਨ ਕਿ ਗੁਰੂ ਦਾ ਵਾਸੁ ਕਿਥੇ ਹੈ, ਜਿਸ ਨਾਲ ਭਵਜਲ ਸੰਸਾਰ ਨੂੰ ਤਰ ਕੇ ਪਾਰ ਜਾਣਾ ਹੈ? "ਸੁ ਸਬਦੁ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ॥" ਗੁਰੂ ਸਾਹਿਬ ਜੁਆਬ ਦਿੰਦੇ ਹਨ, "ਸੁ ਸਬਦੁ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥" ਸ਼ਬਦ ਹਰ ਥਾਂ ਮੌਜੂਦ ਰਹਿੰਦਾ ਹੈ। ਮਨੁੱਖਾਂ ਦੇ ਆਪਸੀ ਅਤੇ ਉਸ ਹਰ ਕਾਸੇ ਨਾਲ ਜੋ ਵੀ ਹੈ, ਕਦੀ ਸੀ ਜਾਂ ਹੋਵੇਗਾ ਨਾਲ ਸਬੰਧਾਂ ਦੇ ਵਿਗਾਸਮਈ ਨਿਰਮਾਣ ਦਾ ਆਧਾਰ ਹੈ। ਕਿਸੇ ਵਿਅਕਤੀ ਵਿਸ਼ੇਸ਼ ਦੀ ਮਲਕੀਅਤ ਨਹੀਂ।

ਸੋ, ਸੁਰਤਿ-ਸ਼ਬਦ, ਜਿਸ ਨੇ ਇਕੀਵੀਂ ਸਦੀ ਦੇ ਵਿਕਾਸਮਈ ਖੇੜੇ ਦਾ ਨਿਰਮਾਣ ਕਰਨਾ ਹੈ, ਉਹ ਨਾ ਤਾਂ ਦਿਮਾਗੀ ਪ੍ਰਕ੍ਰਿਆਵਾਂ ਦਾ ਐਪੀਫਿਨਾਮਿਨਾ ਹੈ ਅਤੇ ਨਾ ਹੀ ਕੋਈ ਪਰਾਭੌਤਿਕ ਕ੍ਰਿਸ਼ਮਾ; ਸਗੋਂ ਸ਼ਬਦ ਦੁਆਰਾ ਸੁਰਤਿ (ਮਨ) ਵਿਚ ਜਾਗੀ ਬੁਧਿ ਹੈ, ਜਿਸ ਨਾਲ ਸਾਰੇ ਭਵਨਾਂ ਦੀ ਸੋਝੀ ਹੁੰਦੀ ਹੈ, "ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥"

ਵੱਡੇ ਸੁਆਲ ਦਾ ਵੱਡਾ ਜੁਆਬ ਮਿਲ ਜਾਂਦਾ ਹੈ ਕਿ ਜਿਵੇਂ ਉਨੀਵੀਂ ਸਦੀ ਹੱਥ ਦੀ ਸਦੀ ਸੀ ਅਤੇ ਵੀਹਵੀਂ ਸਦੀ ਦਿਮਾਗ ਦੀ ਸਦੀ ਸੀ, ਉਵੇਂ ਇਕੀਵੀਂ ਸਦੀ ਸੁਰਤਿ-ਸ਼ਬਦ ਦੀ ਸਦੀ ਹੋਵੇਗੀ। ਇਕੀਵੀਂ ਸਦੀ ਵਿਚ ਡਿਜੀਟਲ ਇੰਟੈਲੀਜੈਂਸ ਜਾਂ ਡਿਜੀਟਲ ਕਾਂਸ਼ੀਅਸਨੈਸ ਨਹੀਂ, ਸਗੋਂ ਸੁਰਤਿ-ਸ਼ਬਦ ਹੀ ਵਿਕਾਸਮਈ ਖੇੜੇ (ਵਿਗਾਸ) ਦਾ ਮਾਰਗ ਹੋਵੇਗੀ। ਮਸ਼ੀਨਾਂ ਦਾ ਕੰਮ ਤਾਂ ਮਾਨਵ ਜਾਤੀ ਨੂੰ ਉਸ ਦੇ ਚੌਗਿਰਦੇ ਦੀ ਸਮੁਚਤਾ ਸਮੇਤ ਸੁਰਤਿ-ਸ਼ਬਦ ਦੇ ਅਗਾਊਂ ਮਾਰਗ 'ਤੇ ਤੋਰਨ ਲਈ ਜਿਸਮਾਨੀ ਅਤੇ ਦਿਮਾਗੀ (ਕੰਪਿਊਟੇਸ਼ਨਲ) ਮੁਸ਼ੱਕਤ (ਦੁਨੀਆਂਦਾਰ) ਤੋਂ ਆਜ਼ਾਦ ਕਰਵਾਉਣਾ ਹੀ ਹੈ, "ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥ ਸੁਰਤਿ-ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥ ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕ ਤਾਕਾ ਦਾਸਾ॥"

ਕੀ ਉਨੀਵੀਂ ਸਦੀ ਵਿਚ ਲੋਕ ਸੋਚ ਸਕਦੇ ਸਨ ਕਿ ਉਹ ਵੈਬ ਡਿਜ਼ਾਈਨਿੰਗ ਵੀ ਕਰਿਆ ਕਰਨਗੇ? ਮਨੁੱਖ ਲਈ ਕੰਮਾਂ-ਕਾਰਾਂ ਦੀ ਕੋਈ ਘਾਟ ਨਹੀਂ, ਨਾ ਹੀ ਨਵੇਂ ਸੁਆਲਾਂ ਦੀ ਘਾਟ ਹੋਵੇਗੀ। ਇਹ ਠੀਕ ਹੈ ਕਿ ਸੁਆਲ ਬਹੁਤ ਜਟਿਲ ਅਤੇ ਵੱਡੇ ਹੋ ਜਾਣਗੇ, ਜਿਨ੍ਹਾਂ ਦੇ ਹੱਲ ਲਈ ਨਿਸ਼ਚੇ ਹੀ ਆਰਟੀਫੀਸ਼ਲ ਇੰਟੈਲੀਜੈਂਸ (ਮਸਨੂਈ ਬੌਧਿਕਤਾ) ਅਤੇ ਬਿਗ-ਡੈਟਾ-ਐਨਾਲਿਸਟਿਕ ਵਰਗੇ ਸ਼ਕਤੀਸ਼ਾਲੀ ਟੂਲਾਂ ਦੀ ਲੋੜ ਤਾਂ ਰਹੇਗੀ ਹੀ, ਪਰ ਮਨੁੱਖ ਦੀ ਸਿਰਜਣਾਤਮਕਤਾ (ਕ੍ਰੀਏਟਿਵਿਟੀ) ਅਤੇ ਇਨੋਵੇਸ਼ਨ (ਖੋਜ ਬਿਰਤੀ) ਦੀ ਸਮਰੱਥਾ ਸਾਹਮਣੇ ਇਹ ਟੂਲ ਵੀ ਛੇਤੀ ਹੀ ਨਿਗੂਣੇ ਜਾਪਣ ਲੱਗ ਪੈਣਗੇ। ਅਸੀਂ ਉਸੇ ਦਿਸ਼ਾ ਵੱਲ ਚੱਲ ਰਹੇ ਹਾਂ। ਹੁਣ ਨਾਲੋਂ ਕਿਤੇ ਖੂਬਸੂਰਤ ਭਵਿਖ ਦੀ ਸਿਰਜਣਾ ਵੱਲ।

***ਅਸਲ 'ਚ ਇਹੀ ਤਾਂ ਉਹ ਸੁਆਲ ਹਨ, ਜੋ ਅੱਜ ਤੋਂ ਸਾਢੇ ਪੰਜ ਸੌ ਸਾਲ ਪਹਿਲਾਂ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਨੂੰ ਕੀਤੇ ਸਨ, "ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸਕਾ ਤੂ ਚੇਲਾ॥ ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ॥ ਏਸ ਕਥਾ ਕਾ ਦੇਇ ਬੀਚਾਰੁ॥ ਭਵਜਲੁ ਸਬਦਿ ਲੰਘਾਵਣਹਾਰੁ॥" ਜਦੋਂ ਸਿਧ ਗੁਰੂ ਸਾਹਿਬ ਨੂੰ ਪੁਛਦੇ ਹਨ ਕਿ ਤੇਰਾ ਗੁਰੂ ਕੌਣ ਹੈ, ਤਾਂ ਗੁਰੂ ਸਾਹਿਬ ਜੁਆਬ ਦਿੰਦੇ ਹਨ, "ਸਬਦੁ ਗੁਰੂ ਸੁਰਤਿ ਧੁਨਿ ਚੇਲਾ॥" ਇਸ ਜੁਆਬ ਨਾਲ ਕਈ ਗੱਲਾਂ ਸਪਸ਼ਟ ਹੋ ਜਾਂਦੀਆਂ ਹਨ। ਪਹਿਲੀ, ਸ਼ਬਦ ਸੁਰਤਿ ਦਾ ਕਰਤਾ ਹੈ। ਸੁਰਤਿ, ਸਰੀਰਕ ਸੰਰਚਨਾ ਦੇ ਰੂਪ ਵਿਚ, ਜੋ ਜੀਵ ਜੰਤੂਆਂ 'ਚ ਵੀ ਮੌਜੂਦ ਹੈ, ਸ਼ਬਦ ਦੀ ਕਰਤਾ ਨਹੀਂ ਹੋ ਸਕਦੀ। ਸ਼ਬਦ ਸੁਰਤਿ ਵਿਚੋਂ ਪੈਦਾ ਨਹੀਂ ਹੁੰਦਾ, ਸੁਰਤਿ ਸ਼ਬਦ ਵਿਚੋਂ ਪੈਦਾ ਹੁੰਦੀ ਹੈ। ਭਾਵ ਸ਼ਬਦ (ਡਿਸਕੋਰਸ) ਹੀ ਸੁਰਤਿ (ਕਾਂਸ਼ੀਅਸਨੈਸ) ਦਾ ਨਿਰਮਾਤਾ ਹੈ, ਸੁਰਤਿ ਸ਼ਬਦ ਦੀ ਨਹੀਂ।***

# ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ

**ਵਿਚਾਰ ਚਰਚਾ**

ਭਾਈ ਵੀਰ ਸਿੰਘ ਨੇ 'ਜਪੁ' ਬਾਣੀ ਵਿਚ 'ਏਕਾ' ਸ਼ਬਦ ਦੇ ਅਰਥ 'ਇੱਕ ਅਕਾਲ ਪੁਰਖ' ਕਰ ਕੇ ਗੁਰਬਾਣੀ ਵਿਚ ਕਈ ਥਾਂਵਾਂ ਉਤੇ ਵਰਤੇ 'ਏਕਾ' ਸ਼ਬਦ ਦੇ ਅਰਥਾਂ ਪੱਖੋਂ ਆਪਣੀ ਪੂਰੀ ਅਗਿਆਨਤਾ ਪ੍ਰਗਟਾਈ ਹੈ ਅਤੇ ਨਾਲ ਹੀ ਉਸ ਸਮੇਂ ਦੀ ਪ੍ਰਚਲਿਤ ਵਿਚਾਰਧਾਰਾ ਨੂੰ ਵੀ ਗੁਰੂ ਜੀ ਨਾਲ ਜੋੜ ਦਿੱਤਾ ਹੈ, ਜੋ ਗੁਰੂ ਜੀ ਨਾਲ ਅਨਿਆਂ ਹੈ। ਭਾਈ ਵੀਰ ਸਿੰਘ ਵਲੋਂ 'ਏਕਾ' ਸ਼ਬਦ ਦੇ ਕੀਤੇ ਗਲਤ ਅਰਥਾਂ ਦੀ ਨਕਲ ਕਰ ਕੇ ਇੱਕ ਚੋਟੀ ਦੇ 'ਭਾਈ ਸਾਹਿਬ' ਦਾ ਖਿਤਾਬ ਪ੍ਰਾਪਤ

**ਕਸ਼ਮੀਰਾ ਸਿੰਘ**

ਕਥਾਕਾਰ ਨੇ ਵੀ 'ਜਪੁ' ਜੀ ਦੇ ਰਿਕਾਰਡ ਕੀਤੇ ਟੀਕੇ ਵਿਚ ਉਹੀ ਅਰਥ ਵਰਤੇ ਹਨ ਅਤੇ ਨਾਲ ਭਾਈ ਵੀਰ ਸਿੰਘ ਦੇ ਅਜਿਹੇ ਕੀਤੇ ਅਰਥਾਂ ਦਾ ਹਵਾਲਾ ਵੀ ਦਿੱਤਾ ਹੈ। ਗੁਰਬਾਣੀ ਦੇ ਸੰਸਾਰ ਪ੍ਰਸਿੱਧ ਵਿਆਕਰਣਵੇਤਾ ਪ੍ਰੋ. ਸਾਹਿਬ ਸਿੰਘ ਵਲੋਂ 'ਜਪੁ' ਬਾਣੀ ਦੀ ਪੰਕਤੀ ਵਿਚ 'ਏਕਾ' ਸ਼ਬਦ ਦੇ ਕੀਤੇ ਅਰਥਾਂ ਨੂੰ ਵੀ ਕਥਾਕਾਰ ਨੇ ਅਣਗੌਲਿਆ ਕੀਤਾ ਹੈ, ਜਿਸ ਤੋਂ ਅਜਿਹੀ ਆਸ ਨਹੀਂ ਕੀਤੀ ਜਾ ਸਕਦੀ ਸੀ।

**ਸੱਚ ਕੀ ਹੈ?**

'ਏਕਾ ਮਾਈ' ਦੇ ਅਰਥ ਕਰਨ ਲੱਗਿਆਂ ਇਹ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਇਸ ਪੰਕਤੀ ਵਿਚ ਗੁਰੂ ਜੀ ਆਪਣਾ ਖਿਆਲ ਨਹੀਂ ਦੇ ਰਹੇ, ਸਗੋਂ ਪ੍ਰਚਲਿਤ ਖਿਆਲ ਦੀ ਗੱਲ ਕਰਦੇ ਹਨ। ਭਾਈ ਵੀਰ ਸਿੰਘ ਅਤੇ ਉਨ੍ਹਾਂ ਦੇ ਕੀਤੇ ਅਰਥਾਂ ਦੀ ਨਕਲ ਕਰਨ ਵਾਲੇ ਇਥੇ ਹੀ ਟਪਲਾ ਖਾ ਗਏ ਹਨ। 'ਏਕਾ' ਸ਼ਬਦ ਨੂੰ ਅਕਾਲ ਪੁਰਖ ਨਾਲ ਨਹੀਂ ਜੋੜਿਆ ਜਾ ਸਕਦਾ। 'ਏਕਾ' ਸ਼ਬਦ ਇਸਤਰੀ ਲਿੰਗ ਹੈ। 'ਏਕਾ' ਸ਼ਬਦ ਦਾ ਸਬੰਧ 'ਮਾਈ' ਸ਼ਬਦ ਨਾਲ ਬਣਦਾ ਹੈ, ਕਿਉਂਕਿ 'ਮਾਈ' ਸ਼ਬਦ ਵੀ ਇਸਤਰੀ ਲਿੰਗ ਹੈ।

**'ਏਕਾ ਮਾਈ ਦਾ ਕੀ ਅਰਥ ਹੈ?**

ਏਕਾ=ਇਕੱਲੀ। ਮਾਈ=ਮਾਇਆ।

'ਜੁਗਤਿ ਵਿਆਈ' ਦਾ ਕੀ ਅਰਥ ਹੈ?

ਜੁਗਤੀ ਨਾਲ ਪ੍ਰਸੂਤ ਹੋਈ। ਜੇ 'ਏਕਾ' ਸ਼ਬਦ ਦਾ ਅਰਥ ਅਕਾਲ ਪੁਰਖ ਮੰਨੀਏ ਤਾਂ 'ਅਕਾਲ ਪੁਰਖ ਮਾਈ ਵਿਆਈ' ਦੇ ਕੋਈ ਸਾਰਥਕ ਅਰਥ ਨਹੀਂ ਬਣਦੇ। ਅਕਾਲ ਪੁਰਖ 'ਮਾਈ' ਨਹੀਂ ਹੈ ਅਤੇ ਅਕਾਲ ਪੁਰਖ ਸ਼ਬਦ ਨਾਲ 'ਵਿਆਈ' ਸ਼ਬਦ ਨਹੀਂ ਜੁੜਦਾ। ਪ੍ਰਸੂਤ ਹੋਣ ਵਾਲੀ ਏਕਾ ਮਾਈ (ਮਾਇਆ) ਹੈ, ਕਿਉਂਕਿ ਅਕਾਲ ਪੁਰਖ ਪ੍ਰਸੂਤ ਨਹੀਂ ਹੋ ਸਕਦਾ, ਜੋ ਨਿਰਾਕਾਰ ਤੇ ਪੁਲਿੰਗ ਹੈ।

**'ਤਿਨਿ ਚੇਲੇ ਪਰਵਾਣੁ' ਦਾ ਅਰਥ**

ਪ੍ਰਤੱਖ ਤੌਰ 'ਤੇ ਉਸ ਮਾਇਆ ਤੋਂ ਤਿੰਨ ਚੇਲੇ (ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ) ਜੰਮ ਪਏ।

**'ਏਕਾ' ਸ਼ਬਦ ਦੇ ਅਰਥ ਅਕਾਲ ਪੁਰਖ ਕਿਉਂ ਠੀਕ ਨਹੀਂ?**

ਗੁਰੂ ਜੀ ਨੇ ਵਿਚਾਰ ਅਧੀਨ ਪੂਰੀ ਪੰਕਤੀ ਅਤੇ ਇਸ ਤੋਂ ਅਗਲੀ ਪੰਕਤੀ ਵਿਚ ਉਸ ਸਮੇਂ ਦੇ ਲੋਕਾਂ ਵਿਚ ਪ੍ਰਚਲਿਤ ਖਿਆਲ ਬਾਰੇ ਦੱਸਿਆ ਹੈ, ਜਿਸ ਨਾਲ ਗੁਰੂ ਜੀ ਸਹਿਮਤ ਨਹੀਂ ਹਨ। ਲੋਕ ਇੱਕ ਅਕਾਲ ਪੁਰਖ ਨੂੰ ਨਾ ਮੰਨ ਕੇ ਵੱਖ-ਵੱਖ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਸਨ। ਇੱਕ ਅਕਾਲ ਪੁਰਖ ਦਾ ਖਿਆਲ ਤਾਂ ਗੁਰੂ ਨਾਨਕ ਪਾਤਿਸ਼ਾਹ ਨੇ ਲੋਕਾਂ ਨੂੰ ਦਿੱਤਾ, ਕਿਉਂਕਿ ਲੋਕਾਂ ਕੋਲ ਪਹਿਲਾਂ ਅਜਿਹੀ ਸੋਚ ਨਹੀਂ ਸੀ। ਇਸ ਲਈ 'ਏਕਾ' ਸ਼ਬਦ ਦਾ ਅਰਥ 'ਅਕਾਲ ਪੁਰਖ' ਕਰ ਕੇ 'ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥' ਅਤੇ 'ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥' ਵਾਲੀਆਂ ਦੋ ਪੰਕਤੀਆਂ ਨੂੰ ਗੁਰੂ ਜੀ ਦੀ ਸੋਚ ਨਾਲ ਨਹੀਂ ਜੋੜਿਆ ਜਾ ਸਕਦਾ। ਗੁਰੂ ਜੀ ਦੀ ਸੋਚ ਇਨ੍ਹਾਂ ਤੋਂ ਅਗਲੀਆਂ ਪੰਕਤੀਆਂ ਵਿਚ ਹੈ। ਗੁਰੂ ਜੀ ਨੇ ਤਾਂ ਪ੍ਰਚਲਿਤ ਗਲਤ ਸੋਚ ਨੂੰ ਸਹੀ ਸੇਧ ਦਿੱਤੀ ਹੈ। ਗੁਰੂ ਜੀ ਨੇ ਆਪਣਾ ਮੱਤ 'ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥' ਵਾਲੀਆਂ ਪੰਕਤੀਆਂ ਵਿਚ ਸਪੱਸ਼ਟ ਕਰ ਕੇ ਦੱਸਿਆ ਗਿਆ ਹੈ ਕਿ ਤਿੰਨਾਂ ਚੇਲਿਆਂ ਦੇ ਹੱਥ ਵਿਚ ਕੁਝ ਵੀ ਨਹੀਂ ਹੈ, ਕਿਉਂਕਿ ਸੰਸਾਰੀ, ਭੰਡਾਰੀ ਅਤੇ ਦੀਬਾਣ ਲਾਉਣ ਵਾਲਾ ਪ੍ਰਭੂ ਆਪ ਹੀ ਹੈ ਹੋਰ ਕੋਈ ਨਹੀਂ ਹੈ। (ਓਹੁ=ਅਕਾਲ ਪੁਰਖ। ਓਨਾ=ਸੰਸਾਰੀਆਂ ਨੂੰ। ਵਿਡਾਣੁ=ਅਸਚਰਜ)

**'ਏਕਾ' ਸ਼ਬਦ ਦੀ ਵਰਤੋਂ ਦੇ ਗੁਰਬਾਣੀ ਵਿਚੋਂ ਹੀ ਪ੍ਰਮਾਣ:**

ਗੁਰਬਾਣੀ ਵਿਚ ਕਿਤੇ ਵੀ 'ਏਕਾ' ਸ਼ਬਦ ਕਰਤਾ ਕਾਰਕ ਵਜੋਂ ਨਹੀਂ ਵਰਤਿਆ ਗਿਆ। ਏਕਾ ਸ਼ਬਦ ਇਸਤਰੀ ਲਿੰਗ ਜਾਂ ਸਬੰਧ ਕਾਰਕ ਵਿਚ ਹੀ ਵਰਤਿਆ ਗਿਆ ਮਿਲਦਾ ਹੈ।

**(1) ਸਬੰਧ ਕਾਰਕ ਵਜੋਂ 'ਏਕਾ' ਸ਼ਬਦ ਦੀ ਵਰਤੋਂ:**

ੳ. ਏਕਾ ਓਟ ਗਹੁ ਹਾਂ॥ (ਗੁਰੂ ਗ੍ਰੰਥ ਸਾਹਿਬ, ਪੰਨ 410)

ਵਿਚਾਰ: ਏਕਾ ਓਟ=ਇੱਕ ਓਟ ਜਾਂ ਇੱਕ ਦੀ ਓਟ।

ਅ. ਏਕਾ ਸਰਣਿ ਗਹੀ ਮਨ ਮੇਰੈ ਤੁਧੁ ਬਿਨੁ ਦੂਜਾ ਨਾਹੀ ਠਾਉ॥ (ਪੰਨਾ 893)

ਵਿਚਾਰ: ਏਕਾ ਸਰਣਿ=ਇੱਕ ਸ਼ਰਣਿ ਜਾਂ ਇੱਕ ਦੀ ਸ਼ਰਣਿ।

ੲ. ਏਕਾ ਖੋਜੈ ਏਕ ਪ੍ਰੀਤਿ॥ (ਪੰਨਾ 1180)

ਵਿਚਾਰ: ਏਕਾ ਖੋਜੈ=ਇੱਕ ਦੀ ਖੋਜ ਕਰਦਾ ਹੈ।

ਸ. ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ॥ (ਪੰਨਾ 885)

ਵਿਚਾਰ: ਏਕਾ ਦੇਸੀ (ਦੇਸ਼ੀ)=ਇੱਕ ਦੇਸ਼ ਦਾ ਵਾਸੀ।

ਹ. ਏਕਾ ਟੇਕ ਮੇਰੈ ਮਨਿ ਚੀਤ॥ (ਪੰਨਾ 187)

ਵਿਚਾਰ: ਏਕਾ ਟੇਕ=ਇੱਕੋ ਹੀ ਟੇਕ ਜਾਂ ਇੱਕ ਦੀ ਟੇਕ।

**(2). ਇਸਤਰੀ ਲਿੰਗ ਵਜੋਂ 'ਏਕਾ' ਸ਼ਬਦ ਦੀ ਵਰਤੋਂ:**

ਏਕਾ ਸੁਰਤਿ ਜੇਤੇ ਹੈ ਜੀਅ॥ (ਪੰਨਾ 24)

ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ॥ (ਪੰਨਾ 885)

ਏਕਾ ਜੋਤਿ ਜੋਤਿ ਹੈ ਸਰੀਰਾ॥ (ਪੰਨਾ 125)

ਏਕਾ ਨਿਰਭਉ ਬਾਤ ਸੁਨੀ॥
ਸੋ ਸੁਖੀਆ ਸੋ ਸਦਾ ਸੁਹੇਲਾ
ਜੋ ਗੁਰ ਮਿਲਿ ਗਾਇ ਗੁਨੀ॥ ਰਹਾਉ॥
(ਪੰਨਾ 998)

ਵਿਚਾਰ: ਏਕਾ ਬਾਤ=ਇੱਕ ਗੱਲ। ਏਕਾ ਸ਼ਬਦ 'ਨਿਰਭਉ' ਨਾਲ ਨਹੀਂ, ਸਗੋਂ ਇਸਤਰੀ ਲਿੰਗ ਹੋਣ ਕਰਕੇ 'ਬਾਤ' ਨਾਲ ਜੁੜਦਾ ਹੈ। ਏਕਾ ਨਿਰਭਉ ਬਾਤ=ਇੱਕ ਬਾਤ, ਜੋ ਨਿਰਭਉ ਬਣਾ ਦਿੰਦੀ ਹੈ। ਕਿਹੜੀ ਬਾਤ ਹੈ, ਜੋ ਨਿਰਭਉ ਬਣਾ ਦਿੰਦੀ ਹੈ? 'ਸੋ ਸੁਖੀਆ' ਵਾਲੀ ਅਗਲੀ ਪੰਕਤੀ ਵਿਚ ਸਪੱਸ਼ਟ ਉਤਰ ਹੈ।

ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ॥
(ਪੰਨਾ 1337)

ਵਿਚਾਰ: ਏਕਾ ਬਖਸ=ਇੱਕੋ ਵਾਰੀ ਬਖਸ਼।

ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਣੁ ਵੀਸਰਿਆ॥ (ਪੰਨਾ 940)

ਵਿਚਾਰ: ਏਕਾ ਬੇਦਨ=ਇੱਕ ਪੀੜ।

ਏਕਾ ਮਾਟੀ ਏਕਾ ਜੋਤਿ॥ (ਪੰਨਾ 188)

ਏਕਾ ਮੂਰਤਿ ਸਾਚਾ ਨਾਉ॥ (ਪੰਨਾ 1188)

ਏਕਾ ਲਿਵ ਏਕੋ ਮਨਿ ਭਾਉ॥ (ਪੰਨਾ 184)

ਏਕਾ ਲਿਵ ਪੂਰਨ ਪਰਮੇਸੁਰ ਭਉ ਨਹੀ ਨਾਨਕ ਤਾ ਕੈ॥ (ਪੰਨਾ 1223)

ਏਕਾ ਭਗਤਿ ਏਕੋ ਹੈ ਭਾਉ॥
(ਪੰਨਾ 1188)

ਗੁਰੂ ਗ੍ਰੰਥ ਸਾਹਿਬ ਦੀ ਜੈ ਜੈਕਾਰ!

# ਵਿਛੋੜੇ ਦਾ ਦਰਦ

**ਸੰਪਾਦਕ ਦੀ ਡਾਕ**

**ਪਿਆਰੇ ਸੰਪਾਦਕ ਜੀਓ,**

'ਪੰਜਾਬ ਟਾਈਮਜ਼' ਵਿਚ ਸਭ ਸਮਗਰੀ ਸਾਹਿਤਕ ਤੌਰ 'ਤੇ ਉਤਮ ਤਾਂ ਹੁੰਦੀ ਹੀ ਹੈ, ਪਰ ਕੁਝ ਸਮਗਰੀ ਅਤਿ ਉਤਮ ਹੁੰਦੀ ਹੈ। ਜੇ ਨਾ ਜਾਣੋ ਤਾਂ ਪਤਾ ਨਹੀਂ ਚਲਦਾ, ਪਰ ਜੇ ਜਾਣ ਜਾਓ ਤਾਂ ਅਨੁਭਵ ਹੁੰਦਾ ਹੈ ਕਿ ਕਈ ਛਪਣ ਵਾਲੀਆਂ ਸ਼ਖਸੀਅਤਾਂ ਆਲਮੀ ਮਿਆਰ ਦੇ ਕਿਰਦਾਰ ਵਾਲੀਆਂ ਹੁੰਦੀਆਂ ਹਨ।

ਮੇਰਾ ਇਸ਼ਾਰਾ ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ ਦੇ 30 ਮਾਰਚ 2019 ਦੇ ਪਰਚੇ ਵਿਚ ਛਪੇ ਲੇਖ 'ਵਿਛੋੜੇ ਦਾ ਦਰਦ' ਵਲ ਹੈ। ਉਨ੍ਹਾਂ ਨੇ ਵਿਛੋੜੇ ਦੇ ਵਿਸ਼ੇ ਨੂੰ ਲੈ ਕੇ ਇਸ ਦੇ ਵੱਖ ਵੱਖ ਰੂਪਾਂ ਤੇ ਦਰਦਾਂ 'ਤੇ ਭਰਵਾਂ ਲੇਖ ਲਿਖਿਆ ਹੈ। ਇੰਜ ਲਗਦਾ ਹੈ ਕਿ ਉਹ ਵਿਛੋੜੇ ਦੀ ਸਰਾਹਨਾ ਕਰ ਕੇ ਇਸ 'ਤੇ ਰਵਾਂਜ਼ਨੀ ਕੋਈ ਯਾਦਗਾਰੀ ਸਾਹਿਤਕ ਲੇਖ ਲਿਖ ਰਹੇ ਹੋਣ। ਪਰ ਬਹੁਤਿਆਂ ਨੂੰ ਸ਼ਾਇਦ ਪਤਾ ਨਹੀਂ ਕਿ ਹਾਲ ਹੀ ਵਿਚ ਉਨ੍ਹਾਂ ਦਾ ਛੋਟਾ ਭਰਾ ਗੁਜ਼ਰ ਗਿਆ ਸੀ, ਜੋ ਉਨ੍ਹਾਂ ਨੂੰ ਬਹੁਤ ਅਜ਼ੀਜ਼ ਸੀ। ਉਹ ਆਪਣੇ ਪਿਆਰੇ ਭਰਾ ਦੇ ਗਮ ਵਿਚ ਗੰਭੀਰ ਰੂਪ ਨਾਲ ਸਦਮਾ ਗ੍ਰਸਤ ਹਨ ਤੇ ਪਿਛਲੇ ਕੁਝ ਦਿਨਾਂ ਤੋਂ ਕਾਫੀ ਉਦਾਸ ਰਹੇ ਹਨ। ਇਹ ਲੇਖ ਉਨ੍ਹਾਂ ਦਾ ਆਪਣੇ ਗਮ ਨੂੰ ਬਿਆਨ ਕਰਨ ਦਾ ਇਕ ਸਾਧਨ ਹੈ।

ਪਰ ਸਿਫਤ ਇਹ ਹੈ ਕਿ ਇੰਦਾਂ ਕਰਦਿਆਂ ਉਨ੍ਹਾਂ ਨੇ ਇਕ ਵਾਰੀ ਵੀ ਆਪਣੇ ਨਿਜੀ ਨੁਕਸਾਨ ਦਾ ਵੇਰਵਾ ਨਹੀਂ ਪਾਇਆ। ਇਹ ਉਨ੍ਹਾਂ ਦਾ ਪ੍ਰੌੜ ਗੁਣ ਹੈ ਕਿ ਉਨ੍ਹਾਂ ਆਪਣੇ ਝੋਰੇ ਦਾ ਜ਼ਿਕਰ ਨਾ ਕਰ ਕੇ ਆਪਣੇ ਦਰਦ ਨੂੰ ਦਿਲ ਵਿਚ ਹੀ ਲੁਕਾਈ ਰਖਿਆ ਤੇ ਲੋਕਾਂ ਦੇ ਦਰਦ ਦੀ ਦਾਸਤਾਂ ਕਰਦਿਆਂ ਆਪਣਾ ਦੁਖ ਜਰਨ ਦਾ ਰਾਹ ਚੁਣਿਆ। ਉਨ੍ਹਾਂ ਦੇ ਕਿਰਦਾਰ ਦੇ ਇਸ ਪੱਖ ਨੂੰ ਦੇਖਦਿਆਂ ਕੁਲਵੰਤ ਸਿੰਘ ਵਿਰਕ ਦਾ 'ਧਰਤੀ ਹੇਠਲਾ ਬਲਦ' ਮੁੜ ਯਾਦ ਆਉਂਦਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਆਪਣੇ ਦੁਖਾਂ ਨੂੰ ਨਿੱਜ ਦੇ ਪ੍ਰਚਾਰ ਤੋਂ ਦੂਰ ਰੱਖ ਕੇ ਭੋਗਣ ਵਾਲੇ ਮਨੁਖ ਚਾਹੇ ਅੱਜ ਦੇ ਸਮਾਜ 'ਚ ਬਹੁਤ ਘੱਟ ਹਨ ਪਰ ਉਹ ਹਾਲੇ ਵੀ ਮੌਜੂਦ ਹਨ।

ਸਨੂੰ ਜਿਥੇ ਪ੍ਰਿੰਸੀਪਲ ਸਾਹਿਬ ਦੇ ਭਰਾ ਦੇ ਵਿਛੋੜੇ ਦਾ ਦੁਖ ਹੈ, ਉਥੇ ਉਨ੍ਹਾਂ ਦੀ ਪ੍ਰਤਿਭਾ 'ਤੇ ਮਾਣ ਵੀ ਹੈ, ਜੋ ਉਨ੍ਹਾਂ ਨੇ ਆਪਣੇ ਗਮ ਨੂੰ ਅੰਦਰ ਹੀ ਸਮੋਇਆਂ ਇਕ ਉਚ ਕੋਟੀ ਦੇ ਸਾਹਿਤਕ ਲੇਖ ਰਾਹੀਂ ਆਪਣੇ ਮਨ ਨੂੰ ਹੌਲਾ ਕੀਤਾ ਹੈ ਤੇ ਇੰਜ ਕਰਦਿਆਂ ਪਾਠਕਾਂ ਦੀ ਸਾਂਝ ਵਿਛੋੜੇ ਦੇ ਦਰਦ ਨਾਲ ਪੁਆਈ ਹੈ।

*-ਡਾ. ਗੋਬਿੰਦਰ ਸਿੰਘ ਸਮਰਾਓ*
*ਫੋਨ: 408-634-2310*

# ਸਿੱਖ ਇਤਿਹਾਸ, ਦਸਮ ਗ੍ਰੰਥ ਅਤੇ ਵਿਦਵਾਨ

**ਪ੍ਰਤੀਕਰਮ**

**ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੇ 23 ਮਾਰਚ 2019 ਦੇ ਅੰਕ ਵਿਚ ਛਪੇ ਸ. ਕਸ਼ਮੀਰਾ ਸਿੰਘ ਦੇ ਲੇਖ ਸਬੰਧੀ ਕੁਝ ਵਿਚਾਰ ਸਾਂਝੇ ਕਰਨਾ ਚਾਹੁੰਦਾ ਹਾਂ। ਪਹਿਲੀ ਗੱਲ, ਗੁਰੂ ਦੇ ਸਬੰਧ ਵਿਚ ਕਿ ਗੁਰੂ ਕੌਣ ਹੈ ਅਤੇ ਉਸ ਦੀ ਹਸਤੀ ਕੀ ਹੈ? ਸੰਨ 1539 ਵਿਚ ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਚੋਲਾ ਬਦਲਿਆ, ਉਸ ਵੇਲੇ ਗੁਰੂ ਅੰਗਦ ਦੇਵ ਦੀ ਉਮਰ 35 ਸਾਲ, ਗੁਰੂ ਅਮਰ ਦਾਸ ਦੀ 60 ਸਾਲ ਅਤੇ ਗੁਰੂ ਰਾਮ ਦਾਸ ਦੀ ਉਮਰ 5 ਸਾਲ ਸੀ।

ਸੰਨ 1552 ਵਿਚ ਗੁਰੂ ਅਮਰ ਦਾਸ 73 ਸਾਲ ਅਤੇ ਗੁਰੂ ਰਾਮ ਦਾਸ ਜੀ 18 ਸਾਲ ਦੇ ਸਨ। 1574 ਵਿਚ ਗੁਰੂ ਰਾਮ ਦਾਸ 40 ਸਾਲ ਅਤੇ ਗੁਰੂ ਅਰਜਨ ਦੇਵ 11 ਸਾਲ ਦੇ ਸਨ। 1644 ਵਿਚ ਗੁਰੂ ਹਰਿ ਰਾਏ 14 ਸਾਲ ਅਤੇ ਗੁਰੂ ਤੇਗ ਬਹਾਦਰ 23 ਸਾਲ ਦੇ ਸਨ। 1661 ਵਿਚ ਗੁਰੂ ਹਰਿ ਕ੍ਰਿਸ਼ਨ 5 ਸਾਲ ਅਤੇ ਗੁਰੂ ਤੇਗ ਬਹਾਦਰ 40 ਸਾਲ ਦੇ ਸਨ।

ਸੋ, ਜਿਸ ਵਿਚ ਗੁਰੂ ਜੋਤ ਪ੍ਰਗਟ ਹੋਈ, ਸੋ ਗੁਰੂ ਹੋਇਆ, ਸਰੀਰ ਗੁਰੂ ਨਹੀਂ, ਜੋਤ ਗੁਰੂ ਹੈ।

ਦੂਜੀ ਗੱਲ, ਜਪੁ ਜੀ ਵਿਚ ਕਿਹਾ ਗਿਆ ਹੈ, ਏਕਾ ਮਾਈ ਜੁਗਤਿ ਬਿਆਈ ਤਿਨਿ ਚੇਲੇ ਪਰਵਾਣੁ॥

ਅਤੇ ਅਨੰਦ ਸਾਹਿਬ ਵਿਚ ਲਿਖਿਆ ਹੈ,
ਸ਼ਿਵ ਸਕਤਿ ਆਪਿ ਉਪਾਇਕੈ
ਕਰਤਾ ਆਪ ਹੁਕਮਨ ਵਰਤਾਏ॥

ਸੋ ਸ਼ਿਵ, ਸ਼ਕਤੀ, ਬਰਮਾ ਅਤੇ ਵਿਸ਼ਨੂੰ ਕੋਈ ਸਾਧਾਰਨ ਹਸਤੀ ਨਾ ਹੋ ਕੇ, ਨਿਰੰਕਾਰ ਦੇ ਪੈਦਾ ਕੀਤੇ ਅਤੇ ਉਸ ਦੇ ਜਿੰਮੇਵਾਰ ਪ੍ਰਤੀਨਿਧ ਹਨ। ਜੇ ਇਕ ਸਾਧਾਰਨ ਅਫਸਰ ਦੀ ਕੋਈ ਹਸਤੀ ਹੈ, ਤਾਕਤ ਹੈ ਤਾਂ ਉਨ੍ਹਾਂ ਦੀ ਵੀ ਬਹੁਤ ਵੱਡੀ ਹਸਤੀ ਅਤੇ ਸਮਰੱਥਾ ਹੈ। ਅਸੀਂ ਮਾਇਆ ਅਧੀਨ ਵਿਅਕਤੀ ਉਨ੍ਹਾਂ ਦੇ ਸਾਹਮਣੇ ਕੀ ਹਸਤੀ ਰੱਖਦੇ ਹਾਂ? ਜੇ ਅਸੀਂ ਮਾਤਾ-ਪਿਤਾ ਦਾ ਸਤਿਕਾਰ ਕਰਦੇ ਹਾਂ ਅਤੇ ਸ਼ਰਮ ਨਹੀਂ ਮੰਨਦੇ, ਤੇ ਇਹ ਤਾਂ ਉਨ੍ਹਾਂ ਨੂੰ ਪੈਦਾ ਕਰਨ ਵਾਲੇ ਅਤੇ ਪਾਲਣ ਵਾਲੇ ਹਨ। ਕੀ ਸਾਨੂੰ ਉਨ੍ਹਾਂ ਦਾ ਸਤਿਕਾਰ ਅਤੇ ਉਸਤਤ ਨਹੀਂ ਕਰਨੀ ਚਾਹੀਦੀ ਜਾਂ ਸ਼ਰਮ ਕਿਉਂ?

ਤੀਜੀ ਗੱਲ, ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਕੀ ਅਜਿਹਾ ਸਿਰਫ 500-600 ਸਾਲ ਤੋਂ ਹੀ ਹੈ, ਉਸ ਤੋਂ ਪਹਿਲਾਂ ਨਹੀਂ ਸੀ? ਕੁਝ ਤਾਂ ਵਿਚਾਰ ਲੈਣਾ ਚਾਹੀਦਾ ਸੀ। ਕੀ ਸੱਚ ਸਿਰਫ ਸਿੱਖ ਮਤ ਵਿਚ ਹੀ ਹੈ, ਬਾਕੀ ਸਭ ਝੂਠ ਹੈ। ਜੇ ਐਸਾ ਹੈ ਤਾਂ ਬਾਕੀ 6 ਅਰਬ ਲੋਕਾਂ ਦਾ ਕੀ ਬਣੂੰ? ਉਨ੍ਹਾਂ ਨੂੰ ਤਾਂ ਸਿੱਖ ਧਰਮ ਬਾਰੇ ਕੋਈ ਜਾਣਕਾਰੀ ਵੀ ਨਹੀਂ ਹੈ। ਇਕ ਪਾਸੇ ਤਾਂ ਕਹਿੰਦੇ ਹੋ ਕਿ ਸਿੱਖ ਧਰਮ ਸੰਸਾਰ ਲਈ ਹੈ, ਤੇ ਦੂਜੇ ਪਾਸੇ ਇਸ ਨੂੰ ਕੱਟੜ ਅਤੇ ਸੀਮਤ ਬਣਾ ਰਹੇ ਹੋ। ਸੱਚ ਕੀ ਹੈ?

ਅਗਲੀ ਗੱਲ ਦਸਮ ਗ੍ਰੰਥ ਬਾਰੇ। ਜੋ ਵੀ ਪ੍ਰਾਣੀ ਅੰਮ੍ਰਿਤ ਛਕਦਾ ਹੈ, ਪੰਜ ਬਾਣੀਆਂ ਦੇ ਜਾਪ ਨਾਲ ਤਿਆਰ ਹੁੰਦਾ ਹੈ ਤੇ ਇਸ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ। ਸੋ, ਜੇ ਦਸਮ ਗ੍ਰੰਥ ਝੂਠਾ ਹੈ ਤਾਂ ਜਾਪ, ਸਵਈਏ ਅਤੇ ਚੌਪਈ ਵੀ ਝੂਠੇ ਹੋ ਗਏ ਅਤੇ ਅੰਮ੍ਰਿਤ ਵੀ ਝੂਠਾ! ਫਿਰ ਸਿੱਖਾਂ ਦੇ ਪੱਲੇ ਕੀ ਰਹਿ ਗਿਆ? ਸੋ, ਇਸ ਬਾਰੇ ਗੱਲ ਕਰਨ ਤੋਂ ਪਹਿਲਾਂ ਵਿਦਵਾਨਾਂ ਨੂੰ ਖੋਜ ਕਰਕੇ ਹੀ ਬੋਲਣਾ ਚਾਹੀਦਾ ਹੈ। ਜੇ ਸਿਰਫ 500 ਸਾਲ ਦੇ ਇਤਿਹਾਸ ਵਿਚੋਂ ਹਜ਼ਾਰਾਂ ਵਿਦਵਾਨ ਖੋਜ ਨਹੀਂ ਕਰ ਸਕਦੇ ਤਾਂ ਬਹੁਤ ਹੀ ਸ਼ਰਮ ਵਾਲੀ ਗੱਲ ਹੈ। ਆਖਰੀ ਗੱਲ, ਗੁਰੂ ਦੇ ਹੱਕ ਵਿਚ ਭੁਗਤਣਾ ਚਾਹੀਦਾ ਹੈ, ਨਾ ਕਿ ਗੁਰੂ ਨੂੰ ਆਪਣੇ ਹੱਕ ਵਿਚ ਭੁਗਤਾਉਣ ਦਾ ਜਤਨ ਕਰਨਾ ਚਾਹੀਦਾ ਹੈ।

*-ਸੇਵਕ ਸਿੰਘ ਕੋਟਕਪੂਰਾ*
*ਫੋਨ: 661-444-3657*

## ਗੁਰਦੁਆਰਾ

ਕੱਲ ਵੀ ਮੈਂ ਗੁਰਦੁਆਰੇ ਗਿਆ ਸਾਂ
ਪਰ ਮੁੜ ਆਇਆ ਸਾਂ।
ਅੱਜ ਵੀ ਮੈਂ ਗੁਰਦੁਆਰੇ ਗਿਆ
ਮੁੜ ਆਇਆ ਹਾਂ।
ਉਥੇ ਬੈਠ ਨਹੀਂ ਸਕਿਆ
ਰੁਕ ਹੀ ਨਹੀਂ ਸਕਿਆ;
ਬਾਬਾ ਨਾਨਕ ਗੁਰਦੁਆਰੇ ਨਹੀਂ ਸੀ।
ਉਥੇ ਕਰਮ ਕਾਂਡੀ ਪੁਜਾਰੀ
ਤੇ ਜਥੇਦਾਰ ਨਜ਼ਰ ਆਏ।
ਭਾਈ ਸਾਹਿਬ, ਸਿੰਘ ਸਾਹਿਬ
ਤੇ ਪੰਥ ਰਤਨ ਮੌਜੂਦ ਪਾਏ।
ਉਥੇ ਸ੍ਰੀ ਚੰਦ ਦੇ ਚੇਲੇ
ਮੱਥੇ ਟਿਕਾਉਂਦੇ ਫਿਰਦੇ ਸਨ।
ਤੇ ਕਈ ਢਿੱਡਲੀਆਂ ਵਾਲੇ
ਕਵਿਤਾਵਾਂ ਗਾਉਂਦੇ ਦਿਸਦੇ ਸਨ।
ਉਥੇ ਨਵੇਂ ਸੱਜਣ ਠੱਗਾਂ
ਤੇ ਮਲਕ ਭਾਗੋਆਂ ਦਾ ਟੋਲਾ ਸੀ।
ਮਸੰਦਾਂ, ਮਹੰਤਾਂ ਤੇ
ਵਿਭਚਾਰੀਆਂ ਦਾ ਮੇਲਾ ਸੀ।
ਉਥੇ ਪੈਸਿਆਂ ਨਾਲ ਸਿਰੋਪੇ ਮਿਲਦੇ ਤੱਕੇ।
ਤੇ ਕੀਤੇ ਕਰਾਏ 'ਖੰਡ ਪਾਠ' ਵਿਕਦੇ ਤੱਕੇ।
ਉਥੇ ਜੋਤਾਂ ਜਗਦੀਆਂ ਸਨ
ਖੂਬਸੂਰਤ ਚੰਦੋਏ ਸਨ।
ਤੇ ਗੁਰੂ ਗ੍ਰੰਥ ਸਾਹਿਬ
ਸੋਨ੍ਹੇ ਰੁਮਾਲਿਆਂ ਵਿਚ ਲੁਕੋਏ ਸਨ।
ਉਥੇ ਸੋਨੇ ਦੀ ਪਾਲਕੀ ਸੀ
ਸੰਗਮਰਮਰ ਦੇ ਫਰਸ਼ ਸਨ
ਤੇ ਕੰਧਾਂ ਉਚੀਆਂ ਸਨ।
ਲਾਲੋ ਦਾ ਲੰਗਰ ਨਹੀਂ,
ਉਥੇ ਛੱਤੀ ਕਿਸਮ ਦੇ ਪਕਵਾਨ ਸਨ।
ਉਥੇ ਮਾਤਾ ਖੀਵੀ ਨਹੀਂ,
ਮਾਤਾ ਗੁਜਰੀ ਨਹੀਂ,
ਨਾ ਬੀਬੀਆਂ, ਨਾ ਮਾਈਆਂ ਸਨ।
ਤੀਵੀਆਂ ਸ਼ਾਇਦ ਸੂਟਾਂ ਤੇ ਗਹਿਣਿਆਂ ਦੀ
ਨੁਮਾਇਸ਼ ਕਰਨ ਆਈਆਂ ਸਨ।
ਉਥੇ ਸੰਤ, ਸਾਧ, ਬਾਬੇ
ਤੇ ਬ੍ਰਹਮ ਗਿਆਨੀ ਸਨ
ਤੇ ਪ੍ਰਧਾਨ, ਸਕੱਤਰ ਤੇ ਟਰਸਟੀ ਸਨ।
ਉਥੇ ਭਾਈ ਮੰਞ, ਫੇਰੂ
ਤੇ ਘਨੱਈਆ ਨਹੀਂ ਸਨ,
ਡਾਂਗਾਂ ਵਾਲੇ, ਮਾਫੀਆ ਵਾਲੇ ਤੇ ਭ੍ਰਿਸ਼ਟੀ ਸਨ।
ਉਥੇ ਧਾਲੀਵਾਲ, ਸਿੱਧੂ, ਸੰਧੂ, ਬਰਾੜ ਲੱਭੇ।
ਉਸ ਦੀਵਾਨ ਵਿਚ ਜੈਤਾ ਤੇ ਰੂਪਾ
ਤੇ ਮਨਸੁਖ ਨਹੀਂ ਢੱਬੇ।
ਧੰਨ ਧੰਨ ਬਾਬਾ ਦੀਪ ਸਿੰਘ ਦੇ ਨਾਅਰੇ ਸਨ।
ਪਰ, ਬੰਦਾ ਸਿੰਘ ਬਹਾਦਰ
ਤੇ ਭਾਈ ਮਨੀ ਸਿੰਘ ਵਿਚਾਰੇ ਸਨ।
ਮੈਨੂੰ ਗੁਰਦੁਆਰਾ ਨਹੀਂ
ਇਕ ਇਮਾਰਤ ਨਜ਼ਰ ਆਈ ਸੀ।
ਜਿੱਥੇ ਬਾਬਾ ਨਾਨਕ ਤਾਂ ਨਹੀਂ ਸੀ,
ਪਰ ਉਸ ਦੇ ਨਾਂ ਦੀ ਦੁਹਾਈ ਸੀ।
ਹਾਂ! ਬਾਬਾ ਨਾਨਕ ਗੁਰਦੁਆਰੇ ਨਹੀਂ ਸੀ।

*-ਡਾ. ਏ. ਐਸ. ਹੁੰਦਲ*

---

## ਭੂਤ

ਭੂਤਾਂ ਤੇ ਜਮਦੂਤਾਂ ਦੀ ਮੈਂ
ਘਰ ਘਰ ਸੁਣੀ ਕਹਾਣੀ।
ਕਿਸੇ ਵੀ ਘਰ ਦੇ ਨਾਲ ਨਾ
ਇਹ ਕਰਦੇ ਸੀ ਵੰਡ ਕਾਣੀ।
ਇਨ੍ਹਾਂ ਦੇ ਸੀ ਪਿੱਛੇ ਲੱਗੇ,
ਭੱਜੇ ਜਾਂਦੇ ਬਾਬੇ ਦੇਖੇ।
ਕਹਿੰਦਾ ਮੈਂ ਤਾਂ ਭੂਤ ਆਪ ਨੇ ਵੇਖੇ।

ਕੀ ਹੈ ਭੂਤ ਤੇ ਕੀ ਹੈ ਸ਼ਾਇਆ?
ਮੈਂ ਤਾਂ ਮਨ 'ਤੇ ਬੋਝ ਸੀ ਪਾਇਆ।
ਲੋਕਾਂ ਮੈਨੂੰ ਬਹੁਤ ਸਮਝਾਇਆ
ਬਾਬਾ ਕੰਬਲੀ ਵਾਲਾ ਆਇਆ।
ਸਿਰ ਵਿਚ ਮੇਰੇ ਡੰਡਾ ਲਾਇਆ,
ਬਾਬਾ ਕੱਢਦਾ ਹੁਣੇ ਭੁਲੇਖੇ।
ਕਹਿੰਦਾ ਮੈਂ ਤਾਂ ਭੂਤ ਆਪ ਨੇ ਵੇਖੇ।

ਬਾਬੇ ਤਵੀਤ ਤੇ ਧਾਗਾ ਕਰਿਆ
ਮੈਨੂੰ ਜੁੰਡਿਆਂ ਤੋਂ ਸੀ ਫੜਿਆ।
ਕਹਿੰਦਾ ਨਾਮ ਤੂੰ ਦੱਸਦੇ ਫੱਕਰਾ
ਨਹੀਂ ਤਾਂ ਕਰਦੂੰ ਤੇਰਾ ਡੱਕਰਾ।
ਨਾ ਬਾਬਾ ਜੀ, ਇੰਜ ਨਾ ਕਰਿਓ
ਉਪਾਅ ਕੋਈ ਕਰ ਕੇ ਇਸ ਨੂੰ ਫੜਿਓ।
ਸ਼ਾਂਤੀ ਸ਼ਾਂਤੀ ਕਰਕੇ ਬਾਬਾ ਦੇਖੇ
ਕਹਿੰਦਾ ਮੈਂ ਤਾਂ ਭੂਤ ਆਪ ਨੇ ਵੇਖੇ।

ਛਿੱਤਰਾਂ ਮੇਰੀ ਹੋਸ਼ ਭੁਲਾਈ
ਚਿੰਤਾ ਮੇਰੇ ਨਜ਼ਰ ਨਾ ਆਈ।
ਬਾਬਾ ਕਹਿੰਦਾ, ਗੱਲ ਸੁਣ ਲਉ ਭਾਈ
ਇਹਦੀ ਭੂਤ ਹੈ ਮਸਾਂ ਭਜਾਈ।
ਸ਼ੁਕਰ ਸ਼ੁਕਰ ਸ਼ੁਕਰ ਹੈ ਬਾਬਾ ਜੀ
ਇਹ ਨਹੀਂ ਸੰਗਤੇ ਸਭ ਭੁਲੇਖੇ।
ਕਹਿੰਦਾ ਮੈਂ ਤਾਂ ਭੂਤ ਆਪ ਨੇ ਵੇਖੇ।

ਨੀ ਰਾਣੀ, ਸੀਤਾ ਤੇ ਗੁਰਮੀਤੋ,
ਜਲਦੀ ਤੂੰ ਵੀ ਆ ਜਾ ਜੀਤੋ।
"ਨੀ ਕਿੱਥੇ?"
ਕੰਬਲੀ ਵਾਲੇ ਸਾਧ ਦੇ ਅੜੀਏ
ਬਾਹਰੀ ਹਵਾ ਤੋਂ ਛੁੱਟੀ ਕਰੀਏ।
ਅੱਖਾਂ ਮੀਟ ਕੇ ਬਾਬਾ ਬੋਲ੍ਹੇ
ਜੈ ਸੰਤਾਂ ਦੀ ਸੰਗਤ ਪਈ ਬੋਲੇ।
ਪੈਸਿਆਂ ਦਾ ਢੇਰ ਸੀ ਚੜ੍ਹਿਆ
ਬਾਬੇ ਨੂੰ ਚਹੁੰ ਜਣਿਆਂ ਫੜਿਆ।
ਸੰਤ ਅਲੋਪ ਹੁੰਦੇ ਨੇ ਦੇਖੇ,
ਕਹਿੰਦਾ ਮੈਂ ਤਾਂ ਭੂਤ ਆਪ ਨੇ ਵੇਖੇ।

ਗੁਲਾਮੀ ਵਾਲੇ ਸੰਤ ਹੈ ਆਇਆ
ਚੋਖਾ ਉਸ ਨੇ ਨਾਮ ਕਮਾਇਆ।
ਟੀ. ਵੀ., ਅਖਬਾਰਾਂ ਵਿਚ ਛਾਇਆ
ਬੁਕਿੰਗ ਦੇ ਲਈ ਤਾਂਤਾ ਲਾਇਆ।
ਖਾਤੇ ਦੇ ਵਿਚ ਪੈਸੇ ਪਾਓ
ਦਰਸ਼ਨ ਕਰਕੇ ਜਲਦੀ ਆਓ।
ਸਿੱਧੂ ਫਸ ਗਿਆ ਵਿਚ ਭੁਲੇਖੇ
ਕਹਿੰਦਾ ਮੈਂ ਤਾਂ ਭੂਤ ਆਪ ਨੇ ਵੇਖੇ।

*-ਬਲਜਿੰਦਰ ਸਿੰਘ ਸਿੱਧੂ*
*ਫੋਨ: 91-94179-00585*

# ਸੰਸਾਰ 'ਚ ਸਭ ਤੋਂ ਵੱਧ ਸਫਾਈ ਵਾਲਾ ਮੁਲਕ ਸਿੰਘਾਪੁਰ

*ਲੰਡਨ ਵੱਸਦਾ ਰਣਜੀਤ ਧੀਰ 1966 ਵਿਚ ਇੰਗਲੈਂਡ ਪੁੱਜਣ ਤੋਂ ਪਹਿਲਾਂ ਮੁਕਤਸਰ ਦੇ ਸਰਕਾਰੀ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਪਿਛਲੇ 35 ਵਰ੍ਹਿਆਂ ਦੌਰਾਨ ਉਹ ਲੰਡਨ ਦੀ ਈਲਿੰਗ ਕੌਂਸਲ ਦੀ ਸਿਆਸਤ ਵਿਚ ਖੂਬ ਸਰਗਰਮ ਰਿਹਾ ਅਤੇ ਉਹ ਕੈਬਨਿਟ ਮੈਂਬਰ ਤੇ ਮੇਅਰ ਦੇ ਅਹੁਦੇ ਸੰਭਾਲ ਚੁਕਾ ਹੈ। ਘੁੰਮਣ-ਫਿਰਨ ਦਾ ਸ਼ੌਕੀਨ ਰਣਜੀਤ ਧੀਰ 'ਵਤਨੋਂ ਦੂਰ', 'ਪਰਦੇਸਨਾਮਾ' ਅਤੇ 'ਸਾਊਥਾਲ ਦਾ ਸੂਰਜ' ਕਿਤਾਬਾਂ ਛਪਵਾ ਚੁਕਾ ਹੈ। ਹੁਣੇ-ਹੁਣੇ ਉਸ ਦੀ ਚੌਥੀ ਕਿਤਾਬ 'ਜੇਰੂਸੱਲਮ ਅਜੇ ਦੂਰ ਹੈ' ਛਪੀ ਹੈ। ਇਸ ਸਫਰਨਾਮੇ ਦਾ ਇਕ ਕਾਂਡ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ, ਜਿਸ ਵਿਚ ਸਿੰਘਾਪੁਰ ਬਾਰੇ ਚਰਚਾ ਕੀਤੀ ਗਈ ਹੈ। -ਸੰਪਾਦਕ*

1999 ਵਿਚ ਚੀਨ ਅਤੇ ਹਾਂਗਕਾਂਗ ਜਾਣ ਤੋਂ ਬਾਅਦ ਅਸੀਂ ਦੂਰ ਪੂਰਬੀ ਖਿੱਤੇ ਦੇ ਕਿਸੇ ਮੁਲਕ ਵਿਚ ਨਹੀਂ ਜਾ ਸਕੇ। ਜਾਪਾਨ, ਥਾਈਲੈਂਡ, ਇੰਡੋਨੇਸ਼ੀਆ ਤੋਂ ਆਸਟਰੇਲੀਆ ਤੀਕ ਬਹੁਤ ਮੁਲਕ ਹਨ, ਜਿਥੇ ਵੇਖਣ-ਸਮਝਣ ਲਈ ਪੁਰਾਤਨ ਸੰਸਕ੍ਰਿਤੀਆਂ ਅਤੇ ਇਤਿਹਾਸਕ ਥਾਂਵਾਂ ਹਨ।

ਪਹਿਲੀ ਮੁਸ਼ਕਿਲ ਤਾਂ ਇਹ ਹੈ ਕਿ ਇਹ ਮੁਲਕ ਬਰਤਾਨੀਆ ਤੋਂ ਬਹੁਤ ਦੂਰ ਹਨ। ਆਸਟਰੇਲੀਆ ਨੂੰ 26 ਘੰਟਿਆਂ ਦੀ ਫਲਾਈਟ। ਰਾਹ ਵਿਚ ਪੜਾਅ ਕਰਨਾ ਪੈਂਦਾ ਹੈ, ਲੰਡਨ ਤੋਂ ਸਿੰਘਾਪੁਰ ਜਾਂ ਬੈਂਕਾਕ ਨੂੰ ਤੇਰਾਂ ਘੰਟੇ ਦੀ ਫਲਾਈਟ। ਬੰਦਾ ਜਹਾਜ ਵਿਚ ਬੈਠਾ ਉੱਬਿਆ ਹੋ ਜਾਂਦਾ ਹੈ। ਇਸ ਤੋਂ ਬਿਨਾ ਆਸਟਰੇਲੀਆ ਬਾਰੇ ਕਈ ਸ਼ੰਕੇ ਹੋਰ ਵੀ ਸਨ ਕਿ ਗਰਮੀਆਂ ਵਿਚ ਕੀੜੇ-ਮਕੌੜੇ, ਕਿਰਲੀਆਂ ਅਤੇ ਸੱਪਾਂ ਨਾਲ ਵੀ ਚੰਗਾ ਸਾਹਮਣਾ ਹੁੰਦਾ ਹੈ। ਅਸੀਂ ਸੋਚਦੇ, ਆਸਟਰੇਲੀਆ ਦੀਆਂ ਸਰਦੀਆਂ ਵਾਲੇ ਜੂਨ ਤੋਂ ਅਗਸਤ ਮਹੀਨਿਆਂ ਵਿਚ ਜਾਵਾਂਗੇ।



ਰਣਜੀਤ ਧੀਰ

ਇਸ ਤਰ੍ਹਾਂ ਦੀ ਜੱਦੋਜਹਿਦ ਵਿਚ ਹੀ ਸਾਲ ਤੁਰ ਜਾਂਦੇ, ਪਰ 2007 ਵਿਚ ਆਸਟਰੇਲੀਆ ਰਹਿੰਦੇ ਬਲਰਾਜ ਸੰਘਾ ਹੁਰੀਂ ਲੰਡਨ ਆਏ ਤਾਂ ਉਹ ਸਾਡੇ ਗਵਾਂਢੀ ਹਰਦੀਪ ਦੂਹਰੇ ਨੂੰ ਨਾਲ ਲੈ ਕੇ ਮੈਨੂੰ ਮਿਲਣ ਆਏ। ਚਾਹ ਪੀਂਦਿਆਂ ਅਸੀਂ ਬਹੁਤ ਗੱਲਾਂ ਕੀਤੀਆਂ। ਮੈਂ ਆਪਣੇ ਮਨ ਦੀ ਗੱਲ ਖੋਲ੍ਹੀ ਕਿ ਆਸਟਰੇਲੀਆ ਆਉਣ ਨੂੰ ਜੀਅ ਤਾਂ ਬਹੁਤ ਕਰਦਾ ਪਰ ਲੰਮੀਆਂ ਫਲਾਈਟਾਂ ਤੋਂ ਡਰ ਵੀ ਲਗਦੈ!

ਬਲਰਾਜ ਹੁਰੀਂ ਹੱਸ ਕੇ ਕਹਿਣ ਲੱਗੇ, "ਲਉ ਸਾਰੀ ਦੁਨੀਆਂ ਤੁਰੀ ਫਿਰਦੀ ਐ। ਡਰ ਕਾਹਦਾ! ਤੁਸੀਂ ਜ਼ਰੂਰ ਆਉ, ਤੁਹਾਨੂੰ ਅਸੀਂ ਸੈਰ ਕਰਵਾਵਾਂਗੇ।" ਬਲਰਾਜ ਹੁਰਾਂ ਨਾਲ ਕਿਤੇ-ਕਿਤੇ ਫੋਨ 'ਤੇ ਗੱਲਬਾਤ ਹੁੰਦੀ ਰਹੀ ਅਤੇ ਅਖੀਰ ਅਸੀਂ ਟਰੈਵਲ ਕੰਪਨੀ ਰਾਹੀਂ ਅਗਸਤ ਦਾ ਪ੍ਰੋਗਰਾਮ ਬੁੱਕ ਕਰ ਦਿੱਤਾ। ਲੰਡਨੋਂ ਚੱਲ ਕੇ ਸਿੰਘਾਪੁਰ ਕੁਝ ਦਿਨ ਰੁਕਾਂਗੇ। ਅੱਗੇ ਆਸਟਰੇਲੀਆ, ਨਿਊਜ਼ੀਲੈਂਡ ਅਤੇ ਥਾਈਲੈਂਡ ਵੀ ਜਾਵਾਂਗੇ। ਬੁਕਿੰਗ ਛੇ ਮਹੀਨੇ ਪਹਿਲਾਂ ਹੀ ਕਰ ਲਈ ਤੇ ਮੁੜ ਕੇ ਮਸੀਂ ਛੇ ਮਹੀਨੇ ਲੰਘੇ ਤੇ ਅਗਸਤ ਦਾ ਉਹ ਦਿਨ ਵੀ ਆ ਅੱਪੜਿਆ ਜਦ ਅਸੀਂ ਤੇਰਾਂ ਘੰਟੇ ਦੀ ਫਲਾਈਟ ਮਗਰੋਂ ਸਿੰਘਾਪੁਰ ਜਾ ਪਹੁੰਚੇ। ਸਮਾਨ ਟਰਾਲੀ ਵਿਚ ਟਿਕਾਈ ਅਸੀਂ ਬਾਹਰ ਨਿਕਲੇ ਹੀ ਸਾਂ ਕਿ ਸਾਡੀ ਟਰੈਵਲ ਕੰਪਨੀ ਦੀ ਸਥਾਨਕ ਬੀਬੀ ਨੇ ਸਾਨੂੰ ਆ ਫਤਿਹ ਬੁਲਾਈ।

ਵੇਖ ਲਉ, ਲੰਡਨੋਂ ਅਸੀਂ ਪਿਛਲੀ ਰਾਤ ਤੁਰੇ ਸਾਂ, ਸਿੰਘਾਪੁਰ ਪਹੁੰਚਣ ਤੀਕ ਉਥੇ ਅਗਲੇ ਦਿਨ ਦੀ ਸ਼ਾਮ ਹੋ ਚੁਕੀ ਸੀ। ਸਫਰ ਦੇ ਭੰਨੇ। ਸਾਰੇ ਰਾਹ ਜਹਾਜ ਹਝੋਕੇ ਮਾਰਦਾ ਆਇਆ ਸੀ। ਡਰ ਵੀ ਲੱਗੇ ਕਿ ਬਾਬਾ ਭਲੀ ਕਰੇ! ਖੈਰ, ਅੱਪੜ ਗਏ।

ਸਾਡੇ ਨਾਲ ਕਈ ਹੋਰ ਮੁਸਾਫਿਰ ਵੀ ਸਨ, ਜੋ ਇਸੇ ਕੰਪਨੀ ਨਾਲ ਸਨ। ਬਾਹਰ ਅਸੀਂ ਮਿਨੀ-ਬੱਸ ਵਿਚ ਬੈਠੇ ਤਾਂ ਸਿੰਘਾਪੁਰ ਦੀ ਹੁੰਮਸ ਭਰੀ ਗਰਮੀ ਦਾ ਅਹਿਸਾਸ ਹੋਇਆ ਪਰ ਕੋਚ ਅੰਦਰ ਵੜਦਿਆਂ ਹੀ ਏਅਰ-ਕੰਡੀਸ਼ਨਿੰਗ ਦਾ ਸੁਖ ਸੀ। ਏਅਰਪੋਰਟ ਤੋਂ ਹੋਟਲ ਤੀਕ ਘੰਟੇ ਕੁ ਦੇ ਸਫਰ 'ਚ ਪਤਾ ਲੱਗ ਗਿਆ ਕਿ ਸਿੰਘਾਪੁਰ ਕਿੰਨਾ ਖੂਬਸੂਰਤ ਸ਼ਹਿਰ ਹੈ। ਸੜਕਾਂ ਦੇ ਆਸੇ-ਪਾਸੇ ਤੇ ਵਿਚਾਲੇ ਹਰੇ-ਭਰੇ ਰੁੱਖ, ਝਾੜੀਆਂ ਤੇ ਰੰਗ-ਬਰੰਗੇ ਫੁੱਲ। ਬਾ-ਤਰਤੀਬ ਟਰੈਫਿਕ ਅਤੇ ਸੋਹਣੀਆਂ ਸੜਕਾਂ। ਕੰਪਨੀ ਦੀ ਬੀਬੀ ਨੇ ਸਭ ਨੂੰ ਜੀ ਆਇਆਂ ਆਖ ਚੰਗੇ ਗਾਈਡ ਵਾਂਗ ਸਿੰਘਾਪੁਰ ਬਾਰੇ ਮੁਢਲੀ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ।

ਸਿੰਘਾਪੁਰ 224 ਵਰਗ ਮੀਲ ਦਾ ਛੋਟਾ ਜਿਹਾ ਟਾਪੂ ਹੈ, ਜੋ ਪੁਲ ਰਾਹੀਂ ਮਲਾਇਆ ਦੀ ਧਰਤੀ ਨਾਲ ਜੁੜਦਾ ਹੈ। ਉਨੀਵੀਂ ਸਦੀ ਦੇ ਸ਼ੁਰੂ ਵਿਚ ਭਾਰਤ ਦੇ ਹਾਕਮ, ਈਸਟ ਇੰਡੀਆ ਕੰਪਨੀ ਨੇ ਸੰਧੀ ਕਰਕੇ ਜੋਹਰ ਦੇ ਸੁਲਤਾਨ ਤੋਂ ਇਹ ਟਾਪੂ ਖਰੀਦ ਲਿਆ। ਇਸ ਸਮਝੌਤੇ ਮੁਤਾਬਕ ਸਟੈਮਫੋਰਡ ਰੈਫਲਜ਼ ਨਾਂ ਦਾ ਪਹਿਲਾ ਅੰਗਰੇਜ਼ ਅਧਿਕਾਰੀ ਸੀ, ਜਿਸ ਨੇ ਇਥੇ ਪਹੁੰਚ ਕੇ ਸਿੰਘਾਪੁਰ ਵਸਾਇਆ। ਸਮਝੌਤੇ ਅਨੁਸਾਰ ਸਿੰਘਾਪੁਰ ਨਾਲ ਪੈਂਦਾ ਦਸਾਂ ਮੀਲਾਂ ਦਾ ਇਲਾਕਾ ਈਸਟ ਇੰਡੀਆ ਕੰਪਨੀ ਦੀ ਮਲਕੀਅਤ ਹੋ ਗਿਆ। ਮਗਰੋਂ ਕੰਪਨੀ ਨੇ ਪੀਨਾਂਗ ਅਤੇ ਮਲਾਕਾ ਦੇ ਇਲਾਕੇ ਵੀ ਖਰੀਦ ਲਏ ਜਾਂ ਮੱਲ ਲਏ। ਉਦੋਂ ਅੰਗਰੇਜ਼ਾਂ ਦੀ ਚੜ੍ਹਤ ਸੀ। ਕੋਈ ਪੁੱਛਣ ਵਾਲਾ ਨਹੀਂ ਸੀ। ਸਥਾਨਕ ਰਾਜੇ ਨਿਕੰਮੇ ਅਤੇ ਅੱਯਾਸ਼ ਸਨ।

ਇਸ ਸਾਰੇ ਇਲਾਕੇ ਨੂੰ 'ਸਟਰੇਟਸ ਸੈਟਲਮੈਂਟਸ' ਦੇ ਨਾਂ ਨਾਲ ਜਾਣਿਆ ਜਾਂਦਾ ਸੀ (ਇਸ ਇਲਾਕੇ ਵਿਚ ਦੱਖਣੀ-ਪੂਰਬੀ ਏਸ਼ੀਆ ਨਾਲ ਸਬੰਧਤ ਉਹ ਸਾਰਾ ਇਲਾਕਾ ਸ਼ਾਮਿਲ ਸੀ, ਜੋ ਅੰਗਰੇਜ਼ਾਂ ਵਲੋਂ ਕੰਟਰੋਲ ਕੀਤਾ ਜਾਂਦਾ ਸੀ)। ਕੰਪਨੀ ਦਾ ਭਾਰਤ ਵਿਚਲਾ ਗਵਰਨਰ ਜਨਰਲ ਇਸ ਇਲਾਕੇ ਦਾ ਵੀ ਮੁਖੀ ਸੀ। 1869 ਵਿਚ ਭਾਰਤ ਵਾਂਗ ਇਹ ਇਲਾਕਾ ਵੀ ਕੰਪਨੀ ਕੋਲੋਂ ਲੈ ਕੇ ਬਰਤਾਨਵੀ ਸਾਮਰਾਜ ਦਾ ਹਿੱਸਾ ਬਣ ਗਿਆ।





ਸਿੰਘਾਪੁਰ ਦੇ ਦੋ ਨਜ਼ਾਰੇ।

ਸਿੰਘਾਪੁਰ ਨੂੰ ਆਜ਼ਾਦੀ ਭਾਰਤ ਤੋਂ ਬਾਅਦ ਮਿਲੀ। ਕੁਝ ਸਾਲ ਮਲਾਇਆ ਨਾਲ ਫੈਡਰੇਸ਼ਨ ਬਣਾ ਕੇ ਦੋਨੋਂ ਦੇਸ਼ 'ਮਲੇਸ਼ੀਆ' ਬਣ ਗਏ ਪਰ ਇਹ ਫੈਡਰੇਸ਼ਨ ਕਾਮਯਾਬ ਨਾ ਹੋਈ। 1965 ਮਗਰੋਂ ਕਰੀਬ 20 ਸਾਲ ਲੀ ਕੁਆਂ ਯੀਅ ਪ੍ਰਧਾਨ ਮੰਤਰੀ ਰਿਹਾ ਅਤੇ ਉਹਦੀਆਂ ਪਾਲਿਸੀਆਂ ਨਾਲ ਸਿੰਘਾਪੁਰ ਨੇ ਹੈਰਾਨਕੁਨ ਤਰੱਕੀ ਕੀਤੀ।

20-25 ਸਾਲ ਪਹਿਲਾਂ ਸੁਣਦੇ ਹੁੰਦੇ ਸੀ ਕਿ ਸਿੰਘਾਪੁਰ ਵਿਚ ਸੜਕਾਂ 'ਤੇ ਥੁੱਕਣ ਵਾਲਿਆਂ ਨੂੰ ਮੌਕੇ 'ਤੇ ਹੀ ਜੁਰਮਾਨਾ ਕੀਤਾ ਜਾਂਦਾ ਹੈ। ਸਫਾਈ, ਲੋਕਾਂ ਦਾ ਵਧੀਆ ਸਲੀਕਾ। ਟੈਕਸੀ ਵਾਲਾ ਕੋਈ ਮੀਟਰ ਦੀ ਚੋਰੀ ਨਹੀਂ ਕਰਦਾ। ਪਬਲਿਕ ਥਾਂਵਾਂ 'ਤੇ ਕਿਤੇ ਕੂੜਾ ਨਹੀਂ। ਯੂਰਪ ਵਾਂਗ ਭੈੜੇ-ਭੈੜੇ ਰੰਗਾਂ ਵਿਚ ਭੱਦੀਆਂ ਗਾਹਲਾਂ ਕੰਧਾਂ ਜਾਂ ਬਸ ਸਟਾਪਾਂ 'ਤੇ ਕਿਤੇ ਨਹੀਂ ਦਿਸਦੀਆਂ।

1869 ਵਿਚ ਸੁਏਜ਼ ਨਹਿਰ ਖੁੱਲ੍ਹਣ ਮਗਰੋਂ ਇਸ ਛੋਟੇ ਜਿਹੇ ਟਾਪੂ ਨੇ ਹਾਂਗਕਾਂਗ ਵਾਂਗ ਹੈਰਾਨਕੁਨ ਆਰਥਕ ਤਰੱਕੀ ਕੀਤੀ। ਹੁਣ ਹਾਂਗਕਾਂਗ ਦੇ ਕਮਿਊਨਿਸਟ ਚੀਨ ਨਾਲ ਸ਼ਾਮਲ ਹੋਣ ਬਾਅਦ ਦੂਰ ਪੂਰਬ ਵਿਚ ਕੌਮਾਂਤਰੀ ਸਰਮਾਏ ਅਤੇ ਤਿਜਾਰਤ ਦਾ ਕੇਂਦਰ ਸਿੰਘਾਪੁਰ ਬਣ ਰਿਹਾ ਹੈ। ਸੰਸਾਰ ਦੀ ਕੁਲ ਬਿਜਨਸ ਕਮਿਊਨਿਟੀ ਚੀਨ ਦੀਆਂ ਨੀਤੀਆਂ ਬਾਰੇ ਸ਼ੱਕੀ ਹੈ। ਇਸ ਨਾਲ ਹੌਲੀ-ਹੌਲੀ ਕੌਮਾਂਤਰੀ ਬਿਜਨਸ ਦਾ ਸਾਰਾ ਤਾਣਾ-ਬਾਣਾ ਇਥੇ ਤਬਦੀਲ ਹੋ ਰਿਹਾ ਹੈ।

ਗਾਈਡ ਬੀਬੀ ਦੀ ਇਸ ਮੁਢਲੀ ਕੁਮੈਂਟਰੀ ਦੌਰਾਨ ਅਸੀਂ ਹੋਟਲ ਪਹੁੰਚ ਗਏ। ਅੱਗੇ ਰਾਤ ਹੋਈ ਪਈ ਸੀ। ਅਸੀਂ ਕਮਰੇ ਵਿਚ ਸਮਾਨ ਟਿਕਾ ਕੇ ਰਾਤ ਦੇ ਖਾਣੇ ਵਾਸਤੇ ਹੇਠਾਂ ਪਹੁੰਚ ਗਏ। ਖਾਣਾ ਵੀ ਕਾਹਦਾ ਸੀ, ਬੱਸ ਸ਼ਾਹੀ ਦਾਅਵਤ ਸਮਝੋ। ਭਾਰਤੀ, ਚੀਨੀ ਅਤੇ ਪੱਛਮੀ ਮੁਲਕਾਂ ਦੇ ਪਕਵਾਨਾਂ ਦਾ ਕੋਈ ਅੰਤ ਨਹੀਂ ਸੀ।

ਖਾਣੇ ਪਿਛੋਂ ਅਸੀਂ ਹੋਟਲ ਤੋਂ ਬਾਹਰ ਨਿਕਲ ਸੈਰ ਕੀਤੀ। ਉਹੀ ਖੂਬਸੂਰਤ ਨਜ਼ਾਰੇ! ਹਰ ਪਾਸੇ ਸੋਹਣੇ ਬਾ-ਤਰਤੀਬ ਰੁੱਖ, ਫੁੱਲਾਂ ਦੀਆਂ ਕਿਆਰੀਆਂ। ਕਾਰਾਂ ਦਾ ਕਿਸੇ ਪਾਸਿਓਂ ਸ਼ੋਰ-ਸ਼ਰਾਬਾ ਨਹੀਂ। ਬਹੁਤੇ ਲੋਕ ਚੀਨੀ, ਭਾਰਤੀ ਜਾਂ ਯੂਰਪੀ। ਯੂਰਪੀ ਬੱਚਿਆਂ ਲਈ ਅੰਗਰੇਜ਼ੀ ਮਾਧਿਅਮ ਸਕੂਲਾਂ ਦੀਆਂ ਬਿਲਡਿੰਗਾਂ।

ਦਿਨ ਭਰ ਦੀ ਗਰਮੀ ਦੀ ਭੜਾਸ ਹਾਲੇ ਵੀ ਮਹਿਸੂਸ ਹੁੰਦੀ ਸੀ ਪਰ ਵੇਖਦਿਆਂ-ਵੇਖਦਿਆਂ ਬੱਦਲ ਗੱਜਣ ਲੱਗੇ ਤੇ ਬਿਜਲੀ ਚਮਕੇ। ਭਾਰਤ ਵਾਂਗ ਮੋਟੀਆਂ-ਮੋਟੀਆਂ ਕਣੀਆਂ ਵਾਲੀ ਬਰਸਾਤ ਸ਼ੁਰੂ ਹੋ ਗਈ। ਬਹੁਤ ਮੁੱਦਤ ਬਾਅਦ ਇਸ ਤਰ੍ਹਾਂ ਦਾ ਮੀਂਹ ਵੇਖਿਆ ਸੀ। ਅਸੀਂ ਹੋਟਲ ਤੋਂ ਬਹੁਤੀ ਦੂਰ ਨਹੀਂ ਸੀ। ਮੀਂਹ ਵਿਚ ਭਿੱਜਣ ਲੱਗੇ ਪਰ ਇਸ ਤੋਂ ਬਚਣ ਲਈ ਅਸੀਂ ਭੱਜ-ਦੌੜ ਨਹੀਂ ਕੀਤੀ ਸਗੋਂ ਪੂਰੇ ਸਹਿਜ ਨਾਲ ਉਸੇ ਤਰ੍ਹਾਂ ਤੁਰੇ ਆਏ। ਮੀਂਹ ਵਿਚ ਆਪਣੀਆਂ ਫੋਟੋਆਂ ਖਿੱਚੀਆਂ। ਸੁਆਦ ਆ ਗਿਆ! ਯੂਰਪ ਦੀ ਅਤਿ-ਵਿਅਸਤ ਜ਼ਿੰਦਗੀ ਵਿਚੋਂ ਨਿਕਲ ਕੇ ਇਸ ਖੁੱਲ੍ਹੇ ਦੇਸੀ ਮਾਹੌਲ ਵਿਚ ਮਨ ਪ੍ਰਸੰਨ ਹੋਇਆ ਪਿਆ ਸੀ।

ਹੋਟਲ ਵੜਦਿਆਂ ਅਸੀਂ ਚੰਗੇ-ਖਾਸੇ ਭਿੱਜੇ ਹੋਏ ਸਾਂ ਤੇ ਦਰਬਾਨ ਸਾਨੂੰ ਵੇਖ ਕੇ ਹੱਸਣ ਲੱਗੇ। ਅਸੀਂ ਭਿੱਜ ਜ਼ਰੂਰ ਗਏ ਸਾਂ ਪਰ ਖੁਸ਼ ਸਾਂ। ਮੁੱਦਤਾਂ ਬਾਅਦ ਮੋਟੀਆਂ ਕਣੀਆਂ ਦਾ ਛੜਾਕੇਦਾਰ ਮੀਂਹ ਸਾਡੇ ਉਤੇ ਪਿਆ ਸੀ। ਅਗਸਤ ਦਾ ਮਹੀਨਾ ਸੀ। ਇਸ ਕਰਕੇ ਗਰਮੀ ਸੀ ਜਿਸ ਨਾਲ ਅਸੀਂ ਗਿੱਲੇ ਤਾਂ ਜ਼ਰੂਰ ਹੋ ਗਏ ਪਰ ਠੰਢ ਲੱਗਣ ਦਾ ਕੋਈ ਖਤਰਾ ਨਹੀਂ ਸੀ ਸਗੋਂ ਇਸ ਤਰ੍ਹਾਂ ਮੌਨਸੂਨ ਦਾ ਨਜ਼ਾਰਾ ਅਸੀਂ ਲਿਆ ਅਤੇ ਕਈ ਦਹਾਕਿਆਂ ਤੋਂ ਜੁੜਿਆ-ਜੁੜਿਆ ਸਰੀਰ ਖੁੱਲ੍ਹ ਗਿਆ। ਭਾਰਤ ਸਮੇਤ ਸਾਰੇ ਪੂਰਬੀ ਮੁਲਕਾਂ ਵਿਚ ਕੁਦਰਤ ਦੀ ਇਹ ਨਿਆਮਤ ਹੈ। ਧੁੱਪ, ਮੀਂਹ, ਬੱਦਲਾਂ ਦੀ ਗਰਜ ਅਤੇ ਬਿਜਲੀਆਂ ਦੀ ਲਿਸ਼ਕ। ਬੰਦਾ ਕੁਦਰਤ ਨਾਲ ਜੁੜ ਜਾਂਦਾ ਹੈ।

—

ਹੁਣ ਅਸੀਂ ਸਿੰਘਾਪੁਰ ਦੇ ਸਿਟੀ ਟੂਰ 'ਤੇ ਜਾਣਾ ਸੀ। ਪੂਰੇ ਚਾਰ ਘੰਟਿਆਂ ਦਾ ਟੂਰ। ਨਾਸ਼ਤੇ ਮਗਰੋਂ ਫਿਰ ਕੰਪਨੀ ਦੀ ਛੋਟੀ ਬੱਸ ਸਾਨੂੰ ਲੈ ਕੇ ਸੈਂਟਰਲ ਬਸ ਸਟੇਸ਼ਨ 'ਤੇ ਪਹੁੰਚ ਗਈ। ਹਰ ਮੁਲਕ ਵਿਚ ਟੂਰਿਸਟਾਂ ਨੂੰ ਇਸੇ ਤਰ੍ਹਾਂ ਵੱਖ-ਵੱਖ ਹੋਟਲਾਂ ਤੋਂ ਇਕੱਠੇ ਕਰਕੇ ਕੇਂਦਰੀ ਜਗ੍ਹਾ ਤੋਂ ਵੱਡੀ ਕੋਚ ਵਿਚ ਬਿਠਾ ਲਿਆ ਜਾਂਦਾ ਹੈ। ਬੇਸ਼ੱਕ ਗਰਮੀ ਦੇ ਮੌਸਮ ਵਿਚ ਪੱਛਮੀ ਮੁਲਕਾਂ ਤੋਂ ਘੱਟ ਸੈਲਾਨੀ ਆਉਂਦੇ ਹਨ ਪਰ ਸਾਡੀ ਕੋਚ ਖਚਾਖਚ ਭਰੀ ਹੋਈ ਸੀ।

ਬਾਹਰ ਸੂਰਜ ਤਪ ਰਿਹਾ ਸੀ। ਸਿਰ 'ਤੇ ਤਿੱਖੀ ਚੋਭ ਮਹਿਸੂਸ ਹੁੰਦੀ ਸੀ ਪਰ ਧੁੱਪ ਸੋਹਣੀ ਲਗਦੀ ਸੀ। ਯੂਰਪ ਵਿਚ ਰਹਿੰਦਿਆਂ ਇਹੋ ਜਿਹੀ ਧੁੱਪ ਮਿਲਦੀ ਨਹੀਂ ਅਤੇ ਲੋਕਾਂ ਦੇ ਹੱਡ ਗੋਡੇ ਉਮਰਾਂ ਤੋਂ ਪਹਿਲਾਂ ਹੀ ਤਿੜਕ ਜਾਂਦੇ ਹਨ।

ਸਾਡਾ ਟੂਰ ਸਿੰਘਾਪੁਰ ਦੇ ਚਿੰਨ੍ਹਕ 'ਸ਼ੇਰਾਂ' ਵਾਲੀ ਮੈਰੀਨਾ ਬੇਅ ਤੋਂ ਸ਼ੁਰੂ ਹੋਇਆ। ਇਥੇ ਵੀ ਲੰਡਨ ਵਰਗੀ 'ਲੰਡਨ ਆਈ' ਬਣ ਗਈ ਹੈ। ਇਹਦਾ ਨਾਂ 'ਸਿੰਘਾਪੁਰ ਫਲਾਇਰ' ਹੈ। ਇਸ ਚੱਕਰ 'ਤੇ ਚੜ੍ਹ ਕੇ ਸਿੰਘਾਪੁਰ ਦੇ ਮੈਰੀਨਾ ਬੇਅ ਇਲਾਕੇ ਦਾ ਸ਼ਾਨਦਾਰ ਮਾਡਰਨ ਹਿੱਸਾ ਬਹੁਤ ਪ੍ਰਭਾਵਸ਼ਾਲੀ ਦਿਸਦਾ ਹੈ। ਹੇਠਾਂ ਸੱਪ ਵਾਂਗ ਮੇਲਦੀ ਮੋਟਰਵੇਅ ਦਿਸਦੀ ਹੈ, ਜਿਸ ਨੂੰ ਇਥੇ 'ਫ੍ਰੀਵੇਅ' ਕਹਿੰਦੇ ਹਨ। ਦੂਰ ਤੀਕ ਹਾਂਗਕਾਂਗ, ਨਿਊ ਯਾਰਕ ਅਤੇ ਟੋਰਾਂਟੋ ਵਾਂਗ ਉਚੀਆਂ ਉਚੀਆਂ ਟਾਵਰ ਬਲਾਕਾਂ ਵਰਗੀਆਂ ਇਮਾਰਤਾਂ। ਇਹੋ ਬਿਲਡਿੰਗਾਂ ਸਿੰਘਾਪੁਰ ਦੀ ਵਧਦੀ ਖੁਸ਼ਹਾਲੀ, ਤਿਜਾਰਤੀ ਚੜ੍ਹਤ ਅਤੇ ਕੌਮਾਂਤਰੀ ਬਿਜਨਸ ਕੇਂਦਰ ਹੋਣ ਦੀ ਗਵਾਹੀ ਭਰਦੀਆਂ ਹਨ।

ਸਿੰਘਾਪੁਰ ਨੂੰ ਹੁਣ 'ਗੇਟਵੇਅ ਟੂ ਏਸ਼ੀਆ' ਵੀ ਕਹਿੰਦੇ ਹਨ। ਸੰਸਾਰ ਦੇ ਵੱਡੇ ਬਿਜਨਸ ਅਦਾਰੇ ਇਥੇ ਬੈਠ ਆਪਣਾ ਕਾਰੋਬਾਰ ਮਲੇਸ਼ੀਆ, ਫਿਲੀਪੀਨਜ਼, ਇੰਡੋਨੇਸ਼ੀਆ ਅਤੇ ਦੂਰ ਪੂਰਬੀ ਮੁਲਕਾਂ ਵਿਚ ਚਲਾਉਂਦੇ ਹਨ। ਇਨ੍ਹਾਂ ਨੇ ਟੂਰਿਜ਼ਮ ਬਹੁਤ ਉਨਤ ਕੀਤਾ ਹੈ। ਹੋਟਲਾਂ ਦੀ ਭਰਮਾਰ ਹੈ ਅਤੇ ਹੋਟਲ ਵੀ ਵਧੀਆ। ਅਜਾਇਬ ਘਰ, ਬੋਧੀ ਮੰਦਿਰ, ਗੁਰਦੁਆਰੇ, ਮਸਜਿਦਾਂ ਅਤੇ ਹਿੰਦੂ ਮੰਦਿਰਾਂ ਦੀ ਟੂਰਿਸਟਾਂ ਵਾਸਤੇ ਆਪਣੀ ਅਹਿਮੀਅਤ ਹੈ।

ਚਾਰ ਘੰਟਿਆਂ ਦੇ ਇਸ ਟੂਰ ਵਿਚ ਕੋਚ ਸਾਨੂੰ ਰਾਸ਼ਟਰਪਤੀ ਦੇ ਮਹਿਲ ਤੋਂ ਲੈ ਕੇ ਪੁਰਾਣੀ ਸੁਪਰੀਮ ਕੋਰਟ ਦੀ ਬਿਲਡਿੰਗ ਕੋਲੋਂ ਲੰਘ ਕੇ ਸ਼ਹਿਰ ਦੇ ਓਪੇਰਾ ਹਾਊਸ, ਥੀਏਟਰ ਅਤੇ ਪ੍ਰਸਿਧ ਰੈਫਲਜ਼ ਹੋਟਲ ਲੈ ਕੇ ਗਈ। ਸੁਪਰੀਮ ਕੋਰਟ ਦੀ ਬਿਲਡਿੰਗ ਲਾਗੇ ਸੁਭਾਸ਼ ਚੰਦਰ ਦੀ ਆਜ਼ਾਦ ਹਿੰਦ ਫੌਜ (ਇੰਡੀਅਨ ਨੈਸ਼ਨਲ ਆਰਮੀ) ਦਾ ਹੈਡਕੁਆਰਟਰ ਹਾਲੇ ਵੀ ਕਾਇਮ ਹੈ। ਬੋਰਡ ਵੀ ਲੱਗਾ ਹੋਇਆ ਹੈ ਪਰ ਕਹਿਣ ਦੇ ਬਾਵਜੂਦ ਗਾਈਡ ਨੇ ਇਥੇ ਕੋਚ ਖੜ੍ਹੀ ਨਾ ਕੀਤੀ।

ਇਸੇ ਤਰ੍ਹਾਂ ਕੋਚ ਮੰਦਿਰ ਅਤੇ ਗੁਰਦੁਆਰੇ ਕੋਲੋਂ ਲੰਘੀ ਤਾਂ ਜ਼ਰੂਰ, ਪਰ ਇਥੇ ਪੜਾਅ ਕਰਨਾ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਸੀ। ਗਾਈਡ ਦਾ ਜਵਾਬ ਸੀ ਕਿ ਇਹ ਇਲਾਕਾ ਤੁਸੀਂ ਦੁਪਹਿਰ ਦੇ ਖਾਣੇ ਪਿਛੋਂ ਵੇਖ ਸਕਦੇ ਹੋ।

ਇਨ੍ਹਾਂ ਇਲਾਕਿਆਂ ਵਿਚ ਸੈਰ ਦੌਰਾਨ ਗਾਈਡ ਸਿੰਘਾਪੁਰ ਦੇ ਇਤਿਹਾਸ ਅਤੇ ਸਭਿਆਚਾਰ ਬਾਰੇ ਦੱਸਦੀ ਰਹੀ। ਮੋਤੀਆਂ ਦੀ ਫੈਕਟਰੀ ਵਿਚ ਵੀ ਲੈ ਕੇ ਗਈ ਜਿਥੇ ਲੱਖਾਂ-ਕਰੋੜਾਂ ਦੇ ਮੋਤੀਆਂ ਲੱਦੇ ਗਹਿਣੇ ਬਣਦੇ ਹਨ। ਦੂਜੀ ਵੱਡੀ ਜੰਗ ਵਿਚ ਜਪਾਨੀਆਂ ਨੇ ਸਿੰਘਾਪੁਰ 'ਤੇ ਕਬਜ਼ਾ ਕਰ ਲਿਆ ਸੀ ਤੇ ਕਈ ਸਾਲ ਲੋਕਾਂ ਨੂੰ ਭਿਆਨਕ ਹਾਲਾਤ ਨਾਲ ਜੂਝਣਾ ਪਿਆ ਸੀ। ਸੰਸਾਰ ਦੀਆਂ ਸਾਮਰਾਜੀ ਤਾਕਤਾਂ ਦੀ ਆਪਸੀ ਟੱਕਰ ਸਦਕਾ ਹੀ ਇਨ੍ਹਾਂ ਮੁਲਕਾਂ ਵਿਚ ਆਜ਼ਾਦੀ ਦੀ ਜੰਗ ਨੇ ਜ਼ੋਰ ਫੜਿਆ। ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ ਇਸੇ ਚੈਪਟਰ ਦਾ ਹਿੱਸਾ ਹੈ।

ਸਿੰਘਾਪੁਰ ਵਿਚ ਚਾਰ ਵੱਡੇ ਨਸਲੀ ਗਰੁਪ ਹਨ। ਭਾਰਤੀ, ਚੀਨੀ, ਮਲੇਅ ਅਤੇ ਯੂਰਪੀਨ। ਇਨ੍ਹਾਂ ਦੇ ਆਪਣੇ ਇਲਾਕੇ ਵੀ ਹਨ। ਭਾਰਤੀ ਲੋਕਾਂ ਦੀ ਬਹੁਤੀ ਵਸੋਂ ਵਾਲੇ ਹਿੱਸੇ ਨੂੰ 'ਟੇਕਾ ਮਾਰਕਿਟ' ਕਹਿੰਦੇ ਹਨ। ਹੁਣ 'ਲਿਟਲ ਇੰਡੀਆ' ਨਾਂ ਚਲਦਾ ਹੈ। ਚੀਨੀਆਂ ਦਾ 'ਚਾਈਨਾ ਟਾਊਨ'। ਮਲੇਅ ਲੋਕ ਤਕਰੀਬਨ 99 ਫੀਸਦੀ ਮੁਸਲਮਾਨ ਹਨ ਅਤੇ ਉਨ੍ਹਾਂ ਦਾ ਇਲਾਕਾ 'ਕੈਂਪੌਂਗ ਗਲੈਮ' ਵੱਜਦਾ ਹੈ। ਯੂਰਪੀਨ ਬਹੁਤੇ ਸ਼ਹਿਰ ਦੇ ਵਧੇਰੇ ਖੁਸ਼ਹਾਲ ਦੇ ਖੁੱਲ੍ਹੇ ਇਲਾਕਿਆਂ ਵਿਚ ਰਹਿੰਦੇ ਹਨ।

ਇਨ੍ਹਾਂ ਨਸਲੀ ਬਸਤੀਆਂ ਦੇ ਬਾਵਜੂਦ ਲੋਕ ਸਾਂਝੇ ਇਕੋ ਤਰ੍ਹਾਂ ਦੇ ਇਲਾਕਿਆਂ ਵਿਚ ਵੀ ਰਹਿੰਦੇ ਹਨ; ਮਤਲਬ ਨਸਲੀ ਤੌਰ 'ਤੇ ਇਹ ਲਾਜ਼ਮੀ ਨਹੀਂ ਕਿ ਇਕ ਨਸਲ ਦੇ ਲੋਕ ਆਪਣੇ ਹੀ ਇਲਾਕੇ ਵਿਚ ਰਹਿਣ ਪਰ ਵੱਖ-ਵੱਖ ਇਲਾਕਿਆਂ ਵਿਚ ਤੁਰਦਿਆਂ ਇਨ੍ਹਾਂ ਇਲਾਕਿਆਂ ਵਿਚ ਵੱਖ-ਵੱਖ ਕਲਚਰਾਂ ਦਾ ਪ੍ਰਭਾਵ ਸਪਸ਼ਟ ਦਿਸਦਾ ਹੈ। 'ਚਾਈਨਾ ਟਾਊਨ' ਵਿਚ ਬੋਧੀ ਮੰਦਿਰਾਂ ਦੀ ਭਰਮਾਰ ਹੈ ਅਤੇ ਚੀਨੀ ਖਾਣਿਆਂ ਦੀ ਖੁਸ਼ਬੂ। ਮੱਛੀ ਦੀ ਹੁਮਕ ਹਰ ਪਾਸੇ ਖਿਲਰੀ ਰਹਿੰਦੀ ਹੈ, ਕਿਉਂਕਿ ਚੀਨੀ ਲੋਕ ਸਮੁੰਦਰੀ ਖਾਣਿਆਂ ਦੇ ਬਹੁਤ ਸ਼ੌਕੀਨ ਹਨ।

'ਲਿਟਲ ਇੰਡੀਆ' ਵਿਚ ਭਾਰਤੀ ਸ਼ਹਿਰਾਂ ਵਰਗੀਆਂ ਦੁਕਾਨਾਂ, ਢਾਬੇ ਹਨ। ਹਰ ਪਾਸੇ ਸਾਈਕਲ, ਟੈਕਸੀਆਂ, ਟਰੱਕ, ਥਰੀ ਵ੍ਹੀਲਰ। ਢਾਬਿਆਂ ਦੇ ਬਾਹਰ ਇੰਡੀਆ ਵਾਂਗ ਕੁਰਸੀਆਂ-ਮੇਜ਼ਾਂ 'ਤੇ ਲੋਕ ਬੈਠੇ ਚਾਹ-ਪਾਣੀ ਪੀ ਰਹੇ ਹਨ, ਨਾਰੀਅਲ ਪਾਣੀ ਪੀ ਰਹੇ ਹਨ।

ਸਿੰਘਾਪੁਰ ਦਾ ਟ੍ਰੈਫਿਕ ਬਹੁਤ ਨਿਯਮਬੱਧ ਹੈ ਪਰ 'ਲਿਟਲ ਇੰਡੀਆ' ਵਿਚ ਭਾਰਤ ਵਾਂਗ ਪੁੱਠੀ-ਸਿੱਧੀ ਪਾਰਕਿੰਗ ਕੀਤੀ ਦਿਸ ਪੈਂਦੀ ਹੈ। ਦੁਕਾਨਾਂ ਮੂਹਰੇ ਮੇਜ਼ਾਂ ਦੀਆਂ ਸਟਾਲਾਂ। ਮਾਰਕਿਟਾਂ ਦੇ ਬਰਾਂਡਿਆਂ ਵਿਚ ਦੁਕਾਨਾਂ ਦਾ ਸਮਾਨ ਫੁੱਟਪਾਥਾਂ 'ਤੇ ਪਿਆ ਦਿਸਦਾ ਹੈ ਜਿਸ ਕਰਕੇ ਚੰਗੀਆਂ ਭਲੀਆਂ ਮਾਰਕਿਟਾਂ ਭੀੜੀ ਮੋਰੀ ਵਾਲੇ ਬਾਜ਼ਾਰ ਬਣੀਆਂ ਹੋਈਆਂ ਹਨ।

ਸਾਡੀ ਪਾਰਟੀ ਵਿਚ ਇਕ ਹੋਰ ਏਸ਼ੀਅਨ ਸੀ। ਕਹਿਣ ਲੱਗਾ, ਅੰਗਰੇਜ਼ ਜਿਥੇ ਜਾਂਦਾ, ਸ਼ਹਿਰਾਂ ਦੇ ਭੀੜ-ਭੜੱਕੇ ਤੋਂ ਬਚਣ ਲਈ ਖੁੱਲ੍ਹੇ ਮਾਡਲ ਟਾਊਨ ਅਤੇ ਫੌਜੀ ਛਾਉਣੀਆਂ ਬਣਾਉਂਦਾ। ਪੁਰਾਣੀ ਦਿੱਲੀ ਦੀ ਭੀੜ 'ਚੋਂ ਨਿਕਲਣ ਲਈ ਨਵੀਂ ਦਿੱਲੀ



ਸਿੰਘਾਪੁਰ ਵਿਚ 'ਲਿਟਲ ਇੰਡੀਆ' ਦੀ ਝਲਕ।

(ਅਗਲੇ ਸਫੇ 'ਤੇ ਜਾਰੀ)

ਦੀਆਂ ਖੁੱਲ੍ਹੀਆਂ ਸੜਕਾਂ, ਪਾਰਕ ਅਤੇ ਪਬਲਿਕ ਬਿਲਡਿੰਗਾਂ ਪਰ ਭਾਰਤੀ ਜਿਥੇ ਜਾਂਦੇ, ਖੁੱਲ੍ਹੀ ਥਾਂ ਮਿਲਣ ਦੇ ਬਾਵਜੂਦ ਚੰਗੇ-ਭਲੇ ਇਲਾਕਿਆਂ ਨੂੰ ਭੀੜੇ ਬਾਜ਼ਾਰ ਤੇ ਤੰਗ ਗਲੀਆਂ ਬਣਾ ਦਿੰਦੇ ਹਨ।

ਸਿੰਘਾਪੁਰ ਦੇ ਏਸ਼ੀਅਨ ਬਹੁਤੇ ਤਾਮਿਲ ਭਾਸ਼ੀ ਹਨ। ਇਸੇ ਕਰਕੇ ਬਹੁਤ ਰੈਸਟੋਰੈਂਟਾਂ ਵਿਚ ਦੱਖਣ ਭਾਰਤੀ ਖਾਣਾ ਮਿਲਦਾ ਹੈ। ਫੁਟਪਾਥਾਂ 'ਤੇ ਲੱਗੇ ਸਟਾਲਾਂ ਵਿਚ ਵੀ ਦੱਖਣ ਭਾਰਤੀ ਚੀਜ਼ਾਂ, ਕੱਪੜੇ, ਪੁਸ਼ਾਕਾਂ, ਸੀ. ਡੀ., ਕੈਲੰਡਰ ਅਤੇ ਸ੍ਰੀਲੰਕਾ ਦੇ ਤਾਮਿਲ ਲੀਡਰ ਪ੍ਰਭਾਕਰਨ ਦੀਆਂ ਤਸਵੀਰਾਂ ਦਿਸਦੀਆਂ ਹਨ।

ਇਸ ਇਲਾਕੇ ਵਿਚ ਪੈਂਦੇ ਮੈਟਰੋ ਸਟੇਸ਼ਨ ਦਾ ਨਾਂ ਵੀ 'ਲਿਟਲ ਇੰਡੀਆ' ਹੈ। ਨਾਲ ਹੀ ਇੰਡੀਆ ਆਰਟਸ ਸੈਂਟਰ ਵੀ ਹੈ। ਪੰਜਾਬੀ ਹੋਟਲ, ਢਾਬੇ ਵੀ ਹਨ। ਪੰਜਾਬੀਆਂ ਦੇ ਕਪੜੇ ਅਤੇ ਹੋਰ ਸਟੋਰ ਵੀ ਵੇਖੇ ਪਰ ਬਹੁਤਾ ਬਿਜਨਸ ਤਾਮਿਲਾਂ ਦੇ ਹੱਥ ਹੈ।

ਲੋਕਾਂ ਦੀ ਔਸਤ ਆਮਦਨ ਕਰੀਬ ਦਸ ਹਜ਼ਾਰ ਪੌਂਡ ਹੈ, ਜੋ ਇੰਗਲੈਂਡ ਨਾਲੋਂ ਅੱਧੀ ਤੋਂ ਥੋੜ੍ਹੀ ਘੱਟ ਹੈ ਪਰ ਲੋਕਾਂ ਦੇ ਰਹਿਣ-ਸਹਿਣ, ਪੁਸ਼ਾਕਾਂ ਅਤੇ ਘਰ ਵੇਖ ਕੇ ਲਗਦਾ ਹੈ ਕਿ ਇਨ੍ਹਾਂ ਦੀ ਜ਼ਿੰਦਗੀ ਦਾ ਮਿਆਰ ਸੋਹਣਾ ਹੈ। ਵੇਖਣ ਨੂੰ ਲੋਕ ਸਿਹਤਮੰਦ ਲਗਦੇ ਹਨ। ਚੀਨੀ ਔਰਤਾਂ ਬਹੁਤ ਪਤਲੇ ਜਿਸਮ ਦੀਆਂ ਹਨ। ਮੋਟੀ ਚੀਨੀ ਔਰਤ ਤਾਂ ਕੋਈ ਦਿਸਦੀ ਹੀ ਨਹੀਂ।

ਗਾਈਡ ਨੇ ਦੱਸਿਆ ਕਿ ਮੁਲਕ, ਟਾਪੂ ਹੋਣ ਕਾਰਨ ਰਹਿਣ ਦੀ ਥਾਂ ਸੀਮਤ ਹੈ। ਬੇਸ਼ੱਕ ਪਿਛਲੇ ਡੇਢ ਸੌ ਸਾਲਾਂ ਵਿਚ ਸਮੁੰਦਰ ਦੇ ਪਾਣੀਆਂ ਨੂੰ ਪਾਸੇ ਕਰਕੇ ਸਮੁੰਦਰ ਦੀ ਜਮੀਨ ਰਿਹਾਇਸ਼ ਲਈ ਬਣਾਈ ਹੋਈ ਹੈ ਪਰ ਸਮੁੰਦਰ ਨੂੰ ਬਹੁਤੇ ਬੰਨ੍ਹ ਮਾਰਨ ਨਾਲ ਇਲਾਕੇ ਵਿਚ ਸਮੁੰਦਰੀ ਪਾਣੀ ਦਾ ਲੈਵਲ ਉਚਾ ਹੋਵੇਗਾ ਜਿਸ ਨਾਲ ਸਾਰੇ ਟਾਪੂ ਨੂੰ ਖਤਰਾ ਪੈਦਾ ਹੋ ਸਕਦਾ ਹੈ। ਇਸੇ ਕਰਕੇ ਇਥੇ ਇਮੀਗਰੇਸ਼ਨ ਕਾਨੂੰਨ ਬਹੁਤ ਸਖਤ ਹਨ। ਬਾਹਰੋਂ ਜਿਹੜੇ ਬੰਦੇ ਮੰਗਾਏ ਜਾਂਦੇ ਹਨ, ਉਹ ਸਿਰਫ ਆਰਜ਼ੀ ਤੌਰ 'ਤੇ, ਸੀਮਤ ਸਮੇਂ ਲਈ। ਵੀਜ਼ੇ ਦਾ ਸਮਾਂ ਖਤਮ ਹੋਣ 'ਤ ਉਨ੍ਹਾਂ ਨੂੰ ਸਖਤੀ ਨਾਲ ਬਾਹਰ ਕੱਢਣ ਦੀ ਵਿਵਸਥਾ ਹੈ।

ਸ਼ਹਿਰ ਵਿਚ ਸੈਰ ਦੌਰਾਨ ਇਕ ਹੋਰ ਨੁਕਤੇ ਨੇ ਸਾਡਾ ਧਿਆਨ ਖਿਚਿਆ। ਉਥੇ ਸਿੰਘਾਪੁਰ ਦੇ ਮੁਲਕ ਦੇ ਤੌਰ 'ਤੇ ਜਨਮ ਦਿਵਸ ਦਾ ਉਤਸਵ। ਥਾਂ-ਥਾਂ ਮੁਲਕ ਦੇ ਜਨਮ ਦਿਵਸ ਦੀ ਵਧਾਈ ਦੇ ਬੈਨਰ ਲੱਗੇ ਹੋਏ ਸਨ। 'ਅਸੀਂ ਸਾਰੇ ਇਕ ਹਾਂ' ਦੇ ਬੈਨਰ ਵੀ ਲੱਗੇ ਹੋਏ ਹਨ। ਹੇਠਾਂ ਵੱਖ-ਵੱਖ ਨਸਲਾਂ ਦੇ ਲੋਕਾਂ ਦੀ ਤਸਵੀਰ।

ਗਾਈਡ ਨੇ ਤਾਂ ਸਿਰਫ ਇਹੋ ਕਿਹਾ ਕਿ ਮੁਲਕ ਵਿਚ ਨਸਲੀ ਤੌਰ 'ਤੇ ਸਦਭਾਵਨਾ ਹੈ। ਲੋਕ ਵੱਖ-ਵੱਖ ਹੋਣ ਦੇ ਬਾਵਜੂਦ ਇਕ ਦੂਜੇ ਨਾਲ ਪਿਆਰ-ਮੁਹੱਬਤ ਨਾਲ ਰਹਿੰਦੇ ਹਨ। ਬਹੁਤ ਹੱਦ ਤਕ ਇਹ ਠੀਕ ਵੀ ਹੈ ਪਰ ਅੰਦਰੂਨੀ ਤੌਰ 'ਤੇ ਮਲੇਅ-ਮੁਸਲਮਾਨਾਂ ਅਤੇ ਚੀਨੀ ਬੋਧੀਆਂ ਵਿਚ ਬਹੁਤ ਤਣਾਉ ਵੀ ਹੈ।

ਮਲੇਸ਼ੀਆ ਦੇ ਮੁਸਲਮਾਨਾਂ ਵਾਂਗ ਸਿੰਘਾਪੁਰ ਦੇ ਮੁਸਲਮਾਨ ਵੀ ਪੜ੍ਹਾਈ ਤੇ ਪ੍ਰੋਫੈਸ਼ਨਲ ਯੋਗਤਾਵਾਂ ਵਿਚ ਚੀਨੀਆਂ ਅਤੇ ਭਾਰਤੀਆਂ ਤੋਂ ਬਹੁਤ ਪਿੱਛੇ ਹਨ। ਮਲੇਸ਼ੀਆ ਗੁਆਂਢੀ ਮੁਲਕ ਹੋਣ ਕਾਰਨ ਉਥੋਂ ਦੀ ਸਿਆਸਤ ਦਾ ਵੀ ਸਿੰਘਾਪੁਰ ਦੀ ਸਿਆਸਤ ਅਤੇ ਕੌਮਾਂਤਰੀ ਸਬੰਧਾਂ 'ਤੇ ਅਸਰ ਪੈਂਦਾ ਹੈ।

ਇਹ ਹਕੀਕਤ ਹੈ ਕਿ ਸਿੰਘਾਪੁਰ ਵਿਚ ਚੀਨੀ ਬਹੁ-ਗਿਣਤੀ ਅਤੇ ਮੁਸਲਮਾਨ ਘੱਟ-ਗਿਣਤੀ ਹਨ ਪਰ ਮਲੇਸ਼ੀਆ ਵਿਚ ਇਸ ਤੋਂ ਉਲਟ ਹੈ। ਲੋਕ ਪਬਲਿਕ ਤੌਰ 'ਤੇ ਕਹਿੰਦੇ ਨਹੀਂ ਪਰ ਮਲੇਸ਼ੀਆ ਵਿਚ ਰਹਿੰਦਿਆਂ ਅੰਦਰੋ-ਅੰਦਰੀ ਚੀਨੀ ਮਹਿਸੂਸ ਕਰਦੇ ਹਨ ਕਿ ਮੁਸਲਮਾਨ ਉਨ੍ਹਾਂ ਨਾਲ ਧੱਕਾ ਕਰਦੇ ਹਨ। ਮਿਸਾਲ ਵਜੋਂ ਮੈਰਿਟ ਪੱਖੋਂ ਬਹੁਤ ਅੱਗੇ ਹੁੰਦੇ ਹਨ ਪਰ ਉਨ੍ਹਾਂ ਨੂੰ ਯੂਨੀਵਰਸਿਟੀਆਂ ਵਿਚ ਦਾਖਲਾ ਨਹੀਂ ਮਿਲਦਾ, ਕਿਉਂਕਿ ਬਹੁਤੀਆਂ ਸੀਟਾਂ ਮੁਸਲਮਾਨ ਬੱਚਿਆਂ ਲਈ ਰਾਖਵੀਆਂ ਹੁੰਦੀਆਂ ਹਨ।

ਇਹੋ ਹਾਲਤ ਸਿੰਘਾਪੁਰ ਵਿਚ ਦੋਹਾਂ ਗਰੁਪਾਂ ਵਿਚ ਅੰਦਰੋ-ਅੰਦਰੀ ਤਣਾਉ ਪੈਦਾ ਕਰਦੇ ਹਨ। ਭਾਰਤੀ ਲੋਕ ਦੋਹਾਂ ਮੁਲਕਾਂ ਵਿਚ ਹੀ ਘੱਟ-ਗਿਣਤੀ ਵਿਚ ਹਨ ਪਰ ਆਪਣੀ ਕਾਬਲੀਅਤ ਅਤੇ ਵਪਾਰਕ ਯੋਗਤਾ ਕਾਰਨ ਆਪਣੀ ਵੱਖਰੀ ਹੋਂਦ ਬਣਾਉਣ ਵਿਚ ਸਫਲ ਹਨ।

ਸਾਡਾ ਟੂਰ ਮਰਲਿਨ ਪਾਰਕ ਤੋਂ ਸ਼ੁਰੂ ਹੋ ਕੇ ਬੌਟੈਨੀਕਲ ਗਾਰਡਨ ਤੀਕ ਪਹੁੰਚਿਆ। ਸੈਂਕੜੇ ਏਕੜਾਂ ਵਿਚ ਫੈਲਿਆ ਪਾਰਕ ਫੁੱਲਾਂ, ਪੌਦਿਆਂ ਅਤੇ ਰੁੱਖਾਂ ਦਾ ਬਾਗ ਹੈ, ਜੋ ਅੱਜ ਤੀਕ ਬਹੁਤ ਖੂਬਸੂਰਤ ਢੰਗ ਨਾਲ ਸਾਂਭਿਆ ਹੋਇਆ ਹੈ।

ਦੂਜੀ ਵੱਡੀ ਜੰਗ ਵਿਚ ਮਾਰੇ ਗਏ ਵੀਹ ਹਜ਼ਾਰ ਲੋਕਾਂ ਦੀ ਯਾਦ ਵਿਚ ਬਣਾਇਆ ਕ੍ਰਾਂਤੀ ਮੈਮੋਰੀਅਲ ਵੀ ਵੇਖਿਆ। ਚੀਨੀ ਸਭਿਅਤਾ, ਮਿਥਿਹਾਸ, ਫੋਕਲੋਰ ਦਾ ਅਜਾਇਬਘਰ 'ਹਾਅ ਪਾਰ ਵਿਲਾ' ਵੀ ਵੇਖਣਯੋਗ ਹੈ ਪਰ ਸਾਡੇ ਕੋਲ ਸਮਾਂ ਨਾ ਹੋਣ ਕਾਰਨ ਅਸੀਂ ਬਾਹਰੋਂ ਗੇੜਾ ਮਾਰ ਕੇ ਮੁੜ ਆਏ। ਦਰਅਸਲ ਐਨੇ ਮਿਊਜ਼ੀਅਮ, ਹੈਰੀਟੇਜ ਸੈਂਟਰ, ਥੀਏਟਰ, ਰੰਗਮੰਚ ਅਤੇ ਹੋਰ ਇਤਿਹਾਸਕ ਥਾਂਵਾਂ ਹਨ ਕਿ ਆਮ ਸੈਲਾਨੀ ਨੂੰ ਕਈ ਹਫਤੇ ਚਾਹੀਦੇ ਹਨ, ਇਨ੍ਹਾਂ ਨੂੰ ਵੇਖਣ ਲਈ।

ਸਿੰਘਾਪੁਰ ਦਾ ਮੁੱਢ ਭਾਰਤੀ ਧਰਤੀ ਤੋਂ ਹੀ ਸ਼ੁਰੂ ਹੋਇਆ। ਸਿੰਘਾਪੁਰ ਨਾਂ ਹੀ ਦਸਦਾ ਹੈ ਕਿ ਇਹ 'ਸਿੰਘਾਂ' ਦਾ ਸ਼ਹਿਰ ਹੈ। ਮੈਰਲਿਨ ਪਾਰਕ ਕੋਲ ਸਮੁੰਦਰ ਦੇ ਕੰਢੇ ਸ਼ੇਰਾਂ ਦੇ ਬੁੱਤ ਲੱਗੇ ਹੋਏ ਹਨ, ਜਿਨ੍ਹਾਂ ਦੇ ਮੂੰਹਾਂ ਵਿਚੋਂ ਪਾਣੀ ਦੇ ਝਰਨੇ ਨਿਕਲਦੇ ਹਨ। ਬਾਅਦ ਵਿਚ ਬੇਸ਼ੱਕ ਲੋਕ ਬੋਧੀ ਹੋ ਗਏ ਅਤੇ ਮੁਗਲਾਂ ਸਮੇਂ ਇਸਲਾਮ ਇਸ ਇਲਾਕੇ ਵਿਚ ਵੀ ਫੈਲ ਗਿਆ ਪਰ ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਅਸਰ ਅੱਜ ਵੀ ਪ੍ਰਤੱਖ ਦਿਸਦਾ ਹੈ।

ਮੁਲਕ ਦਾ ਸਭ ਤੋਂ ਸ਼ਾਨਦਾਰ ਅਤੇ ਸ਼ਾਹੀ ਹੋਟਲ 'ਰੈਫਲਜ਼ ਹੋਟਲ' ਉਸ ਅੰਗਰੇਜ਼ ਸਰ ਥੋਮਸ ਸਟੈਮਫਰਡ ਰੈਫਲਜ਼ ਦੇ ਨਾਂ 'ਤੇ ਬਣਿਆ, ਜੋ ਈਸਟ ਇੰਡੀਆ ਕੰਪਨੀ ਦਾ ਪਹਿਲਾ ਕਰਮਚਾਰੀ ਬਣ ਕੇ ਇਥੇ ਆਇਆ ਸੀ। ਸੌ ਸਾਲ ਪੁਰਾਣਾ ਹੋਟਲ ਵੀ ਬਹੁਤ ਖੁੱਲ੍ਹੀ ਇਮਾਰਤ ਹੈ, ਜੋ ਵੱਡੀ ਮਾਰਕੀਟ ਵੀ ਹੈ। ਚਾਰੇ ਪਾਸੇ ਚਿੱਟੇ ਰੰਗ ਦਾ ਬਰਾਮਦਾ। ਪਿਛਲੇ ਪਾਸੇ ਮਾਰਕੀਟ, ਦੁਕਾਨਾਂ, ਬੁਟੀਕ ਅਤੇ ਰੈਸਟੋਰੈਂਟ ਹਨ। ਮੂਹਰਲੇ ਪਾਸੇ ਹੋਟਲ ਦਾ ਰਿਸੈਪਸ਼ਨ ਹਾਲ ਹੈ, ਜਿਥੇ ਤਕੜਾ ਪਗੜੀਧਾਰੀ ਸਲੂਟ ਮਾਰ ਕੇ ਤੁਹਾਡਾ ਸਵਾਗਤ ਕਰਦਾ ਹੈ। ਅਸੀਂ ਜਦੋਂ ਹੋਟਲ ਪਹੁੰਚੇ ਤਾਂ ਉਹਦੇ ਨਾਲ ਹੱਥ ਵੀ ਮਿਲਾਇਆ। ਉਹਨੇ ਦੱਸਿਆ, ਉਹਦਾ ਨਾਂ ਸੁਰਜੀਤ ਸਿੰਘ ਹੈ। ਪਿਛਾ ਅੰਮ੍ਰਿਤਸਰ ਜ਼ਿਲ੍ਹੇ ਦਾ ਪਰ ਆਪ ਉਹ ਸਿੰਘਾਪੁਰ ਦਾ ਹੀ ਜੰਮਪਲ ਹੈ।

ਹੋਟਲ ਦੇ ਅੰਦਰ ਅੱਜ ਤੀਕ ਈਸਟ ਇੰਡੀਆ ਕੰਪਨੀ ਦੇ ਡਾਇਰੈਕਟਰਾਂ ਦੇ ਦਫਤਰ ਮੌਜੂਦ ਹਨ। 'ਲੌਂਗ ਬਾਰ' ਅਤੇ ਰੈਫਲ ਗਰਿਲ ਅੱਜ ਵੀ ਮਸ਼ਹੂਰ ਹਨ। ਲੌਂਗ ਬਾਰ ਵਿਚ ਬੀਅਰ, ਵਿਸਕੀ ਪੀਂਦਿਆਂ ਉਨ੍ਹਾਂ ਦਿਨਾਂ ਦੇ ਪਿਅਕੜ ਅੰਗਰੇਜ਼ ਮੂੰਗਫਲੀ ਖਾ ਕੇ ਛਿਲਕਾ ਫਰਸ਼ 'ਤੇ ਸੁੱਟੀ ਜਾਂਦੇ ਸਨ। ਅੱਜ ਵੀ ਜਦੋਂ ਤੁਸੀਂ ਉਥੇ ਡਰਿੰਕ ਲਈ ਜਾਉ ਤਾਂ ਤੁਹਾਡੇ ਕੋਲੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਮੂੰਗਫਲੀ ਅਤੇ ਹੋਰ ਗਿਰੀਆਂ ਵਾਲੇ ਫਰੂਟ ਖਾ ਕੇ ਛਿਲਕੇ ਹੇਠਾਂ ਸੁੱਟੀ ਜਾਉ। ਬਾਅਦ ਦੁਪਹਿਰ ਦੀ ਚਾਹ ਨੂੰ 'ਹਾਈ ਟੀ' ਕਹਿੰਦੇ ਸਨ। ਅੱਜ ਵੀ ਤੁਸੀਂ ਇਸ ਹੋਟਲ ਵਿਚ ਜੇ ਨਹੀਂ ਵੀ ਰਹਿੰਦੇ ਤਾਂ 'ਹਾਈ ਟੀ' ਵਾਸਤੇ ਜਾ ਸਕਦੇ ਹੋ। ਚਿੱਟੇ ਦਸਤਾਨਿਆਂ ਵਾਲੇ ਬਾ-ਵਰਦੀ ਬਹਿਰੇ ਚੀਨੀ ਦੇ ਕੱਪਾਂ-ਪਲੇਟਾਂ ਅਤੇ ਕੇਤਲੀਆਂ ਵਿਚ ਚਾਹ ਪਿਆਉਂਦੇ ਹਨ। ਲੌਂਗ ਬਾਰ ਦੇ ਪਿਛੇ ਗਾਰਡਨ ਬਾਰ ਹੈ, ਜਿਥੇ ਚਾਰ-ਚੁਫੇਰੇ ਪੌਦੇ ਅਤੇ ਫੁੱਲ ਲੱਗੇ ਹੋਏ ਹਨ। ਲੱਕੜ ਦੀ ਛੱਤ ਨਾਲ ਪੱਖੇ ਲਮਕੇ ਹੋਏ ਹਨ ਅਤੇ ਬਾ-ਵਰਦੀ ਬਹਿਰੇ ਹੋਟਲ ਮਹਿਮਾਨਾਂ ਦੀ ਸੇਵਾ ਕਰਦੇ ਹਨ।

ਹੋਟਲ ਦਾ ਪੂਰਾ ਮਾਹੌਲ ਬਸਤੀਵਾਦੀ ਹੈ। ਉਨ੍ਹਾਂ ਸਮਿਆਂ ਦੀਆਂ ਵਸਤਾਂ ਅੱਜ ਵੀ ਵਿਕਦੀਆਂ ਹਨ। ਹਰ ਪਾਸੇ ਨੌਕਰ-ਸੇਵਕ। ਤੁਸੀਂ ਜੋ ਹੁਕਮ ਕਰੋ, ਹਾਜ਼ਰ ਕੀਤਾ ਜਾਂਦਾ ਹੈ। ਇਹ ਹੋਟਲ ਆਪਣੇ ਆਪ ਵਿਚ ਵੱਖਰਾ ਸੰਸਾਰ ਹੈ। ਇਸੇ ਲਈ ਇਥੇ ਲੋਕ ਕਹਿੰਦੇ ਹਨ, "ਜੀਹਨੇ ਰੈਫਲਜ਼ ਨਹੀਂ ਵੇਖਿਆ, ਉਹਨੇ ਸਿੰਘਾਪੁਰ ਨਹੀਂ ਵੇਖਿਆ।" ਪਰ ਇਸ ਹੋਟਲ ਵਿਚ ਰਹਿਣ ਦੀ ਕੀਮਤ ਨਾ ਹੀ ਪੁੱਛੋ ਤਾਂ ਚੰਗਾ ਹੈ, ਕਿਉਂਕਿ ਪਾਠਕ ਨੂੰ ਯਕੀਨ ਨਹੀਂ ਆਉਣਾ ਕਿ ਇਹ ਕਿੰਨਾ ਮਹਿੰਗਾ ਹੈ।

ਲੰਡਨ ਵਿਚ ਰਹਿੰਦੇ ਸਾਡੇ ਇਕ ਮਿੱਤਰ ਨੇ ਕਿਹਾ ਸੀ ਕਿ ਸਿੰਘਾਪੁਰ ਵਿਚ 'ਸੰਤੋਸਾ ਪਾਰਕ' ਜ਼ਰੂਰ ਵੇਖੀਏ। ਅਗਲੇ ਦਿਨ ਅਸੀਂ ਨਾਸ਼ਤੇ ਮਗਰੋਂ ਟੈਕਸੀ ਕੀਤੀ ਤੇ ਉਥੇ ਪਹੁੰਚ ਗਏ। ਸੰਤੋਸਾ ਅਸਲ ਵਿਚ ਸਿੰਘਾਪੁਰ ਨਾਲ ਲੱਗਦੇ ਛੋਟੇ ਜਿਹੇ ਟਾਪੂ ਦਾ ਨਾਂ ਹੈ, ਜੋ ਸਿੰਘਾਪੁਰ ਤੋਂ ਵੀ ਬਹੁਤ ਛੋਟਾ ਹੈ। ਦੋਹਾਂ ਟਾਪੂਆਂ ਵਿਚਾਲੇ ਤਿੰਨ ਕੁ ਫਰਲਾਂਗ ਦਾ ਸਮੁੰਦਰੀ ਫਾਸਲਾ ਹੈ। ਆਜ਼ਾਦੀ ਤੋਂ ਪਹਿਲਾਂ ਤਾਂ ਸਿਰਫ ਛੋਟੀਆਂ ਕਿਸ਼ਤੀਆਂ ਰਾਹੀਂ ਹੀ ਸਫਰ ਹੁੰਦਾ ਸੀ ਪਰ ਹੁਣ ਸੜਕ ਦਾ ਪੁਲ ਅਤੇ ਰੇਲ (ਸਕਾਈਟ੍ਰੇਨ) ਵੀ ਬਣ ਗਈ ਹੈ। ਇਸ ਤੋਂ ਬਿਨਾ ਸੈਲਾਨੀਆਂ ਦੀ ਮੌਜ ਵਾਸਤੇ ਕੇਬਲ ਕਾਰ ਵੀ ਹੈ।

ਇਹ ਸਾਰਾ ਟਾਪੂ ਹੀ ਮਨਪਰਚਾਵੇ ਦਾ ਪਾਰਕ ਹੈ; ਡਿਜ਼ਨੀਲੈਂਡ ਵਾਂਗ। ਅੰਦਰ ਹੋਟਲ, ਪੱਬ, ਬਾਰਾਂ ਅਤੇ ਮਨਪਰਚਾਵੇ ਦਾ ਹਰ ਸਮਾਨ। ਬੱਚਿਆਂ ਲਈ ਨਵੀਆਂ ਤੋਂ ਨਵੀਆਂ ਰਾਈਡਾਂ ਅਤੇ ਬਾਲਗਾਂ ਲਈ ਜੂਏ ਤੋਂ ਲੈ ਕੇ ਗੌਲਫ ਖੇਲ੍ਹਣ ਦੀਆਂ ਸਹੂਲਤਾਂ। ਬਸ, ਪੈਸਾ ਚਾਹੀਦਾ। ਪੱਬਾਂ ਵਿਚੋਂ 'ਬਿਕਨੀ ਬਾਰ' ਮਸ਼ਹੂਰ ਹੈ ਜਿਥੇ ਕੁੜੀਆਂ ਸਿਰਫ ਆਪਣੇ ਛੋਟੇ ਅੰਦਰੂਨੀ ਲਿਬਾਸ ਵਿਚ ਚਾਹ-ਪਾਣੀ ਦੀ ਸੇਵਾ ਕਰਦੀਆਂ ਹਨ।




**ਬੇਹੱਦ ਮਹਿੰਗਾ ਹੋਟਲ ਰੈਫਲਜ਼।**

ਪਾਰਕ ਐਨਾ ਵੱਡਾ ਹੈ ਕਿ ਤੁਰ ਕੇ ਸਾਰਾ ਨਹੀਂ ਵੇਖਿਆ ਜਾ ਸਕਦਾ। ਅੰਦਰ ਹੀ ਇਕ-ਦੋ ਡੱਬਿਆਂ ਵਾਲੀ ਟਰੈਮ ਵਰਗੀ ਗੱਡੀ ਚਲਦੀ ਹੈ, ਜੋ ਸੈਲਾਨੀਆਂ ਲਈ ਮੁਫਤ ਹੈ। ਇਸ ਟਰੈਮ ਰਾਹੀਂ ਤੁਸੀਂ ਵੱਖ-ਵੱਖ ਖੇਡਾਂ ਅਤੇ ਥਾਂਵਾਂ 'ਤੇ ਜਾ ਸਕਦੇ ਹੋ। ਇਸੇ ਤਰ੍ਹਾਂ ਸਮੁੰਦਰੀ ਡੌਲਫਿਨਜ਼ ਨਾਲ ਤਰਨ ਦੇ ਨਜ਼ਾਰੇ ਹਨ। ਸਮੁੰਦਰ ਹੇਠਾਂ ਸ਼ੀਸ਼ੇ ਦੇ ਪਿੰਜਰੇ ਵਿਚ ਬਹਿ ਕੇ ਜਾਣ ਦਾ ਇੰਤਜ਼ਾਮ ਵੀ ਹੈ। ਇਸ ਪਾਰਕ ਵਿਚ ਰਾਤ ਸਮੇਂ ਜਾਣ ਵਾਲੇ ਦੱਸਦੇ ਹਨ ਕਿ ਸਮਝੋ, ਸਵਰਗ ਦਾ ਝਉਲਾ ਪੈਂਦਾ ਹੈ। ਰੰਗ-ਬਰੰਗੀਆਂ ਰੌਸ਼ਨੀਆਂ ਕੁਦਰਤ ਦੇ ਨਜ਼ਾਰੇ, ਆਸੇ-ਪਾਸੇ ਦਾ ਸਮੁੰਦਰ ਅਤੇ ਲੋਕਾਂ ਦੇ ਮਨ-ਪਰਚਾਵੇ ਦੀ ਹਰ ਤਰ੍ਹਾਂ ਦੀ ਖੇਡ, ਖੁਰਾਕ ਅਤੇ ਮੌਜ-ਮੇਲਾ।

ਖਾਣੇ ਦੀ ਮੇਜ਼ 'ਤੇ ਬੈਠਿਆਂ ਸਵੇਰ-ਸ਼ਾਮ ਨਾਲ ਦੇ ਮਹਿਮਾਨਾਂ ਨਾਲ ਕਈ ਤਰ੍ਹਾਂ ਦੇ ਮਸਲਿਆਂ 'ਤੇ ਗੱਲਬਾਤ ਚਲਦੀ ਰਹਿੰਦੀ। ਸਿੰਘਾਪੁਰ ਫਿਰਦਿਆਂ ਮਨ ਵਿਚ ਕਈ ਸੁਆਲ ਉਠੇ। ਕਿਵੇਂ 1819 ਮਗਰੋਂ ਦੇ 190 ਸਾਲਾਂ ਵਿਚ ਇਸ ਟਾਪੂ ਦੀ ਦਲਦਲੀ ਜ਼ਮੀਨ ਬਹਿਸ਼ਤ ਬਣੀ ਪਈ ਹੈ।

ਇਸ ਸੁਆਲ ਦਾ ਜਵਾਬ ਔਖਾ ਨਹੀਂ। ਇਤਿਹਾਸ 'ਤੇ ਲੰਮੀ ਨਿਗ੍ਹਾ ਮਾਰੀਏ ਤਾਂ ਸਮਝ ਪੈਂਦਾ ਹੈ ਕਿ ਸਿੰਘਾਪੁਰ ਬਰਤਾਨੀਆ ਦੇ ਸਾਮਰਾਜੀ ਰਾਜ ਦੀ ਹੀ ਪੈਦਾਵਾਰ ਹੈ। ਦਰਅਸਲ, ਇਹੋ ਜਿਹੇ ਸ਼ਹਿਰ-ਮੁਲਕ ਵੇਖ ਕੇ ਬਰਤਾਨਵੀ ਸਾਮਰਾਜ ਦੇ ਮਾਡਲ ਦੀ ਸਮਝ ਪੈਂਦੀ ਹੈ। ਇਸ ਮਾਡਲ ਦਾ ਆਪਣਾ ਡਿਜ਼ਾਈਨ ਸੀ, ਜੋ ਅੰਗਰੇਜ਼ਾਂ ਦੇ ਨਾਲ-ਨਾਲ ਹਰ ਮੁਲਕ ਵਿਚ ਪਹੁੰਚਿਆ ਜਿਥੇ ਵੀ ਉਨ੍ਹਾਂ ਹਕੂਮਤ ਕੀਤੀ।

ਆਪਣੀ ਵਧਦੀ ਫੌਜੀ ਅਤੇ ਸਨਅਤੀ ਸ਼ਕਤੀ ਦੇ ਬਲਬੂਤੇ ਅੰਗਰੇਜ਼ 17ਵੀਂ ਸਦੀ ਮਗਰੋਂ ਨਵੀਆਂ ਮੰਡੀਆਂ ਅਤੇ ਮੁਲਕਾਂ ਦੀ ਤਲਾਸ਼ ਵਿਚ ਬਾਹਰ ਨਿਕਲੇ। ਨਵੇਂ ਮੁਲਕ ਅਤੇ ਛੋਟੇ-ਮੋਟੇ ਟਾਪੂ ਬਸ ਮੱਲ ਹੀ ਲਏ। ਫੌਜੀ ਤਾਕਤ ਐਨੀ ਸੀ ਕਿ ਯੂਰਪ ਤੋਂ ਬਾਹਰ ਬੈਠੇ ਕਮਜ਼ੋਰ ਅਤੇ ਨਿਕੰਮੇ ਨਿਜ਼ਾਮ ਉਨ੍ਹਾਂ ਸਾਹਮਣੇ ਅੜਨ ਜੋਗੇ ਨਹੀਂ ਸਨ।

ਪਹਿਲਾਂ ਨਵੀਂ ਥਾਂ ਪਹੁੰਚ ਕਿਲ੍ਹਾ ਬਣਾਉਂਦੇ। ਸਿੰਘਾਪੁਰ ਦਾ ਪੁਰਾਣਾ 'ਫੋਰਟ ਕੈਨਿੰਗ' ਹਾਲੇ ਵੀ ਮੌਜੂਦ ਹੈ। ਨਾਲ ਉਸਾਰਦੇ ਫੌਜੀ ਛਾਉਣੀ। ਇਸ ਫੌਜੀ ਤਾਕਤ ਦੀ ਸੁਰੱਖਿਆ ਵਿਚ ਵਪਾਰੀ ਕੰਪਨੀਆਂ ਪਹੁੰਚ ਜਾਂਦੀਆਂ। ਨਾਲ ਹੀ ਬੈਂਕਾਂ, ਇੰਸ਼ੋਰੈਂਸ ਕੰਪਨੀਆਂ, ਜਹਾਜ਼ ਕੰਪਨੀਆਂ ਅਤੇ ਸਟਾਕ ਐਕਸਚੇਂਜ ਖੁਲ੍ਹ ਜਾਂਦਾ। ਇਸ ਧੰਦੇ ਨੂੰ ਨਿਯਮਬੱਧ ਕਰਨ ਲਈ ਸਰਕਾਰੀ ਅਦਾਰੇ, ਗਵਰਨਰ, ਹੋਰ ਅਮਲਾ-ਫੈਲਾ ਤੇ ਨਿਆਂਪਾਲਿਕਾ। ਸਥਾਨਕ ਪੱਧਰ ਉਤੇ ਟਾਊਨ ਹਾਲ। ਹੌਲੀ-ਹੌਲੀ ਰੇਲ ਕੰਪਨੀਆਂ ਪਹੁੰਚ ਜਾਂਦੀਆਂ।

ਸਭਿਆਚਾਰ ਪੱਖੋਂ ਪਹਿਲੇ ਗਿਰਜਾ ਬਣਦਾ। ਫਿਰ ਓਪੇਰਾ ਹਾਊਸ, ਥੀਏਟਰ, ਰੇਸ ਕੋਰਸ ਅਤੇ ਕ੍ਰਿਕਟ ਗਰਾਊਂਡ। ਅੰਗਰੇਜ਼ੀ ਜ਼ੁਬਾਨ ਅਤੇ ਭਾਸ਼ਾ ਦੇ ਵਿਕਾਸ ਲਈ ਸਕੂਲ ਅਤੇ ਕਾਲਜ ਖੁੱਲ੍ਹ ਜਾਂਦੇ।

ਇਸ ਵਿਆਪਕ ਸਾਮਰਾਜੀ ਪਸਾਰੇ ਵਿਚ ਨਵੇਂ ਮੁਲਕ ਅਤੇ ਸ਼ਹਿਰ ਦੀ ਨੁਹਾਰ ਬਦਲ ਜਾਂਦੀ। ਪਿੰਡਾਂ-ਥਾਂਵਾਂ ਅਤੇ ਸੜਕਾਂ ਦੇ ਨਾਂ ਵੀ ਸਿੰਘਾਪੁਰ ਵਿਚ ਅੰਗਰੇਜ਼ੀ ਵਿਚ ਹਨ। ਵਿਕਟੋਰੀਆ ਜੌਰਜ ਅਤੇ ਚਰਚ ਰੋਡ। ਮਲਕਾ ਵਿਕਟੋਰੀਆ ਦਾ ਜੋ ਬੁੱਤ ਮੈਂ ਮੋਗੇ ਵੇਖਿਆ ਸੀ, ਉਹੀ ਬੁੱਤ ਇਨ-ਬਿਨ ਅਸੀਂ ਕੇਪ ਟਾਊਨ, ਮਾਲਟਾ, ਸਾਈਪ੍ਰਸ, ਕੈਨੇਡਾ ਅਤੇ ਹੁਣ ਸਿੰਘਾਪੁਰ ਵਿਚ ਵੇਖਿਆ।

ਜਿਥੇ ਜਿਥੇ ਅੰਗਰੇਜ਼ ਗਏ, ਉਥੇ ਉਨ੍ਹਾਂ ਦੇ ਫੌਜੀ ਨਾਇਕਾਂ ਦੇ ਨਾਂਵਾਂ 'ਤੇ ਸੜਕਾਂ ਅਤੇ ਪਬਲਿਕ ਥਾਂਵਾਂ ਦੇ ਨਾਂ ਜ਼ਰੂਰ ਹੋਣਗੇ। ਮਿਸਾਲ ਵਜੋਂ ਐਲਨਬੀ, ਕੈਨਿੰਗ, ਹੈਵਲੌਕ, ਨੇਪੀਅਰ, ਮੌਂਟਗੁਮਰੀ ਆਦਿ।

ਹੋਟਲਾਂ ਦੇ ਸਟਾਫ ਨਾਲ ਇੰਨੇ ਥੋੜ੍ਹੇ ਸਮੇਂ ਵਿਚ ਹੀ ਸਾਂਝਾਂ ਬਣਨ ਲੱਗ ਪੈਂਦੀਆਂ ਹਨ। ਡਾਈਨਿੰਗ ਹਾਲ ਵਿਚ ਬੈਠਦਿਆਂ ਹੀ ਬੀਬੀਆਂ ਆਪੇ ਪੁੱਛਣ ਲੱਗ ਪੈਂਦੀਆਂ ਕਿ ਫਿਰ ਉਹ ਡਰਿੰਕ ਲਉਗੇ, ਉਹੋ ਖਾਣਾ ਖਾਉਗੇ? ਇਕ ਰਾਤ ਸਾਨੂੰ ਥਕਾਵਟ ਕਾਰਨ ਘਬਰਾਹਟ ਜਿਹੀ ਹੋਈ ਤਾਂ ਅਸੀਂ ਸੋਚਿਆ ਕਿ ਹੋਟਲ ਦੇ ਬਾਹਰ ਤਾਜ਼ੀ ਹਵਾ ਵਿਚ ਗੇੜਾ ਲਾਈਏ। ਸਮਾਂ ਅੱਧੀ ਰਾਤ ਤੋਂ ਉਤੇ ਹੋ ਚੁਕਾ ਸੀ। ਅਸੀਂ ਹੇਠਾਂ ਲੌਬੀ ਵਿਚ ਆਏ ਤਾਂ ਰਿਸੈਪਸ਼ਨ ਦੇ ਕਰਮਚਾਰੀ ਨਾਲ ਆਪਣੀ ਪ੍ਰੇਸ਼ਾਨੀ ਸਾਂਝੀ ਕੀਤੀ। ਉਹ ਕਹਿਣ ਲੱਗੇ, ਜੇ ਚਾਹੋ ਤਾਂ ਡਾਕਟਰ ਮੰਗਵਾ ਦੇਈਏ। ਐਸੀ ਕੋਈ ਲੋੜ ਨਹੀਂ ਸੀ ਪਰ ਸਟਾਫ ਦੀ ਹਰ ਪੱਖੋਂ ਸੇਵਾ ਵੇਖ ਕੇ ਮਨ ਬਹੁਤ ਖੁਸ਼ ਹੋਇਆ।

---

**ਕਹਾਣੀ**

# ਭੇਤ ਦੀ ਗੱਲ


**ਸੁਪਿੰਦਰ ਸਿੰਘ ਰਾਣਾ**
ਫੋਨ: 91-98152-33232


ਦੋਸਤ ਦਾ ਫੋਨ ਆਇਆ, ਘਰ ਦੀ ਸੁੱਖ ਸਾਂਦ ਪੁੱਛਣ ਮਗਰੋਂ ਉਹ ਆਖਣ ਲੱਗਾ ਕਿ ਉਨ੍ਹਾਂ ਨੇ ਨਵੀਂ ਫੈਕਟਰੀ ਲਾਈ ਹੈ, ਫਲਾਣੀ ਤਾਰੀਖ ਨੂੰ ਉਦਘਾਟਨ ਹੈ। ਇਹ ਕਹਿੰਦਿਆਂ ਉਸ ਨੇ ਪਰਿਵਾਰ ਸਣੇ ਦਰਸ਼ਨ ਦੇਣ ਦੀ ਬੇਨਤੀ ਕੀਤੀ। ਫੋਨ ਤੋਂ ਬਾਅਦ ਉਸ ਨਾਲ ਬਿਤਾਇਆ ਵਕਤ ਯਾਦ ਆ ਗਿਆ। ਮੇਰੇ ਦੋਸਤ ਦੇ ਪਿਤਾ ਜੀ ਦਾ ਨਾਮ ਭਾਵੇਂ ਪ੍ਰੇਮ ਸੀ ਪਰ ਉਨ੍ਹਾਂ ਦਾ ਸੁਭਾਅ ਨਾਮ ਤੋਂ ਥੋੜ੍ਹਾ ਵੱਖਰਾ ਸੀ। ਜ਼ੁਬਾਨ 'ਤੇ ਮਿਠਾਸ ਘੱਟ, ਗੁੱਸਾ ਵਧੇਰੇ ਹੁੰਦਾ। ਸਰੀਰ ਭਾਵੇਂ ਸ਼ੂਗਰ ਦਾ ਮਰੀਜ਼ ਬਣ ਗਿਆ ਸੀ ਤੇ ਪੈਰ ਵੀ ਅੱਧਾ ਕੱਟਿਆ ਗਿਆ ਸੀ ਪਰ ਅਜੇ ਵੀ ਉਹ ਕਿਸੇ ਤੋਂ ਕੋਈ ਗੱਲ ਅਖਵਾ ਕੇ ਰਾਜ਼ੀ ਨਹੀਂ ਸਨ।

ਤਿੰਨ ਕੁ ਦਹਾਕੇ ਪਹਿਲਾਂ ਇਹ ਪਰਿਵਾਰ ਜ਼ਿਲ੍ਹਾ ਗੁਰਦਾਸਪੁਰ ਦੇ ਸ਼ਹਿਰ ਧਾਰੀਵਾਲ ਤੋਂ ਆ ਕੇ ਚੰਡੀਗੜ੍ਹ ਵਿਚ ਕਰਿਆਨੇ ਦੀ ਦੁਕਾਨ ਕਰਨ ਲੱਗ ਪਿਆ ਸੀ। ਦੁਕਾਨ ਵੀ ਕਾਹਦੀ, ਕਿਸੇ ਮਕਾਨ ਦੇ ਛੋਟੇ ਜਿਹੇ ਸਟੋਰ ਵਿਚ ਇਨ੍ਹਾਂ ਦੀ ਹੱਟੀ ਹੁੰਦੀ ਸੀ। ਮਕਾਨ ਵੀ ਕਿਰਾਏ ਦਾ ਸੀ। ਜਦੋਂ ਦੋਸਤ ਦੁਕਾਨ 'ਤੇ ਬੈਠਦਾ ਹੁੰਦਾ ਤਾਂ ਉਹ ਪੰਜਾਹ ਪੈਸੇ ਜਾਂ ਰੁਪਏ ਦੀ ਪ੍ਰਵਾਹ ਨਹੀਂ ਸੀ ਕਰਦਾ ਹੁੰਦਾ ਸਗੋਂ ਕਈਆਂ ਨੂੰ ਤਾਂ ਉਧਾਰ ਵੀ ਦੇ ਦਿੰਦਾ। ਇਸ ਦੇ ਉਲਟ ਉਸ ਦੇ ਪਿਤਾ ਜੀ ਗਾਹਕ ਨੂੰ ਪੰਜਾਹ ਪੈਸੇ ਪਿੱਛੇ ਵੀ ਟੋਕ ਦਿੰਦੇ।

ਦੋਸਤ ਦੇ ਭਰਾ ਦਾ ਸੁਭਾਅ ਵੀ ਆਪਣੇ ਪਿਤਾ ਵਰਗਾ ਸੀ। ਦੋਸਤ ਕਈ ਵਾਰ ਕਿਸੇ ਗਰੀਬ ਗੁਰਬੇ ਦੀ ਮਦਦ ਵੀ ਕਰ ਦਿੰਦਾ। ਉਸ ਦੇ ਪਿਤਾ ਜੀ ਨੂੰ ਇਹ ਪਸੰਦ ਨਹੀਂ ਸੀ। ਉਸ ਦੇ ਪਿਤਾ ਜੀ ਮੈਨੂੰ ਵੀ ਕਈ ਵਾਰ ਆਖ ਦਿੰਦੇ ਕਿ ਭਾਈ! ਆਪਣੇ ਦੋਸਤ ਨੂੰ ਸਮਝਾਇਆ ਕਰ, ਇਹ ਬਹੁਤਾ ਹੀ ਦਾਨਵੀਰ ਬਣਿਆ ਬੈਠਾ ਹੈ, ਮਾੜੇ ਸਮੇਂ ਆਪਣੇ ਵੀ ਸਾਥ ਛੱਡ ਦਿੰਦੇ ਹੁੰਦੇ।

ਦੋਸਤ ਦੇ ਪਿਤਾ ਦੀ ਇਕ ਸਿਫਤ ਸੀ ਕਿ ਜਦੋਂ ਵੀ ਮਕਾਨ ਮਾਲਕ ਨੇ ਦੁਕਾਨ ਜਾਂ ਮਕਾਨ ਖਾਲੀ ਕਰਨ ਲਈ ਕਹਿਣਾ, ਉਨ੍ਹਾਂ ਦੇਰ ਨਾ ਲਾਉਣੀ ਸਗੋਂ ਸਮੇਂ ਤੋਂ ਪਹਿਲਾਂ ਸਪੁਰਦਗੀ ਮਾਲਕ ਨੂੰ ਦੇ ਦੇਣੀ। ਫਿਰ ਦੋਸਤ ਦਾ ਵੱਡਾ ਭਰਾ ਪੁਲਿਸ ਵਿਚ ਭਰਤੀ ਹੋ ਗਿਆ। ਵੱਡੀ ਭੈਣ ਨੂੰ ਸਰਕਾਰੀ ਬੈਂਕ ਵਿਚ ਨੌਕਰੀ ਮਿਲ ਗਈ। ਹੌਲੀ ਹੌਲੀ ਪਰਿਵਾਰ ਦੇ ਦਿਨ ਫਿਰਨ ਲੱਗੇ। ਚਾਰੇ ਨਿਆਣੇ ਵਿਆਹੇ ਗਏ। ਸਾਰੇ ਜਣੇ ਆਪਣੇ ਮਾਤਾ ਪਿਤਾ ਦਾ ਕਦੀ ਕਹਿਣਾ ਨਾ ਮੋੜਦੇ। ਪਰਿਵਾਰ ਨੇ ਕਰਿਆਨੇ ਦੀ ਦੁਕਾਨ ਬੰਦ ਕਰਕੇ ਫੋਟੋਆਂ ਦੀ ਲੈਮੀਨੇਸ਼ਨ ਸ਼ੁਰੂ ਕਰ ਦਿੱਤੀ ਸੀ। ਮੁਹਾਲੀ ਵਰਗੇ ਸ਼ਹਿਰ ਵਿਚ ਇਕ ਦੀ ਥਾਂ ਦੋ ਕੋਠੀਆਂ ਬਣ ਗਈਆਂ। ਦੁਕਾਨ ਦੀ ਜੋ ਵੱਟਤ ਹੋਣੀ, ਦੋਵੇਂ ਭਰਾ ਰਾਤ ਨੂੰ ਆਪਣੇ ਪਿਤਾ ਜੀ ਦੇ ਹੱਥਾਂ 'ਤੇ ਰੱਖ ਦਿੰਦੇ। ਜਦੋਂ ਵੀ ਦੋਵਾਂ ਭਰਾਵਾਂ ਨੇ ਬਾਹਰ ਕਿਤੇ ਜਾਣਾ ਤਾਂ ਆਪਣੇ ਪਿਤਾ ਜੀ ਤੋਂ ਪੈਸੇ ਮੰਗ ਕੇ ਲੈ ਕੇ ਜਾਂਦੇ।

ਇਕ ਦਿਨ ਦੋਸਤ ਦਾ ਫੋਨ ਆ ਗਿਆ ਕਿ ਪਿਤਾ ਜੀ ਮੁਹਾਲੀ ਦੇ ਇਕ ਹਸਪਤਾਲ ਵਿਚ ਦਾਖਲ ਹਨ ਤੇ ਮੈਨੂੰ ਯਾਦ ਕਰਦੇ ਹਨ। ਮੇਰੇ ਮਨ ਵਿਚ ਕਈ ਤਰ੍ਹਾਂ ਦੇ ਖਿਆਲ ਆਉਣ ਲੱਗ ਪਏ। ਕੁਝ ਚਿਰ ਮਗਰੋਂ ਮੈਂ ਹਸਪਤਾਲ ਪਹੁੰਚ ਗਿਆ। ਦੋਸਤ ਨੇ ਦੱਸਿਆ ਸੀ ਕਿ ਤਬੀਅਤ ਖਰਾਬ ਹੋਣ ਕਾਰਨ ਰਾਤ ਪਿਤਾ ਜੀ ਨੂੰ ਆਈ. ਸੀ. ਯੂ. ਵਿਚ ਦਾਖਲ ਕਰਨਾ ਪੈ ਗਿਆ ਸੀ।

ਤਿੰਨ ਕੁ ਦਿਨਾਂ ਮਗਰੋਂ ਉਹ ਵਾਰਡ ਵਿਚ ਤਬਦੀਲ ਹੋ ਗਏ। ਹੁਣ ਉਹ ਬੋਲ ਸਕਦੇ ਸਨ। ਇਕ ਦਿਨ ਉਨ੍ਹਾਂ ਕਮਰੇ ਵਿਚੋਂ ਸਭ ਨੂੰ ਬਾਹਰ ਭੇਜ ਦਿੱਤਾ ਤੇ ਮੈਨੂੰ ਕੋਲ ਬਿਠਾ ਲਿਆ। ਮੇਰਾ ਹੱਥ ਫੜ ਕੇ ਪੁੱਛਿਆ ਕਿ ਇਹ ਕਿਹੜਾ ਹਸਪਤਾਲ ਹੈ। ਮੈਂ ਹਸਪਤਾਲ ਦਾ ਨਾਮ ਦੱਸਿਆ। ਹਸਪਤਾਲ ਦਾ ਨਾਮ ਸੁਣ ਕੇ ਉਹ ਹੈਰਾਨ ਹੋ ਗਏ ਤੇ ਕਹਿਣ ਲੱਗੇ ਕਿ ਇਸ ਦਾ ਤਾਂ ਰੋਜ਼ ਦਾ ਖਰਚਾ ਬਹੁਤ ਆਉਂਦਾ ਹੋਵੇਗਾ। ਨਾਲ ਹੀ ਉਨ੍ਹਾਂ ਅੱਖਾਂ ਭਰ ਲਈਆਂ ਤੇ ਕਹਿਣ ਲੱਗੇ, "ਮੇਰਾ ਇਕ ਕੰਮ ਕਰ, ਤੇਰੀ ਗੱਲ ਮੇਰੇ ਦੋਵੇਂ ਪੁੱਤਰ ਮੰਨਦੇ ਨੇ। ਇਨ੍ਹਾਂ ਨੂੰ ਕਹਿ ਕੇ ਮੈਨੂੰ ਘਰ ਲੈ ਚੱਲਣ। ਮੈਂ ਬਥੇਰਾ ਜੀਅ ਲਿਆ।" ਫਿਰ ਉਹ ਕਹਿਣ ਲੱਗੇ, "ਮੇਰੇ ਉਤੇ ਪੈਸੇ ਲਾਉਂਦਿਆਂ ਕਿਤੇ ਮੇਰੇ ਪੁੱਤਰ ਕਰਜ਼ਈ ਨਾ ਹੋ ਜਾਣ। ਸਾਡੀ ਗੱਡੀ ਮਸੀਂ ਲੀਹ ਉਤੇ ਆਈ ਹੈ।"

ਇਹ ਸੁਣਦਿਆਂ ਮੇਰੀਆਂ ਅੱਖਾਂ ਭਰ ਆਈਆਂ। ਇੰਨੇ ਨੂੰ ਅਟੈਂਡੈਂਟ ਨੇ ਕਮਰੇ ਦਾ ਦਰਵਾਜ਼ਾ ਖੜਕਾ ਦਿੱਤਾ। ਉਸ ਦੇ ਕਮਰੇ ਵਿਚ ਦਾਖਲ ਹੁੰਦਿਆਂ ਹੀ ਉਹ ਕਹਿਣ ਲੱਗੇ, "ਮੇਰਾ ਕੰਮ ਜ਼ਰੂਰ ਕਰੀਂ।" ਮੈਂ ਕਮਰੇ ਵਿਚੋਂ ਬਾਹਰ ਆ ਗਿਆ। ਬਾਹਰ ਦੋਸਤ ਦੇ ਪਰਿਵਾਰ ਦੇ ਜੀਅ ਖੜ੍ਹੇ ਸਨ। ਦੋਸਤ ਦੇ ਮਾਤਾ ਜੀ ਪੁੱਛਣ ਲੱਗੇ, "ਕੀ ਕਹਿੰਦੇ ਨੇ ਤੇਰੇ ਅੰਕਲ?"

ਮੈਂ ਗੱਲ ਟਾਲਣ ਦੀ ਕੋਸ਼ਿਸ਼ ਕੀਤੀ। ਮਾਤਾ ਜੀ ਕਹਿਣ ਲੱਗੇ, "ਉਂਜ ਈ ਜਾਇਦਾਦ ਦਾ ਫਿਕਰ ਕਰੀ ਜਾਂਦੇ ਨੇ। ਕਿਤੇ ਨਹੀਂ ਭੱਜੀ ਜਾਂਦੀ ਜਾਇਦਾਦ।" ਮੈਂ ਚੁੱਪ ਰਿਹਾ। ਦੂਜੇ ਦਿਨ ਅੰਕਲ ਦਾ ਦੇਹਾਂਤ ਹੋ ਗਿਆ।

ਫੈਕਟਰੀ ਦੇ ਉਦਘਾਟਨ ਵਾਲੇ ਦਿਨ ਸਮਾਗਮ ਵਿਚ ਪਹੁੰਚ ਗਿਆ। ਉਥੇ ਜਾ ਕੇ ਪਤਾ ਲੱਗਾ, ਦੋਸਤ ਦੇ ਭਰਾ ਨੇ ਪੁਲਿਸ ਦੀ ਨੌਕਰੀ ਛੱਡ ਦਿੱਤੀ ਸੀ। ਫੈਕਟਰੀ ਦੇ ਹਰ ਕੋਨੇ ਵਿਚ ਉਨ੍ਹਾਂ ਦੇ ਪਿਤਾ ਜੀ ਦੀਆਂ ਫੋਟੋਆਂ ਲੱਗੀਆਂ ਹੋਈਆਂ ਸਨ। ਸਮਾਗਮ ਦੌਰਾਨ ਸਾਰੇ ਪ੍ਰਾਹੁਣਿਆਂ ਨੇ ਇਕੱਠਿਆਂ ਖਾਣਾ ਖਾਧਾ ਅਤੇ ਬਾਅਦ ਦੁਪਹਿਰ ਸਭ ਨੇ ਆਪੋ-ਆਪਣੇ ਘਰਾਂ ਨੂੰ ਚਾਲੇ ਪਾ ਦਿੱਤੇ। ਮੈਂ ਜਦੋਂ ਘਰ ਜਾਣ ਲਈ ਪਰਿਵਾਰ ਤੋਂ ਵਿਦਾ ਮੰਗੀ ਤਾਂ ਜੀਅ ਕਰਦਾ ਸੀ, ਅੱਜ ਇਨ੍ਹਾਂ ਨੂੰ ਅੰਕਲ ਦੀ ਅੰਤਿਮ ਸਮੇਂ ਵਾਲੀ ਗੱਲ ਦੱਸ ਦੇਵਾਂ; ਫਿਰ ਸੋਚਿਆ, ਅੱਜ ਖੁਸ਼ੀ ਦੇ ਮੌਕੇ ਕਾਹਨੂੰ ਰੰਗ ਵਿਚ ਭੰਗ ਪਾਉਣਾ ਹੈ।

ਸੋਚ ਰਿਹਾ ਸੀ ਕਿ ਦੋਸਤ ਦੇ ਪਿਤਾ ਸਾਰੀ ਉਮਰ ਆਪਣੇ ਪੁੱਤਰ ਨੂੰ ਦਾਨਵੀਰ ਆਖਿਆ ਕਰਦੇ ਸਨ ਪਰ ਜਾਪਦਾ ਸੀ, ਘਰ ਲਈ ਉਨ੍ਹਾਂ ਵਰਗਾ ਦਾਨਵੀਰ ਕੋਈ ਨਹੀਂ ਸੀ।

###

# ਔਰਤ ਦੀ ਮਾਨਸਿਕਤਾ ਦਾ ਪ੍ਰਤੀਬਿੰਬ-ਸਿੱਠਣੀਆਂ

**ਲੋਕ ਸਾਹਿਤ**

ਸਿਠਣੀਆਂ ਪੰਜਾਬਣਾਂ ਦਾ ਹਰਮਨ ਪਿਆਰਾ ਲੋਕ ਕਾਵਿ ਰੂਪ ਹੈ। ਹੇਅਰੇ, ਸਿਠਣੀਆਂ, ਸੁਹਾਗ ਅਤੇ ਘੋੜੀਆਂ ਮੰਗਣੇ ਤੇ ਵਿਆਹ ਦੀਆਂ ਰਸਮਾਂ ਨਾਲ ਸਬੰਧਤ ਲੋਕ ਗੀਤ ਹਨ।

ਮਨੋਰੰਜਨ ਦੇ ਮਨੋਰਥ ਨਾਲ ਸਿਠਣੀਆਂ ਰਾਹੀਂ ਇਕ ਧਿਰ ਦੂਜੀ ਧਿਰ ਦਾ ਵਿਅੰਗ ਰਾਹੀਂ ਮਖੌਲ ਉਡਾਉਂਦੀ ਹੈ। ਇਹ ਗੀਤ ਕਿਸੇ ਮੰਦਭਾਵਨਾ ਨਹੀਂ, ਸਗੋਂ ਸਦਭਾਵਨਾ ਨਾਲ ਹਾਸੇ ਠੱਠੇ ਲਈ ਗਾਏ ਜਾਂਦੇ ਹਨ। ਇਹ ਸੰਬੋਧਨੀ ਗੀਤ ਹਨ, ਜਿਨ੍ਹਾਂ ਨੂੰ ਔਰਤਾਂ ਦੂਜੀ ਧਿਰ ਨੂੰ ਸੰਬੋਧਿਤ ਹੋ ਕੇ ਗਾਉਂਦੀਆਂ ਹਨ। ਸਿਠਣੀਆਂ ਗਾਉਣ ਨੂੰ ਸਿਠਣੀਆਂ ਦੇਣਾ ਆਖਿਆ ਜਾਂਦਾ ਹੈ। ਸਿਠਣੀਆਂ ਕੇਵਲ ਔਰਤਾਂ ਹੀ ਦਿੰਦੀਆਂ ਹਨ, ਮਰਦ ਨਹੀਂ।



**ਸੁਖਦੇਵ ਮਾਦਪੁਰੀ**
**ਫੋਨ: 91-94630-34472**

ਮੰਗਣੇ ਅਤੇ ਵਿਆਹ ਦੇ ਮੌਕੇ ਨਾਨਕੀਆਂ ਦਾਦਕੀਆਂ ਵਲੋਂ ਇੱਕ ਦੂਜੇ ਨੂੰ ਦਿੱਤੀਆਂ ਸਿਠਣੀਆਂ ਅਤੇ ਜੰਞ ਤੇ ਬਰਾਤੀਆਂ ਦਾ ਸਿਠਣੀਆਂ ਨਾਲ ਕੀਤਾ ਸੁਆਗਤ ਦੋਹਾਂ ਧਿਰਾਂ ਨੂੰ ਖੁਸ਼ੀ ਦਿੰਦਾ ਹੈ।

ਵਿਆਹ ਮੌਕੇ ਪੰਜਾਬੀ ਆਪਣੇ ਖਿੜਵੇਂ ਰੌਂ ਵਿਚ ਨਜ਼ਰ ਆਉਂਦੇ ਹਨ। ਪੰਜਾਬੀਆਂ ਦਾ ਖੁਲ੍ਹਾ ਡੁਲ੍ਹਾ ਸੁਭਾਅ ਵਿਆਹ ਸਮੇਂ ਹੀ ਉਘੜਵੇਂ ਰੂਪ ਵਿਚ ਪ੍ਰਗਟ ਹੁੰਦਾ ਹੈ।

ਪੁਰਾਣੇ ਸਮੇਂ ਤੋਂ ਹੀ ਇਹ ਰਵਾਇਤ ਚਲੀ ਆ ਰਹੀ ਹੈ। ਮੁੰਡੇ ਵਾਲੇ ਧੀ ਵਾਲਿਆਂ ਨਾਲੋਂ ਆਪਣੇ ਆਪ ਨੂੰ ਸਮਾਜਕ ਤੌਰ 'ਤੇ ਉਤਮ ਸਮਝਦੇ ਹਨ ਤੇ ਧੀ ਵਾਲਿਆਂ ਨੂੰ ਦੁਜੈਲੇ ਹੋਣ ਦਾ ਦਰਜਾ ਦਿੱਤਾ ਜਾਂਦਾ ਹੈ, ਜਿਸ ਕਰਕੇ ਧੀ ਵਾਲਿਆਂ ਵਿਚ ਹੀਣ ਭਾਵਨਾ ਪੈਦਾ ਹੋ ਜਾਂਦੀ ਹੈ। ਇਸ ਹੀਣ ਭਾਵਨਾ ਨੂੰ ਦੂਰ ਕਰਨ ਲਈ ਔਰਤਾਂ ਮੁੰਡੇ ਵਾਲੀ ਧਿਰ ਦਾ ਮਖੌਲ ਉਡਾਉਣ ਲਈ ਸਿੱਠਣੀਆਂ ਨੂੰ ਇਕ ਹਥਿਆਰ ਵਜੋਂ ਵਰਤੀਆਂ ਹਨ। ਇਸ ਤੋਂ ਇਲਾਵਾ ਉਹ ਆਪਣੇ ਮਨਾਂ ਦੇ ਗੁੱਭ ਗੁਵਾੜ ਵੀ ਕੱਢਦੀਆਂ ਹਨ। ਉਂਜ ਤੀਵੀਆਂ ਨੂੰ ਕੌਣ ਕੁਸਕਣ ਦਿੰਦਾ ਹੈ। ਮਰਦ ਉਸ 'ਤੇ ਸਦਾ ਜ਼ੁਲਮ ਕਰਦਾ ਆਇਆ ਹੈ। ਸੱਸ-ਸਹੁਰੇ ਦਾ ਦਾਬਾ ਵੱਖਰਾ।

ਪੰਜਾਬਣ ਸਦਾ ਸੁੰਗੜੀ ਰਹੀ ਹੈ। ਸਿਰਫ ਵਿਆਹ ਦਾ ਹੀ ਮੌਕਾ ਹੁੰਦਾ ਹੈ, ਜਿੱਥੇ ਉਹ ਆਪਣੇ ਦੱਬੇ ਭਾਂਬੜ ਬਾਹਰ ਕੱਢਦੀ ਹੈ। ਉਹ ਸਿਠਣੀਆਂ ਦੇ ਰੂਪ ਵਿਚ ਲਾੜੇ ਨੂੰ, ਉਸ ਦੇ ਮਾਂ, ਬਾਪ, ਭੈਣਾਂ ਨੂੰ ਖੂਬ ਪੁਣਦੀ ਹੈ, ਉਨ੍ਹਾਂ ਦੀਆਂ ਕਮੀਆਂ ਦਾ ਮਖੌਲ ਉਡਾਉਂਦੀ ਹੈ। ਉਹ ਲਾੜੇ ਦੀ ਮਾਂ ਅਤੇ ਭੈਣ ਨੂੰ ਕਾਮੁਕ ਸਿਠਣੀਆਂ ਦੇ ਕੇ ਆਪਣੀਆਂ ਅਤ੍ਰਿਪਤ ਕਾਮੁਕ ਭਾਵਨਾਵਾਂ ਨੂੰ ਤ੍ਰਿਪਤ ਕਰਨ ਦਾ ਉਪਰਾਲਾ ਵੀ ਕਰਦੀ ਹੈ। ਹਰ ਪਾਸੇ ਮਖੌਲ ਹੀ ਮਖੌਲ, ਕੋਈ ਗੁੱਸਾ-ਗਿਲਾ ਨਹੀਂ। ਫੇਰ ਉਹ ਅਜਿਹੇ ਮੌਕੇ ਦਾ ਲਾਭ ਕਿਉਂ ਨਾ ਉਠਾਵੇ?

ਨਾਨਕਿਆਂ ਦੇ ਮੇਲ ਦਾ ਵਿਆਹ ਵਿਚ ਖਾਸ ਹੱਥ ਹੁੰਦਾ ਹੈ। ਨਾਨਕਾ ਮੇਲ ਸਿਠਣੀਆਂ ਦੇ ਪਿੜ 'ਚ ਮੁੱਖ ਨਿਸ਼ਾਨਾ ਬਣਦਾ ਹੈ। ਜਦੋਂ ਨਾਨਕਾ ਮੇਲ ਆਉਂਦਾ ਹੈ ਤਾਂ ਪਿੰਡੋਂ ਬਾਹਰ ਉਨ੍ਹਾਂ ਦੇ ਸੁਆਗਤ ਲਈ ਪਿੰਡ ਦੀਆਂ ਜਨਾਨੀਆਂ ਪੁੱਜ ਜਾਂਦੀਆਂ ਹਨ। ਦੋਵੇਂ ਧਿਰਾਂ ਸਿਠਣੀਆਂ ਦਿੰਦੀਆਂ ਹਨ:

ਕਿੱਥੋਂ ਆਈਆਂ ਵੇ ਸਰਵਣ
ਤੇਰੀਆਂ ਨਾਨਕੀਆਂ।
ਪੀਤੀ ਸੀ ਪਿੱਛ ਜੰਮੇ ਸੀ ਰਿੱਛ
ਹੁਣ ਕਲੰਦਰਾਂ ਵਿਹੜੇ
ਵੇ ਸਰਵਣਾ ਤੇਰੀਆਂ ਨਾਨਕੀਆਂ।
ਖਾਧੇ ਸੀ ਲੱਡੂ ਜੰਮੇ ਸੀ ਡੱਡੂ
ਹੁਣ ਛੱਪੜਾਂ ਦੇ ਕੰਢੇ
ਵੇ ਸਰਵਣਾ ਤੇਰੀਆਂ ਨਾਨਕੀਆਂ।
ਖਾਧੇ ਸੀ ਮਾਂਹ, ਜੰਮੇ ਸੀ ਕਾਂ
ਕਾਂ ਕਾਂ ਕਰਦੀਆਂ
ਵੇ ਸਰਵਣਾ ਤੇਰੀਆਂ ਨਾਨਕੀਆਂ।
ਖਾਧੇ ਸੀ ਖਜੂਰ, ਜੰਮੇ ਸੀ ਸੂਰ
ਹੁਣ ਸੂਰਾਂ ਦੇ ਗਈਆਂ
ਵੇ ਸਰਵਣਾ ਤੇਰੀਆਂ ਨਾਨਕੀਆਂ।
ਖਾਧੀਆਂ ਸੀ ਖਿੱਲਾਂ, ਜੰਮੀਆਂ ਸੀ ਇੱਲ੍ਹਾਂ
ਹੁਣ ਅੰਬਰ ਭੌਂਦੀਆਂ
ਵੇ ਸਰਵਣਾ ਤੇਰੀਆਂ ਨਾਨਕੀਆਂ।
ਖਾਧੇ ਸੀ ਪਕੌੜੇ, ਜੰਮੇ ਸੀ ਜੌੜੇ
ਹੁਣ ਜੌੜੇ ਖਿਡਾਉਣ ਗਈਆਂ
ਵੇ ਸਰਵਣਾਂ ਤੇਰੀਆਂ ਨਾਨਕੀਆਂ।

ਸਿਰਾਂ 'ਤੇ ਟਰੰਕ ਹੱਥਾਂ 'ਚ ਮੋਰਨੀਆਂ ਵਾਲੇ ਝੋਲੇ ਫੜੀ ਆਉਂਦੇ ਨਾਨਕਾ ਮੇਲ ਦਾ ਪਿੰਡ ਦੀ ਗਲੀ ਵਿਚ ਪ੍ਰਵੇਸ਼ ਕਰਨ 'ਤੇ ਗਲੀ ਦੀਆਂ ਔਰਤਾਂ ਹਾਸੇ-ਠੱਠੇ ਨਾਲ ਸੁਆਗਤ ਕਰਦੀਆਂ ਹਨ:

ਛੱਜ ਓਹਲੇ ਛਾਨਣੀ
ਪਰਾਤ ਓਹਲੇ ਤਵਾ ਓਏ
ਨਾਨਕਿਆਂ ਦਾ ਮੇਲ ਆਇਆ
ਸੂਰੀਆਂ ਦਾ ਰਵਾ ਓਏ।
ਛੱਜ ਓਹਲੇ ਛਾਨਣੀ
ਪਰਾਤ ਓਹਲੇ ਗੁੱਫ਼ੀਆਂ
ਨਾਨਕਿਆਂ ਦਾ ਮੇਲ ਆਇਆ
ਸੱਭੇ ਰੰਨਾਂ ਲੁੱਚੀਆਂ।
ਛੱਜ ਓਹਲੇ ਛਾਨਣੀ
ਪਰਾਤ ਓਹਲੇ ਛੱਜ ਓਏ
ਨਾਨਕਿਆਂ ਦਾ ਮੇਲ ਆਇਆ
ਗਾਉਣ ਦਾ ਨਾ ਚੱਜ ਓਏ।

ਵਿਆਹ ਵਾਲੇ ਘਰ ਹਾਸੇ ਦਾ ਮਾਹੌਲ ਹੁੰਦਾ ਹੈ। ਰੌਲੇ ਰੱਪੇ 'ਚ ਮਾਸੀ, ਭੂਆ ਦਾ ਪਰਿਵਾਰ ਤੇ ਨਾਨਕਾ ਮੇਲ ਘਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਆਪਣੀ ਪਹੁੰਚ ਸਿਠਣੀ ਦੇ ਰੂਪ ਵਿਚ ਦਿੰਦੇ ਹਨ:

ਸੁਰਜੀਤ ਕੁਰੇ ਕੁੜੀਏ
ਗੁੜ ਦੀ ਰੋੜੀ ਚਾਹ ਦੇ ਪੱਤੇ
ਦੁਧ ਬਜ਼ਾਰੋਂ ਲਿਆ ਦੇ
ਫੱਕਰ ਨੀ ਤੇਰੇ ਬਾਹਰ ਖੜੇ।
ਸਾਨੂੰ ਚਾਹ ਦੀ ਘੁੱਟ ਪਲਾ ਦੇ
ਫੱਕਰ ਨੀ ਤੇਰੇ ਬਾਹਰ ਖੜੇ।

ਨਾਨਕਾ ਮੇਲ ਦਾ ਗ੍ਰਹਿ ਪ੍ਰਵੇਸ਼ ਸ਼ਗਨਾਂ ਨਾਲ ਕੀਤਾ ਜਾਂਦਾ ਹੈ। ਵਿਆਹੁੰਦੜ ਮੁੰਡੇ-ਕੁੜੀ ਦੀ ਮਾਂ ਜਾਂ ਲਾਗਣ ਬੂਹੇ 'ਤੇ ਤੇਲ ਚੋਅ ਕੇ ਉਨ੍ਹਾਂ ਦਾ ਆਦਰ ਮਾਣ ਨਾਲ ਸੁਆਗਤ ਕਰਦੀ ਹੈ।

ਐਨੇ ਨੂੰ ਬਰਾਤ ਆਉਣ ਦਾ ਸਮਾਂ ਨੇੜੇ ਆ ਢੁਕਦਾ ਹੈ। ਹੁਣ ਭਾਵੇਂ ਜ਼ਮਾਨਾ ਬਦਲ ਚੁਕਾ ਹੈ ਤੇ ਬਰਾਤਾਂ ਕਾਰਾਂ ਤੇ ਬੱਸਾਂ 'ਤੇ ਜਾਣ ਲੱਗੀਆਂ ਹਨ ਪਰ ਪੁਰਾਣੇ ਵੇਲਿਆਂ ਵਿਚ ਬਰਾਤਾਂ ਰਥਾਂ, ਗੱਡੀਆਂ, ਊਠਾਂ ਤੇ ਘੋੜੀਆਂ ਦੀ ਧੂੜ ਪਿੰਡ ਦੀਆਂ ਬਰੂਹਾਂ ਤਕ ਪੁੱਜਦੀਆਂ ਤਾਂ ਸਭ ਮੇਲਣਾਂ 'ਕੱਠੀਆਂ ਹੋ ਆਪਣੇ ਘਰ ਦੇ ਦਰਵਾਜੇ ਮੂਹਰੇ ਖੜ੍ਹ ਕੇ ਸੁਆਗਤੀ ਗੀਤ ਗਾਉਂਦੀਆਂ:

ਲੌਂਗਾਂ ਦੀ ਬਾੜ ਕਰੋ ਜੀ ਜੰਨ ਨੇੜੇ ਨੇੜੇ
ਲੌਂਗਾਂ ਦੀ ਬਾੜ ਕਰੋ ਜੀ ਜੰਨ ਨੇੜੇ ਨੇੜੇ
ਬੀਬੀ ਦੇ ਬਾਬਲ ਨੂੰ ਖਬਰ ਕਰੋ
ਜੀ ਜੰਨ ਨੇੜੇ ਨੇੜੇ।
ਲੌਂਗਾਂ ਦੀ ਬਾੜ ਕਰੋ ਜੀ ਜੰਨ ਨੇੜੇ ਨੇੜੇ।
ਬੀਬੀ ਦੇ ਮਾਮੇ ਨੂੰ ਖਬਰ ਕਰੋ
ਜੀ ਜੰਨ ਨੇੜੇ ਨੇੜੇ
ਲੌਂਗਾਂ ਦੀ ਬਾੜ ਕਰੋ ਜੀ ਜੰਨ ਨੇੜੇ ਨੇੜੇ।

ਬਰਾਤ ਦੇ ਢੁਕਾ ਸਮੇਂ ਪਹਿਲਾਂ ਕੁੜਮਾਂ ਤੇ ਮਾਮਿਆਂ ਦੀ ਮਿਲਣੀ ਕਰਵਾਈ ਜਾਂਦੀ ਹੈ। ਮਿਲਣੀ ਪਿੱਛੋਂ ਸਾਰੇ ਮਾਹੌਲ ਵਿਚ ਖੁਸ਼ੀ ਦੀਆਂ ਫੁਹਾਰਾਂ ਵਹਿ ਟੁਰਦੀਆਂ ਹਨ ਤੇ ਸਾਰਾ ਮਾਹੌਲ ਖੁਲ੍ਹਾ ਖੁਲਾਸਾ ਬਣ ਜਾਂਦਾ ਹੈ। ਇਸੇ ਮਾਹੌਲ ਦਾ ਲਾਹਾ ਲੈਂਦੀਆਂ ਮੇਲਣਾਂ ਪਹਿਲਾਂ ਘੱਟ ਕਰਾਰੀਆਂ ਤੇ ਫਿਰ ਸਲੂਣੀਆਂ ਸਿੱਠਣੀਆਂ ਦਿੰਦੀਆਂ ਹਨ:

ਜਾਨੀ ਓਸ ਪਿੰਡੋਂ ਆਏ ਜਿੱਥੇ ਰੁੱਖ ਵੀ ਨਾ
ਇਨ੍ਹਾਂ ਦੇ ਤੌੜਿਆਂ ਵਰਗੇ
ਮੂੰਹ ਉਤੇ ਮੁੱਛ ਵੀ ਨਾ।
ਜਾਨੀ ਓਸ ਪਿੰਡੋਂ ਆਏ ਜਿੱਥੇ ਤੂਤ ਵੀ ਨਾ।
ਇਨ੍ਹਾਂ ਦੇ ਖੱਪੜਾਂ ਵਰਗੇ ਮੂੰਹ
ਉਤੇ ਰੂਪ ਵੀ ਨਾ।
ਜਾਨੀ ਓਸ ਪਿੰਡੋਂ ਆਏ
ਜਿੱਥੇ ਟਾਲ੍ਹੀ ਵੀ ਨਾ।
ਇਨ੍ਹਾਂ ਦੇ ਪੀਲੇ ਡੱਡੂ ਮੂੰਹ
ਉਤੇ ਲਾਲੀ ਵੀ ਨਾ।

ਉਹ ਜਾਨੀਆਂ ਦੇ ਨੁਕਸ ਛਾਂਟਦੀਆਂ ਹਨ:

ਚੰਨ ਚਾਨਣੀ ਰਾਤ ਤਾਰਾ ਕੋਈ ਕੋਈ ਐ
ਜੰਨ ਬੁੱਢਿਆਂ ਦੀ ਆਈ
ਮੁੰਡਾ ਕੋਈ ਕੋਈ ਐ।
ਚੰਨ ਚਾਨਣੀ ਰਾਤ ਤਾਰਾ ਇਕ ਵੀ ਨਾ
ਜੰਨ ਕਾਣਿਆਂ ਦੀ ਆਈ
ਸਾਬਤ ਇਕ ਵੀ ਨਾ।

ਇਥੇ ਹੀ ਬਸ ਨਹੀਂ:

ਸੱਦੇ ਸੀ ਅਸੀਂ ਪੰਜ ਪ੍ਰਾਹੁਣੇ
ਸੱਦੇ ਸੀ ਅਸੀਂ ਪੰਜ ਪ੍ਰਾਹੁਣੇ
ਟੋਲੇ ਬੰਨ੍ਹ ਬੰਨ੍ਹ ਆਏ
ਅਸੀਂ ਸੱਜਣ ਬੜੇ ਸਮਝਾਏ
ਧਰਮ ਨਾਲ ਸੱਜਣ ਬੜੇ ਸਮਝਾਏ।

ਸੱਦੇ ਸੀ ਅਸੀਂ ਸੋਹਣੇ ਮੋਹਣੇ
ਪੰਜ ਦਵੰਜੇ ਆਏ
ਧਰਮ ਨਾਲ ਪੰਜ ਦਵੰਜੇ ਆਏ।

ਸੱਦੇ ਸੀ ਅਸੀਂ ਗੱਭਰੂ ਗੱਭਰੂ
ਇਹ ਬੁਢੜੇ ਕਾਹਨੂੰ ਆਏ
ਅਸੀਂ ਸੱਜਣ ਬੜੇ ਸਮਝਾਏ
ਧਰਮ ਨਾਲ ਸੱਜਣ ਬੜੇ ਸਮਝਾਏ।

ਜਾਨੀਆਂ ਨੂੰ ਪਾਣੀ ਪੀਣ ਬਦਲੇ ਖੂਹਾਂ ਵਾਲਿਆਂ ਨੂੰ ਮਾਂਵਾਂ ਦੇਣ ਲਈ ਕਹਿੰਦੀਆਂ ਹਨ:

ਸਾਡੇ ਖੂਹਾਂ ਦਾ ਠੰਡਾ ਠੰਡਾ ਪਾਣੀ
ਵੇ ਜਾਨੀਓ ਪੀ ਕੇ ਜਾਇਓ
ਖੂਹਾਂ ਵਾਲਿਆਂ ਨੂੰ ਦੇ ਕੇ ਜਾਇਓ ਮਾਂ
ਵੇ ਜਾਨੀਓ ਪੀ ਕੇ ਜਾਇਓ।

ਸਾਡੀਆਂ ਬੇਰੀਆਂ ਦੇ ਮਿੱਠੇ ਮਿੱਠੇ ਬੇਰ
ਵੇ ਜਾਨੀਓ ਖਾ ਕੇ ਜਾਈਓ
ਬੇਰੀਆਂ ਵਾਲਿਆਂ ਨੂੰ ਦੇ ਕੇ ਜਾਇਓ ਮਾਂ
ਵੇ ਜਾਨੀਓ ਖਾ ਕੇ ਜਾਇਓ।

ਹੋਰ:

ਕੋਰੀ ਤੇ ਤੌੜੀ ਅਸੀਂ ਰਿੰਨ੍ਹੀਆਂ ਗੁੱਲੀਆਂ
ਭੁੱਖ ਲੱਗੀ ਲਾੜਾ ਕੱਢਦਾ ਬੁੱਲ੍ਹੀਆਂ
ਰੋਟੀ ਭਜਾਉਣੀ ਪਈ
ਨਿਲੱਜਿਓ ਲੱਜ ਤੁਹਾਨੂੰ ਨਹੀਂ।

ਭੈੜੇ ਭੈੜੇ ਤੁਸੀਂ ਕਰਦੇ ਹੋ ਕਾਰੇ
ਇਨ੍ਹੀਂ ਕਰਤੂਤੀਂ ਤੁਸੀਂ ਰਹੇ ਕੁਆਰੇ
ਕਰਤੂਤ ਤੇ ਛਿਪਦੀ ਨਹੀਂ
ਨਿਲੱਜਿਓ ਲੱਜ ਤੁਹਾਨੂੰ ਨਹੀਂ।

ਸਾਡੇ ਤਾਂ ਵਿਹੜੇ ਮੁੱਢ ਮੱਕਈ ਦਾ
ਦਾਣੇ ਤਾਂ ਮੰਗਦਾ ਉਧਲ ਗਈ ਦਾ
ਭੱਠੀ ਤਪਾਉਣੀ ਪਈ
ਨਿੱਲਜਿਓ ਲੱਜ ਤੁਹਾਨੂੰ ਨਹੀਂ।

ਸਾਡੇ ਤਾਂ ਵਿਹੜੇ ਤਾਣਾ ਤਣੀਂਦਾ
ਲਾੜੇ ਦਾ ਪਿਓ ਕਾਣਾ ਸੁਣੀਂਦਾ
ਐਨਕ ਲਵਾਉਣੀ ਪਈ
ਨਿੱਲਜਿਓ ਲੱਜ ਤੁਹਾਨੂੰ ਨਹੀਂ।

ਬਰਾਤੀਆਂ 'ਤੇ ਵਿਅੰਗ ਕੱਸੇ ਜਾਂਦੇ ਹਨ। ਨਾ ਉਨ੍ਹਾਂ ਵੱਲੋਂ ਲਿਆਂਦੀ ਵਰੀ ਪਸੰਦ ਹੈ ਤੇ ਨਾ ਹੀ ਆਏ ਬਰਾਤੀ ਉਨ੍ਹਾਂ ਨੂੰ ਚੰਗੇ ਲੱਗਦੇ ਹਨ। ਉਹ ਬਰਾਤੀਆਂ ਦਾ ਮਖੌਲ ਉਡਾਉਂਦੀਆਂ ਹਨ:

ਮੈਂ ਲਾਜ ਮੋਈ ਮੈਂ ਲਾਜ ਮੋਈ
ਇਹ ਵਰੀ ਪੁਰਾਣੀ ਲਿਆਏ
ਮੈਂ ਲਾਜ ਮੋਈ ਮੈਂ ਲਾਜ ਮੋਈ
ਇਹ ਕੀ ਕੀ ਵਸਤ ਲਿਆਏ
ਮੈਂ ਲਾਜ ਮੋਈ ਮੈਂ ਲਾਜ ਮੋਈ
ਇਹ ਬੁਢੜੇ ਕਾਹਨੂੰ ਆਏ
ਮੈਂ ਲਾਜ ਮੋਈ ਮੈਂ ਲਾਜ ਮੋਈ
ਇਹ ਗੱਭਰੂ ਕਿਉਂ ਨਾ ਲਿਆਏ
ਮੈਂ ਲਾਜ ਮੋਈ ਮੈਂ ਲਾਜ ਮੋਈ
ਇਹ ਸਾਰੇ ਆਂਢਲ ਆਏ।

ਪਹਿਲੇ ਸਮਿਆਂ ਵਿਚ ਬਰਾਤਾਂ ਤਿੰਨ ਦਿਨ ਠਹਿਰਦੀਆਂ ਸਨ। ਇਕ ਦਿਨ ਆਉਣ ਦਾ ਤੇ ਇਕ ਦਿਨ ਵਿਦਾਇਗੀ ਦਾ। ਫੇਰ ਦੋ ਦਿਨ ਠਹਿਰਨ ਲੱਗੀਆਂ ਤੇ ਅੱਜ ਕਲ ਤਾਂ ਇਕ ਦਿਨ ਕੀ ਕੁਝ ਘੰਟਿਆਂ 'ਚ ਹੀ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ।

ਜੰਨ ਦਾ ਉਤਾਰਾ ਜੰਨ-ਘਰ ਜਾਂ ਧਰਮਸ਼ਾਲਾ ਵਿਚ ਹੁੰਦਾ ਸੀ। ਪਹਿਲੀ ਰਾਤ ਦੀ ਰੋਟੀ ਘਿਉ-ਬੂਰੇ ਜਾਂ ਚੌਲ ਸ਼ੱਕਰ ਨਾਲ ਦਿੱਤੀ ਜਾਂਦੀ। ਇਸ ਨੂੰ 'ਕੁਆਰੀ ਰੋਟੀ' ਜਾਂ 'ਮਿੱਠੀ ਰੋਟੀ' ਆਖਦੇ। ਗੈਸਾਂ ਅਤੇ ਲਾਲਟੈਣਾਂ ਦੇ ਚਾਨਣ ਵਿਚ ਬਰਾਤੀ ਕੋਰਿਆਂ 'ਤੇ ਬੈਠ ਕੇ ਰੋਟੀ ਛਕਦੇ। ਵਰਤਾਵੇ ਜਿਨ੍ਹਾਂ ਨੂੰ ਮਾਲਵੇ ਵਿਚ ਪਰੀਹੇ ਆਖਿਆ ਜਾਂਦਾ ਹੈ, 'ਕੱਲੀ 'ਕੱਲੀ ਕਤਾਰ 'ਚ ਜਾ ਕੇ ਸ਼ੱਕਰ, ਬੂਰਾ ਤੇ ਘਿਓ ਆਦਿ ਵਰਤਾਉਂਦੇ। ਮਿੱਠੀ ਰੋਟੀ ਵੇਲੇ ਲਾੜਾ ਬਰਾਤ ਨਾਲ ਨਹੀਂ ਸੀ ਜਾਂਦਾ, ਉਸ ਦੀ ਰੋਟੀ ਡੇਰੇ ਭੇਜੀ ਜਾਂਦੀ ਸੀ। ਬਰਾਤੀਆਂ ਨੇ ਰੋਟੀ ਖਾਣੀ ਸ਼ੁਰੂ ਕਰਨੀ, ਓਧਰ ਬਨੇਰਿਆਂ 'ਤੇ ਬੈਠੀਆਂ ਸੁਆਣੀਆਂ ਨੇ ਸਿੱਠਣੀਆਂ ਦਾ ਨਿਸ਼ਾਨਾ ਕੁੜਮ ਨੂੰ ਬਣਾਉਣਾ:

ਕੁੜਮ ਚੱਲਿਆ ਗੰਗਾ ਨ੍ਹਾਉਣ
ਹਰ ਗੰਗਾ ਨਰੈਣ ਗੰਗਾ
ਪਹਿਲੇ ਗੋਤੇ ਗਿਆ ਪਤਾਲ
ਹਰ ਗੰਗਾ ਨਰੈਣ ਗੰਗਾ
ਮੱਛੀ ਨੇ ਫੜ੍ਹ ਲਿਆ ਮੁੱਛ ਦਾ ਵਾਲ
ਹਰ ਗੰਗਾ ਨਰੈਣ ਗੰਗਾ
ਛੱਡ ਦੇ ਮੇਰੀ ਮੁੱਛ ਦਾ ਵਾਲ
ਫੇਰ ਨਹੀਂ ਆਉਂਦਾ ਤੇਰੇ ਦਰਬਾਰ
ਏਥੇ ਕਰਦੂੰ ਬੇਬੇ ਦਾ ਦਾਨ
ਹਰ ਗੰਗਾ ਨਰੈਣ ਗੰਗਾ।

ਕੁੜਮ ਸਿੱਠਣੀਆਂ ਦਾ ਸ਼ਿਕਾਰ ਬਣਿਆ ਭਮੱਤਰ ਜਾਂਦਾ। ਕੋਈ ਉਸ ਦੇ ਸਰੀਰਕ ਨੁਕਸ ਲਭਦੀ, ਕੋਈ ਜੋਰੂ ਦੇ ਤਾਅਨੇ ਮਾਰਦੀ। ਬਰਾਤੀ ਮੁੱਛਾਂ ਵਿਚ ਮੁਸਕਾਉਂਦੇ ਅਨੂਠਾ ਅਨੰਦ ਮਾਣਦੇ। ਬਨੇਰੇ ਤੋਂ ਸਿੱਠਣੀਆਂ ਦੀਆਂ ਫੁਹਾਰਾਂ ਪੈਂਦੀਆਂ:

ਜੇ ਕੁੜਮਾਂ ਤੇਰੀਆਂ ਅੱਖਾਂ ਦੁਖਦੀਆਂ
ਮੋਗੇ ਲਾਜ ਕਰਾ ਲੈ ਵੇ ਕੁੱਛ ਫੈਦਾ ਹੋ ਜੂ।
ਇਕ ਗੁੜ ਦੀ ਡਲੀ ਇਕ ਤੇਲ ਦੀ ਪਲੀ
ਵਿਚ ਮਿਰਚਾਂ ਦੀ ਲੱਪ ਪਵਾ ਲੈ ਵੇ
ਕੁੱਛ ਫੈਦਾ ਹੋ ਜੂ।
ਮੋਗੇ ਲਾਜ ਕਰਾ ਲੈ ਵੇ ਕੁੱਛ ਫੈਦਾ ਹੋ ਜੂ।

ਕੁੜਮ ਦੀ ਜੋਰੂ ਬਾਰੇ ਅਨੇਕਾਂ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ, ਉਸ 'ਤੇ ਚਰਿੱਤਰਹੀਣ ਹੋਣ ਦੇ ਦੂਸ਼ਣ ਲਾਏ ਜਾਂਦੇ ਹਨ। ਭਲਾ ਕੌਣ ਮਸਤੀ ਦੀ ਮੌਜ ਵਿਚ ਗਾ ਰਹੀਆਂ ਸੁਆਣੀਆਂ ਦੇ ਮੂੰਹ ਫੜ ਸਕਦਾ ਹੈ:

ਵੇ ਜੋਰੂ ਤੇਰੀ ਕੁੜਮਾ ਕਰਦੀ ਪਾਣੀ ਪਾਣੀ
ਕੌਣ ਦਾਰੀ ਦਾ ਰਸੀਆ ਕੌਣ ਲਿਆਵੇ ਪਾਣੀ।
ਦਿਓਰ ਦਾਰੀ ਦਾ ਰਸੀਆ ਉਹੋ ਲਿਆਵੇ ਪਾਣੀ
ਨੀ ਸਰ ਸੁਕਗੇ ਨਖਰੇ ਕਿਥੋਂ ਲਿਆਵਾਂ ਪਾਣੀ।
ਵੇ ਇਕ ਬੱਦਲ ਵਰ੍ਹਿਆ ਵਿਚ ਰਾਹਾਂ ਦੇ ਪਾਣੀ
ਵੇ ਜੋਰੂ ਤੇਰੀ ਕੁੜਮਾ ਕਰਦੀ ਡੇਲੇ ਡੇਲੇ
ਕੌਣ ਦਾਰੀ ਦਾ ਰਸੀਆ
ਉਹਨੂੰ ਤੋੜ ਲਿਆਵੇ ਡੇਲੇ।
ਉਹਦਾ ਦਿਓਰ ਦਾਰੀ ਦਾ ਰਸੀਆ
ਉਹਨੂੰ ਤੋੜ ਲਿਆਵੇ ਡੇਲੇ।
ਨੀ ਬਣ ਸੁਕਗੇ ਨਖਰੋ ਕਿਥੋਂ ਲਿਆਵਾਂ ਡੇਲੇ।

ਕੁੜਮਣੀ 'ਤੇ ਕਈ ਤਰ੍ਹਾਂ ਦੇ ਦੋਸ਼ ਲਾਏ ਜਾਂਦੇ ਹਨ, ਵਿਦ ਵਿਦ ਕੇ ਸਿੱਠਣੀਆਂ ਦਿੰਦੀਆਂ ਹਨ:

ਨਿੱਕੀ ਜਿਹੀ ਕੋਠੜੀਏ ਤੈਂ ਵਿਚ ਮੇਰਾ ਆਟਾ
ਕੁੜਮਾ ਜੋਰੂ ਉਧਲ ਚੱਲੀ ਲੈ ਕੇ ਧੌਲਾ ਝਾਟਾ।
ਨਿੱਕੀ ਜਿਹੀ ਕੋਠੜੀਏ ਤੈਂ ਵਿਚ ਮੇਰੇ ਦਾਣੇ
ਕੁੜਮਾ ਜੋਰੂ ਉਧਲ ਚੱਲੀ ਲੈ ਕੇ ਨਿੱਕੇ ਨਿਆਣੇ।
ਨਿੱਕੀ ਜਿਹੀ ਕੋਠੜੀਏ ਤੈਂ ਵਿਚ ਮੇਰੀ ਭੇਲੀ
ਕੁੜਮਾ ਜੋਰੂ ਉਧਲ ਚੱਲੀ ਲੈ ਕੇ ਫੱਤੂ ਤੇਲੀ।

ਉਹ ਉਸ ਨੂੰ ਯਾਰ ਹੰਢਾਉਣ ਦਾ ਮਿਹਣਾ ਮਾਰਦੀਆਂ ਹਨ:

ਕਿੱਕਣ ਜੀਵੇਗੀ ਵੇ ਕੁੜਮਾ ਜੋਰੂ ਯਾਰ ਬਿਨਾ
ਤੂੰ ਤਾਂ ਐਂ ਸੁੰਨੀ
ਜਿਉ ਘੋੜਾ ਸੁੰਨਾ ਸਵਾਰ ਬਿਨਾ।
ਕਿੱਕਣ ਜੀਵੇਗੀ ਵੇ ਕੁੜਮਾ ਜੋਰੂ ਯਾਰ ਬਿਨਾ
ਤੂੰ ਐਂ ਸੁੰਨੀ ਜਿਉਂ ਰੋਹੀ ਸੁੰਨੀ ਬਘਿਆੜ ਬਿਨਾ।
ਕਿੱਕਣ ਜੀਵੇਗੀ ਵੇ ਕੁੜਮਾ ਜੋਰੂ ਯਾਰ ਬਿਨਾ
ਤੂੰ ਤਾਂ ਐਂ ਸੁੰਨੀ ਜਿਉਂ ਪਿੰਡ ਸੁੰਨਾ
ਚੌਕੀਦਾਰ ਬਿਨਾ।
ਕਿੱਕਣ ਜੀਵੇਗੀ ਵੇ ਕੁੜਮਾ ਜੋਰੂ ਯਾਰ ਬਿਨਾ
ਤੂੰ ਐਂ ਸੁੰਨੀ ਜਿਉ ਪਰਜਾ ਸੁੰਨੀ ਸਰਕਾਰ ਬਿਨਾ।
ਕਿੱਕਣ ਜੀਵੇਗੀ ਵੇ ਕੁੜਮਾ ਜੋਰੂ ਯਾਰ ਬਿਨਾ।

ਕੁੜਮ ਵਿਚਾਰਾ ਪਾਣੀਓ ਪਾਣੀ ਹੋਇਆ ਇਕ ਹੋਰ ਤੱਤੀ ਤੱਤੀ ਸਿੱਠਣੀ ਸੁਣਦਾ ਹੈ। ਮੁਟਿਆਰਾਂ ਦਾ ਜਲੌਅ ਝੱਲਿਆ ਨ੍ਹੀਂ ਜਾਂਦਾ:

ਕੁੜਮਾ ਜੋਰੂ ਸਾਡੇ ਆਈ ਘੱਗਰੀ ਲਿਆਈ ਪਾਟੀ
ਸਮਾ ਲੈ ਨੀ ਸਮਾ ਲੈ ਯਾਰਾਂ ਪਾਟੀ।
ਕੌਣ ਜੁ ਉਹਦੇ ਧਾਗੇ ਵੱਟੇ ਕੌਣ ਜੂ ਲਾਵੇ ਟਾਕੀ
ਸਮਾ ਲੈ ਨੀ ਸਮਾ ਲੈ ਯਾਰਾਂ ਪਾਟੀ।
ਛੜੇ ਜੋ ਤੇਰੇ ਧਾਗੇ ਵੱਟਣ ਉਹੀ ਲਾਉਣ ਟਾਕੀ
ਸਮਾ ਲੈ ਨੀ ਸਮਾ ਲੈ ਯਾਰਾਂ ਪਾਟੀ।

ਦੂਜੀ ਭਲਕ, ਫੇਰਿਆਂ ਪਿੱਛੋਂ ਗੱਭਲੀ ਰੋਟੀ ਜਿਸ ਨੂੰ 'ਖੱਟੀ ਰੋਟੀ' ਵੀ ਆਖਦੇ ਹਨ, ਸਮੇਂ ਲਾੜਾ ਬਰਾਤ ਵਿਚ ਸ਼ਾਮਲ ਹੋ ਕੇ ਰੋਟੀ ਖਾਣ ਜਾਂਦਾ ਹੈ। ਜਾਨੀ ਪੂਰੀ ਟੌਹਰ ਵਿਚ ਹੁੰਦੇ ਹਨ, ਓਧਰ ਬਨੇਰਿਆਂ 'ਤੇ ਬੈਠੀਆਂ ਬੀਬੀਆਂ ਲਾੜੇ ਨੂੰ ਸਿੱਠਣੀਆਂ ਦਾ ਨਿਸ਼ਾਨਾ ਬਣਾਉਂਦੀਆਂ ਹਨ:

ਲਾੜਿਆਂ ਪੱਗ ਟੇਢੀ ਨਾ ਬੰਨ੍ਹ
ਵੇ ਸਾਨੂੰ ਹੀਣਤ ਆਵੇ
ਤੇਰੀ ਬੇਬੇ ਵੇ ਉਧਲੀ
ਸਾਡੇ ਮਹਿਲਾਂ ਨੂੰ ਆਵੇ।
ਤੇਰੀ ਬੇਬੇ ਵੇ ਬਦਣੀ ਬੈਠੀ ਜੋਕਾਂ ਵੇ ਲਾਵੇ
ਇਕ ਜੋਕ ਗਵਾਚੀ ਬੈਠੀ ਝਗੜਾ ਪਾਵੇ।
ਇਕ ਪੈਸਾ ਨੀ ਲੈ ਲੈ ਝਗੜਾ ਛੱਡ ਬਦਕਾਰੇ
ਪੈਸਾ ਨਹੀਓਂ ਲੈਣਾ ਝਗੜਾ ਜਾਊ ਸਰਕਾਰੇ।
ਸਾਡਾ ਚਾਚਾ ਛੈਲ ਝਗੜਾ ਜਿਤ ਘਰ ਆਵੇ।

ਉਹ ਲਾੜੇ ਦਾ ਬੜੀ ਬੇਰਹਿਮੀ ਨਾਲ ਮਖੌਲ ਉਡਾਉਂਦੀਆਂ ਹਨ:

ਅਸਾਂ ਨਾ ਲੈਣੇ ਪੱਤਾਂ ਬਾਝ ਕਰੇਲੇ
ਲਾੜਾ ਭੌਂਦੂ ਐਂ ਝਾਕੇ
ਜਿਮੇਂ ਚਾਮ ਚੜਿਕ ਦੇ ਡੇਲੇ।
ਅਸਾਂ ਨਾ ਲੈਣੇ ਪੱਤਾਂ ਬਾਝ ਕਰੇਲੇ।

ਉਹ ਉਸ ਦੀ ਭੈਣ ਅਤੇ ਭੂਆ 'ਤੇ ਚਰਿੱਤਰਹੀਣ ਹੋਣ ਦਾ ਇਲਜ਼ਾਮ ਲਾ ਕੇ ਉਸ ਨੂੰ ਠਿਠ ਕਰ ਦਿੰਦੀਆਂ ਹਨ:

ਪਿਛਲੇ ਅੰਦਰ ਹਨੇਰਾ ਸੱਪਾਂ ਦਾ ਡੇਰਾ
ਸੱਪਾਂ ਤੋਂ ਮੈਂ ਡਰਦੀ ਆਂ
ਲਾੜੇ ਦੀ ਭੈਣ ਛਨਾਲ।
ਖੇਲੇ ਮੁੰਡਿਆਂ ਨਾਲ ਮੁੰਡੇ ਇਹਦੇ ਯਾਰ
ਉਲਾਂਭੇ ਤੋਂ ਮੈਂ ਡਰਦੀ ਆਂ
ਪਿਛਲੇ ਅੰਦਰ ਹਨੇਰਾ
ਸੱਪਾਂ ਦਾ ਡੇਰਾ ਸੱਪਾਂ ਤੋਂ ਮੈਂ ਡਰਦੀ ਆਂ।
ਲਾੜੇ ਦੀ ਭੂਆ ਛਨਾਲ ਖੇਲੇ ਮੁੰਡਿਆਂ ਨਾਲ
ਮੁੰਡੇ ਇਹਦੇ ਯਾਰ
ਉਲਾਂਭੇ ਤੋਂ ਮੈਂ ਡਰਦੀ ਆਂ।

ਲਾੜੇ ਦੀ ਭੈਣ ਬਾਰੇ ਇਕ ਪ੍ਰਤੀਕਾਤਮਕ ਸਿੱਠਣੀ ਦਿੱਤੀ ਜਾਂਦੀ ਹੈ:

ਲਾੜੇ ਭੈਣ ਦੀ ਕੱਚੀ ਖੂਹੀ ਕੱਚੀ ਖੂਹੀ
ਡੋਲ ਫੜਾ ਗਿਆ ਕੋਈ ਹੋਰ।
ਹੋਰ ਭੈਣੇ ਹੋਰ ਬਾਗੀਂ ਕੂਕਦੇ ਸੀ ਮੋਰ
ਡੋਲ ਫੜਾ ਗਿਆ ਕੋਈ ਹੋਰ।

ਲਾੜੇ ਭੈਣ ਦੀ ਖਿੜ ਗਈ ਕਿਆਰੀ
ਖਿੜੀ ਕਿਆਰੀ ਅੱਧੀ ਰਾਤ
ਟੀਂਡਾ ਤੋੜ ਗਿਆ ਕੋਈ ਹੋਰ
ਬਾਗੀਂ ਬੋਲਦੇ ਸੀ ਮੋਰ
ਟੀਂਡਾ ਤੋੜ ਗਿਆ ਕੋਈ ਹੋਰ।

ਲਾੜੇ ਦੀ ਭੈਣ ਦੀ ਖੁਲ੍ਹੀ ਖਿੜਕੀ
ਖੁਲ੍ਹੀ ਖਿੜਕੀ ਅੱਧੀ ਰਾਤ
ਕੁੰਡਾ ਲਾ ਗਿਆ ਕੋਈ ਹੋਰ
ਬਾਗੀਂ ਬੋਲਦੇ ਸੀ ਮੋਰ
ਕੁੰਡਾ ਲਾ ਗਿਆ ਕੋਈ ਹੋਰ।

ਲਾੜੇ ਦੇ ਕੌੜਮੇ ਨੂੰ ਪੁਣਦੀਆਂ ਮੁਟਿਆਰਾਂ ਸਾਰੇ ਮਾਹੌਲ ਵਿਚ ਹਾਸੇ ਛਣਕਾ ਦਿੰਦੀਆਂ ਹਨ। ਕੋਈ ਵਡਾਰੂ ਕੁੜੀਆਂ ਨੂੰ ਸਲੂਣੀਆਂ ਸਿੱਠਣੀਆਂ ਦੇਣ ਤੋਂ ਵਰਜਣ ਲਗਦਾ ਹੈ ਤਾਂ ਅੱਗੋਂ ਕੋਈ ਰਸੀਆ ਆਖ ਦਿੰਦਾ ਹੈ, "ਦੇ ਲੋ ਭਾਈ ਦੇ ਲੋ, ਆਹ ਦਿਨ ਕਿਹੜਾ ਰੋਜ਼ ਰੋਜ਼ ਆਉਣੇ।" ਇੰਨੇ ਨੂੰ ਸਿੱਠਣੀ ਦੇ ਬੋਲ ਉਭਰਦੇ ਹਨ:

ਲਾੜਿਆ ਵੇ ਮੇਰਾ ਨੌਕਰ ਲਗ ਜਾ ਵੇ
ਟਕਾ ਮਜੂਰੀ ਦਵਾ ਦਿੰਨੀ ਆਂ।
ਮੇਰੇ ਅੰਦਰੋਂ ਸੁੰਭਰ ਮੇਰੇ ਬਾਹਰੋਂ ਸੁੰਭਰ
ਮੇਰੇ ਮਹਿਲੀਂ ਰੜਕਾ ਫੇਰ ਆਈਂ ਵੇ
ਟਕਾ ਮਜੂਰੀ ਦਵਾ ਦਿੰਨੀ ਆਂ।
ਮੇਰਾ ਉਤਲਾ ਧੋ
ਮੇਰੀ ਕੁੜਤੀ ਧੋ
ਚੀਰੇ ਵਾਲੇ ਦੀ ਜਾਕਟ ਧੋ ਲਿਆਂਈਂ ਵੇ
ਟਕਾ ਮਜੂਰੀ ਦਵਾ ਦਿੰਨੀ ਆ।
ਮੇਰੀ ਮੱਝ ਨਲ੍ਹਾ
ਚੀਰੇ ਵਾਲੇ ਦਾ ਘੋੜਾ ਨਲ੍ਹਾ ਲਿਆਈਂ ਵੇ
ਟਕਾ ਮਜੂਰੀ ਦਵਾ ਦਿੰਨੀ ਆਂ।

ਨਮੋਸ਼ੀ ਦਾ ਮਾਰਿਆ ਲਾੜਾ ਤਾਂ ਨਿਗਾਹ ਚੁੱਕ ਕੇ ਬਨੇਰਿਆਂ 'ਤੇ ਬੈਠੀਆਂ ਮੁਟਿਆਰਾਂ ਵਲ ਝਾਕਣ ਦੀ ਜੁਰਅਤ ਵੀ ਨਹੀਂ ਕਰ ਸਕਦਾ। ਜਦੋਂ ਵੇਖਦਾ ਹੈ, ਝਟ ਟੋਕਾ-ਟਾਕੀ ਸ਼ੁਰੂ ਹੋ ਜਾਂਦੀ ਹੈ:

ਲਾੜਿਆ ਆਪਣੀਆਂ ਵਲ ਵੇਖ ਵੇ
ਕਿਉਂ ਲਵੇਂ ਪਰਾਈਆਂ ਬਿੜਕਾਂ
ਘਰ ਭੈਣ ਜੁ ਤੇਰੀ ਕੰਨਿਆ ਕੁਆਰੀ
ਤੂੰ ਉਹਦਾ ਦੇ ਦੇ ਸਾਕ ਵੇ
ਕਿਉਂ ਲਵੇਂ ਪਰਾਈਆਂ ਬਿੜਕਾਂ
ਤੂੰ ਆਪਣੀਆਂ ਵਲ ਝਾਕ ਵੇ
ਕਿਉਂ ਲਵੇਂ ਪਰਾਈਆਂ ਬਿੜਕਾਂ।

ਸਿੱਠਣੀਆਂ ਦੇਣ ਦਾ ਰਿਵਾਜ਼ ਹੁਣ ਖਤਮ ਹੋ ਗਿਆ ਹੈ। ਇਕ ਦਿਨ ਦੇ ਵਿਆਹ ਨੇ, ਉਹ ਵੀ ਮੈਰਿਜ ਪੈਲੇਸਾਂ ਵਿਚ ਹੋਣ ਕਾਰਨ, ਵਿਆਹ ਦੀਆਂ ਸਾਰੀਆਂ ਰਸਮਾਂ ਤੇ ਰੌਣਕਾਂ ਖਤਮ ਕਰ ਦਿੱਤੀਆਂ ਹਨ। ਬਸ ਸ਼ੋਰ ਹੀ ਰਹਿ ਗਿਆ ਹੈ। ਸੈਂਕੜਿਆਂ ਦੀ ਗਿਣਤੀ ਵਿਚ ਸਿੱਠਣੀਆਂ ਹਨ। ਇਨ੍ਹਾਂ ਨੂੰ ਸਾਂਭਣ ਦੀ ਬੇਹਦ ਲੋੜ ਹੈ। ਇਹ ਸਾਡੀ ਵਿਰਾਸਤ ਦਾ ਵੱਡਮੁੱਲਾ ਸਰਮਾਇਆ ਹਨ।

# ਗਲਤਫਹਿਮੀ ਦੀ ਗਾਥਾ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮਨੁੱਖੀ ਸ਼ਖਸੀਅਤ ਦੇ ਤਿੰਨ ਗਹਿਣਿਆਂ-ਇਤਬਾਰ, ਇੱਜਤ ਤੇ ਇਖਲਾਕ ਦੀ ਇਬਾਦਤ ਕੀਤੀ ਸੀ ਤੇ ਕਿਹਾ ਸੀ, "ਇਤਬਾਰ ਵਿਚੋਂ ਹੀ ਇੱਜਤ ਪਨਪਦੀ...ਇੱਜਤਦਾਰ ਲੋਕ ਹੀ ਇੱਜਤ ਦਾ ਮੁੱਲ ਜਾਣਦੇ। ਮਨੁੱਖ, ਸੁੱਖ-ਸਹੂਲਤਾਂ, ਰੁਤਬਾ, ਕੁਰਸੀ ਜਾਂ ਅਹੁਦਾ ਤਾਂ ਧਨ ਨਾਲ ਖਰੀਦ ਸਕਦਾ, ਪਰ ਇੱਜਤ, ਇਤਬਾਰ ਅਤੇ ਇਖਲਾਕ ਕਦੇ ਨਹੀਂ ਖਰੀਦਿਆ ਜਾ ਸਕਦਾ।" ਹਥਲੇ ਲੇਖ ਵਿਚ ਉਨ੍ਹਾਂ ਗਲਤਫਹਿਮੀ ਦੀ ਵਿਆਖਿਆ ਕੀਤੀ ਹੈ ਕਿ ਕਿਵੇਂ ਇਹ ਸ਼ਖਸੀਅਤ ਵਿਚ ਵਿਗਾੜ ਪੈਦਾ ਕਰਦੀ ਹੈ। ਉਹ ਕਹਿੰਦੇ ਹਨ, "ਗਲਤਫਹਿਮੀ, ਕਿਸੇ ਨੂੰ ਧਨ ਦੀ, ਕਿਸੇ ਨੂੰ ਰੁਤਬੇ ਦੀ ਜਾਂ ਕਿਸੇ ਨੂੰ ਪਰਿਵਾਰਕ ਪਿਛੋਕੜ ਦੀ। ਕਿਸੇ ਨੂੰ ਜਾਤ ਦੀ, ਕਿਸੇ ਨੂੰ ਆਪਣੀ ਔਕਾਤ ਦੀ। ਕਿਸੇ ਨੂੰ ਪੜ੍ਹਾਈ, ਕਿਸੇ ਨੂੰ ਖੁਦਾਈ ਦੀ। ਕਿਸੇ ਨੂੰ ਰਾਜਸੀ ਧੌਂਸ ਦੀ, ਕਿਸੇ ਨੂੰ ਉਪਰ ਤੀਕ ਪਹੁੰਚ ਦੀ। ਕਿਸੇ ਨੂੰ ਦੌਲਤ ਦੀ, ਕਿਸੇ ਨੂੰ ਸ਼ੁਹਰਤ ਦੀ। ਪਰ ਇਹ ਗਲਤਫਹਿਮੀ ਪਲ ਭਰ ਵਿਚ ਦੂਰ ਹੋ ਜਾਂਦੀ, ਜਦ ਨਿੱਕੀ ਜਿਹੀ ਕੋਤਾਹੀ, ਕਮੀਨਗੀ, ਕਰੂਰਤਾ, ਕੋਹਝ, ਕੁੜਿੱਤਣ ਜਾਂ ਕੁਚੱਜ ਰੇਤ ਦੀਆਂ ਕੰਧਾਂ ਵਾਂਗ ਢਹਿ ਸਭ ਕੁਝ ਤਹਿਸ਼-ਨਹਿਸ਼ ਕਰ ਜਾਂਦੀ।" ਉਨ੍ਹਾਂ ਦੀ ਨਸੀਹਤ ਹੈ, "ਗਲਤਫਹਿਮੀ ਨਾ ਪਾਲੋ। ਕਦੇ ਗੰਧਲੇ ਪਾਣੀ ਨਾ ਹੰਘਾਲੋ। ਬੇਲੋੜੇ ਅਤੇ ਬੇਰੁੱਖੇ ਦੀ ਯਾਦ 'ਚ ਦੀਦੇ ਨਾ ਗਾਲੋ। ਔਤਰ ਚੁੱਕੀ ਆਸ ਲਈ ਉਮੀਦਾਂ ਦੇ ਚਿਰਾਗ ਪਲਕਾਂ 'ਚ ਨਾ ਬਾਲੋ। ਸਗੋਂ ਖੁਦ ਨੂੰ ਸੰਭਾਲੋ।" ਕਿਉਂਕਿ ਗਲਤਫਹਿਮੀ ਕਾਰਨ ਭਾਈਆਂ ਵਿਚ ਦੁਫਾੜ, ਮੀਆਂ-ਬੀਵੀ ਵਿਚ ਪਾੜ, ਯਾਰਾਂ ਵਿਚ ਰੱਫੜ, ਮਿੱਤਰ ਪਿਆਰਿਆਂ ਵਿਚ ਦੁਸ਼ਮਣੀ ਦਾ ਸੁਲਗਣਾ ਅਤੇ ਨਿੱਘੀਆਂ ਬੁੱਕਲਾਂ ਵਿਚ ਠੰਢ ਦਾ ਤਰੌਂਕਾ। -ਸੰਪਾਦਕ*

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਗਲਤਫਹਿਮੀ, ਸ਼ਾਬਦਿਕ ਭੁੱਲਭੁਲਈਆਂ, ਅਰਥ-ਡੂੰਘਾਈ ਨੂੰ ਨਾਪਣ ਦੀ ਨਾਕਾਮੀ ਅਤੇ ਵਾਕ-ਬਣਤਰ ਦੀ ਉਲਝਣ ਤੇ ਤੱਥਾਂ ਦੀ ਹੇਰਾਫੇਰੀ ਵਿਚ ਖੁਦ ਨੂੰ ਭਟਕਾਉਣਾ।

ਗਲਤਫਹਿਮੀ, ਬੋਲਾਂ ਦੀ ਰੂਹ ਨੂੰ ਵਸਾਉਣ ਅਤੇ ਇਨ੍ਹਾਂ ਦੀ ਹਾਥ ਪਾਉਣ 'ਚ ਨਾਕਾਮੀ, ਆਪਣੀ ਉਚਤਮਤਾ ਲਈ ਕਿਸੇ ਦੀ ਨਾਕਾਮੀ ਨੂੰ ਨਿਹਾਰਨ ਦੀ ਆਦਤ ਅਤੇ ਅੰਤਰੀਵ ਵਿਚਲਾ ਵਿਗਾੜ।

ਗਲਤਫਹਿਮੀ ਸਦਕਾ ਹੀ ਇਕ ਰਾਹ ਗੁਨਾਹ ਨੂੰ ਜਾਂਦਾ। ਗੁਨਾਹਾਂ ਦੀ ਦਲਦਲ ਵਿਚ ਖੁੱਭ ਕੇ ਇਨਸਾਨ ਆਪਣੀਆਂ ਰਾਹਾਂ ਤੋਂ ਬੇਪਛਾਣ ਹੋ, ਆਪਣੇ ਸਫਰ ਨੂੰ ਵੀ ਇਕ ਬਿੰਦੂ 'ਤੇ ਕੇਂਦ੍ਰਿਤ ਕਰਦਾ।

ਗਲਤਫਹਿਮੀ ਨਾਲ ਇਕ ਰਾਹ ਗੁਰਬਤ ਵੰਨੀਂ ਮੁਹਾਰ ਮੋੜਦਾ, ਜਦ ਅਸੀਂ ਸਫਲਤਾ ਦੀਆਂ ਮੰਜ਼ਿਲਾਂ ਨੂੰ ਗਲਤਫਹਿਮੀ ਦਾ ਝੌਲਾ ਬਣਾ ਖੁਦ ਹੀ ਖੁਦ ਦੀ ਕਤਲਗਾਹ ਸਿਰਜ ਬਹਿੰਦੇ।

ਗਲਤਫਹਿਮੀ ਕਾਰਨ ਇਕ ਮਾਰਗ ਗਰੂਰ ਦਾ ਆਧਾਰ ਵੀ ਬਣਦਾ, ਜਦ ਹਉਮੈ ਗਲਤਫਹਿਮੀਆਂ ਦਾ ਅਡੰਬਰ ਬਣ, ਨਫਰਤ ਦਾ ਪਾਤਰ ਬਣ ਜਾਂਦੀ। ਗਲਤਫਹਿਮੀ ਕਰਕੇ ਰਿਸ਼ਤਿਆਂ ਵਿਚ ਤਰੇੜ, ਸਬੰਧਾਂ ਵਿਚ ਗੰਧਲਾਪਣ, ਆਪਸੀ ਇਕਸਾਰਤਾ ਵਿਚ ਅਸਾਵਾਂਪਣ, ਮਾਹੌਲ ਵਿਚ ਕੁੜਿੱਤਣ ਅਤੇ ਸੰਗਤ ਵਿਚ ਕੁਸੰਗਤ ਦਾ ਵਾਸ ਹੁੰਦਾ।

ਗਲਤਫਹਿਮੀ, ਬਹੁਤ ਸਾਰੇ ਲੜਾਈ-ਝਗੜੇ ਅਤੇ ਕਲੇਸ਼ ਦਾ ਕਾਰਨ। ਸੱਚ ਨੂੰ ਪੂਰੀ ਤਰ੍ਹਾਂ ਜਾਣੇ ਬਿਨਾ ਗਲਤਫਹਿਮੀ ਵਿਚ ਅਸੀਂ ਕਈ ਵਾਰ ਅਜਿਹਾ ਕਦਮ ਚੁੱਕਦੇ, ਜੋ ਸਦਾ ਰਸਾਤਲ ਵੱਲ ਜਾਂਦਾ।

ਗਲਤਫਹਿਮੀ ਕਾਰਨ ਜੰਗ, ਤਬਾਹੀ ਅਤੇ ਤ੍ਰਾਸਦੀ ਮਨੁੱਖਤਾ ਦੀ ਝੋਲੀ ਪੈਂਦੀ। ਇਸ ਤ੍ਰਾਸਦੀ ਵਿਚੋਂ ਉਭਰਨ ਲਈ ਕਈ ਸਦੀਆਂ ਲੱਗ ਜਾਂਦੀਆਂ।

ਕਈ ਵਾਰ ਮਨੁੱਖ ਕੁਦਰਤਨ ਹੀ ਗਲਤਫਹਿਮੀ ਦਾ ਸ਼ਿਕਾਰ ਹੁੰਦਾ। ਪਰ ਕਈ ਵਾਰ ਗਲਤਫਹਿਮੀ ਜਾਣ ਬੁਝ ਕੇ ਪੈਦਾ ਕੀਤੀ ਜਾਂਦੀ, ਤਾਂ ਕਿ ਕਿਸੇ ਦੀ ਤਰੱਕੀ ਜਾਂ ਆਨ-ਸ਼ਾਨ ਨੂੰ ਢਾਹ ਲਾਈ ਜਾ ਸਕੇ। ਨਿੱਜਪ੍ਰਸਤ ਲੋਕ ਦੂਸਰੇ ਨੂੰ ਹੀਣਾ ਸਾਬਤ ਕਰਨ ਲਈ ਕੋਝੀਆਂ ਚਾਲਾਂ ਚੱਲਦੇ, ਜਿਸ ਵਿਚ ਅਕਸਰ ਹੀ ਭੋਲੇ-ਭਾਲੇ ਲੋਕ ਫਸ ਕੇ ਮਾਨਸਿਕ ਬੇਚੈਨੀ, ਸਰੀਰਕ ਵਿਗਾੜ ਅਤੇ ਆਰਥਕ ਨੁਕਸਾਨ ਉਠਾਉਂਦੇ। ਕਿਸੇ ਦੇ ਨੁਕਸਾਨ ਵਿਚੋਂ ਹਾਸਲ ਭਾਲਣ ਵਾਲੇ ਲੋਕ, ਆਪਣੀ ਬਰਬਾਦੀ ਦਾ ਪੜੁੱਲ ਖੁਦ ਹੀ ਸਿਰਜ ਬਹਿੰਦੇ।

ਦੁਨੀਆਂ ਵਿਚ ਬਹੁਤ ਸਾਰੇ ਘਰੇਲੂ ਯੁੱਧ, ਸਿਸਟਮ ਜਾਂ ਸ਼ਾਸ਼ਕ ਪ੍ਰਤੀ ਗਲਤਫਹਿਮੀਆਂ ਨੂੰ ਆਧਾਰ ਬਣਾ ਕੇ ਹੋਏ। ਇਹ ਵਿਦੇਸ਼ੀ ਹਮਲੇ ਦਾ ਕਾਰਨ ਵੀ ਬਣੀਆਂ, ਜਿਸ ਨਾਲ ਸਾਮਰਾਜੀ ਤਾਕਤਾਂ ਨੇ ਇਸ ਨੂੰ ਤਬਾਹ ਹੋਈਆਂ ਸਲਤਨਤਾਂ 'ਤੇ ਜਿੱਤ ਗਰਦਾਨਿਆ। ਪਰ ਲੋਕ ਹਾਰ ਜਾਂਦੇ ਅਤੇ ਨਾਲ ਹੀ ਹਾਰ ਜਾਂਦੀਆਂ ਮਨੁੱਖੀ ਕਦਰਾਂ ਕੀਮਤਾਂ। ਜ਼ਖਮੀ ਹੋਈ ਮਨੁੱਖਤਾ ਜ਼ਾਰੋਜ਼ਾਰ ਰੋਣ ਜੋਗੀ ਰਹਿ ਜਾਂਦੀ।

ਗਲਤਫਹਿਮੀ, ਗਰੂਰ ਦਾ ਲਿਬਾਸ ਜਦ ਪਾਵੇ ਤਾਂ ਆਪਣੇ ਜੜ੍ਹੀਂ ਤੇਲ ਦੇ ਜਾਵੇ। ਰੱਬੀ ਰੂਹਾਂ ਨੂੰ ਅੱਖਾਂ ਸਾਹਵੇਂ ਕੁਹਾਵੇ ਤੇ ਆਖਰ ਨੂੰ ਰਾਖ ਬਣ ਕੇ ਰਾਹਾਂ ਦੀ ਧੂੜ ਫੱਕਣ ਜੋਗੀ ਰਹਿ ਜਾਵੇ।

ਗਲਤਫਹਿਮੀ ਜਦ ਗਮ ਦਾ ਜ਼ਜ਼ੀਰਾ, ਪੀੜਾਂ ਦੀ ਪੂੰਜੀ, ਦਰਦ ਦਾ ਦਰਿਆ ਅਤੇ ਵੇਦਨਾ ਦਾ ਵੇਗ ਬਣ ਕੇ ਮਸਤਕ ਵਿਚ ਰੀਂਗਦੀ ਤਾਂ ਮਨੁੱਖਤਾ ਦੇ ਵਿਹੜੇ ਵਿਚ ਹੈਵਾਨੀਅਤ ਦਨਦਨਾਉਂਦੀ। ਗਲੀਆਂ ਵਿਚ ਗੂੰਜਦੀ ਹਾਕ ਦੇ ਗਲ 'ਚ ਲੇਰ ਦਾ ਹਾਰ ਪਾਉਂਦੀ।

ਗਲਤਫਹਿਮੀ, ਮਰਨ ਰੁੱਤ ਦਾ ਆਗਾਜ਼, ਬੇਸੁਰਾ ਜੀਵਨ-ਸਾਜ਼, ਲੀਹੋਂ ਉਖੜਿਆ ਜਿਉਣ-ਅੰਦਾਜ਼ ਅਤੇ ਮਨ ਦਾ ਬੇ-ਸ਼ਗਨਾ ਰਾਜ਼।

ਗਲਤਫਹਿਮੀ, ਗਲੀਆਂ ਦਾ ਹੋਕਰਾ ਬਣ ਕੇ ਜਦ ਹਰ ਜ਼ੁਬਾਨ 'ਤੇ ਆਵੇ ਤਾਂ ਇਹ ਸੱਚਾਈ ਦਾ ਮਖੌਟਾ ਪਾ, ਆਪਣੀ ਹੈਸੀਅਤ ਨੂੰ ਭੁੱਲ ਜਾਵੇ। ਫਿਰ ਖਾਰੇ ਪਾਣੀਆਂ ਦੀ ਅਉਧ, ਹਰ ਅੱਖ ਦੇ ਨਾਮ ਲਾਵੇ ਅਤੇ ਹੋਰਨਾਂ ਨੂੰ ਖੋਰਦਾ ਬੰਦਾ ਖੁਦ ਹੀ ਖੁਰ ਜਾਵੇ।

ਗਲਤਫਹਿਮੀ, ਕੁਝ ਲੋਕਾਂ ਦਾ ਸ਼ੂਗਲ, ਰੋਜ਼ੀ-ਰੋਟੀ ਦਾ ਹਰਬਾ, ਜੁਗਤਾਂ ਲਈ ਜੁਗਾੜ, ਮਨ ਦੀ ਮੂਕ-ਰਿਹਾੜ ਅਤੇ ਇਸ ਕਾਰਨ ਜੀਵਨ-ਲਰਜ਼ ਵਿਚ ਪੈਂਦਾ ਅਜਿਹਾ ਵਿਗਾੜ, ਕਿ ਜੀਵਨ ਹੋ ਜਾਂਦਾ ਨਿਰ-ਆਧਾਰ।

ਗਲਤਫਹਿਮੀ, ਮਾਸੂਮ ਲੋਕਾਂ ਤੋਂ ਕੋਹਾਂ ਦੂਰ, ਪਾਕ ਲੋਕਾਂ ਦੀ ਪਾਕੀਜ਼ਗੀ ਤੋਂ ਤ੍ਰਹਿੰਦੀ ਅਤੇ ਸਰਬੱਤ ਦਾ ਭਲਾ ਲੋਚਦੀ ਸੋਚ 'ਚੋਂ ਮਨਫੀ।

ਗਲਤਫਹਿਮੀ ਚਾਪਲੂਸ ਲੋਕਾਂ ਦਾ ਖਾਜਾ, ਚਲਾਕ ਲੋਕਾਂ ਦੀ ਚਤੁਰਾਈ ਦਾ ਗੇੜ ਅਤੇ ਨਾਪਾਕ ਇਰਾਦਿਆਂ ਨੂੰ ਪੂਰੇ ਕਰਨ ਦਾ ਫਰੇਬ, ਮਨਹੂਸ ਸੋਚ ਦਾ ਪ੍ਰਗਟਾਅ ਅਤੇ ਕਮੀਨਗੀ ਦੀ ਪੀਲੱਤਣਾਂ ਭਰਪੂਰ ਅਦਾ।

ਗਲਤਫਹਿਮੀ, ਰਿਸ਼ਤਿਆਂ ਲਈ ਰਸਾਤਲ, ਮੋਹ-ਮੁਹੱਬਤ ਲਈ ਮੌਤ, ਸੁਘੜ-ਸਬੰਧਾਂ 'ਚ ਸੇਹ ਦਾ ਤੱਕਲਾ ਅਤੇ ਉਮਰਾਂ ਵਰਗੀਆਂ ਯਾਰੀਆਂ ਲਈ ਯਮਰਾਜ਼ਤਾ।

ਗਲਤਫਹਿਮੀ ਦਾ ਸ਼ਿਕਾਰ ਅਕਸਰ ਹੀ ਲੋਕ ਹੋ ਜਾਂਦੇ, ਪਰ ਚੇਤੰਨ ਲੋਕ ਗਲਤਫਹਿਮੀ ਤੋਂ ਬਚ, ਇਸ ਦੀਆਂ ਮਾਰੂ ਨਜ਼ਰਾਂ ਤੋਂ ਉਪਰ ਉਠ, ਸੁਖਾਵੀਂ ਅਤੇ ਸੰਤੁਲਿਤ ਸੋਚ ਸੰਗ ਸਮਿਆਂ ਨੂੰ ਸੁੱਚੀ ਤਸ਼ਬੀਹ ਦਿੰਦੇ।

ਗਲਤਫਹਿਮੀ, ਕਿਸੇ ਨੂੰ ਧਨ ਦੀ, ਕਿਸੇ ਨੂੰ ਰੁਤਬੇ ਦੀ ਜਾਂ ਕਿਸੇ ਨੂੰ ਪਰਿਵਾਰਕ ਪਿਛੋਕੜ ਦੀ। ਕਿਸੇ ਨੂੰ ਜਾਤ ਦੀ, ਕਿਸੇ ਨੂੰ ਆਪਣੀ ਔਕਾਤ ਦੀ। ਕਿਸੇ ਨੂੰ ਪੜ੍ਹਾਈ, ਕਿਸੇ ਨੂੰ ਖੁਦਾਈ ਦੀ। ਕਿਸੇ ਨੂੰ ਰਾਜਸੀ ਧੌਂਸ ਦੀ, ਕਿਸੇ ਨੂੰ ਉਪਰ ਤੀਕ ਪਹੁੰਚ ਦੀ। ਕਿਸੇ ਨੂੰ ਦੌਲਤ ਦੀ, ਕਿਸੇ ਨੂੰ ਸ਼ੁਹਰਤ ਦੀ। ਪਰ ਇਹ ਗਲਤਫਹਿਮੀ ਪਲ ਭਰ ਵਿਚ ਦੂਰ ਹੋ ਜਾਂਦੀ, ਜਦ ਨਿੱਕੀ ਜਿਹੀ ਕੋਤਾਹੀ, ਕਮੀਨਗੀ, ਕਰੂਰਤਾ, ਕੋਹਝ, ਕੁੜਿੱਤਣ ਜਾਂ ਕੁਚੱਜ ਰੇਤ ਦੀਆਂ ਕੰਧਾਂ ਵਾਂਗ ਢਹਿ ਸਭ ਕੁਝ ਤਹਿਸ਼-ਨਹਿਸ਼ ਕਰ ਜਾਂਦੀ। ਮਨੁੱਖ ਨੂੰ ਆਪਣੀ ਅਸਲੀਅਤ ਦਾ ਪਤਾ ਲੱਗਦਾ।

> *ਗਲਤਫਹਿਮੀ ਵਿਚ ਬੰਦਾ ਗੁੰਮਦਾ ਤਾਂ ਰੋਵੇ ਚਾਅ ਦੀ ਲੋਰ, ਅੰਬਰ ਦੇ ਵਿਚ ਉਡਦੀ ਪਤੰਗ, ਕਟਵਾ ਬਹਿੰਦੀ ਡੋਰ। ਇਸ ਦੀ ਮਾਰ ਵਿਚ ਆਇਆ ਬੰਦਾ ਬੌਣੀ ਸੋਚ ਦਾ ਜਾਇਆ। ਸਾਰੀ ਉਮਰਾ ਰਹੇ ਗਵਾਉਂਦਾ, ਨਾ ਖੱਟਿਆ, ਨਾ ਪਾਇਆ। ਗਲਤਫਹਿਮੀ 'ਚ ਉਜੜੇ ਘਰਾਂ ਦੀ ਥੇਹਾਂ ਜਿਹੀ ਨਿਸ਼ਾਨੀ। ਕੀ ਤੋਂ ਕੀ ਕਰਵਾ ਦਿੰਦੀ ਏ ਨਿੱਕੀ ਜਿਹੀ ਨਾਦਾਨੀ। ਗਲਤਫਹਿਮੀ ਦੇ ਜਖਮਾਂ ਨੂੰ ਨਹੀਂ ਲੱਗਦੀ ਕੋਈ ਦਵਾ। ਸੋਚ-ਸਮਝ ਦਾ ਫੇਹਾ ਧਰਿਆ, ਉਹੀਓ ਬਣੇ ਦੁਆ। ਹਰ ਪੱਖ ਨੂੰ ਗਹਿਰਾ ਵਿਚਾਰ ਕੇ ਬਣਦੀਆਂ ਰਾਹ ਤੋਂ ਪੈੜਾਂ। ਉਨ੍ਹਾਂ ਦੇ ਹਰ ਕਦਮ ਦੀ ਧੂੜ ਮਨਾਉਂਦੀ ਖੈਰਾਂ। ਗਲਤਫਹਿਮੀ ਦੀ ਗਹਿਰ ਗਵਾਚੇ, ਲੱਖ ਪੱਤਣਾਂ ਦੇ ਤਾਰੂ। ਖੁਦ ਹੀ ਆਪਣੀ ਸਲੀਬ ਬਣ ਗਿਆ, ਕੋਈ ਕੀ ਵਿਗਾੜੂ? ਗਲਤਫਹਿਮੀ ਨੂੰ ਮਨ 'ਚੋਂ ਕੱਢ ਕੇ ਸੁਪਨੇ ਦੀ ਅੱਖ ਹੱਸੇ। ਤਦ ਸੰਦਲੀ ਰੰਗਾਂ ਇਕ ਸ਼ਗੂਫਾ, ਮਨ ਮੰਦਿਰ ਵਿਚ ਵੱਸੇ। ਦਿਲ ਨੂੰ ਕੋਲ ਬਹਾ ਕੇ, ਕੁਝ ਪੁਛੇ ਕੁਝ ਦੱਸੇ। ਉਹ ਤਾਅ ਉਮਰਾ ਹੀ, ਖੁਦ ਦੇ ਕੋਲ ਹੀ ਵੱਸੇ ਅਤੇ ਸਾਹ-ਸੰਗੀਤ ਦੀ ਤਾਜ਼ੀ ਧੁਨ ਨੂੰ, ਜ਼ਿੰਦ ਦੀ ਜੁਲਫੀਂ ਝੱਸੇ।*

ਗਲਤਫਹਿਮੀ ਵਿਚ ਕਈ ਰਾਜਿਆਂ ਨੇ ਰਾਜ ਗਵਾਏ। ਕਈ ਸਲਤਨਤਾਂ ਤਬਾਹ ਹੋਈਆਂ। ਕਈ ਪਰਿਵਾਰ ਉਜੜ ਗਏ ਅਤੇ ਕਈ ਪੀੜ੍ਹੀਆਂ ਤੀਕ ਚੱਲੀ ਦੁਸ਼ਮਣੀ ਨੇ ਮਨੁੱਖੀ ਸੋਚ ਨੂੰ ਕੰਗਾਲ ਕਰ ਅਤੇ ਜੰਗਾਲ ਲਾ ਦਿਤਾ।

ਗਲਤਫਹਿਮੀ ਦਾ ਸ਼ਿਕਾਰ ਨੇ ਅਦਬੀ ਲੋਕ, ਉਚਤਮ ਸਾਹਿਤਕਾਰ, ਧਾਰਮਕ ਰਹਿਬਰ, ਰਾਜਨੀਤਕ ਆਗੂ, ਵੱਡੇ ਅਫਸਰ ਅਤੇ ਸਮਾਜਕ ਧਰਾਤਲ ਦੇ ਹਰ ਪੌਡੇ 'ਤੇ ਬੈਠੇ ਲੋਕ। ਜਰਾ ਕੁ ਤਿਲਕਣ 'ਤੇ ਸਿਰਫ ਜਮੀਂ ਹੀ ਉਨ੍ਹਾਂ ਨੂੰ ਝੱਲਦੀ ਅਤੇ ਅੰਬਰਾਂ ਨੂੰ ਹੇਠਾਂ ਲਾਉਣ ਦੀ ਚਾਹਤ ਦਮ ਤੋੜ ਦਿੰਦੀ।

ਗਲਤਫਹਿਮੀ, ਕੁਝ ਕੁ ਸਮੇਂ ਲਈ ਕੁਝ ਖਾਸ ਹਾਲਤਾਂ ਵਿਚ ਸਹੀ ਹੁੰਦੀ। ਜਦ ਅਸੀਂ ਕਿਸੇ ਅਤਿ ਪਿਆਰੇ ਨੂੰ ਕੁਝ ਸਮੇਂ ਲਈ ਸਦਮੇ, ਘਾਟੇ ਜਾਂ ਅਣਹੋਣੀ ਬਾਰੇ ਟਾਲਦੇ ਹਾਂ ਤਾਂ ਕਿ ਉਹ ਮਾਨਸਿਕ ਤੌਰ 'ਤੇ ਅਣਹੋਈ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਜਾਵੇ।

ਗਲਤਫਹਿਮੀ ਕਾਰਨ ਲੱਗ ਜਾਂਦੇ ਵਖਤਾਂ ਨਾਲ ਵਕਤਾਂ ਦੇ ਆਢੇ, ਪਰ ਕਰਦੇ ਨੇ ਜੋਰ ਦੇ ਮੁਕਾਬਲੇ ਜਦ ਲੇਖ ਡਾਢੇ ਤਾਂ ਵਫਾ ਹੋ ਜਾਂਦੇ ਜੀਵਨ 'ਚ ਕੀਤੇ ਹੋਏ ਵਾਅਦੇ। ਪਰਾਏ ਵੀ ਕਹਿਣ ਲੱਗਦੇ ਨੇ 'ਸਾਡੇ' ਅਤੇ ਢੁੱਕਣ ਨੂੰ ਕਰਦੇ ਹਾਰਾਂ ਦੇ ਕਾਫਲੇ ਰਹਿ ਜਾਂਦੇ ਨੇ ਦੁਰਾਡੇ।

ਗਲਤਫਹਿਮੀ ਨਾ ਪਾਲੋ। ਕਦੇ ਗੰਧਲੇ ਪਾਣੀ ਨਾ ਹੰਘਾਲੋ। ਬੇਲੋੜੇ ਅਤੇ ਬੇਰੁੱਖੇ ਦੀ ਯਾਦ 'ਚ ਦੀਦੇ ਨਾ ਗਾਲੋ। ਔਤਰ ਚੁੱਕੀ ਆਸ ਲਈ ਉਮੀਦਾਂ ਦੇ ਚਿਰਾਗ ਪਲਕਾਂ 'ਚ ਨਾ ਬਾਲੋ। ਸਗੋਂ ਖੁਦ ਨੂੰ ਸੰਭਾਲੋ। ਖੁਦ ਵਿਚੋਂ ਖੁਦਦਾਰੀ ਨੂੰ ਕੱਦਾਵਰ ਬਣਾਓ, ਜੀਵਨ-ਧਾਰਾ ਨੂੰ ਨਵਾਂ ਵਹਾ ਤੇ ਅਦਾ ਮਿਲੇਗੀ।

ਗਲਤਫਹਿਮੀ ਭਰੀ ਗਤੀਸ਼ੀਲਤਾ ਵਿਚ ਗੁਨਾਹਾਂ, ਗਲਤੀਆਂ, ਗੁਮਾਨਾਂ, ਗੰਦਲੀ ਸੋਚ ਹੀਣਤਾ ਅਤੇ ਕੋਹਜ ਦਾ ਪਖੰਡ। ਇਸ ਦੀ ਜੱਦ ਵਿਚ ਆ ਕੇ ਹੋ ਜਾਂਦੀਆਂ ਨੇ ਸੁਹਾਗਣਾਂ ਵੀ ਰੰਡੀਆਂ। ਉਜੜੇ ਘਰਾਂ, ਤਿੜਕੇ ਤਸੱਵਰਾਂ ਅਤੇ ਤਰਸਮਈ ਤਦਬੀਰਾਂ ਨੂੰ ਤਕਦੀਰ ਬਣਨ ਲਈ ਅੱਕ ਚੱਬਣਾ ਪੈਂਦਾ। ਜੀਵਨ ਵਿਚ ਭਰ ਜਾਂਦੀ ਸਦੀਵੀ ਕੁਸੈਲਤਾ।

ਗਲਤਫਹਿਮੀ ਤੋਂ ਨਿਜ਼ਾਤ, ਗਰੂਰ ਨੂੰ ਗਰੀਬੀ, ਸ਼ੇਖਚਿੱਲੀ ਤੋਂ ਸਾਦਗੀ, ਬਤੰਗੜ ਤੋਂ ਬਾਤੀਸੀ, ਬਹਾਨਿਆਂ ਨੂੰ ਬਰਕਤਾਂ, ਬੇਕਦਰੀ ਨੂੰ ਬਖਸ਼ਿੰਦਗੀ ਅਤੇ ਬੇਗਾਨਗੀ ਨੂੰ ਬਾਦਸ਼ਾਹਤ ਬਖਸ਼ਣ ਵੱਲ ਤੋਰਦੀ। ਉਸ ਵੇਲੇ ਗਲਤਫਹਿਮੀ ਉਪਜਣ ਦਾ ਵਿਚਾਰ ਵੀ ਖੁਦਕੁਸ਼ੀ ਕਰ ਲੈਂਦਾ।

ਗਲਤਫਹਿਮੀ ਕਾਰਨ ਭਾਈਆਂ ਵਿਚ ਦੁਫਾੜ, ਮੀਆਂ-ਬੀਵੀ ਵਿਚ ਪਾੜ, ਯਾਰਾਂ ਵਿਚ ਰੱਫੜ, ਮਿੱਤਰ ਪਿਆਰਿਆਂ ਵਿਚ ਦੁਸ਼ਮਣੀ ਦਾ ਸੁਲਗਣਾ ਅਤੇ ਨਿੱਘੀਆਂ ਬੁੱਕਲਾਂ ਵਿਚ ਠੰਢ ਦਾ ਤਰੌਂਕਾ।

ਗਲਤਫਹਿਮੀ ਕਰਕੇ ਹੀ ਚਾਵਾਂ ਨੂੰ ਲੱਗਦਾ ਗ੍ਰਹਿਣ, ਭਾਵਾਂ ਨੂੰ ਲੱਗਦੀ ਨਜ਼ਰ, ਸੂਹੀਆਂ ਸੱਧਰਾਂ ਦੀ ਡੋਲ ਜਾਂਦੀ ਡਗਰ ਅਤੇ ਸਮਿਆਂ ਦੀ ਬੀਹੀ ਵਿਚ ਡਿੱਗਦਾ ਛੱਜਰ।

ਗਲਤਫਹਿਮੀ ਵਿਚ ਬੰਦਾ ਗੁੰਮਦਾ ਤਾਂ ਰੋਵੇ ਚਾਅ ਦੀ ਲੋਰ, ਅੰਬਰ ਦੇ ਵਿਚ ਉਡਦੀ ਪਤੰਗ, ਕਟਵਾ ਬਹਿੰਦੀ ਡੋਰ। ਇਸ ਦੀ ਮਾਰ ਵਿਚ ਆਇਆ ਬੰਦਾ ਬੌਣੀ ਸੋਚ ਦਾ ਜਾਇਆ। ਸਾਰੀ ਉਮਰਾ ਰਹੇ ਗਵਾਉਂਦਾ, ਨਾ ਖੱਟਿਆ, ਨਾ ਪਾਇਆ। ਗਲਤਫਹਿਮੀ 'ਚ ਉਜੜੇ ਘਰਾਂ ਦੀ ਥੇਹਾਂ ਜਿਹੀ ਨਿਸ਼ਾਨੀ। ਕੀ ਤੋਂ ਕੀ ਕਰਵਾ ਦਿੰਦੀ ਏ ਨਿੱਕੀ ਜਿਹੀ ਨਾਦਾਨੀ। ਗਲਤਫਹਿਮੀ ਦੇ ਜਖਮਾਂ ਨੂੰ ਨਹੀਂ ਲੱਗਦੀ ਕੋਈ ਦਵਾ। ਸੋਚ-ਸਮਝ ਦਾ ਫੇਹਾ ਧਰਿਆ, ਉਹੀਓ ਬਣੇ ਦੁਆ। ਹਰ ਪੱਖ ਨੂੰ ਗਹਿਰਾ ਵਿਚਾਰ ਕੇ ਬਣਦੀਆਂ ਰਾਹ ਤੋਂ ਪੈੜਾਂ। ਉਨ੍ਹਾਂ ਦੇ ਹਰ ਕਦਮ ਦੀ ਧੂੜ ਮਨਾਉਂਦੀ ਖੈਰਾਂ। ਗਲਤਫਹਿਮੀ ਦੀ ਗਹਿਰ ਗਵਾਚੇ, ਲੱਖ ਪੱਤਣਾਂ ਦੇ ਤਾਰੂ। ਖੁਦ ਹੀ ਆਪਣੀ ਸਲੀਬ ਬਣ ਗਿਆ, ਕੋਈ ਕੀ ਵਿਗਾੜੂ? ਗਲਤਫਹਿਮੀ ਨੂੰ ਮਨ 'ਚੋਂ ਕੱਢ ਕੇ ਸੁਪਨੇ ਦੀ ਅੱਖ ਹੱਸੇ। ਤਦ ਸੰਦਲੀ ਰੰਗਾਂ ਇਕ ਸ਼ਗੂਫਾ, ਮਨ ਮੰਦਿਰ ਵਿਚ ਵੱਸੇ। ਦਿਲ ਨੂੰ ਕੋਲ ਬਹਾ ਕੇ, ਕੁਝ ਪੁਛੇ ਕੁਝ ਦੱਸੇ। ਉਹ ਤਾਅ ਉਮਰਾ ਹੀ, ਖੁਦ ਦੇ ਕੋਲ ਹੀ ਵੱਸੇ ਅਤੇ ਸਾਹ-ਸੰਗੀਤ ਦੀ ਤਾਜ਼ੀ ਧੁਨ ਨੂੰ, ਜ਼ਿੰਦ ਦੀ ਜੁਲਫੀਂ ਝੱਸੇ।

ਗਲਤਫਹਿਮੀ, ਕਹਿਣ ਤੇ ਸਮਝਣ ਵਿਚ ਅੰਤਰ, ਬੋਲਣ ਤੇ ਇਸ ਨੂੰ ਸੁਣਨ ਵਿਚ ਫਰਕ, ਪੜ੍ਹਨ ਤੇ ਇਸ ਦੇ ਅਰਥਾਂ ਤੀਕ ਪਹੁੰਚਣ ਵਿਚਲਾ ਫਾਸਲਾ ਅਤੇ ਖੁਦ ਦੇ ਮੁਖੌਟੇ 'ਤੇ ਅਸਲੀਅਤ ਵਿਚਲੀ ਦੂਰੀ।

ਗਲਤਫਹਿਮੀ, ਕਈ ਵਾਰ ਅਜਾਈਂ ਹੀ ਪੈਦਾ ਕਰ ਦਿਤੀ ਜਾਂਦੀ। ਤੁਸੀਂ ਕਿੰਨੇ ਵੀ ਧਿਆਨ ਨਾਲ ਅਤੇ ਸੋਚ ਕੇ ਦਿਆਨਤਦਾਰੀ ਨਾਲ ਬੋਲੋ, ਚਾਲਬਾਜ਼ ਲੋਕ ਇਸ ਵਿਚੋਂ ਵੀ ਗਲਤਫਹਿਮੀ ਨੂੰ ਕਿਆਸਣ ਅਤੇ ਆਪਣੇ ਹੀ ਅਰਥ ਕੱਢਣ ਵਿਚ ਦੇਰ ਨਹੀਂ ਲਾਉਂਦੇ।

ਰਿਸ਼ਤਿਆਂ ਵਿਚ ਪੈਦਾ ਹੋਈ ਗਲਤਫਹਿਮੀ ਨੂੰ ਦੂਰ ਕਰਨ ਲਈ ਹਉਮੈ ਨੂੰ ਤਿਆਗੋ, ਨਾ ਕਿ ਰਿਸ਼ਤੇ ਦੀ ਪਾਕੀਜ਼ਗੀ ਅਤੇ ਇਸ ਦੀ ਸਥਿਰਤਾ ਨੂੰ ਪ੍ਰਸ਼ਨ ਹੀ ਬਣਾ ਦਿਓ।

ਗਲਤਫਹਿਮੀ, ਉਮਰ ਭਰ ਮਿਲ ਕੇ ਗੁਜਾਰੇ ਪਿਆਰੇ ਪਲਾਂ ਨੂੰ ਪਲ ਵਿਚ ਰਾਖ ਕਰ ਦਿੰਦੀ। ਮਨ ਦੀ ਮਿਠਾਸ ਵਿਚ ਕੁੜਿੱਤਣ ਭਰਦੀ ਅਤੇ ਅੰਮ੍ਰਿਤ ਰੂਪੀ ਸਾਂਝ ਵਿਚ ਜ਼ਹਿਰ ਭਰਦੀ। ਪਲ ਭਰ ਵਿਚ ਕੁਝ ਦਾ ਕੁਝ ਹੋ ਜਾਂਦਾ ਅਤੇ ਬੰਦਾ ਦੇਖਦਾ ਹੀ ਰਹਿ ਜਾਂਦਾ।

ਗਲਤਫਹਿਮੀ, ਵਿਚਾਰਾਂ ਦਾ ਤਕਰਾਰ, ਤਰਕਾਂ ਦੀ ਖਿਚੋਤਾਣ ਜਾਂ ਦਲੀਲਾਂ ਦੇ ਘੜਮੱਸ ਵਿਚ ਪੈਦਾ ਨਹੀਂ ਹੁੰਦੀ, ਪਰ ਜਦ ਬੇ-ਦਲੀਲ ਅਤੇ ਤਰਕਹੀਣਤਾ ਆਪਣੀ ਹੋਂਦ ਪ੍ਰਗਟਾਉਂਦੀ ਤਾਂ ਗਲਤਫਹਿਮੀ ਆਪਣਾ ਰੰਗ ਦਿਖਾਉਂਦੀ ਅਤੇ ਰੰਗ 'ਚ ਭੰਗ ਪਾਉਂਦੀ।

ਗਲਤਫਹਿਮੀ ਕੁਝ ਲਈ ਗਨੀਮਤ ਵੀ ਤੇ ਗਲੀਜ਼ਤ ਵੀ, ਗਤੀ ਵੀ ਤੇ ਗੜਬੜੀ ਵੀ, ਗੈਰਤ ਵੀ ਤੇ ਗਰਕਣੀ ਵੀ, ਗਰੂਰ ਵੀ ਤੇ ਗੁੰਮਸ਼ੁਦਗੀ ਵੀ, ਗੀਤ ਵੀ ਤੇ ਗੁਹਾਰ ਵੀ, ਗੰਦਮੀ ਵੀ ਤੇ ਗੰਦਗੀ ਵੀ, ਗੁਮਾਨ ਵੀ ਅਤੇ ਗੁੰਮਨਾਮੀ ਵੀ, ਗੁਫਤਾਰ ਵੀ ਤੇ ਗੁੰਮਸੁੰਮਤਾ ਵੀ, ਗੁਲਜ਼ਾਰ ਵੀ ਤੇ ਗੁਲਖਾਰ ਵੀ, ਗੁਰਤਾ ਵੀ ਅਤੇ ਗੋਰਖਧੰਦਾ ਵੀ, ਗਮ ਵੀ ਤੇ ਗਰਦਿਸ਼ ਵੀ, ਗਹਿਰ ਵੀ ਤੇ ਗੁਬਾਰ ਵੀ, ਗੁਰਬਤ ਵੀ ਤੇ ਗਰੀਬੀ ਵੀ ਅਤੇ ਗੁਰਦੱਖਣਾ ਵੀ ਤੇ ਗੰਧਲਾਪਣ ਵੀ।

ਗਲਤਫਹਿਮੀ ਜਦ ਵੱਸ ਜਾਵੇ ਮਨ-ਵਿਹੜੇ ਤਾਂ ਪੈਦਾ ਹੁੰਦੇ ਝਗੜੇ-ਝੇੜੇ। ਵਕਤ ਦੇ ਪਿੰਡੇ 'ਤੇ ਵਕਤਾਂ ਦੇ ਥਪੇੜੇ ਅਤੇ ਪਲ ਪਲ ਜ਼ਹਿਨੀਅਤ ਨੂੰ ਲਬੇੜੇ।

ਗਲਤਫਹਿਮੀ ਮਨ ਦੇ ਨਿਰਮਲ ਪਾਣੀਆਂ 'ਚ ਗਾਰ, ਸਫਾਫ ਸੋਚ ਵਿਚ ਕੂੜ-ਪਾਸਾਰ, ਕਮੀਨਗੀ ਦੀ ਲਟਕਦੀ ਤਲਵਾਰ ਅਤੇ ਪੌਣ-ਪਾਕੀਜ਼ਗੀ ਵਿਚ ਬਦਬੂ-ਬੁਛਾਰ।

ਗਲਤਫਹਿਮੀ ਅਤੇ ਖੁਸ਼ਫਹਿਮੀ ਦੇ ਰਿਸ਼ਤੇ ਵਿਚ ਅਸਾਵਾਂਪਣ। ਇਕ ਦੂਜੇ ਤੋਂ ਬੇਗਾਨਗੀ ਅਤੇ ਫਾਸਲਾ। ਗਲਤਫਹਿਮੀ ਹਮੇਸ਼ਾ ਨਾਕਾਰਾਤਮਕ ਜਦ ਕਿ ਖੁਸ਼ਫਹਿਮੀ ਕੁਝ ਪਲ ਲਈ ਪੈਦਾ ਕਰਦੀ ਸੁਖਾਵੇਂਪਣ ਦਾ ਅਹਿਸਾਸ। ਗਲਤਫਹਿਮੀ ਪਾਲਣ ਵਾਲੇ ਕਾਲਖਾਂ ਦੇ ਵਣਜਾਰੇ ਜਦ ਕਿ ਖੁਸ਼ਫਹਿਮੀ ਵਾਲੇ ਮਨ ਪ੍ਰਚਾਉਣ ਲਈ ਨਰੋਇਆ ਭਰਮ-ਭੁਲੇਖਾ। ਨੰਨੇ-ਮੁੰਨੇ ਬੱਚਿਆਂ ਦੀ ਚੰਚਲ ਨਾਲ ਲਈ ਸੈਲਫੀ, ਇਕ ਖੁਸ਼ਫਹਿਮੀ। ਇਸ ਨਾਲ ਫੈਲਿਆ ਉਨ੍ਹਾਂ ਦੇ ਚਿਹਰੇ 'ਤੇ ਨੂਰ ਅਤੇ ਡੁੱਲ ਡੁੱਲ ਪੈਂਦੀ ਮੁਸਕਰਾਹਟ। ਮਨਮੋਹਕ ਬਾਲਪਣ। ਚਾਵਾਂ ਦਾ ਭਰਮ। ਫੋਨ ਦੀ ਅਣਹੋਂਦ ਨੂੰ ਚੰਚਲ ਨਾਲ ਪੂਰਾ ਕਰਨ ਦੀ ਖੁਸ਼ਫਹਿਮੀ। ਉਨ੍ਹਾਂ ਨੂੰ ਕੋਈ ਗਲਤਫਹਿਮੀ ਨਹੀਂ, ਆਪਣੀ ਔਕਾਤ ਤੇ ਥੁੜਾਂ ਮਾਰੀ ਜ਼ਿੰਦਗੀ ਬਾਰੇ। ਇਸ ਖੁਸ਼ਫਹਿਮੀ ਵਿਚੋਂ ਪੈਦਾ ਹੋਈ ਆਤਮਿਕ ਖੁਸ਼ੀ, ਫੋਨਾਂ ਵਾਲਿਆਂ ਦੇ ਭਾਗਾਂ ਵਿਚ ਨਹੀਂ ਹੁੰਦੀ।

ਗਲਤਫਹਿਮੀ, ਖੁਸ਼ੀਆਂ ਤੇ ਖੇੜਿਆਂ 'ਤੇ ਪੈਣ ਵਾਲੀ ਬਿੱਜ। ਅਛੋਪਲੇ ਜਿਹੇ ਤੁਹਾਡੀਆਂ ਗਿਣਤੀਆਂ-ਮਿਣਤੀਆਂ ਨੂੰ ਉਲਝਾਅ, ਜੀਵਨ ਵਿਚ ਉਲਝਣ ਪੈਦਾ ਕਰਦੀ।

ਗਲਤਫਹਿਮੀ, ਗੂੜ-ਗਿਆਨ ਤੋਂ ਕੋਰੀ, ਸੱਚ-ਸੰਵੇਦਨਾ ਤੋਂ ਵਿਰਵੀ, ਕਿਰਤ-ਬੰਦਨਾ ਤੋਂ ਬੇਦਾਵਾ, ਸੂਖਮ-ਸਬੰਧਾਂ ਤੋਂ ਤੌਬਾ ਅਤੇ ਸਹਿਜ-ਸੰਤੋਖ ਤੋਂ ਦੂਰੀ।

ਗਲਤਫਹਿਮੀ ਬੰਦ ਕਰਦੀ ਮਨ ਦੇ ਕਿਵਾੜ। ਪੈਦਾ ਕਰਦੀ ਸਮਾਜਕ ਵਿਗਾੜ। ਪੈਂਡਿਆਂ 'ਚ ਉਗੇ ਦਰਦ-ਪਹਾੜ ਦੀ ਪੈਂਦੀ ਦਹਾੜ ਅਤੇ ਮਨ-ਬਗੀਚੀ ਵਿਚ ਪਸਰਦੀ ਉਜਾੜ।

ਰਿਸ਼ਤੇ ਨੂੰ ਖਤਮ ਕਰਨ ਵਿਚ ਜਿਥੇ ਹਉਮੈ, ਸ਼ੱਕ, ਧੋਖਾ, ਆਪਸੀ ਸੂਝ ਦੀ ਘਾਟ, ਸਹਿਨਸ਼ੀਲਤਾ ਦੀ ਅਣਹੋਂਦ ਅਤੇ ਹੋਈਆਂ ਗਲਤੀਆਂ ਨੂੰ ਚੇਤਾ ਕਰਵਾਉਣ ਆਦਿ ਕੁਝ ਕੁ ਕਾਰਨ ਹੁੰਦੇ, ਉਥੇ ਗਲਤਫਹਿਮੀ ਸਭ ਤੋਂ ਖਤਰਨਾਕ ਹੁੰਦੀ ਹੈ, ਸਬੰਧਾਂ ਵਿਚ ਸੋਕਾ ਪੈਦਾ ਕਰਨ ਲਈ।

ਗਲਤਫਹਿਮੀ ਦੀ ਦੂਰੀ ਪੈਣ 'ਤੇ ਮਿੱਤਰ ਵੀ ਮਰਨ-ਮਾਰਨ 'ਤੇ ਉਤਾਰੂ। ਯੁੱਗਾਂ ਵਰਗੀਆਂ ਯਾਰੀਆਂ ਵੀ ਜ਼ਰਜ਼ਰੀ ਹੋ ਜਾਂਦੀਆਂ। ਲੋੜ ਹੈ, ਇਸ ਦੂਰੀ ਨੂੰ ਮਿਟਾਓ, ਨਾ ਕਿ ਵਧਾਓ।

ਗਲਤਫਹਿਮੀ-ਰਹਿਤ ਰਿਸ਼ਤਿਆਂ ਨੂੰ ਕੋਈ ਵੀ ਨਾਮ ਦਿਓ, ਇਨ੍ਹਾਂ ਦਾ ਅੰਜ਼ਾਮ ਬਿਹਤਰੀਨ ਹੁੰਦਾ। ਜਦ ਮਨ ਵਿਚ ਕਿਸੇ ਰਿਸ਼ਤੇ ਨੂੰ ਨਿਭਾਉਣ ਦੀ ਭਾਵਨਾ ਪ੍ਰਬਲ ਹੋਵੇ ਤਾਂ ਪਾਕ-ਰਿਸ਼ਤਾ ਕਦੇ ਵੀ ਬਦਨਾਮ ਨਹੀਂ ਹੁੰਦਾ। ਗਲਤਫਹਿਮੀ ਤਾਂ ਪਾਕ-ਰਿਸ਼ਤਿਆਂ ਨੂੰ ਵੀ ਦਾਗੋ ਦਾਗ ਕਰ ਦਿੰਦੀ।

ਬੇਲੋੜੀਆਂ ਗਲਤਫਹਿਮੀਆਂ ਵਿਹਲੇ ਅਤੇ ਅਫਲਾਤੂਨ ਮਨ ਦੀ ਉਪਜ। ਮਨ ਦੀਆਂ ਵਸੀਹ ਪਰਤਾਂ ਅਤੇ ਉਹ ਇਨ੍ਹਾਂ ਪਰਤਾਂ ਨੂੰ ਗਲਤਫਹਿਮੀਆਂ ਨਾਲ ਰੰਗ ਕੇ, ਮਨ ਦੀ ਸੂਹੀ ਭਾਅ ਨੂੰ ਗੰਧਲੀ ਕਰਨ ਤੋਂ ਬਾਜ ਨਹੀਂ ਆਉਂਦੇ।

ਕਦੇ ਗਲਤਫਹਿਮੀ ਤੋਂ ਨਿਰਲੇਪ ਰਹਿ ਕੇ ਬੰਦਿਆਈ, ਬੰਦਗੀ ਅਤੇ ਬਿਹਤਰੀ ਦੇ ਮਾਰਗ ਨੂੰ ਅਪਨਾਉਣਾ, ਗਲਤਫਹਿਮੀ ਦੇ ਕੌੜੇ ਪੌਦੇ ਨੂੰ ਮਿੱਠੇ ਫਲਾਂ ਦੀ ਪਿਉਂਦ ਜਰੂਰ ਲੱਗ ਜਾਵੇਗੀ, ਜੋ ਤੁਹਾਡੀ ਜ਼ਿੰਦਗੀ ਦੀ ਮਿਠਾਸ ਹੋਵੇਗੀ।

###

ਕਹਾਣੀ

# ਕੌੜਾ ਫਲ

ਅਸੀਂ ਦੋਹਾਂ ਨੇ ਕਾਫੀ ਸਮਾਂ ਇੱਕ ਹੀ ਕੰਪਨੀ 'ਚ ਕੰਮ ਕੀਤਾ। ਉਹ ਦੱਸਦਾ ਕਿ ਉਹ ਪੰਜਾਬ ਤੋਂ ਕੈਨੇਡਾ ਪੜ੍ਹਨ ਆਇਆ ਸੀ। ਪੜ੍ਹਾਈ ਪੂਰੀ ਕਰਕੇ ਉਹ ਜੌਬ ਕਰਨ ਲੱਗ ਪਿਆ।

ਜਦ ਪਹਿਲੇ ਦਿਨ ਉਹ ਕੰਮ 'ਤੇ ਆਇਆ, ਮੈਨੂੰ ਉਸ ਦਾ ਚਿਹਰਾ ਮੋਹ ਭਰਿਆ ਲੱਗਾ। ਜਦੋਂ ਉਸ ਦੀ ਸ਼ਿਫਟ ਸ਼ੁਰੂ ਹੁੰਦੀ, ਉਦੋਂ ਮੇਰੀ ਖਤਮ ਹੁੰਦੀ ਸੀ। ਕਈ ਮਹੀਨੇ ਸਾਡੀ ਗੱਲਬਾਤ 'ਹੈਲੋ, ਹਾਏ' ਤੱਕ ਹੀ ਸੀਮਿਤ ਰਹੀ।

ਉਸ ਦੀ ਸ਼ਿਫਟ ਵਿਚੋਂ ਇੱਕ ਕੁੜੀ ਕੰਮ ਛੱਡ ਗਈ, ਸੁਪਰਵਾਈਜ਼ਰ ਨੇ ਸਾਡੀ ਦੋਹਾਂ ਦੀ ਸ਼ਿਫਟ 'ਕੱਠੀ ਕਰ ਦਿੱਤੀ।...ਤੇ ਅਸੀਂ ਫਿਰ ਹੌਲੀ-ਹੌਲੀ ਇੱਕ ਦੂਜੇ ਦੇ ਨਾਂ ਜਾਣ ਲਏ। ਉਸ ਦਾ ਨਾਂ ਜੋਤ ਬਰਾੜ ਸੀ। ਇੱਕ ਦਿਨ ਮੈਨੂੰ ਪੁੱਛਣ ਲੱਗਾ, "ਜੇਨਕਾ, ਮੈਂ ਬੇਸਮੈਂਟ ਬਦਲਨੀ ਐ। ਜੇ ਤੇਰੀ ਨਿਗਾਹ 'ਚ ਕੋਈ ਹੋਈ ਤਾਂ ਦੱਸਣਾ, ਪਲੀਜ਼!"

"ਠੀਕ ਐ, ਜੋਤ।" ਮੈਂ ਸਰਸਰੀ ਜਵਾਬ ਦੇ ਦਿੱਤਾ।

ਉਹ ਸਾਡੇ ਕੰਮ ਵਾਲੀ ਥਾਂ ਤੋਂ ਦੂਰ ਰਹਿੰਦਾ ਸੀ ਤੇ ਬੱਸ 'ਤੇ ਆਉਂਦਾ ਸੀ। ਇਸੇ ਲਈ ਕੰਮ ਦੇ ਨੇੜੇ ਬੇਸਮੈਂਟ ਲੱਭਦਾ ਸੀ। ਮੇਰਾ ਘਰ ਕੰਮ ਤੋਂ ਨੇੜੇ ਸੀ। ਮੈਂ ਪੈਦਲ ਹੀ ਕੰਮ 'ਤੇ ਆਉਂਦੀ

**ਗੁਰਮੇਲ ਬੀਰੋਕੇ**
ਫੋਨ: 604-825-8053
E-mail: gurmailbiroke@gmail.com

ਸਾਂ।

ਕੁਛ ਦਿਨ ਲੰਘੇ। ਉਸ ਨੇ ਮੁੜ ਬੇਸਮੈਂਟ ਵਾਲੀ ਗੱਲ ਤੋਰ ਲਈ। ਮੈਂ ਕਿਹਾ, ਤੂੰ ਇੰਟਰਨੈਟ 'ਤੇ ਲੱਭ ਸਕਦਾਂ। ਅੱਜ ਕੱਲ੍ਹ ਲੋਕ ਜਿਵੇਂ ਬਹੁਤੀਆਂ ਚੀਜ਼ਾਂ-ਵਸਤਾਂ ਇੰਟਰਨੈਟ 'ਤੇ ਵੇਚ-ਖਰੀਦ ਲੈਂਦੇ ਨੇ, ਇਸੇ ਤਰ੍ਹਾਂ ਕਿਰਾਏ ਲਈ ਖਾਲੀ ਬੇਸਮੈਂਟ ਦੀ ਸੂਚਨਾ ਵੀ ਪਾ ਦਿੰਦੇ ਨੇ।

ਜੋਤ ਮੇਰੇ ਘਰ ਦੇ ਨੇੜੇ ਰਹਿਣ ਲੱਗ ਪਿਆ। ਕੰਮ 'ਤੇ ਜਾਣ-ਆਉਣ ਵੇਲੇ ਬਹੁਤ ਵਾਰ ਅਸੀਂ 'ਕੱਠੇ ਹੋ ਜਾਂਦੇ। ਕਈ ਵਾਰ ਗੱਲਾਂ ਵੀ ਕਰ ਲੈਂਦੇ। ਉਹ ਬਹੁਤ ਗੰਭੀਰ ਤੇ ਸਿਆਣੀਆਂ ਗੱਲਾਂ ਕਰਦਾ।

ਕਈ ਵਾਰ ਉਸ ਦੀਆਂ ਗੱਲਾਂ ਮੈਨੂੰ ਸੋਚੀਂ ਪਾ ਦਿੰਦੀਆਂ। ਇੱਕ ਦਿਨ ਕਹਿਣ ਲੱਗਾ, "ਪੰਜਾਬ ਦੇ ਅੱਕਾਂ ਨੂੰ ਤੇਲਾ ਪੈ ਗਿਐ। ਨਿੰਮ ਨੂੰ ਅਮਰੀਕਨ ਸੁੰਡੀ ਖਾ ਰਹੀ ਐ। ਬੋਹੜਾਂ ਤੋਂ ਉਡੇ ਪੰਛੀ ਮੈਪਲ 'ਤੇ ਆਲ੍ਹਣੇ ਪਾ ਰਹੇ ਨੇ...।"

ਵਿਦਿਆਰਥੀ ਵੀਜ਼ੇ 'ਤੇ ਆਏ ਮੁੰਡੇ-ਕੁੜੀਆਂ ਨੂੰ ਪਹਿਲਾਂ ਮੈਂ ਆਮ ਲੋਕਾਂ ਵਾਂਗ ਦੇਖਦੀ ਸਾਂ, ਪਰ ਉਸ ਦੀਆਂ ਗੱਲਾਂ ਸੁਣ-ਸੁਣ ਕੇ ਮੈਨੂੰ ਸਮਝ ਲੱਗਣ ਲੱਗੀ ਕਿ ਇਹ ਮੁੰਡੇ- ਕੁੜੀਆਂ ਬੈਗਾਂ 'ਚ ਚਾਅ ਤੇ ਖੁਸ਼ੀਆਂ ਭਰ ਕੇ ਲਿਆਉਂਦੇ ਹਨ ਪਰ ਇੱਥੇ ਇਨ੍ਹਾਂ ਦੇ ਬੈਗ ਸੌ ਤਰ੍ਹਾਂ ਦੀਆਂ ਦੁਸ਼ਵਾਰੀਆਂ ਨਾਲ ਭਰ ਜਾਂਦੇ ਹਨ। ਪੱਕੇ ਹੋਣ ਲਈ ਇਹ ਬੜੀਆਂ ਔਖਿਆਈਆਂ ਨਾਲ ਦੋ-ਚਾਰ ਹੁੰਦੇ ਹਨ।

ਉਂਜ ਤਾਂ ਅੱਜ ਕੱਲ੍ਹ ਕਿਸੇ ਨੂੰ ਕੋਈ ਆਪਣੀ ਉਮਰ ਨਹੀਂ ਦੱਸਦਾ, ਪਰ ਉਸ ਨੇ ਮੈਨੂੰ ਆਪਣੇ ਜਨਮ ਦਾ ਸਾਲ, ਮਹੀਨਾ ਤੇ ਤਾਰੀਖ ਦੱਸ ਦਿੱਤੀ। ਪਤਾ ਨਹੀਂ ਕਿਉਂ? ਉਹ ਮੈਥੋਂ ਕੁਛ ਮਹੀਨੇ ਵੱਡਾ ਸੀ।

ਉਸ ਦਾ ਜਨਮ-ਦਿਨ ਆਇਆ ਤਾਂ ਉਸ ਨੇ ਮੈਨੂੰ ਪਾਰਟੀ 'ਤੇ ਬੁਲਾ ਲਿਆ। ਮੈਂ ਉਸ ਦੀ ਬੇਸਮੈਂਟ ਵਿਚ ਚਲੀ ਗਈ। ਦੋ ਹੋਰ ਉਸ ਦੇ ਦੋਸਤ ਆਏ ਬੈਠੇ ਸਨ। ਚਾਰਾਂ ਨੇ ਰਲ ਕੇ ਉਸ ਦਾ ਜਨਮ-ਦਿਨ ਮਨਾਇਆ।

ਜਿਸ ਬੇਸਮੈਂਟ 'ਚ ਉਹ ਰਹਿੰਦਾ ਸੀ, ਮਕਾਨ ਮਾਲਕ ਨੇ ਉਹ ਮਕਾਨ ਵੇਚ ਦਿੱਤਾ। ਨਵਾਂ ਆਇਆ ਪਰਿਵਾਰ ਵੱਡਾ ਸੀ। ਉਨ੍ਹਾਂ ਨੇ ਉਸ ਨੂੰ ਬੇਸਮੈਂਟ ਖਾਲੀ ਕਰਨ ਲਈ ਮਹੀਨੇ ਦਾ ਨੋਟਿਸ ਦੇ ਦਿੱਤਾ। ਉਹ ਮੁੜ ਬੇਸਮੈਂਟ ਲੱਭਣ ਲੱਗਾ। ਕੰਮ ਦੇ ਨੇੜੇ ਕੋਈ ਬੇਸਮੈਂਟ ਨਾ ਲੱਭੀ ਤੇ ਤਿੰਨ ਹਫਤੇ ਲੰਘ ਗਏ।

ਉਹ ਕੰਮ 'ਤੇ ਆਇਆ। ਚਿਹਰਾ ਉਤਰਿਆ ਹੋਇਆ। ਮਸਾਂ ਹੀ ਬੋਲੇ। ਬੁਝੇ ਜਿਹੇ ਬੋਲਾਂ ਨਾਲ ਮੈਨੂੰ ਕਹਿਣ ਲੱਗਾ, "ਜੇਨਕਾ, ਜੇ ਥੋਡੇ ਘਰ 'ਚ ਬੇਸਮੈਂਟ ਹੈਗੀ, ਕੁਛ ਦਿਨ ਤੁਸੀਂ ਈ ਰੱਖ ਲੋ ਪਲੀਜ਼!...ਫਿਰ ਮੈਂ ਹੋਰ ਲੱਭ ਲਊਂ।"

ਉਸ ਦੇ ਬੋਲਾਂ 'ਚ ਲੋਹੜਿਆਂ ਦਾ ਤਰਲਾ ਸੀ। ਮੈਂ ਸੋਚਣ ਲੱਗੀ, ਮੇਰੀ ਬੇਸਮੈਂਟ ਖਾਲੀ ਹੀ ਪਈ ਹੈ, ਜੇ ਇਹ ਰਹਿ ਲਊ ਤਾਂ ਕਿਹੜਾ ਕੁਛ ਘਸਦਾ ਹੈ। ਇਨਸਾਨ ਨੂੰ ਇਨਸਾਨ ਦੇ ਕੰਮ ਆਉਣਾ ਚਾਹੀਦਾ ਹੈ।...ਤੇ ਮੈਂ ਉਸ ਨੂੰ ਬੇਸਮੈਂਟ ਵਿਚ ਰੱਖ ਲਿਆ।

ਇੱਕ ਦਿਨ ਉਹ ਮੈਨੂੰ ਪੁੱਛਣ ਲੱਗਾ, "ਜੇਨਕਾ, ਤੇਰਾ ਜਨਮ ਦਿਨ ਕਿਸ ਤਾਰੀਖ ਨੂੰ ਹੁੰਦੈ?"

"ਕਿਉਂ?"

"ਆਪਾਂ ਰਲ ਕੇ ਮਨਾਵਾਂਗੇ, ਤਾਂ ਪੁੱਛਦਾਂ।"

"ਜਦ ਤੇਰਾ ਚਿੱਤ ਕਰੇ ਆਪਾਂ ਮਨਾ ਲਵਾਂਗੇ।"

"ਇਹ ਤਾਂ ਕੋਈ ਗੱਲ ਨਾ ਬਣੀ।"

"ਗੱਲ ਬਣਨ ਨੂੰ ਕੀ ਐ। ਗੱਲ ਤਾਂ ਜਦ ਮਰਜ਼ੀ ਬਣਾ ਲੋ, ਬਣਾਉਣੀ ਆਉਂਦੀ ਹੋਵੇ।" ਉਸ ਵਕਤ ਸਾਡੀਆਂ ਨਜ਼ਰਾਂ ਟਕਰਾ ਗਈਆਂ ਤੇ ਫਿਰ ਚਾਰ ਅੱਖਾਂ ਵਿਚ ਕੁਛ ਅਜੀਬ ਜਿਹਾ ਰੰਗ ਉਤਰ ਆਇਆ। ਮੇਰੀ ਗੱਲ ਵਿਚੇ ਰਹਿ ਗਈ। ਅਸੀਂ ਇੱਕ ਦੂਜੇ ਵੱਲ ਝਾਕਦੇ ਰਹੇ ਤੇ ਫਿਰ ਪਰ੍ਹਾਂ ਦੇਖਣ ਲੱਗ ਪਏ। ਸ਼ਾਇਦ ਉਹ ਸੰਗ ਗਿਆ ਸੀ, ਜਾਂ ਪਤਾ ਨਹੀਂ ਮੈਂ ਸੰਗ ਗਈ ਸਾਂ?

ਕੁਛ ਦਿਨ ਅਸੀਂ 'ਕੱਠੇ ਕੰਮ 'ਤੇ ਨਾ ਗਏ। ਮੈਂ ਲੇਟ ਜਾਂਦੀ ਸਾਂ। ਉਹ ਇੱਕ ਦਿਨ ਕੰਮ 'ਤੇ ਜਾਣ ਲੱਗਾ ਘੰਟੀ ਮਾਰ ਕੇ ਮੈਨੂੰ ਕਹਿਣ ਲੱਗਾ, "ਆ ਜਾ ਕੰਮ 'ਤੇ ਚੱਲੀਏ।" ਮੈਂ ਛੇਤੀ-ਛੇਤੀ ਹਥਲੇ ਕੰਮ ਨਬੇੜ ਕੇ ਉਹਦੇ ਨਾਲ ਤੁਰ ਪਈ। ਅਸੀਂ ਬਰੋ-ਬਰਾਬਰ ਤੁਰੇ ਗਏ ਤੇ ਇੱਕ ਦੂਜੇ ਵੱਲ ਦੋਹਾਂ ਨੇ ਟੇਢੀ ਜਿਹੀ ਨਜ਼ਰ ਨਾਲ ਇੱਕ ਦੋ ਵਾਰ ਦੇਖਿਆ, ਕੁਛ ਬੋਲੇ ਨਾ, ਪਰ ਉਦੋਂ ਦੋਹਾਂ ਦੇ ਦਿਲਾਂ 'ਚ ਕੁਛ ਚੱਲ ਜ਼ਰੂਰ ਰਿਹਾ ਸੀ।

ਆਥਣੇ ਘਰ ਨੂੰ ਆਉਣ ਵੇਲੇ ਉਹ ਕਹਿਣ ਲੱਗਾ, "ਮੈਂ ਤੇਰਾ ਜਨਮ ਦਿਨ ਮਨਾਊਂਗੈ। ਦੱਸ ਕਿਸ ਦਿਨ ਤੈਨੂੰ ਠੀਕ ਰਹੂ?" ਉਸ ਨੇ ਸੋਸ਼ਲ ਮੀਡੀਆ ਦੇ ਕਿਸੇ ਖਾਤੇ 'ਚੋਂ ਮੇਰੀ ਜਨਮ ਤਾਰੀਖ ਲੱਭ ਲਈ ਸੀ। ਉਹ ਤਾਰੀਖ ਇੱਕ ਹਫਤੇ ਬਾਅਦ ਆਉਣ ਵਾਲੀ ਸੀ।

ਮੈਂ ਉਸ ਦੇ ਮੂੰਹ ਵੱਲ ਦੇਖਿਆ। ਉਸ ਦਾ ਚਿਹਰਾ ਨਿਰਛਲ ਜਾਪਦਾ ਸੀ ਤੇ ਮੈਂ ਕਹਿ ਦਿੱਤਾ, "ਅਗਲੇ ਵੀਕਐਂਡ 'ਤੇ ਠੀਕ ਰਹੂ।"

ਅਗਲੇ ਸਨਿਚਰਵਾਰ ਨੂੰ ਆਥਣੇ ਉਹ ਸੱਚ-ਮੁੱਚ ਹੀ ਕੇਕ ਤੇ ਫੁੱਲਾਂ ਦਾ ਗੁਲਦਸਤਾ ਲੈ ਕੇ ਦਰਵਾਜੇ ਮੂਹਰੇ ਆ ਖੜ੍ਹਿਆ ਤੇ ਬਹੁਤ ਹੀ ਅਪਣੱਤ ਨਾਲ ਕਹਿਣ ਲੱਗਾ, "ਹੈਪੀ ਬਰਥ ਡੇ, ਜੇਨਕਾ!"

"ਬਹੁਤ ਬਹੁਤ ਸ਼ੁਕਰੀਆ, ਜੋਤ!" ਕਹਿੰਦਿਆਂ ਪਤਾ ਨਹੀਂ ਕਦੋਂ ਮੈਂ ਉਸ ਨੂੰ ਜੱਫੀ ਪਾ ਲਈ।...ਤੇ ਅਸੀਂ ਇੱਕ ਦੂਜੇ ਨਾਲ ਲਿਪਟੇ ਲਿਪਟਾਏ ਫੈਮਲੀ ਰੂਮ ਵਾਲੇ ਸੋਫੇ ਤੱਕ ਆ ਗਏ। ਉਸ ਦਾ ਸਰੀਰ ਕੰਬ ਰਿਹਾ ਸੀ ਤੇ ਦਿਲ ਦੀ ਵਧੀ ਧੜਕਣ ਸਾਫ ਸੁਣਦੀ ਸੀ। ਉਹ ਬੈਠ ਗਿਆ...ਤੇ ਮੈਂ ਤਿਆਰ ਹੋਣ ਲੱਗ ਪਈ।

ਅਸੀਂ ਦੋਹਾਂ ਨੇ ਰਲ ਕੇ ਕੇਕ ਕੱਟਿਆ। ਇੱਕ ਦੂਜੇ ਦੇ ਮੂੰਹ 'ਚ ਪਾਇਆ। ਮੇਰੇ ਕੋਲ ਵੋਦਕਾ ਦੀ ਬੋਤਲ ਪਈ ਸੀ। ਮੈਂ ਚੁੱਕ ਲਿਆਂਦੀ। ਉਹ ਕਹਿਣ ਲੱਗਾ, "ਮੈਂ ਤਾਂ ਸ਼ਰਾਬ ਪੀਂਦਾ ਨ੍ਹੀਂ।"

"ਸੱਚੀ ਗੱਲ ਐ?"

"ਹਾਂ, ਬਿਲਕੁਲ ਸੱਚ ਐ।...ਸਾਡਾ ਸਾਰਾ ਪਰਿਵਾਰ ਗੁਰੂਘਰ ਨਾਲ ਜੁੜਿਆ ਹੋਇਐ। ਇੱਕ ਮੈਂ ਈ ਆਂ ਜੋ ਹਾਲੇ ਤੱਕ ਅਧ ਵਿਚਾਲੇ 'ਜੇ ਆਂ।" ਇਹ ਕਹਿੰਦਾ ਉਹ ਆਪਣੀ ਕੱਟੀ ਦਾੜ੍ਹੀ 'ਤੇ ਹੱਥ ਫੇਰਨ ਲੱਗਾ।

ਮੈਂ ਬੋਤਲ ਵਾਪਸ ਰੱਖ ਦਿੱਤੀ ਤੇ ਖਾਣਾ ਬਣਾਉਣ ਲੱਗ ਪਈ। ਜਦੋਂ ਤੱਕ ਖਾਣਾ ਤਿਆਰ ਹੋਇਆ, ਉਦੋਂ ਤੱਕ ਮੈਨੂੰ ਪੂਰਾ ਲੋਰ ਆ ਚੁਕਾ ਸੀ, ਪਤਾ ਨਹੀਂ ਕਾਸ ਦਾ?

ਜਦ ਮੈਂ ਫੈਮਲੀ-ਰੂਮ 'ਚ ਉਸ ਨੂੰ ਖਾਣੇ ਲਈ ਬੁਲਾਉਣ ਪਹੁੰਚੀ ਤਾਂ ਉਹ ਉਥੇ ਲੱਗੀਆਂ ਫੋਟੋਆਂ ਬੜੇ ਹੀ ਗਹੁ ਨਾਲ ਦੇਖ ਰਿਹਾ ਸੀ। ਤੇ ਪੁੱਛਣ ਲੱਗਾ, "ਜੇਨਕਾ, ਤੇਰੇ ਮਾਂ ਬਾਪ ਪੰਜਾਬੀ ਨੇ?"

"ਹਾਂ, ਅੱਧੇ ਕੁ।"

"ਤੂੰ ਪੰਜਾਬਣ ਬਿਲਕੁਲ ਨ੍ਹੀਂ ਲਗਦੀ।" ਉਹ ਮੈਨੂੰ ਪੈਰਾਂ ਤੋਂ ਸਿਰ ਤੱਕ ਦੇਖ ਕੇ ਬੋਲਿਆ।

"ਅੱਛਾ ਜੀ! ਕਾਹਤੋਂ ਨ੍ਹੀਂ?" ਮੈਂ ਪੰਜਾਬੀ 'ਚ ਪੁੱਛਣ ਲੱਗੀ।

"....!" ਉਸ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਉਸ ਨਾਲ ਮੈਂ ਪਹਿਲੀ ਵਾਰ ਪੰਜਾਬੀ ਬੋਲੀ ਸੀ।

"ਕਿਸੇ ਦੀ ਬਾਹਰੀ ਦਿੱਖ ਦੇਖ ਕੇ ਉਸ ਦੇ ਅੰਦਰ ਦਾ ਪਤਾ ਨ੍ਹੀਂ ਲਗਦਾ।" ਮੈਂ ਉਸ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ।

ਉਹ ਆਪਣਾ ਆਪ ਸੰਭਾਲ ਕੇ ਪੰਜਾਬੀ 'ਚ ਕਹਿਣ ਲੱਗਾ, "ਜੇਨਕਾ, ਤੇਰਾ ਗੋਰਾ ਰੰਗ, ਨੀਲੀਆਂ ਅੱਖਾਂ ਤੇ ਸਿਉਨੇ ਰੰਗੇ ਵਾਲ।...ਤੇ ਹੋਰ ਸਭ ਕੁਛ ਗੋਰੀਆਂ ਵਰਗੈ।"

"ਤੈਨੂੰ ਬੁਰਾ ਲਗਦੈ?"

"ਨ੍ਹੀਂ, ਸਗੋਂ ਸੋਹਣਾ ਲਗਦੈ। ਹੁਣ ਤਾਂ ਸਿਆਲਾਂ ਦੀ ਹੀਰ ਤੋਂ ਵੀ ਵੱਧ ਸੋਹਣਾ।"

"ਉਏ ਹੋਏ! ਮੈਂ ਸਦਕੇ ਜਾਵਾਂ! ਦੇਖੀਂ, ਕਿਤੇ ਤੂੰ ਰਾਂਝਾ ਤਾਂ ਨ੍ਹੀਂ ਬਣਨ ਨੂੰ ਫਿਰਦਾ?"

"ਜੇ ਹੀਰ ਕਹੂਗੀ ਤਾਂ ਬਣਜੂੰਗਾ।"

"ਕੰਨ ਪੜਵਾਲੇਂਗਾ?"

"ਇੱਕ ਵਾਰੀਂ ਕਹਿ ਕੇ ਤਾਂ ਦੇਖ।"

"ਹਾਲੇ ਉਡੀਕ ਕਰ। ਸਮਾਂ ਆਉਣ 'ਤੇ ਕਹੂੰਗੀ।"

ਫਿਰ ਥੋੜ੍ਹਾ ਚਿਰ ਨਾ ਉਹ ਕੁਛ ਬੋਲਿਆ ਤੇ ਨਾ ਮੈਂ। ਮੈਂ ਸੋਚਣ ਲੱਗੀ ਕਿ ਮੈਂ ਕੁਛ ਜਿਆਦਾ ਬੋਲ ਗਈ ਹਾਂ। ਐਨੇ ਨੂੰ ਉਹ ਬੋਲ ਪਿਆ, "ਤੇਰੇ ਮਾਂ-ਬਾਪ ਅੱਧੇ ਕੁ ਪੰਜਾਬੀ ਦਾ ਕੀ ਮਤਲਬ ਐ?" ਗੱਲ ਉਹ ਹੋਰ ਪਾਸੇ ਨੂੰ ਲੈ ਤੁਰਿਆ।

"ਇਹ ਲੰਬੀ ਕਹਾਣੀ ਐ। ਕਿਸੇ ਦਿਨ ਫੇਰ ਦੱਸੂੰ।"

ਖਾਣਾ ਖਾ ਕੇ ਉਹ ਬੇਸਮੈਂਟ ਵਿਚ ਚਲਾ ਗਿਆ।



ਫਿਰ ਦੋ-ਤਿੰਨ ਹਫਤਿਆਂ ਮਗਰੋਂ ਅਸੀਂ ਮੁੜ 'ਕੱਠੇ ਬੈਠੇ। ਉਹ ਮੇਰੇ ਮਾਂ-ਬਾਪ ਬਾਰੇ ਪੁੱਛਣ ਲੱਗਾ। ਕੁਛ ਸਮਾਂ ਮੈਂ ਟਾਲਦੀ ਰਹੀ, ਪਰ ਉਸ ਦਾ ਭੋਲਾ ਜਿਹਾ ਚਿਹਰਾ ਦੇਖ ਕੇ ਆਪਣੀ ਜੀਵਨ-ਗਾਥਾ ਸੁਣਾਉਣ ਲੱਗ ਪਈ,

ਮੇਰੀ ਮਾਂ ਵੀ ਕਦੇ ਕੈਨੇਡਾ ਵਿਦਿਆਰਥੀ ਵੀਜ਼ੇ 'ਤੇ ਆਈ ਸੀ। ਮੇਰੇ ਨਾਨੇ ਦੇ ਕਿਸੇ ਜਾਣੂ ਨੇ ਉਸ ਨੂੰ ਇੱਥੇ ਭੇਜਣ 'ਚ ਮਦਦ ਕੀਤੀ ਸੀ। ਇੱਥੇ ਉਹ ਪੜ੍ਹੀ ਤੇ ਫਿਰ ਪੱਕੀ ਹੋਣ ਵਾਸਤੇ ਰੱਸੇ-ਪੈੜੇ ਵੱਟਣ ਲੱਗੀ। ਉਨ੍ਹੀਂ ਦਿਨੀਂ ਉਹ ਆਪਣੇ ਨਾਲ ਕੰਮ ਕਰਦੇ ਇੱਕ ਗੋਰੇ ਮੁੰਡੇ ਨੂੰ ਮੁਹੱਬਤ ਕਰ ਬੈਠੀ।

ਮੈਨੂੰ ਪੰਜਾਬ ਵਿਚਲੀਆਂ ਜਾਤਾਂ ਬਾਰੇ ਬਹੁਤਾ ਤਾਂ ਪਤਾ ਨਹੀਂ, ਪਰ ਸੁਣਿਆ ਸੀ ਕਿ ਮੇਰੀ ਮਾਂ ਦਾ ਦਾਦਾ ਜੁੱਤੀਆਂ ਬਣਾਉਣ ਦਾ ਕੰਮ ਕਰਦਾ ਸੀ। ਇਹ ਗੱਲ ਮੇਰੀ ਮਾਂ ਨੇ ਆਪਣੇ ਗੋਰੇ ਮਿੱਤਰ ਨੂੰ ਦੱਸੀ ਸੀ। ਉਹ ਕਹਿੰਦਾ, "ਇਹ ਤਾਂ ਬਹੁਤ ਵੱਡੀ ਗੱਲ ਐ ਕਿ ਤੇਰਾ ਦਾਦਾ ਇੱਕ ਕਰਾਫਟਸ-ਮੈਨ ਸੀ।"

ਮੇਰੀ ਮਾਂ ਆਪਣੇ ਮਾਂ-ਬਾਪ ਦੀ ਇਕਲੌਤੀ ਸੰਤਾਨ ਸੀ। ਮਾਪਿਆਂ ਨੇ ਉਸ ਦੀ ਮੁਹੱਬਤ ਦਾ ਵਿਰੋਧ ਕੀਤਾ, ਪਰ ਉਹ ਉਸ ਵੇਲੇ ਹਿੰਮਤ ਕਰ ਗਈ ਤੇ ਵਿਆਹ ਕਰਵਾ ਲਿਆ। ਫਿਰ ਮੇਰਾ ਜਨਮ ਹੋਇਆ।

ਕੁਛ ਸਮੇਂ ਪਿੱਛੋਂ ਮੇਰੇ ਨਾਨਾ-ਨਾਨੀ ਕੈਨੇਡਾ ਆ ਗਏ। ਇੱਥੇ ਆ ਕੇ ਉਹ ਮੇਰੀ ਮਾਂ ਨੂੰ ਕਹਿਣ ਲੱਗੇ, "ਅਸੀਂ ਤਾਂ ਜਿਉਂਦੇ ਰਹਾਂਗੇ ਜੇ ਤੂੰ ਏਸ ਗੋਰੇ ਨੂੰ ਤਲਾਕ ਦੇਵੇਂ।" ਮੇਰੀ ਮਾਂ ਇਸ ਵਾਸਤੇ ਨਾ ਮੰਨੀ।

ਮੇਰੇ ਨਾਨੀ-ਨਾਨੇ ਨੇ ਇੱਕ ਸਕੀਮ ਬਣਾਈ। ਉਹ ਉਨ੍ਹਾਂ ਦੇ ਫਿੱਟ ਬੈਠ ਗਈ। ਉਹ ਸਾਨੂੰ ਪੰਜਾਬ ਲੈ ਗਏ। ਉਥੇ ਲਿਜਾ ਕੇ ਪਿਆਰ ਨਾਲ ਰੱਖਿਆ। ਇੱਕ ਰਾਤ ਉਨ੍ਹਾਂ ਮੇਰੇ ਪਿਤਾ ਨੂੰ ਕਿਸੇ ਬਿਗਾਨੀ ਤੀਵੀਂ ਨਾਲ ਸੁੱਤੇ ਪਏ ਨੂੰ ਮੇਰੀ ਮਾਂ ਨੂੰ ਦਿਖਾ ਦਿੱਤਾ। ਮੇਰੀ ਮਾਂ ਅਣਭੋਲ ਸੀ। ਉਹ ਸੱਚ ਮੰਨ ਬੈਠੀ।

ਕੈਨੇਡਾ ਆ ਕੇ ਮੇਰੇ ਮਾਪਿਆਂ ਦਾ ਤਲਾਕ ਹੋ ਗਿਆ। ਉਸ ਪਿਛੋਂ ਮੇਰੇ ਨਾਨਾ-ਨਾਨੀ ਮੇਰੀ ਮਾਂ ਨੂੰ ਕਹਿਣ ਲੱਗੇ, "ਆਹ ਪੱਥਰ ਦਾ ਤੂੰ ਕੀ ਕਰੇਂਗੀ? ਸਿੱਟ ਪਰਾਂ ਇਹਨੂੰ। ਆਵਦੀ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰ। ਤੇ ਡਾਲੇ ਕਮਾ, ਡਾਲੇ।"

ਕੁਛ ਸਮਾਂ ਮੇਰੀ ਮਾਂ ਨਾ ਮੰਨੀ। ਉਹ ਦਬਾਅ ਪਾਉਂਦੇ ਰਹੇ ਤੇ ਅਖੀਰ ਮੇਰੀ ਮਾਂ ਰੋਂਦੀ-ਕੁਰਲਾਉਂਦੀ, ਪਤਾ ਨਹੀਂ ਕਿਹੜੇ ਜਿਗਰੇ ਨਾਲ, ਮੈਨੂੰ ਡੇਢ ਕੁ ਸਾਲ ਦੀ ਨੂੰ 'ਫੋਸਟਰ-ਹੋਮ' ਛੱਡ ਆਈ। ਉਥੋਂ ਇੱਕ ਪੰਜਾਬੀ ਜੋੜੇ ਨੇ ਮੈਨੂੰ ਗੋਦ ਲੈ ਲਿਆ। ਉਨ੍ਹਾਂ ਦੇ ਕੋਈ ਔਲਾਦ ਨਹੀਂ ਸੀ। ਇਨ੍ਹਾਂ ਗੱਲਾਂ ਦਾ ਪਤਾ ਮੈਨੂੰ ਉਸ ਜੋੜੇ ਕੋਲੋਂ ਹੀ ਲੱਗਾ। ਉਨ੍ਹਾਂ ਨੇ ਮੈਨੂੰ ਬਹੁਤ ਹੀ ਪਿਆਰ ਨਾਲ ਪਾਲਿਆ ਤੇ ਪੜ੍ਹਾਇਆ। ਉਹ ਕਈ ਵਾਰ ਮੈਨੂੰ ਪੰਜਾਬ ਵੀ ਲੈ ਕੇ ਗਏ। ਮੈਂ ਪੰਜਾਬ ਤੇ ਪੰਜਾਬੀਅਤ ਬਾਰੇ ਸਭ ਕੁਛ ਜਾਣਦੀ ਹਾਂ। ਮੈਨੂੰ ਪੰਜਾਬੀ ਲੋਕ ਬਹੁਤ ਚੰਗੇ ਲਗਦੇ ਸਨ।

ਦੋ ਕੁ ਸਾਲ ਪਹਿਲਾਂ ਮੇਰੇ ਮੰਮੀ-ਡੈਡੀ ਆਪਣੀ ਜਮੀਨ-ਜਾਇਦਾਦ ਵੇਚਣ ਲਈ ਪੰਜਾਬ ਗਏ। ਉਸ ਵੇਲੇ ਮੈਂ ਨਹੀਂ ਸਾਂ ਗਈ। ਇੱਕ ਦਿਨ ਪੰਜਾਬ ਤੋਂ ਕਿਸੇ ਦਾ ਫੋਨ ਆਇਆ, ਕਹਿਣ ਲੱਗਾ, ਤੇਰੇ ਮੰਮੀ-ਡੈਡੀ ਦੀ ਮੌਤ ਹੋ ਗਈ ਹੈ, ਉਨ੍ਹਾਂ ਦੀ ਕਾਰ ਇੱਕ ਨਹਿਰ 'ਚ ਡਿਗ ਪਈ ਸੀ।

ਮੈਂ ਪੰਜਾਬ ਗਈ। ਉਦੋਂ ਤੱਕ ਸ਼ਰੀਕਾਂ ਨੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਸੀ। ਮੈਂ ਜਦ ਘੋਖ ਕੀਤੀ ਤਾਂ ਪਤਾ ਲੱਗਾ ਕਿ ਮੰਮੀ-ਡੈਡੀ ਦਾ ਕਤਲ ਹੋਇਆ ਹੈ। ਮੈਂ ਪੁਲਿਸ ਕੋਲ ਗਈ। ਉਥੋਂ ਦੇ ਸਰਕਾਰੀ ਤੰਤਰ ਨੇ ਮੇਰੀ ਇੱਕ ਨਾ ਸੁਣੀ।

ਸ਼ਰੀਕਾਂ ਵਿਚੋਂ ਹੀ ਇੱਕ ਨੇ ਮੈਨੂੰ ਕਿਹਾ, "ਕੁੜੀਏ, ਇੱਥੇ ਤੇਰੇ ਪੱਲੇ ਕੁਛ ਨ੍ਹੀਂ ਪੈਣਾ। ਇਹ ਵੀ ਹੋ ਸਕਦੈ, ਤੂੰ ਵੀ ਕਿਸੇ ਗਿਣੀ-ਮਿਥੀ ਸਾਜ਼ਿਸ਼ 'ਚ ਆਵਦੀ ਜਾਨ ਗਵਾ ਬੈਠੇਂ।"

ਮੈਂ ਆਪਣੀ ਜਾਇਦਾਦ ਦੀ ਮੰਗ ਕੀਤੀ। ਕੁਛ ਆਪਣੇ ਆਪ ਨੂੰ 'ਸਿਆਣੇ' ਕਹਾਉਣ ਵਾਲੇ ਬੰਦਿਆਂ ਤੇ ਔਰਤਾਂ ਨੇ ਰਲ ਕੇ ਮੈਨੂੰ ਕੁਛ ਰੁਪਈਏ ਦਿਵਾ ਦਿੱਤੇ ਤੇ ਮੈਨੂੰ ਕੈਨੇਡਾ ਵਾਪਸ ਮੋੜ ਦਿੱਤਾ। ਇਹ ਕੁਛ ਦੇਖ ਕੇ ਮੈਨੂੰ ਪੰਜਾਬੀ ਲੋਕ ਬੁਰੇ ਲੱਗਣ ਲੱਗ ਪਏ।

ਆਪਣੀ ਜੀਵਨ ਕਹਾਣੀ ਕਿਸੇ ਨਾਲ ਮੈਂ ਪਹਿਲੀ ਵਾਰ ਸਾਂਝੀ ਕੀਤੀ ਸੀ।...ਤੇ ਮੇਰਾ ਮਨ ਭਰ ਆਇਆ।

ਮੈਂ ਜੋਤ ਦੇ ਚਿਹਰੇ ਵੱਲ ਤੱਕਿਆ, ਉਸ ਦੀਆਂ ਵੀ ਅੱਖਾਂ ਗਿੱਲੀਆਂ ਸਨ। ਕਹਿਣ ਲੱਗਾ, "ਉਥੇ ਬਹੁਤੇ ਲੋਕ ਬੁਰੇ ਨੇ।"

"ਹੁਣ ਮੈਨੂੰ ਸਾਰੇ ਪੰਜਾਬੀ ਨ੍ਹੀਂ ਬੁਰੇ ਲਗਦੇ।"

"ਸਾਰੇ ਲੋਕ ਤਾਂ ਕਿਸੇ ਵੀ ਰੰਗ, ਨਸਲ ਜਾਂ ਕੌਮ ਦੇ ਬੁਰੇ ਨ੍ਹੀਂ ਹੁੰਦੇ।"

"ਮੈਨੂੰ ਇੱਕ ਪੰਜਾਬੀ ਬਹੁਤ ਚੰਗਾ ਲਗਦੈ।"

"ਉਹ ਕੌਣ?" ਉਹ ਮੇਰੇ ਵੱਲ ਤੱਕ ਕੇ ਪੁੱਛਣ ਲੱਗਾ।

"ਤੂੰ...ਤੂੰ ਮੈਨੂੰ ਅੰਤਾਂ ਦਾ ਚੰਗਾ ਲਗਦੈਂ। ਚੰਦਰਿਆ, ਤੇਰੇ 'ਚ ਪਤਾ ਨ੍ਹੀਂ ਕੀ ਐ!" ਇਹ ਸ਼ਬਦ ਪਤਾ ਨਹੀਂ ਕਿਵੇਂ ਜਾਂ ਕਿਉਂ ਮੇਰੇ ਦਿਲ 'ਚੋਂ ਨਿਕਲ ਕੇ ਜ਼ੁਬਾਨ 'ਤੇ ਆ ਗਏ? ਤੇ ਮੇਰੇ ਮਨ 'ਚ ਸੰਗ ਤੇ ਡਰ ਦਾ ਮਿਸ਼ਰਣ ਘੁਲਣ ਲੱਗ ਪਿਆ। ਮੈਂ ਖੜ੍ਹੀ ਹੋ ਕੇ ਪਰ੍ਹਾਂ ਨੂੰ ਤੁਰਨ ਲੱਗੀ ਤਾਂ ਉਸ ਨੇ ਮੇਰੇ ਹੱਥ ਫੜ ਲਏ ਤੇ ਫਿਰ ਮਲਕੜੇ ਜਿਹੇ ਚੁੰਮ ਲਏ।

ਸਾਡੀ ਦੋਸਤੀ ਗੂੜ੍ਹੀ ਹੁੰਦੀ ਗਈ। ਹੌਲੀ-ਹੌਲੀ ਅਸੀਂ ਇੱਕ ਦੂਜੇ ਬਾਰੇ ਸਭ ਕੁਛ ਜਾਣ ਲਿਆ। ਮੈਨੂੰ ਇਹ ਸੋਚ-ਸੋਚ ਕੇ ਡਰ ਲਗਦਾ ਰਹਿੰਦਾ ਕਿ ਇਹ ਚੰਗੀ ਜਾਇਦਾਦ ਵਾਲੇ ਮਾਪਿਆਂ ਦਾ ਇਕਲੌਤਾ ਪੁੱਤ ਹੈ, ਮੈਂ ਇਨ੍ਹਾਂ ਦੇ ਪਰਿਵਾਰ ਦਾ ਜੀਅ ਬਣ ਸਕਾਂਗੀ ਕਿ ਨਹੀਂ?

"ਜੋਤ, ਤੇਰੇ ਮਾਂ-ਬਾਪ ਆਪਣੇ ਰਿਸ਼ਤੇ ਬਾਰੇ ਮੰਨ ਜਾਣਗੇ?" ਮੈਂ ਇੱਕ ਦਿਨ ਪੁੱਛ ਹੀ ਲਿਆ।

"ਲੈ, ਹੈ ਕਮਲੀ! ਮੇਰੀ ਬੇਬੇ ਤੇ ਬਾਪੂ ਨੂੰ ਐਨੀ ਸੋਹਣੀ ਨੂੰਹ ਪੂਰੇ ਬ੍ਰਹਿਮੰਡ 'ਚੋਂ ਨ੍ਹੀਂ ਲੱਭਣੀ।" ਇਹ ਆਖ ਉਸ ਨੇ ਮੇਰਾ ਮੱਥਾ ਚੁੰਮ ਲਿਆ। ਤੇ ਮੇਰੇ ਅੰਦਰ ਕੁਛ ਪਿਘਲ ਗਿਆ, ਪਤਾ ਨਹੀਂ ਕਦ ਮੇਰੀਆਂ ਬਾਹਾਂ ਉਸ ਦੇ ਗਲ ਦੁਆਲੇ ਲਿਪਟ ਗਈਆਂ।

ਸਾਡੇ ਮੇਲ ਨੇ ਇੱਕ ਰਿਸ਼ਤੇ ਵਾਲੀ ਪੁਲਾਂਘ ਪੁੱਟ ਲਈ ਸੀ। ਮੈਂ ਉਸ ਦੇ ਸਾਹਾਂ 'ਚ ਸਾਹ ਲੈਂਦੀ ਸਾਂ ਤੇ ਮੇਰੇ ਲਈ ਉਹ ਸੱਭੋ ਕੁਛ ਸੀ। ਤੇ ਕਮਲ ਦੇ ਫੁੱਲ ਦਾ ਰੰਗ ਬੰਚਬੇਰੀ ਦੇ ਫੁੱਲ ਵਿਚ ਘੁਲਣ ਲੱਗਾ। ਉਹ ਆਪਣੇ ਪੱਕਾ ਹੋਣ ਵਾਲੇ ਪੇਪਰ ਤਿਆਰ ਕਰਨ ਲੱਗਾ। ਜਿੱਥੇ ਉਹ ਕਹਿੰਦਾ, ਮੈਂ ਆਪਣਾ ਨਾਂ ਲਿਖ ਕੇ ਦਸਤਖਤ ਕਰ ਦਿੰਦੀ।

ਕੁਛ ਚਿਰ ਪਿਛੋਂ ਉਸ ਦਾ ਪੀ. ਆਰ. ਕਾਰਡ ਆ ਗਿਆ। ਮੈਨੂੰ ਅੰਤਾਂ ਦਾ ਚਾਅ ਚੜ੍ਹਿਆ। ਉਸ ਰਾਤ ਅਸੀਂ ਬੀਚ 'ਤੇ ਚਲੇ ਗਏ। ਓਦਣ ਪੂਰਨਮਾਸੀ ਸੀ, ਸਮੁੰਦਰ 'ਚ ਜਵਾਰ-ਭਾਟਾ ਆਇਆ ਹੋਇਆ ਸੀ ਤੇ ਅਸੀਂ ਸਾਰੀ ਰਾਤ ਛੱਲਾਂ 'ਚ ਡੁੱਬਦੇ ਰਹੇ।

ਸਿਆਲ ਦੇ ਦਿਨ ਸਨ। ਇੱਕ ਦਿਨ ਉਹ ਕਹਿਣ ਲੱਗਾ, "ਮੈਂ ਦੋ ਕੁ ਮਹੀਨੇ ਪੰਜਾਬ ਜਾਣੈ, ਤੇ ਆਪਣੇ ਰਿਸ਼ਤੇ ਦੀ ਗੱਲ ਵੀ ਬੇਬੇ-ਬਾਪੂ ਨਾਲ ਕਰ ਕੇ ਆਊਂ।" ਉਸ ਦਿਨ ਇਹ ਸੁਣ ਕੇ ਮੇਰੇ ਪੈਰ ਧਰਤੀ 'ਤੇ ਨਹੀਂ ਸਨ ਲੱਗ ਰਹੇ।

ਮੈਂ ਆਪ ਉਸ ਨੂੰ ਹਵਾਈ ਅੱਡੇ ਜਹਾਜ ਚੜ੍ਹਾ ਕੇ ਆਈ। ਮੇਰਾ ਮਨ ਥੋੜ੍ਹਾ ਜਿਹਾ ਦੁਖੀ ਵੀ ਸੀ, ਪਰ ਖੁਸ਼ ਜਿਆਦਾ ਸੀ, ਕਿਉਂਕਿ ਮੇਰੀਆਂ ਬਾਹਾਂ ਸ਼ਗਨਾਂ ਦਾ ਚੂੜਾ ਉਡੀਕ ਰਹੀਆਂ ਸਨ। ਮੈਂ ਉਸ ਦੇ ਮੁੜਨ ਦੀ ਉਡੀਕ ਕਰਨ ਲੱਗੀ। ਦੋ ਮਹੀਨੇ ਹੀ ਕਈ ਸਦੀਆਂ ਦਾ ਸਮਾਂ ਜਾਪਣ ਲੱਗੇ। ਪਰ ਦੋ ਮਹੀਨਿਆਂ ਪਿਛੋਂ ਉਹ ਨਾ ਆਇਆ। ਮੈਂ ਫੋਨ ਕਰਦੀ ਤਾਂ ਉਹ ਕਹਿ ਦਿੰਦਾ, "ਮੈਂ ਕਈ ਕੰਮ ਕਰਨੇ ਨੇ, ਹਾਲੇ ਥੋੜ੍ਹਾ ਹੋਰ ਟਾਈਮ ਲੱਗ'ਜੂ।"

ਅਸੀਂ ਜਦ 'ਕੱਠੇ ਹੁੰਦੇ ਤਾਂ ਬੈਡ-ਰੂਮ 'ਚ ਬੈਠ ਕੇ ਪੂਰਨਮਾਸੀ ਦਾ ਚੰਨ ਦੇਖਦੇ ਹੁੰਦੇ, ਉਦੋਂ ਉਹ ਮੇਰੀ ਬੁੱਕਲ 'ਚ ਹੁੰਦਾ ਸੀ। ਹੁਣ ਮੈਂ ਜਦ 'ਕੱਲੀ ਪੂਰਨਮਾਸੀ ਦਾ ਚੰਨ ਦੇਖਦੀ ਤਾਂ ਚੰਨ ਦੀ ਚਾਨਣੀ ਮੇਰੇ ਮਨ ਨੂੰ ਭਾਉਂਦੀ ਨਹੀਂ ਸੀ, ਹੁਣ ਮੇਰੀ ਬੁੱਕਲ ਖਾਲੀ ਸੀ।

ਦਿਨ ਤਾਂ ਲੰਘ ਜਾਂਦਾ ਸੀ, ਪਰ ਰਾਤ ਔਖੀ ਲੰਘਦੀ। ਨੀਂਦ ਚੰਗੀ ਤਰ੍ਹਾਂ ਨਾ ਆਉਂਦੀ। ਬੁਰੇ ਸੁਪਨੇ ਆਉਂਦੇ। ਇੱਕ ਸੁਪਨਾ ਤਾਂ ਬਹੁਤ ਵਾਰ ਆਇਆ, ਕੋਈ ਜੰਗਲੀ ਜਾਨਵਰ ਮੇਰੇ ਮਗਰ ਪੈ ਜਾਂਦਾ। ਮੈਂ ਬਚਣ ਲਈ ਭੱਜਦੀ, ਪਰ ਮੈਥੋਂ ਭੱਜਿਆ ਨਾ ਜਾਂਦਾ। ਜੋਤ ਕਾਫੀ ਦੂਰ ਖੜ੍ਹਾ ਹੁੰਦਾ। ਉਸ ਨੂੰ ਹਾਕਾਂ ਮਾਰਦੀ। ਉਸ ਨੂੰ ਮੇਰਾ ਬੋਲ ਨਾ ਸੁਣਦਾ। ਫਿਰ ਮੈਨੂੰ ਜਾਗ ਆ ਜਾਂਦੀ ਤੇ ਮੇਰਾ ਸਾਰਾ ਸਰੀਰ ਪਸੀਨੇ ਨਾਲ ਭਿੱਜਿਆ ਹੁੰਦਾ।

ਪੰਜ ਕੁ ਮਹੀਨਿਆਂ ਮਗਰੋਂ ਉਹ ਵਾਪਸ ਆ ਗਿਆ। ਮੈਂ ਬਹੁਤ ਖੁਸ਼ ਹੋਈ। ਮੇਰਾ ਚੰਨ ਮੇਰੇ ਕੋਲ ਆ ਗਿਆ ਸੀ।

ਮੈਨੂੰ ਇੱਕ ਆਦਤ ਸੀ। ਪਤਾ ਨਹੀਂ ਇਹ ਚੰਗੀ ਸੀ ਜਾਂ ਮਾੜੀ। ਮੈਂ ਹਰ ਰਾਤ ਉਸ ਨੂੰ ਜੱਫੀ 'ਚ ਘੁੱਟ ਕੇ ਸੌਂਦੀ ਸਾਂ। ਜਦ ਤੋਂ ਉਹ ਪੰਜਾਬ ਤੋਂ ਵਾਪਸ ਆਇਆ, ਕਈ ਵਾਰ ਉਹ ਮੈਨੂੰ ਜੱਫੀ ਪਾਉਣ ਤੋਂ ਰੋਕ ਦਿੰਦਾ ਸੀ। ਬਿਨਾ ਜੱਫੀ ਪਾਇਆਂ ਮੈਨੂੰ ਸਾਰੀ ਸਾਰੀ ਰਾਤ ਨੀਂਦ ਨਾ ਆਉਂਦੀ।

ਉਸ ਰਾਤ ਪੂਰਨਮਾਸੀ ਸੀ। ਅਸੀਂ ਚੰਨ ਦੇਖਦੇ-ਦੇਖਦੇ ਸੌਂ ਗਏ। ਮੇਰੇ ਯਾਦ ਹੈ, ਮੈਂ ਉਸ ਨਾਲ ਲਿਪਟ ਕੇ ਸੁੱਤੀ ਸਾਂ। ਸਾਡੇ ਸਾਹਾਂ ਦੀ ਸੁਗੰਧ ਆਪਸ ਵਿਚ ਰਲਦੀ ਰਹੀ ਸੀ। ਅੱਧੀ ਕੁ ਰਾਤ ਪਿਛੋਂ ਮੈਨੂੰ ਮਹਿਸੂਸ ਹੋਇਆ ਕਿ ਮੇਰੀ ਗਲਵੱਕੜੀ ਸੱਖਣੀ ਹੈ। ਮੈਂ 'ਕੱਲੀ ਹਾਂ। ਤੇ ਮੈਨੂੰ ਜਾਗ ਆ ਗਈ। ਸੱਚ-ਮੁੱਚ ਉਹ ਹੈ ਨਹੀਂ ਸੀ। ਮੈਂ ਉਠ ਕੇ ਬੈਠ ਗਈ। ਸੋਚਿਆ, ਬਾਥਰੂਮ ਗਿਆ ਹੋਵੇਗਾ। ਮੈਂ ਉਡੀਕਦੀ ਰਹੀ, ਪਰ ਉਹ ਨਾ ਮੁੜਿਆ। ਮੈਂ ਸਾਰਾ ਘਰ ਦੇਖਿਆ। ਉਹ ਕਿਤੇ ਨਾ ਲੱਭਾ।

ਉਹ ਆਪਣਾ ਸਮਾਨ ਬੇਸਮੈਂਟ 'ਚ ਰੱਖਦਾ ਸੀ। ਮੈਂ ਬਹੁਤ ਵਾਰ ਕਿਹਾ ਸੀ ਕਿ ਸਭ ਕੁਛ ਉਤੇ ਚੁੱਕ ਲਿਆ, ਪਰ ਉਹ ਲਿਆਉਂਦਾ ਨਹੀਂ ਸੀ। ਮੈਂ ਬੇਸਮੈਂਟ 'ਚ ਗਈ। ਸਭ ਕੁਛ ਪਹਿਲਾਂ ਵਾਂਗ ਪਿਆ ਸੀ ਤੇ ਉਸ ਦਾ ਬੈਗ ਵੀ ਉਥੇ ਹੀ ਸੀ। ਪਰ ਉਹ ਆਪ ਨਹੀਂ ਸੀ।

ਮੈਨੂੰ ਫਿਕਰ ਹੋਣ ਲੱਗਾ। ਫਿਰ ਮੈਂ ਸੋਚਿਆ ਕਿ ਕਿਸੇ ਦੋਸਤ ਦਾ ਫੋਨ ਨਾ ਆਇਆ ਹੋਵੇ? ਕਿਸੇ ਦੇ ਨਾਲ ਕੋਈ ਜ਼ਰੂਰੀ ਕੰਮ ਨਾ ਗਿਆ ਹੋਵੇ? ਸੋਚਦਿਆਂ-ਸੋਚਦਿਆਂ ਦਿਨ ਚੜ੍ਹ ਗਿਆ। ਮੈਂ ਉਸ ਦੇ ਦੋਸਤਾਂ ਤੇ ਜਾਣ-ਪਛਾਣ ਵਾਲਿਆਂ ਨੂੰ ਫੋਨ ਕੀਤੇ। ਸਭ ਦਾ ਜਵਾਬ ਸੀ, ਸਾਨੂੰ ਨਹੀਂ ਪਤਾ, ਉਹ ਸਾਡੇ ਕੋਲ ਨਹੀਂ ਆਇਆ।

ਮੈਂ ਪੁਲਿਸ ਕੋਲ ਗਈ। ਪੁਲਿਸ ਅਫਸਰ ਕਹਿਣ ਲੱਗਾ, ਅਸੀਂ ਉਸ ਦਾ ਛੇਤੀ ਹੀ ਪਤਾ ਕਰਾਂਗੇ।

*(ਅਗਲੇ ਸਫੇ 'ਤੇ ਜਾਰੀ)*

# ਰਾਮ ਸਰੂਪ ਅਣਖੀ ਤੇ ਉਸ ਦਾ ਕਹਾਣੀ ਪੰਜਾਬ

ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਪੰਜਾਬੀ ਨਾਵਲਕਾਰ, ਕਹਾਣੀਕਾਰ ਰਾਮ ਸਰੂਪ ਅਣਖੀ ਨੇ ਨਿਰੋਲ ਪੰਜਾਬੀ ਕਹਾਣੀ ਨੂੰ ਸਮਰਪਿਤ ਤਿਮਾਹੀ ਸਾਹਿਤਕ ਪੱਤ੍ਰਿਕਾ 'ਕਹਾਣੀ ਪੰਜਾਬ' ਦਾ ਅਕਤੂਬਰ-ਦਸੰਬਰ 1993 ਵਿਚ ਸੰਪਾਦਕੀ



ਪ੍ਰਕਾਸ਼ਨ ਅਰੰਭ ਕੀਤਾ। ਇਸ ਪੱਤ੍ਰਿਕਾ ਦੇ ਸੌਵੇਂ ਅੰਕ (ਜੁਲਾਈ 18-ਮਾਰਚ 19) ਦਾ ਲੋਕ ਅਰਪਣ ਅਣਖੀ ਦੇ ਪਿੰਡ ਧੌਲਾ, ਜਿਲਾ

**ਬੇਅੰਤ ਸਿੰਘ ਬਾਜਵਾ**
**ਫੋਨ: 91-70878-00168**

ਬਰਨਾਲਾ ਵਿਚ ਪਿੰਡ ਵਾਸੀਆਂ ਵਲੋਂ ਉਨ੍ਹਾਂ ਦੇ ਨਾਂ 'ਤੇ ਬਣਾਈ ਰਾਮ ਸਰੂਪ ਅਣਖੀ ਸਾਹਿਤ ਸਭਾ ਵੱਲੋਂ ਪਿਛਲੇ ਦਿਨੀਂ ਕੀਤਾ ਗਿਆ। ਲੋਕ ਅਰਪਣ ਦੇ ਨਾਲ ਹੀ ਚਾਰ ਸੌ ਪੰਨੇ ਦਾ ਇਹ ਗੌਰਵਮਈ ਅੰਕ ਚਰਚਾ ਵਿਚ ਹੈ।

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਹੁਣ ਤੱਕ ਸਾਹਿਤਕ ਪੱਤ੍ਰਿਕਾ ਦਾ ਐਨਾ ਵੱਡਾ ਅੰਕ ਨਹੀਂ ਨਿਕਲਿਆ। ਸਿਰਫ ਅੰਕਾਂ ਦੀ ਗਿਣਤੀ ਪੱਖੋਂ ਨਹੀਂ, ਸਗੋਂ ਇਸ ਵਿਚ ਸ਼ਾਮਿਲ ਮੈਟਰ ਦੇ ਲਿਹਾਜ ਨਾਲ ਇਸ ਅੰਕ ਨੇ ਪੰਜਾਬੀ ਸਾਹਿਤਕ ਪੱਤ੍ਰਿਕਾਵਾਂ ਦੇ ਇਤਿਹਾਸ ਵਿਚ ਆਪਣਾ ਵਿਸ਼ੇਸ਼ ਸਥਾਨ ਹਾਸਲ ਕਰ ਲਿਆ ਹੈ।

ਰਾਮ ਸਰੂਪ ਅਣਖੀ ਨੇ ਆਪਣਾ ਸਾਹਿਤਕ ਸਫਰ ਕਵਿਤਾ ਤੋਂ ਸ਼ੁਰੂ ਕੀਤਾ ਸੀ, ਪਰ ਜਲਦੀ ਹੀ ਉਹ ਕਹਾਣੀ ਵੱਲ ਮੁੜ ਆਏ ਅਤੇ ਤਿੰਨ ਸੌ ਦੇ ਕਰੀਬ ਕਹਾਣੀਆਂ ਲਿਖੀਆਂ, ਜਿਨ੍ਹਾਂ ਵਿਚ ਸੌ ਤੋਂ ਵੱਧ ਕਹਾਣੀਆਂ ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛਪ ਚੁਕੀਆਂ ਹਨ। ਉਨ੍ਹਾਂ 16 ਨਾਵਲ ਪੰਜਾਬੀ ਸਾਹਿਤ ਦੀ ਝੋਲੀ ਪਾਏ ਅਤੇ ਨਾਵਲ 'ਕੋਠੇ ਖੜਕ ਸਿੰਘ' ਨੂੰ ਸਾਲ 1987 ਵਿਚ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ।

ਕਹਾਣੀ 'ਤੇ ਕੇਂਦ੍ਰਿਤ ਇੱਕ ਪੱਤ੍ਰਿਕਾ ਕੱਢਣ ਦਾ ਸੁਪਨਾ ਅਣਖੀ ਨੇ 'ਕਹਾਣੀ ਪੰਜਾਬ' ਪੱਤ੍ਰਿਕਾ ਦੇ ਸੰਪਾਦਨ ਤੇ ਪ੍ਰਕਾਸ਼ਨ ਨਾਲ ਪੂਰਾ ਕੀਤਾ, ਪਰ ਇਸ ਨੂੰ ਲੈ ਕੇ ਉਨ੍ਹਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ, ਜਿਸ ਦਾ ਜ਼ਿਕਰ ਅਣਖੀ ਨੇ ਦਸਵੇਂ ਅੰਕ ਦੀ ਸੰਪਾਦਕੀ ਵਿਚ ਕੀਤਾ, "ਕਹਾਣੀ ਪੰਜਾਬ ਦਾ ਪਹਿਲਾ ਅੰਕ ਛਾਪ ਕੇ ਮੈਂ ਲਗਭਗ ਸਭ ਗਲਪਕਾਰਾਂ, ਸਾਹਿਤ ਪ੍ਰੇਮੀਆਂ ਅਤੇ ਆਪਣੇ ਖਾਸ ਪਾਠਕਾਂ ਤੇ ਨਿੱਜੀ ਦੋਸਤਾਂ ਨੂੰ ਭੇਜਿਆ। ਚਿੱਠੀਆਂ ਲਿਖੀਆਂ ਕਿ ਇੱਕ ਸੌ ਰੁਪਏ ਦਾ ਮਨੀ ਆਰਡਰ ਭੇਜੋ, ਜਿਸ ਦੇ ਬਦਲੇ ਦਸ ਅੰਕ ਭੇਜਾਂਗਾ। ਵਿਸ਼ਵਾਸ ਕਰਨ ਵਾਲੇ ਸੁਹਿਰਦ ਲੋਕਾਂ ਨੇ ਧੜਾ ਧੜ ਚੰਦੇ ਭੇਜੇ। ਬਹੁਤ ਸਾਰੇ ਚੰਦੇ ਮੈਂ ਆਪ ਤੁਰ ਫਿਰ ਕੇ ਇਕੱਠੇ ਕੀਤੇ। ਨਿੱਜੀ ਦੋਸਤਾਂ, ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਨੇ ਚੰਦੇ ਭੇਜਣ ਅਤੇ ਭਿਜਵਾਉਣ ਵਿਚ ਮੇਰੀ ਬੇਥਾਹੀ ਮਦਦ ਕੀਤੀ, ਪਰ ਕੁਝ ਕੌੜੀਆਂ-ਕਸੈਲੀਆਂ ਗੱਲਾਂ ਵੀ




*ਰਾਮ ਸਰੂਪ ਅਣਖੀ*

ਹੋਈਆਂ। ਉਨ੍ਹਾਂ ਉਤੇ ਮੈਂ ਹੱਸ ਦਿੱਤਾ ਬੱਸ। ਕਿਸੇ ਨੇ ਸੌ ਰੁਪਏ ਦਿੰਦਿਆਂ ਪੁੱਛਿਆ, ਦਸ ਅੰਕ ਭੇਜੋਗੇ ਵੀ?"

ਅਣਖੀ ਕਈ ਹੋਰ ਮੁਸ਼ਕਿਲਾਂ ਦਾ ਜ਼ਿਕਰ ਕਰਦਿਆਂ ਅਖੀਰ 'ਚ ਲਿਖਦੇ ਹਨ, "ਯਕੀਨ ਕਰਨਾ, ਕਹਾਣੀ ਪੰਜਾਬ ਬੰਦ ਹੋਣ ਲਈ ਹੀ ਛਪਦਾ ਹੈ। ਦਸ ਅੰਕ ਪੂਰੇ ਕਰ ਕੇ ਬੁਨਿਆਦ ਰੱਖੀ ਹੈ। ਜ਼ਿਆਦਾ ਨਹੀਂ, ਅਸੀਂ ਸਿਰਫ ਸੌ ਅੰਕ ਛਾਪਾਂਗੇ। ਈਰਖਾ ਕਰਨ ਵਾਲੇ ਮੈਨੂੰ ਇੱਕ ਬਦਦੁਆ ਦੇਣ ਕਿ ਸੌਵੇਂ ਅੰਕ ਵੇਲੇ ਮੇਰੀ ਸਿਹਤ ਠੀਕ ਰਹੇ।"

ਪਰ ਅਣਖੀ 67ਵਾਂ ਅੰਕ ਦੇ ਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। 1998 ਵਿਚ ਉਨ੍ਹਾਂ ਦਾ ਪੁੱਤਰ ਕ੍ਰਾਂਤੀਪਾਲ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ ਦੇ ਭਾਰਤੀ ਭਾਸ਼ਾਵਾਂ ਵਿਭਾਗ ਵਿਚ ਪੰਜਾਬੀ ਪੜ੍ਹਾਉਣ ਚਲਾ ਗਿਆ। ਕਹਾਣੀ ਪੰਜਾਬ ਲਈ ਭਾਰਤੀ ਤੇ ਵਿਸ਼ਵ ਦੀਆਂ




ਹੋਰ ਭਾਸ਼ਾਵਾਂ ਦੇ ਦਰਵਾਜੇ ਵੀ ਖੁੱਲ੍ਹ ਗਏ। ਅੱਜ ਕਹਾਣੀ ਪੰਜਾਬ ਵਿਚੋਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਅਦਬੀ ਫਿਜ਼ਾ ਦੀ ਮਹਿਕ ਆਉਂਦੀ ਹੈ। ਪੰਜਾਬੀ ਪਾਠਕਾਂ ਲਈ ਇਹ ਮੁੱਲ ਆਪਣੇ ਆਪ ਵਿਚ ਇੱਕ ਵੱਡਾ ਤੋਹਫਾ ਹੈ। 68ਵੇਂ ਅੰਕ ਤੋਂ ਹੁਣ ਤੱਕ ਸੰਪਾਦਨ ਦੀ ਕਮਾਨ ਡਾ. ਕ੍ਰਾਂਤੀਪਾਲ ਨੇ ਸੰਭਾਲੀ ਹੋਈ ਹੈ ਅਤੇ ਸਹਿਯੋਗੀ ਸੰਪਾਦਕ ਦੇ ਤੌਰ ਤੇ ਡਾ. ਜਸਵਿੰਦਰ ਕੌਰ ਵੀਨੂੰ ਆਪਣਾ ਫਰਜ਼ ਬਾਖੂਬੀ ਨਿਭਾ ਰਹੀ ਹੈ।

ਅਣਖੀ ਦੇ ਦੋਵੇਂ ਸੁਪਨੇ 'ਕਹਾਣੀ ਪੰਜਾਬ' ਦੀ ਪ੍ਰਕਾਸ਼ਨਾ ਅਤੇ ਸਾਲਾਨਾ ਕਥਾ ਗੋਸ਼ਟੀ ਡਾ. ਕ੍ਰਾਂਤੀਪਾਲ ਤਨ, ਮਨ ਤੇ ਧਨ ਨਾਲ ਪੂਰਾ ਕਰਨ 'ਚ ਲੱਗੇ ਹੋਏ ਹਨ। ਕਥਾ ਗੋਸ਼ਟੀ, ਜਿਸ ਨੂੰ ਹੁਣ 'ਰਾਮ ਸਰੂਪ ਅਣਖੀ ਸਿਮਰਿਤੀ ਕਹਾਣੀ ਗੋਸ਼ਟੀ' ਕਿਹਾ ਜਾਂਦਾ ਹੈ, 28 ਸਾਲਾਂ ਤੋਂ ਨਿਰੰਤਰ ਜਾਰੀ ਹੈ, ਜਿਸ ਵਿਚ ਹਰ ਸਾਲ 6 ਤੋਂ 7 ਭਾਰਤੀ ਭਾਸ਼ਾਵਾਂ ਦੇ ਕਥਾਕਾਰ ਆਲੋਚਕ ਸ਼ਾਮਲ ਹੁੰਦੇ ਹਨ ਅਤੇ ਤਿੰਨ ਦਿਨ ਤੱਕ ਕਥਾ ਪਾਠ ਚਰਚਾ ਕਰਦੇ ਹਨ। ਦੇਸ਼ ਦੇ ਹਰ ਕੋਨੇ 'ਚੋਂ ਲੇਖਕ ਪਹੁੰਚਦੇ ਹਨ।

ਅੱਜ 'ਕਹਾਣੀ ਪੰਜਾਬ' ਕਥਾ ਸਾਹਿਤ ਤੱਕ ਸੀਮਤ ਨਹੀਂ, ਸਗੋਂ ਵਿਚਾਰਧਾਰਕ ਅਹਿਮ ਲੇਖ ਵੀ ਇਸ ਦਾ ਹਿੱਸਾ ਹਨ। ਭਾਰਤੀ ਭਾਸ਼ਾਵਾਂ ਦੇ ਕਥਾ ਸਾਹਿਤ ਨੂੰ ਇਸ ਵਿਚ ਵਿਸ਼ੇਸ਼ ਥਾਂ ਦਿੱਤਾ ਜਾਂਦਾ ਹੈ। ਕਿਸੇ ਸਾਹਿਤਕ ਤਿਮਾਹੀ ਪੱਤ੍ਰਿਕਾ ਵਲੋਂ ਆਪਣੇ ਸੌਵੇਂ ਅੰਕ ਦਾ ਸਫਰ ਪੂਰਾ ਕਰਨਾ ਆਪਣੇ ਆਪ ਵਿਚ ਇੱਕ ਕੀਰਤੀਮਾਨ ਹੈ। ਪਿਛਲੇ 99 ਅੰਕਾਂ ਵਿਚੋਂ ਚੁਣ ਕੇ ਇਹ ਸੌਵਾਂ ਅੰਕ ਤਿਆਰ ਹੋਇਆ ਹੈ। ਇੱਕ ਨਿਸ਼ਚਿਤ ਸੀਮਾ 'ਚ ਰਹਿੰਦਿਆਂ ਵਿਸ਼ੇਸ਼ ਅੰਕ ਤਿਆਰ ਕਰਨਾ ਆਸਾਨ ਕੰਮ ਨਹੀਂ ਹੁੰਦਾ। ਅਸਲ ਵਿਚ ਇਹ ਤਾਂ ਇੱਕ ਸੁਪਨਾ ਸੀ, ਜੋ ਅਣਖੀ ਨੇ ਦੇਖਿਆ ਸੀ, ਜਿਹੜਾ ਉਨ੍ਹਾਂ ਦੇ ਜਾਣ ਪਿਛੋਂ ਵੀ ਸਾਕਾਰ ਰਿਹਾ।

# ਮਾਂ-ਬੋਲੀ ਪੰਜਾਬੀ ਅਤੇ ਨੈਤਿਕਤਾ

ਨਕੋਦਰ ਬਾਈਪਾਸ ਤੋਂ ਬੱਸ ਸਟੈਂਡ ਵੱਲ ਨੂੰ ਜਾਂਦਿਆਂ ਕੁਝ ਕੁ ਫਾਸਲੇ 'ਤੇ ਸੱਜੇ ਪਾਸੇ ਗੁਰਦੁਆਰਾ ਸਾਹਿਬ ਅਤੇ ਉਸ ਦੇ ਨਾਲ ਵਾਲੀ ਤੰਗ ਜਿਹੀ ਗਲੀ ਥਾਣੀਂ ਲੰਘ ਕੇ ਆਖਰ ਵਿਚ ਸੱਜੇ ਹੱਥ ਮੁੜਦਿਆਂ ਸਿੱਧੇ ਅੱਗੇ ਚੱਲ ਕੇ ਬੰਦ ਗਲੀ ਦੇ ਨਾਲ ਸੱਜੇ ਪਾਸੇ ਵੱਡਾ ਸਾਰਾ ਮਕਾਨ ਤੇ ਅੰਦਰ ਖੁੱਲ੍ਹਾ ਵਿਹੜਾ। ਵਿਹੜੇ ਵਿਚ ਕੁਰਸੀਆਂ ਉਤੇ ਸਜੇ ਬੈਠੇ ਸੱਜਣਾਂ ਵਿਚੋਂ ਇੱਕ ਲੰਮ-ਸਲੰਮੇ ਤੇ ਦਰਮਿਆਨੇ ਕੱਦ ਕਾਠ ਵਾਲੇ ਸ਼ਖਸ ਦੇ ਨਾਂ ਨਾਲ 'ਜੀ' ਲਾ ਕੇ ਸੰਬੋਧਨ ਕਰਦਿਆਂ ਘੁੱਟ ਕੇ ਜੱਫੀ ਪਾ ਕੇ ਮਿਲਣਾ, ਖੁਦ ਕੁਰਸੀ ਪੇਸ਼ ਕਰਦਿਆਂ ਬੈਠਣ ਲਈ ਕਹਿਣਾ, ਹਾਲ-ਚਾਲ ਤੇ ਚਾਹ-ਪਾਣੀ

**ਬਲਵਿੰਦਰ ਸਿੰਘ ਜਲੰਧਰ**
**ਫੋਨ: 91-94639-28328**

ਪੁੱਛਣਾ ਕਈ ਕੁਝ ਆਪਣੇ ਆਪ ਹੀ ਬਿਆਨ ਕਰ ਗਿਆ-ਨੈਤਿਕ ਗੁਣਾਂ ਨਾਲ ਭਰਪੂਰ ਸ਼ਖਸੀਅਤ ਦੇ ਜੀਵਨ ਸਫਰ 'ਤੇ ਅਡੋਲ ਅੱਗੇ ਵਧਦੇ ਜਾਣ ਦੀ ਕਹਾਣੀ। ਮਨ ਵਿਚ ਸੋਚ ਉਭਰੀ ਕਿ ਐਨੀ ਮਿਲਣਸਾਰੀ! ਫੋਨ 'ਤੇ ਗੱਲਾਂ ਤਾਂ ਸਿਰਫ ਦੋ ਹੀ ਹੋਈਆਂ ਸਨ, ਪਰ ਉਨ੍ਹਾਂ ਨੇ ਹੱਥ ਜੋੜ ਕੇ ਕਹੀ ਸਤਿ ਸ੍ਰੀ ਅਕਾਲ ਤੋਂ ਸਹੀ ਅੰਦਾਜ਼ਾ ਲਾ ਲਿਆ ਕਿ ਫਲਾਣਾ ਸਿਹੁੰ!

ਲੋਕਾਂ ਦੀ ਆਮਦ ਤੇ ਸਵਾਗਤ ਦਾ ਇਹ ਸਿਲਸਿਲਾ ਲੰਮਾ ਸਮਾਂ ਇੰਜ ਹੀ ਚੱਲਦਾ ਰਿਹਾ। ਛੋਟੀ ਉਮਰ ਤੋਂ ਲੈ ਕੇ ਵੱਡੀ ਉਮਰ ਦੇ ਆਉਣ ਵਾਲੇ ਹਰ ਵਿਅਕਤੀ, ਦੋ-ਦੋ ਤੋਂ ਲੈ ਕੇ ਸੱਤ-ਸੱਤ ਦੀਆਂ ਟੋਲੀਆਂ ਵਿਚ ਸਭਨਾਂ ਸੱਜਣਾਂ ਅਤੇ ਬੱਚਿਆਂ ਨੂੰ ਉਹ ਇੱਕੋ ਅੰਦਾਜ਼ ਨਾਲ ਮਿਲਦੇ ਰਹੇ। ਚਾਹੇ ਕੋਈ ਉਚ ਰੁਤਬੇ ਵਾਲਾ ਸੀ ਜਾਂ ਸਧਾਰਨ, ਕਿਸੇ ਨੂੰ ਮਹਿਸੂਸ ਨਾ ਹੋਇਆ ਕਿ ਇਸ ਸ਼ਖਸ ਨੂੰ ਪਹਿਲੀ ਵਾਰ ਮਿਲ ਰਹੇ ਹਾਂ।

ਗੱਲ ਕਰ ਰਹੇ ਹਾਂ ਵਿਲੱਖਣ ਸੁਭਾਅ ਤੇ ਨੈਤਿਕ ਗੁਣਾਂ ਨਾਲ ਭਰਪੂਰ ਸ਼ਖਸੀਅਤ ਸ. ਅਜੈਬ ਸਿੰਘ ਚੱਠਾ ਦੀ। ਉਹ ਅੱਜ ਤੋਂ ਕਈ ਸਾਲ ਪਹਿਲਾਂ ਕੈਨੇਡਾ ਜਾ ਵੱਸੇ ਸਨ। ਬਾਹਰ ਗਏ ਲੋਕਾਂ ਦੀ ਆਮ ਹੀ ਇੱਛਾ ਹੁੰਦੀ ਹੈ ਕਿ ਕਿਵੇਂ ਨਾ ਕਿਵੇਂ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਉਧਰ ਬੁਲਾ ਕੇ ਸੈਟ ਕਰ ਲਿਆ ਜਾਏ ਤੇ ਵੱਧ ਤੋਂ ਵੱਧ ਪੂੰਜੀ ਜਮਾਂ ਕੀਤੀ ਜਾਵੇ, ਪਰ ਸ. ਚੱਠਾ ਦੀ ਸੋਚ ਤੇ ਮਕਸਦ ਆਪਣੇ ਲੋਕਾਂ ਲਈ ਕੁੱਝ ਵੱਖਰਾ ਕਰਨ ਦਾ ਸੀ। ਭਲਾ ਨਿਸ਼ਾਨਾ ਕੀ ਸੀ ਉਨ੍ਹਾਂ ਦਾ? ਮਾਂ-ਬੋਲੀ ਪੰਜਾਬੀ ਦੀ ਸੇਵਾ ਕਰਨ ਦਾ, ਪ੍ਰਚਾਰ ਤੇ ਪਸਾਰ ਕਰਨ ਦਾ। ਉਨ੍ਹਾਂ ਇੱਕ ਵੱਖਰਾ ਕਾਰੋਬਾਰ ਕਰਨ ਦਾ ਮਨ ਬਣਾਇਆ। ਉਨ੍ਹਾਂ ਦਾ ਪੂੰਜੀ (ਪੈਸਾ ਨਹੀਂ) ਇਕੱਠੀ ਕਰਨ ਦਾ ਢੰਗ ਵੀ ਵੱਖਰਾ ਹੈ ਤੇ ਉਸ ਦਾ ਆਕਾਰ, ਰੂਪ ਤੇ ਮਹਿਮਾ ਵੀ।

ਕਈ ਸਾਲ ਪਹਿਲਾਂ ਸ. ਚੱਠਾ ਨੇ ਕੈਨੇਡਾ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਕਰਾਉਣ ਦਾ ਬੀੜਾ ਚੁੱਕਿਆ ਸੀ। ਇਸ ਦੀ ਹੁਣ ਤੱਕ ਉਨ੍ਹਾਂ ਨੇ ਨਿਰੰਤਰਤਾ ਬਣਾ ਰੱਖੀ ਹੈ ਤੇ ਇਸ ਨੂੰ ਅੱਗੇ ਹੀ ਅੱਗੇ ਵਧਾ ਰਹੇ ਹਨ। ਉਹ ਹੁਣ ਤੱਕ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਕਈ ਪ੍ਰੋਗਰਾਮ ਕਰ ਚੁਕੇ ਹਨ। ਉਨ੍ਹਾਂ ਦੇ ਕਾਰਜ ਨਾਲ ਆਪ-ਮੁਹਾਰੇ ਜੁੜੇ ਲੋਕ ਆਪ ਇਨ੍ਹਾਂ ਪ੍ਰੋਗਰਾਮਾਂ, ਸਮਾਗਮਾਂ, ਸੈਮੀਨਾਰਾਂ, ਕਾਨਫਰੰਸਾਂ ਦਾ ਪ੍ਰਬੰਧ ਕਰ ਰਹੇ ਹਨ।

ਇੱਕ ਅਜਿਹਾ ਹੀ ਪ੍ਰੋਗਰਾਮ 'ਨੈਤਿਕ ਸਿੱਖਿਆ ਮੁਹਿੰਮ' ਵਿਸ਼ੇ ਤਹਿਤ ਉਨ੍ਹਾਂ ਦੀ ਨਕੋਦਰ ਵਿਚਲੀ ਰਿਹਾਇਸ਼ ਵਿਖੇ ਲੰਘੀ 17 ਮਾਰਚ ਨੂੰ ਹੋਇਆ। ਇਸ ਪ੍ਰੋਗਰਾਮ ਲਈ ਵੱਡੀ ਗਿਣਤੀ ਵਿਚ ਜੁੜੇ ਲੋਕ ਛੋਟੇ ਜਿਹੇ ਹਾਲ ਵਿਚ ਕਿਵੇਂ ਸਮਾ ਗਏ, ਇਹ ਗੱਲ ਹਰ ਕਿਸੇ ਦੇ ਸਮਝ ਤੋਂ ਬਾਹਰ ਸੀ। ਕਈਆਂ ਨੇ ਤਾਂ ਪੌੜੀਆਂ ਨੂੰ ਹੀ ਕੁਰਸੀ ਬਣਾ ਲਿਆ। ਇਹ ਇਸ ਪ੍ਰੋਗਰਾਮ ਦੀ ਪਹਿਲੀ ਖਾਸ ਗੱਲ ਸੀ। ਦੂਜੀ ਖਾਸ ਗੱਲ ਇਹ ਸੀ ਕਿ ਪ੍ਰੋਗਰਾਮ ਦੌਰਾਨ ਇੱਕ ਵੀ ਬੁਲਾਰਾ ਜਾਂ ਸਰੋਤਾ ਉਠ ਕੇ ਏਧਰ-ਓਧਰ ਨਾ ਗਿਆ, ਨਾ ਪਾਣੀ ਪੀਣ ਅਤੇ ਨਾ ਚਾਹ ਪੀਣ, ਤੇ ਨਾ ਹੀ ਕੋਈ ਇੱਕ ਦੂਜੇ ਨਾਲ ਗੱਲ ਕਰਦਾ ਨਜ਼ਰ ਆਇਆ। ਭਲਾ ਅਜਿਹਾ ਹੁੰਦਾ ਵੀ ਕਿਵੇਂ, ਜਦੋਂ ਸਭ ਦੇ ਮਨ ਨੂੰ ਇੱਕੋ ਧੁੜਕੂ ਲੱਗਾ ਹੋਇਆ ਸੀ ਕਿ ਕਿਧਰੇ ਮੈਂ ਆਪਣੇ ਵਿਚਾਰ ਪ੍ਰਗਟ ਕਰਨ ਤੋਂ ਵਾਂਝਾ ਨਾ ਰਹਿ ਜਾਵਾਂ। ਅਜਿਹੇ ਮਾਹੌਲ ਵਿਚ ਚਾਹ-ਪਾਣੀ ਜਾਂ ਵਾਸ਼ਰੂਮ ਜਾਣ ਦਾ ਖਿਆਲ ਕਿਸੇ ਦੇ ਮਨ ਵਿਚ ਕਿਵੇਂ ਆਉਂਦਾ?

ਰਹੀ ਗੱਲ ਪ੍ਰੋਗਰਾਮ ਦੌਰਾਨ ਚੱਲੇ ਵਿਚਾਰਾਂ ਦੇ ਪ੍ਰਵਾਹ, ਵਟਾਂਦਰੇ ਦੀ। ਸਭ ਬੁਲਾਰਿਆਂ ਨੇ ਨੈਤਿਕਤਾ ਦੇ ਵਿਸ਼ੇ 'ਤੇ ਗੰਭੀਰਤਾ ਨਾਲ ਵਿਚਾਰ ਪੇਸ਼ ਕੀਤੇ। ਸਮਾਜ ਵਿਚ ਹੁੰਦੇ ਵਾਪਰਦੇ ਦੀਆਂ ਮਿਸਾਲਾਂ ਦੇ ਕੇ ਵੀ ਤੇ ਖੁਦ ਆਪਣੇ ਘਰ ਵਿਚ ਵਾਪਰੇ ਦੀਆਂ ਮਿਸਾਲਾਂ ਦੇ ਕੇ ਵੀ। ਇਹੋ ਨਹੀਂ, ਬੁਲਾਰਿਆਂ ਨੇ ਵੱਖ-ਵੱਖ ਧਾਰਮਕ ਗ੍ਰੰਥਾਂ ਵਿਚੋਂ ਵੀ ਹਵਾਲੇ ਦੇ ਕੇ ਨੈਤਿਕਤਾ ਦੇ ਪਸਾਰ-ਸੰਚਾਰ ਹਿੱਤ ਆਪਣੇ ਵਿਚਾਰ ਸਾਂਝੇ ਕੀਤੇ, ਮਾਂ-ਬੋਲੀ ਪੰਜਾਬੀ ਨੂੰ ਦਰਪੇਸ਼ ਚੁਣੌਤੀਆਂ ਦੀ ਗੱਲ ਵੀ ਛੋਹੀ ਤੇ ਉਨ੍ਹਾਂ ਦੇ ਹੱਲ ਲਈ ਸੁਝਾਅ ਵੀ ਪੇਸ਼ ਕੀਤੇ।

ਪ੍ਰੋਗਰਾਮ ਦੌਰਾਨ ਚੁਟਕਲੇ ਵੀ ਸੁਣਨ ਨੂੰ ਮਿਲੇ ਤੇ ਗੀਤ-ਸੰਗੀਤ ਦਾ ਅਨੰਦ ਵੀ ਸਭਨਾਂ ਨੇ ਖੂਬ ਮਾਣਿਆ। ਪ੍ਰੋਗਰਾਮ ਸਮੇਂ ਪੰਜਾਬ ਹੀ ਨਹੀਂ, ਦੂਜੇ ਗੁਆਂਢੀ ਰਾਜਾਂ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਸਰਕਾਰੀ ਮਹਿਕਮਿਆਂ ਸਮੇਤ ਪੁਲਿਸ ਮਹਿਕਮੇ ਅਤੇ ਗੈਰ-ਸਰਕਾਰੀ ਅਦਾਰਿਆਂ ਦੇ ਅਧਿਆਪਕਾਂ, ਪ੍ਰੋਫੈਸਰਾਂ, ਵਿੱਦਿਆਰਥੀਆਂ, ਮੁਲਾਜ਼ਮਾਂ ਅਤੇ ਉਚੇ ਅਹੁਦਿਆਂ 'ਤੇ ਬਿਰਾਜਮਾਨ ਸ਼ਖਸੀਅਤਾਂ ਨੇ ਸ਼ਮੂਲੀਅਤ ਕਰਨ ਨੂੰ ਆਪਣੇ ਵੱਡੇ ਭਾਗ ਸਮਝਿਆ। ਦਰਬਾਰ ਸਾਹਿਬ ਦੇ ਇੱਕ ਹਜ਼ੂਰੀ ਰਾਗੀ ਨੇ ਵੀ ਇਸ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਬਹੁਤ ਹੀ ਭਾਵ ਪੂਰਤ ਵਿਚਾਰ ਪ੍ਰਗਟਾਏ। ਇੱਕ ਬੀਬੀ ਨੇ ਤਾਂ ਇਹ ਦੱਸ ਕੇ ਹੈਰਾਨ ਹੀ ਕਰ ਦਿੱਤਾ ਕਿ ਉਹ ਹਿੰਦੀ ਭਾਸ਼ਾ ਨਾਲ ਜੁੜੀ ਹੋਈ ਹੈ, ਪਰ ਹੁਣ ਉਸ ਨੇ ਪੰਜਾਬੀ ਬੋਲਣੀ ਤੇ ਲਿਖਣੀ ਸਿੱਖਣੀ ਸ਼ੁਰੂ ਕਰ ਦਿੱਤੀ ਹੈ। ਉਂਜ ਬੋਲੀ ਵੀ ਪੰਜਾਬੀ ਵਿਚ ਹੀ।

ਜ਼ਿਕਰਯੋਗ ਹੈ ਕਿ ਇਸ ਪ੍ਰੋਗਰਾਮ ਦੌਰਾਨ ਸ੍ਰੀਮਤੀ ਬਲਵਿੰਦਰ ਕੌਰ ਚੱਠਾ ਪਿੱਛੇ ਬੈਠੇ ਸਭ ਕੁਝ ਬੜੀ ਸੰਜੀਦਗੀ ਨਾਲ ਦੇਖਦੇ-ਸੁਣਦੇ ਰਹੇ।

ਪ੍ਰੋਗਰਾਮ-ਸਮਾਗਮ ਤਾਂ ਕਈ ਦੇਖੇ ਹਨ, ਪਰ ਇਸ ਵੱਖਰੇ ਕਿਸਮ ਦੇ ਪ੍ਰੋਗਰਾਮ ਦਾ ਅਨੰਦ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ। ਇਹ ਸਭ ਇਸ ਕਰ ਕੇ ਸੰਭਵ ਹੋ ਸਕਿਆ ਕਿ ਸ. ਅਜੈਬ ਸਿੰਘ ਚੱਠਾ ਨੇ ਜੋ 'ਮਾਂ-ਬੋਲੀ ਦੇ ਵਿਕਾਸ ਦਾ ਕਾਰਜ' ਅਰੰਭਿਆ ਹੋਇਆ ਹੈ, ਉਸ ਨੂੰ ਉਹ ਪੂਰੀ ਲਗਨ, ਤਨਦੇਹੀ, ਤਿਆਗ ਸਮਰਪਣ ਦੀ ਭਾਵਨਾ ਨਾਲ ਹੋਰ ਤੋਂ ਹੋਰ ਅੱਗੇ ਵਧਾ ਰਹੇ ਹਨ।

ਇਹ ਸਤਰਾਂ ਲਿਖਦਿਆਂ ਉਘੀ ਲੇਖਿਕਾ ਪਰਮਬੀਰ ਕੌਰ ਦਾ ਖਿਆਲ ਆ ਗਿਆ। ਉਨ੍ਹਾਂ ਨਾਲ ਕੁਝ ਦਿਨ ਪਹਿਲਾਂ ਨੈਤਿਕਤਾ ਦੇ ਵਿਸ਼ੇ 'ਤੇ ਹੋਈ ਗੱਲਬਾਤ ਸਮੇਂ ਉਨ੍ਹਾਂ ਵੱਲੋਂ ਪ੍ਰਗਟ ਕੀਤੇ ਵਿਚਾਰਾਂ ਵਿਚੋਂ ਕੁਝ ਦਾ ਇਥੇ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ।

ਅਜੋਕੀ ਨੌਜਵਾਨ ਪੀੜ੍ਹੀ ਬਾਰੇ ਇਹ ਇੱਕ ਪ੍ਰਚਲਿਤ ਵਿਚਾਰ ਹੈ ਕਿ ਇਨ੍ਹਾਂ ਵਿਚ ਨੈਤਿਕ ਕਦਰਾਂ-ਕੀਮਤਾਂ ਦੀ ਘਾਟ ਹੈ। ਫਿਰ ਅਜਿਹੇ ਹਾਲਾਤ ਦੇ ਕਾਰਨਾਂ ਦੀ ਚਰਚਾ ਵੀ ਆਮ ਹੋਣੀ ਕੁਦਰਤੀ ਹੈ, ਜਿਸ ਵਿਚ ਹੋਰ ਕਈ ਕੁਝ ਦੇ ਨਾਲ ਪਦਾਰਥਵਾਦੀ ਸੋਚ ਤੇ ਬਦਲੀਆਂ ਹੋਈਆਂ ਤਰਜੀਹਾਂ ਆਦਿ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਨੈਤਿਕ ਕਦਰਾਂ-ਕੀਮਤਾਂ ਦਾ ਪਹਿਲਾ ਸਕੂਲ ਕਿਸੇ ਦਾ ਆਪਣਾ ਘਰ ਹੁੰਦਾ ਹੈ। ਵੱਡਿਆਂ ਦਾ ਨਜ਼ਰੀਆ ਅਗਲੀ ਪੀੜ੍ਹੀ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਬੱਚੇ ਆਪਣੇ ਆਲੇ-ਦੁਆਲੇ ਜੋ ਦੇਖਦੇ ਹਨ, ਉਸ ਤੋਂ ਬਹੁਤ ਜਲਦੀ ਸਿੱਖਦੇ ਹਨ।

ਸਾਡੇ ਉਜਲੇ ਭਵਿੱਖ ਲਈ ਇਹ ਬਹੁਤ ਅਹਿਮ ਹੈ ਕਿ ਸਭਨਾਂ ਦੇ ਵਿਹਾਰ ਵਿਚ ਸਲੀਕੇ, ਸੁਹਜ, ਵੱਡਿਆਂ ਪ੍ਰਤੀ ਸਤਿਕਾਰ ਅਤੇ ਉਚੇ-ਸੁੱਚੇ ਕਿਰਦਾਰ ਨੂੰ ਖਾਸ ਸਥਾਨ ਹਾਸਲ ਹੋਵੇ। ਦੂਜਿਆਂ ਦੇ ਹੱਕਾਂ ਅਤੇ ਆਪਣੇ ਫਰਜ਼ਾਂ ਪ੍ਰਤੀ ਸੰਵੇਦਨਸ਼ੀਲ ਹੋਣ ਨਾਲ ਸਮਾਜ ਦੀ ਨੁਹਾਰ ਬਹੁਤ ਆਕਰਸ਼ਕ ਬਣਨ ਦੀ ਸੰਭਾਵਨਾ ਉਜਾਗਰ ਹੋ ਜਾਂਦੀ ਹੈ। ਉਂਜ ਨਿਰਣਾਤਮਕ ਵਰ੍ਹਿਆਂ ਵਿਚ ਬੱਚੇ ਆਪਣੇ ਮਾਪਿਆਂ, ਅਧਿਆਪਕਾਂ, ਸਮਾਜਕ ਵਿਵਸਥਾ ਤੇ ਸੰਗੀ-ਸਾਥੀਆਂ ਤੋਂ ਕਾਫੀ ਸੇਧ ਲੈ ਲੈਂਦੇ ਹਨ। ਫਿਲਮਾਂ ਵਿਚ ਜੋ ਵੇਖਦੇ ਹਨ, ਉਸ ਦਾ ਅਸਰ ਕਬੂਲਦੇ ਹਨ। ਸਕੂਲਾਂ ਦੇ ਪਾਠ-ਕ੍ਰਮ ਵਿਚ ਹੀ ਇਸ ਵਿਸ਼ੇ ਨਾਲ ਸਬੰਧਤ ਢੁੱਕਵੀਂ ਸਮੱਗਰੀ ਪੜ੍ਹਾਉਣ ਦੇ ਚੰਗੇ ਨਤੀਜੇ ਸਾਹਮਣੇ ਆ ਸਕਦੇ ਹਨ।

ਉਂਜ ਇੱਕ ਪੱਖ ਇਹ ਵੀ ਹੈ ਕਿ ਅਜੋਕੀ ਨੌਜਵਾਨ ਪੀੜ੍ਹੀ ਪਹਿਲਾਂ ਨਾਲੋਂ ਵਧੇਰੇ ਜਾਗਰੂਕ ਤੇ ਸੂਝਵਾਨ ਹੈ। ਉਹ ਆਪ ਵੀ ਠੀਕ ਤੇ ਗਲਤ ਦਾ ਅੰਤਰ ਸਹਿਜੇ ਹੀ ਪਛਾਣ ਲੈਂਦੀ ਹੈ। ਅਜਿਹੀਆਂ ਮਿਸਾਲੀ ਜ਼ਿੰਦਗੀਆਂ ਦੀ ਵੀ ਕੋਈ ਕਮੀ ਨਹੀਂ, ਜਿਨ੍ਹਾਂ ਨੇ ਕੇਵਲ ਆਪਣੀ ਸੂਝ-ਬੂਝ ਦੇ ਆਧਾਰ 'ਤੇ ਹੀ ਆਪਣੇ ਆਲੇ-ਦੁਆਲੇ ਤੋਂ ਬਿਲਕੁਲ ਅਲੱਗ ਸ਼ਖਸੀਅਤ ਨੂੰ ਬੇਹੱਦ ਗੁਣਵਾਨ ਤੇ ਰਸ਼ਕ ਕਰਨ ਯੋਗ ਬਣਾ ਲਿਆ। ਇਹ ਵੀ ਸੱਚ ਹੈ ਕਿ ਕਿਸੇ ਵੀ ਚੰਗੇ ਕੰਮ ਦਾ ਮੁੱਢ ਆਪਣੇ ਆਪ ਤੋਂ ਹੀ ਬੱਝਦਾ ਹੈ। ਜੋ ਤਬਦੀਲੀ ਅਸੀਂ ਸਮਾਜ ਵਿਚ ਲਿਆਉਣਾ ਚਾਹੁੰਦੇ ਹਾਂ, ਪਹਿਲਾਂ ਆਪਣੇ ਵਿਚ ਕਰੀਏ।

ਸੱਚੀ ਗੱਲ ਇਹ ਹੈ ਕਿ ਜੇ ਸਭ ਨਾਗਰਿਕ ਨੈਤਿਕ ਗੁਣਾਂ, ਕਦਰਾਂ-ਕੀਮਤਾਂ ਨੂੰ ਪ੍ਰਣਾਏ ਜਾਣ ਤਾਂ ਫਿਰ ਨਾ ਜੇਲ੍ਹਾਂ ਦੀ ਲੋੜ ਰਹੇਗੀ, ਨਾ ਏਨੀ ਪੁਲਿਸ ਦੀ। ਲੋਕਾਈ ਇਸ ਧਰਤੀ 'ਤੇ ਹੀ ਸਵਰਗਾਂ ਦਾ ਅਨੰਦ ਮਾਣ ਰਹੀ ਹੋਵੇਗੀ, ਸਭ ਚਿੰਤਾਵਾਂ ਤੋਂ ਮੁਕਤ।

ਆਸ ਕਰਦੇ ਹਾਂ ਕਿ ਸ. ਚੱਠਾ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਛੋਹਿਆ ਕਾਰਜ, ਚੁੱਕਿਆ ਮਾਂ-ਬੋਲੀ ਪੰਜਾਬੀ ਦੀ ਸੇਵਾ ਦਾ ਬੀੜਾ, ਹਰ ਉਮਰ ਵਰਗ ਦੇ ਲੋਕਾਂ ਵਿਚ ਨੈਤਿਕਤਾ ਦੇ ਸੰਚਾਰ ਦਾ ਕਾਰਜ ਸਫਲਤਾ ਨਾਲ ਮੰਜ਼ਿਲਾਂ ਸਰ ਕਰਦਾ ਜਾਵੇ।

# ਕੌੜਾ ਫਲ

*(ਪਿਛਲੇ ਸਫੇ ਦੀ ਬਾਕੀ)*

ਰਾਤਾਂ ਦਾ ਹਨੇਰਾ ਮੇਰੇ ਲਈ ਬਹੁਤ ਬੁਰਾ ਹੁੰਦਾ। ਸੌਣ ਦੀ ਕੋਸ਼ਿਸ਼ ਕਰਦੀ, ਨੀਂਦ ਨਾ ਆਉਂਦੀ, ਜੇ ਕਿਤੇ ਆ ਜਾਂਦੀ ਤਾਂ ਸੁਪਨੇ ਬਹੁਤ ਡਰਾਉਣੇ ਆਉਂਦੇ। ਇੱਕ ਸੁਪਨਾ ਤਾਂ ਵਾਰ-ਵਾਰ ਆਉਂਦਾ, ਮੈਂ ਭੀੜ ਵਿਚੋਂ ਲੰਘ ਰਹੀ ਹਾਂ ਤੇ ਨੰਗੀ ਹਾਂ। ਲੋਕ ਹੱਸ ਰਹੇ ਨੇ। ਉਥੋਂ ਭੱਜਣ ਦੀ ਕੋਸ਼ਿਸ਼ ਕਰਦੀ, ਪਰ ਭੱਜਿਆ ਨਾ ਜਾਂਦਾ।

ਕੁਛ ਦਿਨਾਂ ਪਿਛੋਂ ਉਸ ਦਾ ਫੋਨ ਆ ਗਿਆ। ਮੈਥੋਂ ਕੁਛ ਬੋਲਿਆ ਹੀ ਨਾ ਗਿਆ। ਉਹ ਬੋਲਣ ਲੱਗਾ ਤੇ ਮੇਰਾ ਰੋਣ ਨਿਕਲ ਗਿਆ। ਉਹ ਬੋਲਦਾ ਰਿਹਾ ਤੇ ਫਿਰ ਪਤਾ ਨਹੀਂ ਕਦ ਫੋਨ ਕੱਟ ਗਿਆ।

ਮੈਂ ਬੈਠੀ ਰਹੀ। ਮੈਨੂੰ ਜਾਪਿਆ, ਮੇਰੇ ਕੰਨ ਬੰਦ ਹੋ ਗਏ ਹਨ। ਮੈਂ ਬੋਲੀ ਹੋ ਗਈ ਹਾਂ। ਫਿਰ ਮੇਰਾ ਚਿੱਤ ਭੈੜਾ ਹੋਣ ਲੱਗਾ। ਮਿਹਦਾ ਭਾਰੀ ਜਿਹਾ ਹੋ ਗਿਆ। ਉਲਟੀ ਆਉਣ ਲੱਗੀ। ਮੈਂ ਬਾਥਰੂਮ ਚਲੀ ਗਈ। ਸੁੱਕੇ ਵੱਤ ਆਏ, ਅੰਦਰੋਂ ਕੁਛ ਨਾ ਨਿਕਲਿਆ।

ਪਹਿਲਾਂ ਵੀ ਇਸ ਤਰ੍ਹਾਂ ਮਹਿਸੂਸ ਹੋਇਆ ਸੀ ਪਰ ਅੱਜ ਤਾਂ ਬੁਰਾ ਹਾਲ ਸੀ। ਕਈ ਦਿਨਾਂ ਤੋਂ ਥੱਕੀ-ਥੱਕੀ ਮਹਿਸੂਸ ਕਰ ਰਹੀ ਸਾਂ। ਸੋਚਿਆ, ਮਨ ਠੀਕ ਨਹੀਂ ਤਾਂ ਹੋ ਰਿਹਾ ਹੈ। ਤੇ ਇੱਕ ਨਵੀਂ ਗੱਲ ਮੈਂ ਹੋਰ ਮਹਿਸੂਸ ਕੀਤੀ, ਜਿਵੇਂ ਮੇਰੇ ਨੱਕ ਦੀ ਸੁੰਘਣ ਸ਼ਕਤੀ ਵਧ ਗਈ ਹੋਵੇ। ਹਰ ਚੀਜ਼ ਵਿਚੋਂ ਬਹੁਤ ਹੀ ਤੇਜ਼ ਗੰਧ ਆਉਂਦੀ ਹੋਵੇ। ਇੱਕ ਹੋਰ ਗੱਲ ਮੈਂ ਮਹਿਸੂਸ ਕਰ ਰਹੀ ਸਾਂ, ਜਿਵੇਂ ਮੇਰੀਆਂ ਛਾਤੀਆਂ ਕਦੇ ਭਾਰੀ-ਭਾਰੀ ਤੇ ਸਖਤ ਹੋ ਜਾਂਦੀਆਂ ਹਨ ਤੇ ਕਦੇ ਹੌਲੀਆਂ-ਹੌਲੀਆਂ ਤੇ ਨਰਮ ਹੋ ਜਾਂਦੀਆਂ ਹਨ। ਡਾਕਟਰ ਦੇ ਚਲੀ ਗਈ। ਉਸ ਨੇ ਮੇਰੇ ਮਨ ਦੇ ਵਹਿਮ ਨੂੰ ਸੱਚ 'ਚ ਬਦਲ ਦਿੱਤਾ। ਘਰ ਆ ਗਈ। ਘਰ ਖਾਣ ਨੂੰ ਆਉਣ ਲੱਗਾ। ਕਿਸ ਨਾਲ ਗੱਲ ਕਰਾਂ? ਕਿਸ ਦੇ ਗਲ ਲੱਗ ਰੋਵਾਂ? ਬੈਠੀ-ਬੈਠੀ ਨੂੰ ਬਹੁਤ ਜ਼ੋਰ ਨਾਲ ਉਲਟੀ ਆਈ। ਭੱਜ ਕੇ ਬਾਥਰੂਮ ਗਈ। ਤੇ ਉਥੇ ਹੀ ਨਿਢਾਲ ਹੋ ਕੇ ਬੈਠ ਗਈ। ਜੋਤ ਦੀਆਂ ਕਹੀਆਂ ਗੱਲਾਂ 'ਚੋਂ ਜਿਹੜੇ ਸ਼ਬਦ ਮੈਨੂੰ ਲਹੂ-ਲੁਹਾਣ ਕਰ ਗਏ ਸਨ, ਉਹ ਮੁੜ ਯਾਦ ਆ ਗਏ, "ਮੈਂ...ਤੇਰੇ ਨਾਲ ਨਹੀਂ ਰਹਿ ਸਕਦਾ, ਤੂੰ ਕੌੜੀ ਵੇਲ ਦਾ ਕੌੜਾ ਫਲ।" ਮੇਰੀਆਂ ਭੁੱਬਾਂ ਨਿਕਲ ਗਈਆਂ। ਤੇ ਹੱਥ ਢਿੱਡ 'ਤੇ ਫਿਰਨ ਲੱਗੇ।

ਸੋਚ ਉਡਾਰੀ ਭਰ ਗਈ, ਜਾਪਣ ਲੱਗਾ, ਦੂਰ ਰੋਹੀ ਬੀਆਬਾਨ 'ਚ ਇੱਕ ਸੁੰਨੇ ਜਿਹੇ ਬੂਟੇ ਦੀ ਟੀਸੀ 'ਤੇ ਡੋਡੀ ਬਣੀ ਹੋਈ ਹੈ। ਉਹ ਖਿੜ ਕੇ ਫੁੱਲ ਬਣਨ ਵਾਲੀ ਹੈ। ਦੋ ਹੱਥ ਉਸ ਵੱਲ ਵਧ ਰਹੇ ਹਨ। ਉਨ੍ਹਾਂ ਦਾ ਰੰਗ ਭੂਰਾ ਜਿਹਾ ਹੈ, ਉਂਗਲਾਂ 'ਚ ਪਾਏ ਸੋਨੇ ਦੇ ਛਾਪਾਂ-ਛੱਲੇ ਚਮਕ ਰਹੇ ਹਨ। ਦੇਖਦੇ-ਦੇਖਦੇ ਉਹ ਹੱਥ ਮੇਰੀ ਮਾਂ ਦੇ ਬਣ ਗਏ ਤੇ ਡੋਡੀ ਨੂੰ ਤੋੜਨ ਲੱਗੇ। ਮੈਨੂੰ ਬਹੁਤ ਗੁੱਸਾ ਆਇਆ, ਐਨਾ ਕਿ ਜਦ ਮੈਂ ਕਚੀਚੀ ਲਈ ਤਾਂ ਮੇਰੇ ਦੰਦ ਭੁਰ ਗਏ ਤੇ ਮੈਂ ਉਨ੍ਹਾਂ ਹੱਥਾਂ ਨੂੰ ਜ਼ੋਰ ਦਾ ਝਟਕਾ ਮਾਰ ਕੇ ਪਰ੍ਹਾਂ ਕਰ ਦਿੱਤਾ। ਥੋੜ੍ਹੇ ਚਿਰ ਮਗਰੋਂ ਫਿਰ ਦੋ ਹੋਰ ਹੱਥ ਡੋਡੀ ਵੱਲ ਵਧਣ ਲੱਗੇ, ਮੈਂ ਡਰ ਤੇ ਗੁੱਸੇ ਨਾਲ ਕੰਬਣ ਲੱਗ ਪਈ। ਉਨ੍ਹਾਂ ਹੱਥਾਂ ਦਾ ਰੰਗ ਗੋਰਾ ਸੀ ਤੇ ਖੁਰਦਰੇ ਜਿਹੇ ਸਨ, ਜਾਪਦਾ ਸੀ, ਉਹ ਹੱਥ ਕਿਸੇ ਮਰਦ ਦੇ ਹਨ। ਹੌਲੀ-ਹੌਲੀ ਉਹ ਡੋਡੀ ਕੋਲ ਗਏ, ਤੇ ਫਿਰ ਉਸ ਦੇ ਦੁਆਲੇ ਵਾੜ ਬਣ ਗਏ।

ਉਸ ਵੇਲੇ ਮੈਂ ਕਿਸੇ ਮਰਦ ਦੀ ਹਿੱਕ ਨਾਲ ਲੱਗੀ ਹੋਈ ਸਾਂ। ਸਿਸਕੀਆਂ ਭਰ ਰਹੀ ਸਾਂ ਤੇ ਉਹ ਮੇਰੀਆਂ ਅੱਖਾਂ ਪੂੰਝਦਾ ਕੋਈ ਲੋਰੀ ਵਰਗਾ ਗਾਣਾ ਗਾ ਰਿਹਾ ਸੀ। ਮੇਰੇ ਮਨ ਦੀਆਂ ਤਰੰਗਾਂ ਮੈਨੂੰ ਦੱਸਣ ਲੱਗੀਆਂ ਕਿ ਤੂੰ ਇਸੇ ਦੀ ਅੰਸ ਹੈਂ।

# ਆਰ. ਐਸ. ਐਸ. ਦਾ ਏਜੰਡਾ ਅਤੇ ਫਿਲਮ 'ਕੇਸਰੀ'

ਅਨੁਰਾਗ ਸਿੰਘ ਦੁਆਰਾ ਨਿਰਦੇਸ਼ਤ ਅਕਸ਼ੈ ਕੁਮਾਰ ਦੀ ਮੁੱਖ ਭੂਮਿਕਾ ਵਾਲੀ ਫਿਲਮ 'ਕੇਸਰੀ' ਚਰਚਾ 'ਚ ਹੈ। ਇਸ ਫਿਲਮ 'ਚ ਭਾਵੇਂ ਸਾਰਾਗੜ੍ਹੀ ਦੀ ਲੜਾਈ ਨੂੰ ਆਧਾਰ ਬਣਾਇਆ ਗਿਆ ਹੈ ਪਰ ਫਿਲਮਕਾਰ ਨੇ ਸਾਰਾਗੜ੍ਹੀ ਦੀ ਲੜਾਈ ਨੂੰ ਸੰਘੀ ਕਲਪਨਾ ਦਾ ਖੂਬ ਰੰਗ ਚਾੜ੍ਹਿਆ ਹੈ। ਨਿਰਦੇਸ਼ਕ ਨੇ ਇਸ ਘਟਨਾ ਨੂੰ ਸੰਘੀ ਵਿਚਾਰਧਾਰਾ 'ਚ ਲਪੇਟ ਦਿੱਤਾ ਹੈ।



ਇਹ ਫਿਲਮ ਘੋਰ ਮੁਸਲਿਮ ਵਿਰੋਧੀ ਹੈ ਅਤੇ ਬਰਤਾਨਵੀ ਸਾਮਰਾਜ ਦੀ ਚਮਚਾਗਿਰੀ ਦੀ ਨੁਮਾਇਸ਼ ਹੈ। ਇਹ ਦੋਵੇਂ ਪੱਖ ਸੰਘ ਦੀ ਵਿਚਾਰਧਾਰਾ ਦੇ ਅਹਿਮ ਅੰਗ ਹਨ। ਵਰਤਮਾਨ ਸਮੇਂ ਵਿਚ ਸੰਘ ਪਰਿਵਾਰ ਨੇ ਜੋ ਮੁਸਲਿਮ ਵਿਰੋਧੀ ਮੁਹਿੰਮ ਵਿੱਢੀ ਹੋਈ ਹੈ, ਉਸ ਵਿਚ ਇਹ ਮੁਸਲਮਾਨਾਂ ਵਿਰੁਧ ਸਿੱਖਾਂ ਨੂੰ ਭੁਗਤਾਉਣ ਦਾ ਯਤਨ ਕਰਦੀ ਹੈ। ਇਸ ਫਿਲਮ ਦੀ ਕਹਾਣੀ ਦੀ ਸੰਖੇਪ 'ਚ ਚਰਚਾ ਕਰਦੇ ਹੋਏ ਅਸੀਂ ਇਸ ਫਿਲਮ ਦੀ ਚੀਰਫਾੜ ਦਾ ਯਤਨ ਕਰਾਂਗੇ।

ਭਾਰਤ 'ਤੇ ਕਬਜ਼ੇ ਤੋਂ ਬਾਅਦ ਅੰਗਰੇਜ਼ਾਂ ਨੇ ਅਫਗਾਨਿਸਤਾਨ ਨੂੰ ਗੁਲਾਮ ਬਣਾਉਣਾ ਚਾਹਿਆ ਪਰ ਉਥੋਂ ਦੇ ਬਹਾਦਰ ਲੋਕਾਂ ਦੇ ਟਾਕਰੇ ਕਾਰਨ ਅੰਗਰੇਜ਼ਾਂ ਦੇ ਇਹ ਮਨਸੂਬੇ ਪੂਰੇ ਨਾ ਹੋ ਸਕੇ। ਸਾਰਾਗੜ੍ਹੀ ਦੀ ਲੜਾਈ ਅੰਗਰੇਜ਼ਾਂ ਦੇ ਇਨ੍ਹਾਂ ਹੀ ਅਸਫਲ ਮਨਸੂਬਿਆਂ ਦਾ ਅੰਗ ਸੀ ਪਰ ਇਥੇ ਅਸੀਂ ਸਾਰਾਗੜ੍ਹੀ ਦੀ ਲੜਾਈ ਦੇ ਇਤਿਹਾਸਕ ਪਿਛੋਕੜ ਦੀ ਵਿਸਥਾਰੀ ਚਰਚਾ ਵਿਚ ਨਾ ਜਾਂਦੇ ਹੋਏ ਗੱਲ ਫਿਲਮ 'ਤੇ ਕੇਂਦਰਤ ਕਰਦੇ ਹਾਂ। ਫਿਲਮ ਦੇ ਸ਼ੁਰੂ ਵਿਚ ਇਹ ਅਫਗਾਨ ਕਬੀਲੇ ਦੇ ਲੋਕ ਇਕ ਮੁਸਲਮਾਨ ਕੱਟੜਪੰਥੀ ਕਾਜ਼ੀ ਦੇ ਕਹਿਣ 'ਤੇ ਇਕ ਔਰਤ ਜਿਸ ਦਾ ਜ਼ਬਰਦਸਤੀ ਕਿਸੇ ਨਾਲ ਵਿਆਹ ਕਰ ਦਿੱਤਾ ਗਿਆ ਹੈ, ਆਪਣੇ ਪਤੀ ਦੇ ਘਰੋਂ ਭੱਜਣ ਕਾਰਨ ਕਤਲ ਕਰਨਾ ਚਾਹੁੰਦੇ ਹਨ ਪਰ ਅਕਸ਼ੈ ਕੁਮਾਰ ਅਤੇ ਹੋਰ ਸਿੱਖ ਫੌਜੀ ਆਪਣੇ ਗੋਰੇ (ਅੰਗਰੇਜ਼) ਅਫਸਰ ਦੀ ਹੁਕਮ-ਅਦੂਲੀ ਕਰਕੇ ਵੀ ਉਸ ਔਰਤ ਨੂੰ ਬਚਾ ਲੈਂਦੇ ਹਨ। ਬਦਲਾ ਲੈਣ ਲਈ ਅਫਗਾਨ ਕਬੀਲਾ ਗੋਰੀ (ਸਿੱਖ) ਫੌਜ 'ਤੇ ਹਮਲਾ ਕਰ ਦਿੰਦਾ ਹੈ ਪਰ ਅਫਗਾਨਾਂ ਦਾ ਹਮਲਾ ਪਛਾੜ ਦਿੱਤਾ ਜਾਂਦਾ ਹੈ। ਸਜ਼ਾ ਵਜੋਂ ਅਕਸ਼ੈ ਕੁਮਾਰ ਨੂੰ ਬਦਲ ਕੇ ਸਾਰਾਗੜ੍ਹੀ ਦੇ ਕਿਲ੍ਹੇ 'ਤੇ ਭੇਜ ਦਿੱਤਾ ਜਾਂਦਾ ਹੈ।

ਉਪਰੋਕਤ ਅਫਗਾਨ ਮੁਸਲਿਮ ਕੱਟੜਪੰਥੀ ਕਾਜ਼ੀ ਹੋਰ ਅਫਗਾਨ ਕਬੀਲਿਆਂ ਨੂੰ ਇਕੱਠਾ ਕਰਕੇ ਸਾਰਾਗੜ੍ਹੀ ਦੇ ਕਿਲ੍ਹੇ 'ਤੇ ਹਮਲਾ ਕਰਵਾਉਂਦਾ ਹੈ। ਸਿੱਖ ਫੌਜੀਆਂ ਦੁਆਰਾ ਬਚਾਈ ਗਈ ਉਪਰੋਕਤ ਮੁਸਲਿਮ ਔਰਤ ਨੂੰ ਸਿੱਖ ਫੌਜੀਆਂ ਦੀਆਂ ਅੱਖਾਂ ਸਾਹਮਣੇ ਕਤਲ ਕੀਤਾ ਜਾਂਦਾ ਹੈ। ਇਸ ਲੜਾਈ ਦੌਰਾਨ ਅਫਗਾਨ ਫੌਜ ਵਿਚ ਸ਼ਾਮਲ ਇਕ ਛੋਟੀ ਉਮਰ ਦਾ ਜਵਾਨ, ਅਕਸ਼ੈ ਕੁਮਾਰ ਦੀ ਤਲਵਾਰ ਦੇ ਵਾਰ ਹੇਠ ਆ ਜਾਂਦਾ ਹੈ ਤਾਂ ਅਕਸ਼ੈ ਕੁਮਾਰ ਉਸ ਨੂੰ ਬੱਚਾ ਸਮਝ ਕੇ ਛੱਡ ਦਿੰਦਾ ਹੈ ਪਰ ਬਾਅਦ ਵਿਚ ਇਹੋ ਬੱਚਾ ਅਕਸ਼ੈ ਕੁਮਾਰ 'ਤੇ ਤਲਵਾਰ ਨਾਲ ਵਾਰ ਕਰਦਾ ਹੈ। ਸਾਰਾਗੜ੍ਹੀ ਦੇ ਕਿਲ੍ਹੇ ਵਿਚ ਇਕ ਅਫਗਾਨ ਰਸੋਈਆ ਹੈ, ਜੋ ਲੜਾਈ ਦੌਰਾਨ ਅਕਸ਼ੈ ਕੁਮਾਰ ਦੇ ਕਹਿਣ 'ਤੇ ਸਾਰੇ ਜ਼ਖਮੀ ਸੈਨਿਕਾਂ (ਅਫਗਾਨਾਂ ਸਮੇਤ) ਨੂੰ ਪਾਣੀ ਪਿਆਉਂਦਾ ਹੈ ਪਰ ਅਫਗਾਨ ਮੁਸਲਿਮ ਕਾਜ਼ੀ ਉਸ ਨੂੰ ਇਸ ਬਦਲੇ ਕਤਲ ਕਰ ਦਿੰਦਾ ਹੈ।

ਇਸ ਤਰ੍ਹਾਂ ਇਹ ਫਿਲਮ ਮੁਸਲਮਾਨਾਂ ਦਾ ਦੈਂਤੀਕਰਨ ਕਰਦੀ ਹੈ। ਉਨ੍ਹਾਂ ਨੂੰ ਬਰਬਰਾਂ ਵਜੋਂ ਦਿਖਾਉਂਦੀ ਹੈ। ਇਹ ਸਾਰਾਗੜ੍ਹੀ ਦੀ ਲੜਾਈ 'ਤੇ ਸੰਘੀ ਕਲਪਨਾਵਾਂ ਦਾ ਲੇਪ ਚਾੜ੍ਹਦੀ ਹੈ। ਸਾਰਾਗੜ੍ਹੀ ਦੀ ਲੜਾਈ, ਅਫਗਾਨਾਂ ਦੁਆਰਾ ਆਪਣੀ ਮਾਤਭੂਮੀ ਨੂੰ ਬਚਾਉਣ ਲਈ ਲੜੀ ਗਈ ਸੀ ਪਰ ਇਹ ਫਿਲਮ ਇਸ ਦਾ ਕਾਰਨ ਮੁਸਲਮਾਨਾਂ ਹੱਥੋਂ ਸਿੱਖ ਫੌਜੀਆਂ ਦੁਆਰਾ ਇਕ ਮੁਸਲਿਮ ਔਰਤ ਨੂੰ ਬਚਾਇਆ ਜਾਣਾ ਦੱਸਦੀ ਹੈ। ਲੜਾਈ ਦੌਰਾਨ ਅਕਸ਼ੈ ਕੁਮਾਰ ਜਿਸ ਮੁਸਲਮਾਨ ਬੱਚੇ ਦੀ ਜਾਨ ਬਖਸ਼ਦਾ ਹੈ, ਉਹ ਖੁਸ਼ੀ-ਖੁਸ਼ੀ ਅਕਸ਼ੈ ਕੁਮਾਰ ਦੇ




ਢਿੱਡ ਵਿਚ ਛੁਰਾ ਖੋਭਦਾ ਹੈ। ਇਸ ਰਾਹੀਂ ਫਿਲਮਕਾਰ ਦਿਖਾਉਂਦਾ ਹੈ ਕਿ ਮੁਸਲਮਾਨਾਂ ਦੇ ਬੱਚਿਆਂ 'ਤੇ ਰਹਿਮ ਕਰਨਾ ਵੀ ਮੂਰਖਤਾ ਹੈ। ਉਨ੍ਹਾਂ ਦੇ ਬੱਚੇ ਵੀ ਮਾਰੇ ਜਾਣੇ ਚਾਹੀਦੇ ਹਨ।

ਸਾਰਾਗੜ੍ਹੀ ਦੇ ਅਫਗਾਨ ਰਸੋਈਏ ਦੇ ਕਤਲ ਜ਼ਰੀਏ ਵੀ ਫਿਲਮਕਾਰ ਮੁਸਲਮਾਨਾਂ ਨੂੰ ਬਰਬਰਾਂ ਵਜੋਂ ਦਿਖਾਉਂਦਾ ਹੈ। ਇਹ ਫਿਲਮ ਬਰਤਾਨਵੀ ਸਾਮਰਾਜ ਨੂੰ ਵੀ ਵਧੀਆ ਬਣਾ ਕੇ ਪੇਸ਼ ਕਰਦੀ ਹੈ। ਇਕ ਅੰਗਰੇਜ਼ ਅਫਸਰ ਜੋ ਅਕਸ਼ੈ ਕੁਮਾਰ ਨੂੰ ਭਾਰਤੀ ਦੇ ਡਰਪੋਕ ਹੋਣ ਦਾ ਮਿਹਣਾ ਮਾਰਦਾ ਹੈ ਪਰ ਸਾਰਾਗੜ੍ਹੀ ਦੀ ਲੜਾਈ ਤੋਂ ਬਾਅਦ ਉਹ ਸਿੱਖ ਫੌਜੀਆਂ ਨੂੰ ਸਲੂਟ ਮਾਰਦਾ ਹੈ। ਇਸੇ ਤਰ੍ਹਾਂ ਇਕ ਵੱਡੇ ਅੰਗਰੇਜ਼ ਅਫਸਰ ਨੂੰ ਸਾਰਾਗੜ੍ਹੀ 'ਚ ਲੜ ਰਹੇ ਫੌਜੀਆਂ ਦੀ ਹੋਣੀ ਬਾਰੇ ਬੇਹੱਦ ਫਿਕਰਮੰਦ ਦਿਖਾਇਆ ਗਿਆ ਹੈ। ਫਿਲਮ ਦੇ ਅੰਤ ਵਿਚ ਬਰਤਾਨਵੀ ਹਕੂਮਤ ਵਲੋਂ ਸਿੱਖ ਫੌਜੀਆਂ ਨੂੰ ਦਿੱਤੇ ਐਵਾਰਡ ਅਤੇ ਇੰਗਲੈਂਡ 'ਚ ਇਨ੍ਹਾਂ ਦੀ ਯਾਦ ਵਿਚ ਬਣੀ ਯਾਦਗਾਰ ਨੂੰ ਵਿਸ਼ੇਸ਼ ਤੌਰ 'ਤੇ ਦਿਖਾਇਆ ਜਾਂਦਾ ਹੈ। ਇਹ ਪੂਰੀ ਤਰ੍ਹਾਂ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦੀ ਵਿਚਾਰਧਾਰਾ ਦੇ ਅਨੁਕੂਲ ਹੈ। ਰਾਸ਼ਟਰੀ ਸਵੈਮਸੇਵਕ ਸੰਘ ਨੇ ਕਦੇ ਵੀ ਭਾਰਤ ਦੀ ਅਜ਼ਾਦੀ ਦੇ ਸੰਗਰਾਮ ਵਿਚ ਹਿੱਸਾ ਨਹੀਂ ਲਿਆ। ਇਸ ਨੂੰ ਭਾਰਤ ਵਿਚ ਅੰਗਰੇਜ਼ੀ ਰਾਜ ਤੋਂ ਕੋਈ ਤਕਲੀਫ ਨਹੀਂ ਸੀ। ਭਾਰਤ ਦੀ ਆਜ਼ਾਦੀ ਲਹਿਰ ਦੌਰਾਨ ਵੀ ਸੰਘ ਮੁਸਲਮਾਨਾਂ ਦੇ ਕਤਲੇਆਮ ਹੀ ਜਥੇਬੰਦ ਕਰਦਾ ਰਿਹਾ ਸੀ। ਇਸ ਤਰ੍ਹਾਂ ਦੇਸ਼ ਨੂੰ ਫਿਰਕੂ ਅੱਗ ਵਿਚ ਝੋਕ ਕੇ ਭਾਰਤ ਦੀ ਆਜ਼ਾਦੀ ਦੀ ਲਹਿਰ ਦੀ ਪਿੱਠ 'ਚ ਛੁਰਾ ਖੋਭਦਾ ਰਿਹਾ ਹੈ।

ਇਤਿਹਾਸ ਦੀ ਕੋਈ ਵੀ ਪੇਸ਼ਕਾਰੀ ਵਰਤਮਾਨ ਦੇ ਪ੍ਰਸੰਗ ਚੌਖਟੇ ਤੋਂ ਮੁਕਤ ਨਹੀਂ ਹੁੰਦੀ। ਇਸ ਲਈ ਫਿਲਮ ਦਾ ਮਾਹੌਲ ਸਮੇਂ ਲਈ ਕੀ ਸੁਨੇਹਾ ਹੈ, ਇਹ ਸਮਝਣ ਦੀ ਲੋੜ ਹੈ। ਅੱਜ ਸੰਘ ਪਰਿਵਾਰ ਫਿਰ ਪੂਰੇ ਭਾਰਤ ਵਿਚ ਧਾਰਮਿਕ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਦਾ ਕਤਲੇਆਮ ਕਰ ਰਿਹਾ ਹੈ। ਮੁਸਲਮਾਨਾਂ ਦੇ ਇਸ ਕਤਲੇਆਮ ਦੀ ਮੁਹਿੰਮ 'ਚ ਉਹ ਮੁੱਖ ਤੌਰ 'ਤੇ ਹਿੰਦੂਆਂ ਦੀ ਧਾਰਮਿਕ ਭਾਵਨਾ ਦਾ ਇਸਤੇਮਾਲ ਕਰਦਾ ਹੈ। ਸੰਘ ਸਿੱਖ ਧਰਮ ਨੂੰ ਵੀ ਹਿੰਦੂ ਧਰਮ ਦੀ ਹੀ ਇਕ ਸ਼ਾਖਾ ਮੰਨਦਾ ਹੈ। ਇਸ ਲਈ ਉਹ ਮੁਸਲਮਾਨਾਂ ਦੇ ਕਤਲੇਆਮ ਦੀ ਮੁਹਿੰਮ 'ਚ ਸਿੱਖਾਂ ਨੂੰ ਵੀ ਨਾਲ ਲੈਣਾ ਚਾਹੁੰਦਾ ਹੈ। ਫਿਲਮ 'ਕੇਸਰੀ' ਆਰ. ਐਸ. ਐਸ. ਦੇ ਇਸ ਏਜੰਡੇ ਦੀ ਪੂਰਤੀ ਕਰਦੀ ਹੈ।

# 'ਮੰਜੇ ਬਿਸਤਰੇ-2' ਦਾ ਨਿਰਦੇਸ਼ਕ ਬਲਜੀਤ ਸਿੰਘ ਦਿਓ

ਬਲਜੀਤ ਸਿੰਘ ਦਿਓ ਪੰਜਾਬੀ ਫਿਲਮਾਂ ਦਾ ਇੱਕ ਸੁਲਝਿਆ ਹੋਇਆ ਨਿਰਦੇਸ਼ਕ ਹੈ, ਜੋ ਪਿਛਲੇ ਕਈ ਸਾਲਾਂ ਤੋਂ ਗਿੱਪੀ ਗਰੇਵਾਲ ਨਾਲ ਬਤੌਰ ਨਿਰਦੇਸ਼ਕ ਅਤੇ ਸਿਨੇਮਾਟੋਗ੍ਰਾਫਰ ਫਿਲਮਾਂ ਕਰ ਰਿਹਾ ਹੈ। 'ਮੰਜੇ ਬਿਸਤਰੇ', 'ਅਰਦਾਸ', 'ਫਰਾਰ', 'ਮਿਰਜ਼ਾ ਅਨਟੋਲਡ ਸਟੋਰੀ' ਅਤੇ ਅਨੇਕਾਂ ਗੀਤਾਂ ਦਾ ਨਿਰਦੇਸ਼ਨ ਕਰ ਚੁਕਾ ਬਲਜੀਤ ਸਿੰਘ ਦਿਓ ਜਲੰਧਰ ਤੋਂ ਹੈ ਤੇ ਪਿਛਲੇ ਕਈ ਸਾਲਾਂ ਤੋਂ ਇੰਗਲੈਂਡ ਵਸਿਆ ਹੋਇਆ ਹੈ।

ਸੁਰਜੀਤ ਜੱਸਲ
ਫੋਨ: 91-98146-07737

ਇਲੈਕਟ੍ਰੋਨਿਕਸ ਖੇਤਰ ਵਿਚ ਉਚ ਤਕਨੀਕੀ ਗਿਆਨ ਰੱਖਣ ਵਾਲੇ ਬਲਜੀਤ ਸਿੰਘ ਨੂੰ ਬਿਲਕੁਲ ਨਹੀਂ ਸੀ ਪਤਾ ਕਿ ਉਹ ਮਨੋਰੰਜਨ ਦੇ ਖੇਤਰ ਵਿਚ ਇੱਕ ਵੱਡੀ ਸ਼ਖਸੀਅਤ ਦਾ ਰੁਤਬਾ ਹਾਸਲ ਕਰੇਗਾ। ਕੁਦਰਤ ਦੀਆਂ ਰੰਗੀਨੀਆਂ ਨੂੰ ਕੈਮਰੇ 'ਚ ਕੈਦ ਕਰਨ ਦਾ ਸ਼ੌਕ ਉਸ ਨੂੰ ਬਚਪਨ ਤੋਂ ਹੀ ਸੀ, ਜਿਸ ਨੇ ਉਸ ਨੂੰ ਇੱਕ ਵਧੀਆ ਫੋਟੋਗ੍ਰਾਫਰ ਬਣਾ ਦਿੱਤਾ। ਫਿਰ ਉਹ ਬਾਹਰ ਦੇ ਗਾਇਕਾਂ ਦੇ ਗੀਤ ਫਿਲਮਾਉਣ ਲੱਗਾ ਤਾਂ ਉਸ ਦੀ ਕਲਾ ਦੀ ਹਰ ਪਾਸੇ ਤਾਰੀਫ ਹੋਣ ਲੱਗੀ। ਉਸ ਨੇ ਅਮਰਿੰਦਰ ਗਿੱਲ (ਤੂੰ ਜੁਦਾ ਹੋਇਓਂ) ਜੈਜ਼ੀ ਬੀ. (ਸੁਰਮਾ, ਨਖਰੋ, ਉਹ ਨਾ ਕੁੜੀ ਲੱਭਦੀ), ਹਰਭਜਨ ਮਾਨ (ਭੁੱਲੀ ਵਿਸਰੀ ਕਹਾਣੀ), ਗੁਰਦਾਸ ਮਾਨ (ਟਿਮ ਟਿਮਾਉਂਦੇ ਤਾਰੇ), ਆਰਿਫ ਲੁਹਾਰ (ਜੁਗਨੀ), ਗਿੱਪੀ ਗਰੇਵਾਲ (ਪੱਟ ਲਾਂ'ਗੇ, ਹਿੱਕ ਵਿਚ ਜਾਨ, ਘੱਟ ਬੋਲਦੀ, ਕਾਰ ਨੱਚਦੀ) ਆਦਿ ਗਾਇਕਾਂ ਦੇ ਗੀਤਾਂ ਦਾ ਵੀਡੀਓ ਨਿਰਦੇਸ਼ਨ ਕੀਤਾ। ਇਸ ਤਜਰਬੇ ਪਿਛੋਂ ਬਲਜੀਤ ਸਿੰਘ ਦਿਓ ਹਰਭਜਨ ਮਾਨ ਦੀ ਫਿਲਮ 'ਜੱਗ ਜਿਉਂਦਿਆਂ ਦੇ ਮੇਲੇ' ਨਾਲ ਫਿਲਮ ਨਿਰਦੇਸ਼ਨ ਵੱਲ ਆਇਆ ਤੇ ਕਦਮ ਦਰ ਕਦਮ ਅੱਗੇ ਵਧਣ ਲੱਗਾ।

ਅੱਜ ਕੱਲ ਬਲਜੀਤ ਸਿੰਘ ਦਿਓ ਗਿੱਪੀ ਗਰੇਵਾਲ ਦੀ 'ਹੰਬਲ ਮੋਸ਼ਨ ਪਿਕਚਰਜ਼' ਦੀ ਫਿਲਮ 'ਮੰਜੇ ਬਿਸਤਰੇ-2' ਦਾ ਨਿਰਦੇਸ਼ਨ ਕਰਕੇ ਚਰਚਾ ਵਿਚ ਹੈ। ਉਸ ਨੇ ਦੱਸਿਆ ਕਿ ਇਹ ਫਿਲਮ ਗਿੱਪੀ ਗਰੇਵਾਲ ਦੀ 2017 ਦੀ ਸੁਪਰਹਿੱਟ




ਫਿਲਮ 'ਮੰਜੇ ਬਿਸਤਰੇ' ਦਾ ਸੀਕੁਅਲ ਹੈ। ਇਹ ਫਿਲਮ ਕੈਨੇਡਾ ਵਿਚ ਫਿਲਮਾਈ ਗਈ ਹੈ, ਜਿੱਥੇ ਮੰਜੇ ਬਿਸਤਰੇ ਇਕੱਠੇ ਕਰਨ ਦਾ ਹਾਸੇ ਭਰਿਆ ਤਜਰਬਾ ਨਵੇਂ ਨਵੇਂ ਕਾਮੇਡੀ ਰੰਗਾਂ ਵਿਚ ਨਜ਼ਰ ਆਵੇਗਾ। ਇਸ ਫਿਲਮ 'ਚ ਗਿੱਪੀ ਨਾਲ ਅਦਾਕਾਰਾ ਸਿੰਮੀ ਚਾਹਲ ਨਜ਼ਰ ਆਵੇਗੀ।

ਫਿਲਮ ਦਾ ਸਕਰੀਨ ਪਲੇਅ ਅਤੇ ਡਾਇਲਾਗ ਨਰੇਸ਼ ਕਥੂਰੀਆ ਦੇ ਹਨ, ਜੋ ਦਰਸ਼ਕਾਂ ਨੂੰ ਖੂਬ ਹਸਾਉਣਗੇ। ਫਿਲਮ ਵਿਚ ਗਿੱਪੀ ਤੇ ਸਿੰਮੀ ਤੋਂ ਇਲਾਵਾ ਗੁਰਪ੍ਰੀਤ ਘੁੱਗੀ, ਸਰਦਾਰ ਸੋਹੀ, ਕਰਮਜੀਤ ਅਨਮੋਲ, ਹੌਬੀ ਧਾਲੀਵਾਲ, ਮਲਕੀਤ ਰੌਣੀ, ਅਨੀਤਾ ਦੇਵਗਨ, ਨਿਸ਼ਾ ਬਾਨੋ, ਗੁਰਪ੍ਰੀਤ ਕੌਰ ਭੰਗੂ, ਬੀ. ਐਨ. ਸ਼ਰਮਾ, ਰੁਪਿੰਦਰ, ਰਾਣਾ ਜੰਗ ਬਹਾਦਰ, ਬਨਿੰਦਰ ਬੰਨੀ, ਰਾਣਾ ਰਣਬੀਰ, ਬੀ. ਕੇ. ਰੱਖੜਾ, ਪ੍ਰਕਾਸ਼ ਗਾਧੂ ਆਦਿ ਅਹਿਮ ਕਲਾਕਾਰ ਹਨ।

ਇਹ ਫਿਲਮ ਵਿਸਾਖੀ ਮੌਕੇ 12 ਅਪਰੈਲ ਨੂੰ ਦੇਸ਼-ਵਿਦੇਸ਼ ਵਿਚ ਰਿਲੀਜ਼ ਹੋ ਰਹੀ ਹੈ।

# ਦਰਸ਼ਕਾਂ ਦਾ ਭਰੋਸਾ ਨਹੀਂ ਤੋੜੇਗੀ 'ਮੰਜੇ ਬਿਸਤਰੇ-2': ਗਿੱਪੀ ਗਰੇਵਾਲ

"ਮੇਰੀ ਅਤੇ ਮੇਰੀ ਟੀਮ ਦੀ ਹਮੇਸ਼ਾ ਇਹੋ ਕੋਸ਼ਿਸ਼ ਹੁੰਦੀ ਹੈ ਕਿ ਫਿਲਮ ਅਜਿਹੀ ਬਣਾਈ ਜਾਵੇ, ਜੋ ਹਰ ਉਮਰ ਵਰਗ ਦੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇ। ਉਹ ਹਮੇਸ਼ਾ ਪਰਿਵਾਰਕ ਡਰਾਮੇ ਵਾਲੀ ਫਿਲਮ ਨੂੰ ਤਰਜ਼ੀਹ ਦਿੰਦੇ ਹਨ, ਇਹੀ ਕਾਰਨ ਹੈ ਕਿ ਦਰਸ਼ਕ ਹਰ ਵਾਰ ਉਨ੍ਹਾਂ ਦੀ ਫਿਲਮ ਨੂੰ ਅਥਾਹ ਪਿਆਰ ਬਖਸ਼ਦੇ ਹਨ।" ਇਹ ਕਹਿਣਾ ਹੈ, ਪੰਜਾਬੀ ਗਾਇਕ ਅਤੇ ਅਦਾਕਾਰ ਗਿੱਪੀ ਗਰੇਵਾਲ ਦਾ। ਉਹ ਅੱਜ ਕੱਲ੍ਹ ਆਪਣੀ ਫਿਲਮ 'ਮੰਜੇ ਬਿਸਤਰੇ-2' ਨੂੰ ਲੈ ਕੇ ਚਰਚਾ ਵਿਚ ਹਨ। 12 ਅਪਰੈਲ ਨੂੰ ਰਿਲੀਜ਼ ਹੋ ਰਹੀ ਇਸ ਫਿਲਮ 'ਚ ਮੁੱਖ ਭੂਮਿਕਾ ਨਿਭਾਉਣ ਦੇ ਨਾਲ ਨਾਲ ਗਿੱਪੀ ਗਰੇਵਾਲ ਨੇ ਇਸ ਦੀ ਕਹਾਣੀ ਵੀ ਲਿਖੀ ਹੈ। ਉਸ ਦੇ ਨਿੱਜੀ ਪ੍ਰੋਡਕਸ਼ਨ ਹਾਊਸ 'ਹੰਬਲ ਮੋਸ਼ਨ ਪਿਕਚਰਜ਼' ਦੇ ਬੈਨਰ ਹੇਠ ਰਿਲੀਜ਼ ਹੋ ਰਹੀ ਇਸ ਫਿਲਮ ਵਿਚ ਸਿੰਮੀ ਚਾਹਲ ਮੁੱਖ ਭੂਮਿਕਾ ਵਿਚ ਨਜ਼ਰ ਆਵੇਗੀ।

ਕੈਨੇਡਾ ਵਿਚ ਫਿਲਮਾਈ ਗਈ ਇਸ ਫਿਲਮ ਦੀ ਕਹਾਣੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨ ਦਾ ਦਮ ਰੱਖਦੀ ਹੈ। ਫਿਲਮ ਵਿਚ ਪੰਜਾਬੀ ਵਿਆਹਾਂ ਅਤੇ ਰੀਤੀ ਰਿਵਾਜਾਂ ਨੂੰ ਦਿਖਾਇਆ ਗਿਆ ਹੈ, ਪਰ ਇਹ ਵਿਆਹ ਪੰਜਾਬ ਵਿਚ ਨਹੀਂ ਬਲਕਿ ਕੈਨੇਡਾ ਵਿਚ ਦਿਖਾਇਆ ਗਿਆ ਹੈ। ਗਿੱਪੀ ਗਰੇਵਾਲ ਮੁਤਾਬਕ ਇਸ ਤੋਂ ਪਹਿਲਾਂ ਆਈ ਫਿਲਮ 'ਮੰਜੇ ਬਿਸਤਰੇ' ਨੂੰ ਦਰਸ਼ਕਾਂ ਨੇ ਭਰਪੂਰ ਪਿਆਰ ਦਿੱਤਾ ਸੀ। ਫਿਲਮ ਦੀ ਅਪਾਰ ਸਫਲਤਾ ਤੋਂ ਬਾਅਦ ਹੀ ਉਹ ਉਸ ਦਾ ਸੀਕੁਅਲ 'ਮੰਜੇ ਬਿਸਤਰੇ-2' ਲੈ ਕੇ ਆ ਰਹੇ ਹਨ। ਫਿਲਮ ਬਣਾਉਣ ਲੱਗਿਆਂ ਉਨ੍ਹਾਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹੀ ਸੀ ਕਿ ਉਹ ਇਸ ਫਿਲਮ ਨੂੰ 'ਮੰਜੇ ਬਿਸਤਰੇ' ਅਤੇ ਹੋਰ ਪੰਜਾਬੀ ਫਿਲਮਾਂ ਤੋਂ ਵੱਖਰਾ ਕਿਵੇਂ ਬਣਾਉਣ? ਇਸੇ ਲਈ ਉਨ੍ਹਾਂ ਦੀ ਟੀਮ ਨੇ ਇਸ ਫਿਲਮ ਦੀ ਕਹਾਣੀ ਨੂੰ ਇਕ ਵੱਖਰੀ ਰੰਗਤ ਦੇਣ ਲਈ ਇਸ ਨੂੰ ਕੈਨੇਡਾ ਵਿਚ ਦਿਖਾਇਆ ਹੈ। ਕੈਨੇਡਾ 'ਚ ਰਹਿੰਦੇ ਇਕ ਪੰਜਾਬੀ ਪਰਿਵਾਰ ਦੇ ਮੁੰਡੇ ਦਾ ਵਿਆਹ ਰੱਖਿਆ ਜਾਂਦਾ ਹੈ ਤਾਂ ਉਹ ਆਪਣਾ ਵਿਆਹ ਕੈਨੇਡਾ ਵਿਚ ਹੀ ਕਰਨ ਦੀ ਜ਼ਿੱਦ ਕਰਦਾ ਹੈ, ਪਰ ਪਰਿਵਾਰ ਚਾਹੁੰਦਾ ਹੈ ਕਿ ਵਿਆਹ ਪੰਜਾਬ ਵਿਚ ਜਾ ਕੇ ਧੂਮ ਧੜੱਕੇ ਨਾਲ ਕੀਤਾ ਜਾਵੇ। ਆਖਰ ਫੈਸਲਾ ਹੁੰਦਾ ਹੈ ਕਿ ਵਿਆਹ ਕੈਨੇਡਾ ਵਿਚ ਵੀ ਕੀਤਾ ਜਾਵੇਗਾ, ਪਰ ਪੰਜਾਬੀ ਰੀਤੀ ਰਿਵਾਜਾਂ ਨਾਲ। ਇਸ ਫਿਲਮ ਵਿਚ ਕਈ ਦਿਲਚਸਪ ਪਹਿਲੂ ਹਨ, ਜੋ ਦਰਸ਼ਕਾਂ ਦੀ ਦਿਲਚਸਪੀ ਫਿਲਮ ਵਿਚ ਬਣਾਈ ਰੱਖਣਗੇ। ਫਿਲਮ ਭਰਪੂਰ ਕਾਮੇਡੀ ਡਰਾਮਾ ਹੋਵੇਗੀ, ਜੋ ਦਰਸ਼ਕਾਂ ਨੂੰ ਹਸਾ ਹਸਾ ਲੋਟ ਪੋਟ ਕਰ ਦੇਣ ਦਾ



ਦਮ ਰੱਖਦੀ ਹੈ।

ਇਹ ਫਿਲਮ ਪੰਜਾਬ ਅਤੇ ਵਿਦੇਸ਼ਾਂ 'ਚ ਬੈਠੇ ਪੰਜਾਬੀਆਂ ਦੇ ਸੱਭਿਆਚਾਰ ਨੂੰ ਪਰਦੇ 'ਤੇ ਪੇਸ਼ ਕਰਦੀ ਮਨੋਰੰਜਨ ਨਾਲ ਭਰਪੂਰ ਕਾਮੇਡੀ ਫਿਲਮ ਹੈ। ਗਿੱਪੀ ਮੁਤਾਬਕ ਕੈਨੇਡਾ ਵਰਗੇ ਮੁਲਕ ਵਿਚ ਇਸ ਫਿਲਮ ਦੀ ਸ਼ੂਟਿੰਗ ਕਰਨਾ ਬੇਹੱਦ ਮੁਸ਼ਕਿਲ ਸੀ, ਪਰ ਫਿਲਮ ਦੀ ਟੀਮ ਨੇ ਇਸ 'ਚ ਸਫਲਤਾ ਹਾਸਲ ਕੀਤੀ ਹੈ। ਫਿਲਮ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਚੱਲ ਰਹੀ ਚਰਚਾ ਨੇ ਸਮੁੱਚੀ ਟੀਮ ਦੇ ਹੌਸਲੇ ਬੁਲੰਦ ਕਰ ਦਿੱਤੇ ਹਨ।

-ਸਾਕਾ ਨੰਗਲ
ਫੋਨ: 91-70084-76870

# ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ (ਮਿਸ਼ੀਗਨ)

**4701 Pleasant Grove, Lansing, MI 48910 Ph: 517-272-0231, www.LansingGurdwara.Org**

## ਲੈਨਸਿੰਗ, ਮਿਸ਼ੀਗਨ ਵਿਚ ਖਾਲਸੇ ਦੇ ਜਨਮ ਦਿਹਾੜੇ 'ਤੇ

ਸ਼ਿਕਾਗੋ, ਕਰਾਊਨ ਪੁਆਇੰਟ, ਇੰਡੀਅਨਐਪੋਲਿਸ, ਸਾਊਥਬੈਂਡ, ਮਿਲਵਾਕੀ, ਡਿਟਰਾਇਟ, ਗਰੈਂਡ ਰੈਪਿਡਜ਼, ਮਸਕੀਗਨ, ਜੈਕਸਨ, ਫਲਿੰਟ, ਸਾਗੀਨਾਅ, ਕੈਲਮਜ਼ੂ, ਬੈਟਲ ਕਰੀਕ, ਬੈਂਟਨ ਹਾਰਬਰ ਅਤੇ ਹੋਰ ਦੂਰ-ਨੇੜੇ ਦੀ ਸੰਗਤ ਦੇ ਸਹਿਯੋਗ ਨਾਲ

# ਮਹਾਨ ਨਗਰ ਕੀਰਤਨ

## ਉਪਰੰਤ ਵਿਸਾਖੀ ਮੇਲਾ

## ਸਨਿਚਰਵਾਰ, 11 ਮਈ 2019

**Adado Riverfront Park: 300 N. Grand Ave., Lansing MI 48933. (Downtown Lansing)**

## ਪ੍ਰੋਗਰਾਮ

ਸਨਿਚਰਵਾਰ, 11 ਮਈ 2019 ਨੂੰ ਗੁਰਦੁਆਰਾ ਸਾਹਿਬ ਵਿਚ ਅਖੰਡ ਪਾਠ ਦਾ ਭੋਗ ਸਵੇਰੇ 7.00 ਵਜੇ ਪਾਇਆ ਜਾਵੇਗਾ। ਇਸ ਉਪਰੰਤ ਸੰਗਤਾਂ ਅਡੈਡੋ ਰਿਵਰਫਰੰਟ ਪਾਰਕ (300 ਨਾਰਥ ਗਰੈਂਡ ਐਵੇਨਿਊ, ਲੈਨਸਿੰਗ, ਮਿਸ਼ੀਗਨ 48933) ਵਿਚ ਇਕੱਤਰ ਹੋਣਗੀਆਂ। ਇਸੇ ਪਾਰਕ ਤੋਂ ਪਰੇਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਅਰੰਭ ਹੋਵੇਗੀ। ਪਰੇਡ ਦੇ ਸਭ ਤੋਂ ਅੱਗੇ ਪੰਜ ਪਿਆਰੇ ਆਪਣੀਆਂ ਰਵਾਇਤੀ ਪੁਸ਼ਾਕਾਂ ਵਿਚ ਚੱਲਣਗੇ। ਪਰੇਡ ਆਪਣੇ ਰੂਟ 'ਤੇ ਹੁੰਦੀ ਹੋਈ ਵਾਪਸ ਇਸੇ ਪਾਰਕ ਵਿਚ ਹੀ ਆ ਕੇ ਸਮਾਪਤ ਹੋਵੇਗੀ। ਗੁਰੂ ਘਰ ਦੇ ਹੈਡ ਗ੍ਰੰਥੀ ਦੇ ਜਥੇ ਤੋਂ ਇਲਾਵਾ ਪੰਥ ਪ੍ਰਸਿਧ ਕੀਰਤਨੀਏ ਤੇ ਕਥਾਵਾਚਕ ਕੀਰਤਨ ਅਤੇ ਕਥਾ ਵਿਆਖਿਆ ਅਤੇ ਢਾਡੀ ਜਥੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਰੇਡ ਦੀ ਸਮਾਪਤੀ 'ਤੇ ਅਡੈਡੋ ਰਿਵਰਫਰੰਟ ਪਾਰਕ 300 N. Grand Ave., Lansing MI 48933 (Downtown Lansing) 'ਚ ਸੰਗਤਾਂ ਲਈ ਲੰਗਰ ਦਾ ਖਾਸ ਪ੍ਰਬੰਧ ਹੋਵੇਗਾ।



**ਨਗਰ ਕੀਰਤਨ ਤੋਂ ਬਾਅਦ ਇਕ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਏਗਾ, ਜਿਸ ਵਿਚ ਪੰਜਾਬ ਤੋਂ ਨਾਮੀ ਕਲਾਕਾਰ ਅਤੇ ਗਿੱਧੇ-ਭੰਗੜੇ ਦੀਆਂ ਟੀਮਾਂ ਦਰਸ਼ਕਾਂ ਦਾ ਮਨੋਰੰਜਨ ਕਰਨਗੇ**

*ਅਖੰਡ ਪਾਠ ਦੀ ਸੇਵਾ ਭਾਈ ਗੁਰਦੇਵ ਸਿੰਘ ਜਲਾਲਪੁਰ ਤੇ ਪਰਿਵਾਰ ਵਲੋਂ
*ਤਾਜ਼ਾ ਜਲੇਬੀਆਂ *ਗਰਮਾ ਗਰਮ ਪਕੌੜਿਆਂ ਦਾ ਵਿਸ਼ੇਸ਼ ਪ੍ਰਬੰਧ
*ਧਾਰਮਿਕ ਤਸਵੀਰਾਂ ਤੇ ਪੇਂਟਿੰਗ ਦਾ ਸਟਾਲ ਲੱਗੇਗਾ

**Contacts:**

Gurudwara Sahib (517) 272-0231
Ladi Multani (517) 204-4171
S. Balbir Singh (517) 402-1811
S. Kuldip Singh (President)
Ph: 517-402-4910
S. Balbir Singh Habibwal 517-944-0947

## ਬੇਨਤੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ

ਨਿਰਵਿਘਨ ਪ੍ਰਕਾਸ਼ਨ ਦੇ 20ਵੇਂ ਸਾਲ 'ਚ (ਪਹਿਲੀ ਜਨਵਰੀ 2000-2019)

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ 19ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

**4 ਮਈ 2019 ਸਨਿਚਰਵਾਰ ਸ਼ਾਮੀ 6:30 ਵਜੇ**

**Atlantis Banquets**
1273 N. Rand Road,
Arlington Heights, IL 60004

## ਮੁੱਖ ਮਹਿਮਾਨ



ਅੰਮ੍ਰਿਤਪਾਲ ਸਿੰਘ ਗਿੱਲ

## ਪਹੁੰਚ ਰਹੇ ਕਲਾਕਾਰ



ਜਸਪਿੰਦਰ ਰੈਣਾ



ਰਾਜਨ ਸੰਧੂ



ਤਾਰਾ ਮੁਲਤਾਨੀ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿੱਲੋਂ, ਅਮੋਲਕ ਸਿੰਘ ਗਾਖਲ, ਡਾ. ਨਵਦੀਪ ਕੌਰ ਸੰਧੂ, ਬਲਵਿੰਦਰ ਕੌਰ (ਨਿੱਕੀ) ਸੇਖੋਂ, ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਓਲ, ਹਰਜੀਤ ਸਿੰਘ ਸਾਹੀ, ਬਲਵਿੰਦਰ ਸਿੰਘ ਸੰਧੂ, ਜਗਦੀਸ਼ਰ ਸਿੰਘ ਕਲੇਰ, ਡਾ. ਹਰਗੁਰਮੁਖਪਾਲ ਸਿੰਘ, ਡਾ. ਤੇਜਿੰਦਰ ਸਿੰਘ ਮੰਡੇਰ



ਦਰਸ਼ਨ ਸਿੰਘ ਦਰੜ, ਰਾਜਿੰਦਰ ਸਿੰਘ ਬੈਂਸ, ਦਰਸ਼ਨ ਸਿੰਘ ਗਰੇਵਾਲ, ਜੈਦੇਵ ਸਿੰਘ ਭੱਠਲ, ਜੱਸੀ ਗਿੱਲ, ਸਰਵਣ ਸਿੰਘ ਟਿਵਾਣਾ, ਮਨਦੀਪ ਸਿੰਘ ਭੁਰਾ, ਅਯੁਧਿਆ ਸਲਵਾਨ, ਰਘਬੀਰ ਸਿੰਘ ਘੁੰਨ, ਅਵਤਾਰ ਸਿੰਘ ਸਪਰਿੰਗਫੀਲਡ, ਗੁਲਜ਼ਾਰ ਸਿੰਘ ਮੁਲਤਾਨੀ

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



ਗੁਲਜ਼ਾਰ ਸਿੰਘ ਸੰਧੂ, ਗੁਰਬਚਨ ਸਿੰਘ ਭੁੱਲਰ, ਤਰਲੋਚਨ ਸਿੰਘ ਦੁਪਾਲਪੁਰ, ਡਾ. ਗੁਰਨਾਮ ਕੌਰ, ਬੀਬੀ ਸੁਰਜੀਤ ਕੌਰ, ਡਾ. ਗੁਰਬਖਸ਼ ਸਿੰਘ ਭੰਡਾਲ, ਬਲਜੀਤ ਬਾਸੀ, ਹਰਪਾਲ ਸਿੰਘ ਪੰਨੂ, ਜਤਿੰਦਰ ਪਨੂੰ, ਬੂਟਾ ਸਿੰਘ, ਇਕਬਾਲ ਜੱਬੋਵਾਲ, ਐਸ. ਅਸ਼ੋਕ ਭੌਰਾ

ਪੰਜਾਬ ਟਾਈਮਜ਼
Ph: 847-359-0746
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
Published simultaneously from Chicago, California & New York.
*e-mail: punjabtimes1@sbcglobal.net, website: www.punjabtimesusa.com*